# ਰਾਜਾ ਰਸਾਲੂ



ਭਾਸ਼ਾ ਵਿਭਾਗ, ਪੰਜਾਬ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

੭.੧੧.੭੭

# ਰਾਜਾ ਰਸਾਲੂ

ਰਾਜਾ ਰਸਾਲੂ ਸਬੰਧੀ ਇਤਿਹਾਸਕ ਖੋਜ ਅਤੇ ਉਸ
ਬਾਬਤ ਪ੍ਰਚਲਤ ਕਹਾਣੀਆਂ ਤੇ
ਗੀਤਾਂ ਦਾ ਸੰਗ੍ਰਹਿ

ਬਾਵਾ ਬੁਧ ਸਿੰਘ

1970

ਭਾਸ਼ਾ ਵਿਭਾਗ, ਪੰਜਾਬ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ਕ :
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

1970
ਪੁਨਰ ਪ੍ਰਕਾਸ਼ਨ, 1500 ਕਾਪੀਆਂ
ਕੀਮਤ 2·70

ਛਾਪਕ :
ਲਾ: ਮੁਲਖ ਰਾਜ, ਮਾਲਕ ਮਹੇਸ਼ ਪ੍ਰਿੰਟਿੰਗ ਪ੍ਰੈਸ,
ਅੱਡਾ ਹੁਸ਼ਿਆਰਪੁਰ, ਜਲੰਧਰ

Sri Satguru Jagjit Singh Ji Elibrary NamdhariElibrary@gmail.com

# ਰਾਜਾ ਰਸਾਲੂ

## ਬਾਵਾ ਬੁਧ ਸਿੰਘ

Sri Satguru Jagjit Singh Ji Elibrary NamdhariElibrary@gmail.com

# ਦੋ ਸ਼ਬਦ

ਲੋਕ ਗਾਥਾਵਾਂ ਮਨੁਖੀ ਸਮਾਜ ਦਾ ਉਹ ਵਿਰਸਾ ਹੈ ਜਿਸ ਦਾ ਲੇਖਕ ਸਿਰਫ ਇਕ ਵਿਅਕਤੀ ਨਹੀਂ, ਸਗੋਂ ਉਸ ਬੋਲੀ ਵਿਚ ਗਾਉਣ ਵਾਲੇ ਸਾਰੇ ਲੋਕ ਬਣ ਜਾਂਦੇ ਹਨ। ਲਿਖਤ ਵਿਚ ਆਉਣ ਤੋਂ ਪਹਿਲਾਂ ਉਸ ਦੀ ਕਾਵਿ-ਬਣਤਰ ਵਿਚ ਬਹੁਤ ਵਾਰੀ ਪਕਿਆਈ ਆ ਜਾਂਦੀ ਹੈ। ਪੰਜਾਬੀ ਵਿਚ ਅਜੇਹੀਆਂ ਗਾਥਾਵਾਂ ਸੰਭਾਲਣ ਵਿਚ ਸਭ ਤੋਂ ਵਧ ਦੇਣ ਸਰ ਰਿਚਰਡ ਟੈਂਪਲ ਅਤੇ ਬਾਵਾ ਬੁਧ ਸਿੰਘ ਦੀ ਹੈ।

ਬਾਵਾ ਬੁਧ ਸਿੰਘ ਜੀ ਨੇ ਰਾਜਾ ਰਸਾਲੂ ਸਬੰਧੀ ਬਹੁਤ ਸਾਰੀਆਂ ਗਾਥਾਵਾਂ ਦਾ ਸੰਕਲਣ ਕਰਕੇ ਉਸ ਨਾਲ ਇਤਿਹਾਸਕ ਟਿਪਣੀ ਦਿਤੀ ਹੈ। ਇਹ ਪੁਸਤਕ ਬਹੁਤ ਸਾਲ ਪਹਿਲਾਂ ਛਪੀ ਸੀ। ਪੰਜਾਬੀ ਪਾਠਕਾਂ ਦੀ ਮੰਗ ਨੂੰ ਮੁਖ ਰਖਦੇ ਹੋਏ ਇਸ ਦਾ ਪੁਨਰ-ਪ੍ਰਕਾਸ਼ਨ ਕੀਤਾ ਜਾ ਰਿਹਾ ਹੈ।

ਮਾਰਚ, 1970

ਲਾਲ ਸਿੰਘ
ਡਾਇਰੈਕਟਰ, ਭਾਸ਼ਾ ਵਿਭਾਗ,
ਪੰਜਾਬ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਮਾਨ ਬਾਵਾ ਬੁਧ ਸਿੰਘ ਜੀ

ਸ੍ਰੀ ਮਾਨ ਬਾਵਾ ਬੁਧ ਸਿੰਘ ਜੀ ਸੁਪ੍ਰੰਟੈਂਡਿੰਗ ਐਨਜੀਨੀਅਰ ਦਾ ਨਾਮ ਅਗੇ ਸਾਹਿਤਕ-ਲੇਖਕ ਦੀ ਹੈਸੀਅਤ ਵਿਚ ਸਾਰੇ ਪ੍ਰਸਿਧ ਹੈ। ਪੰਜਾਬੀ ਸਾਹਿਤ ਦਾ ਭੰਡਾਰਾ ਭਰਨ ਲਈ ਉਨ੍ਹਾਂ ਨੇ ਜੋ ਬਹੁ-ਮੁੱਲੀਆਂ ਰਚਨਾਂ ਕੀਤੀਆਂ ਹਨ ਉਹ ਸਦਾ ਹੀ ਨਵੇਂ ਲੇਖਕਾਂ ਦੀ ਅਗਵਾਈ ਕਰਦੀਆਂ ਰਹਿਣਗੀਆਂ ਅਤੇ ਪੰਜਾਬੀ ਸਾਹਿਤ ਸੰਸਾਰ ਵਿਚ ਸੂਰਜ ਵਾਂਙ ਚਮਕਦੀਆਂ ਰਹਿਣਗੀਆਂ। ਲੋਕੀ ਹੁਣ ਤਕ ਈਹੋ ਜਾਣਦੇ ਸਨ ਕਿ ਬਾਵਾ ਸਾਹਿਬ ਪੰਜਾਬੀ ਕਵਿਤਾ ਦੇ ਪ੍ਰੇਮੀ ਅਤੇ ਚੋਟੀ ਦੇ ਸਾਹਿਤ-ਲੇਖਕ ਹਨ ਪਰ ਅਸਲ ਵਿਚ ਬਾਵਾ ਜੀ ਨੂੰ ਸਾਹਿਤ ਦੀ ਖੋਜ ਨਾਲੋਂ ਇਤਿਹਾਸ ਦੀ ਵਧੇਰੇ ਲਗਨ ਸੀ, ਉਨ੍ਹਾਂ ਨੇ ਆਪਣੇ ਜੀਵਨ ਦੇ ਪ੍ਰੋਗਰਾਮ ਵਿਚ ਸਿਖ ਇਤਿਹਾਸ ਦੇ ਸਿਖ-ਰਾਜ ਦੇ ਸਮੇਂ ਦੀ ਖੋਜ ਕਰਨੀ ਨਿਸਚੇ ਕੀਤੀ ਹੋਈ ਸੀ, ਇਸ ਸਬੰਧੀ ਓਹ ਪੁਸਤਕਾਂ ਇਕੱਤ੍ਰ ਕਰ ਰਹੇ ਸਨ ਤੇ ਨੋਟ ਲਿਖ ਰਹੇ ਸਨ, ਪਰ ਸ਼ੋਕ ਤ੍ਰਿ ਕਾਲ ਬਲੀ ਨੇ ਉਨ੍ਹਾਂ ਦੀ ਇਹ ਆਸਾ ਪੂਰਨ ਨਾ ਹੋਣ ਦਿਤੀ।

"ਰਾਜਾ ਰਸਾਲੂ" ਉਨ੍ਹਾਂ ਦੀ ਇਤਿਹਾਸਕ ਖੋਜ ਦਾ ਪਹਿਲਾ ਸਿੱਟਾ ਹੈ। ਇਸ ਪੁਸਤਕ ਨੂੰ ਉਨ੍ਹਾਂ ਨੇ ਅਸਲੋਂ ਅੰਗਰੇਜ਼ੀ ਵਿਚ ਲਿਖਿਆ ਸੀ ਤੇ "ਪੰਜਾਬ ਇਤਿਹਾਸ ਖੋਜਕ ਸੁਸਾਇਟੀ" ਵਿਚ ਭੇਜਨ ਲਈ ਉਹ ਇਸਨੂੰ ਤਿਆਰ ਕਰ ਰਹੇ ਸਨ ਪਰ ਮੇਰੀ ਬੇਨਤੀ ਮੰਨਕੇ ਉਨ੍ਹਾਂ ਨੇ ਇਸ ਨੂੰ ਪਹਿਲਾਂ ਪੰਜਾਬੀ ਵਿਚ ਲਿਖ ਦਿਤਾ।

ਰਾਜਾ ਰਸਾਲੂ ਨੂੰ ਪੰਜਾਬ ਵਿਚ ਓਹੀ ਦਰਜਾ ਪ੍ਰਾਪਤ ਹੈ ਜੋ ਇੰਗਲੈਂਡ ਵਿਚ ਆਰਥਰ ਨੂੰ। ਰਸਾਲੂ ਦੇ ਗੀਤਾਂ ਕਹਾਣੀਆਂ ਦਾ ਕੋਈ ਅੰਤ ਨਹੀਂ। ਬਾਵਾ ਜੀ ਨੇ ਬੜੀ ਖੋਜ ਨਾਲ ਇਹ ਪੁਸਤਕ ਲਿਖੀ ਹੈ। ਇਸਦਾ ਮੁਲ ਕੇਵਲ ਇਤਿਹਾਸ ਖੋਜੀ ਸਜਨ ਹੀ ਪਾਉਣਗੇ। ਇਸ ਵਿਚ ਪਹਿਲਾਂ ਰਸਾਲੂ ਬਾਰੇ ਇਤਿਹਾਸਕ ਖੋਜ ਹੈ, ਫਿਰ ਰਸਾਲੂ ਦੀਆਂ ਕਥਾ ਕਹਾਣੀਆਂ ਦਰਜ ਹਨ। ਇਸਦੇ ਮਗਰੋਂ ਰਸਾਲੂ ਸਬੰਧੀ ਜਿਤਨੇ ਕੁ ਗੀਤ ਮਿਲ ਸਕੇ ਹਨ ਇਕੱਠੇ ਕਰਕੇ ਰਖ ਦਿਤੇ ਹਨ।

ਸ਼ੋਕ ਹੈ ਕਿ ਇਹ ਪੁਸਤਕ ਹਾਲਾਂ ਪ੍ਰੈਸ ਵਿਚ ਹੀ ਸੀ ਕਿ ਬਾਵਾ ਜੀ ਨੂੰ ਦਰਗਾਹੋਂ ਸੱਦਾ ਆ ਗਿਆ। ਆਪ ਮੋਟਰ ਦੇ ਹਾਦਸੇ ਨਾਲ ੧੬ ਅਕਤੂਬਰ ੧੯੩੧ ਈ: ਨੂੰ ਲਾਹੌਰ ਵਿਚ ਚਲਾਣਾ ਕਰ ਗਏ। ਜੇ ਆਪ ਜੀਉਂਦੇ ਰਹਿੰਦੇ ਤਾਂ ਇਸ ਪੁਸਤਕ ਦਾ ਵਿਦਵਤਾ ਭਰਿਆ ਮੁਖ-ਬੰਧ ਲਿਖਦੇ। ਹੁਣ ਅਸੀਂ ਬਿਨਾ ਇਸ ਵਿਚ ਕੁਝ ਵਾਧਾ ਕੀਤੇ ਦੇ ਜਿਉਂ ਦੀ ਤਿਉਂ ਪਾਠਕਾਂ ਦੇ ਪੇਸ਼ ਕਰ ਰਹੇ ਹਾਂ। ਸਾਨੂੰ ਆਸ ਹੈ ਪੰਜਾਬੀ ਦੇ ਪ੍ਰੇਮੀ ਇਸ ਇਤਿਹਾਸਕ ਖੋਜ ਦੀ ਉਤਮ ਪੁਸਤਕ ਦੀ ਯੋਗ ਕਦਰ ਕਰਨਗੇ।

ਦਾਸ--ਹੀਰਾ ਸਿੰਘ "ਦਰਦ"



Sri Satguru Jagjit Singh Ji Elibrary NamdhariElibrary@gmail.com



ਬਾਵਾ ਬੁਧ ਸਿੰਘ ਜੀ ਸੁਪ੍ਰੰਟੈਂਡਿੰਗ ਅੰਨਜੀਨੀਅਰ (I. E. S.)

Sri Satguru Jagjit Singh Ji Elibrary NamdhariElibrary@gmail.com

# ਸਰ ਰਿਚਰਡ ਟੈਂਪਲ

"ਰਾਜਾ ਰਸਾਲੂ" ਦੀ ਖੋਜ ਵਿਚ ਬਾਵਾ ਜੀ ਨੂੰ ਸਰ ਰਿਚਰਡ ਟੈਂਪਲ ਤੋਂ ਖਾਸ ਤੌਰ ਤੇ ਮਦਦ ਮਿਲੀ ਹੈ ਤੇ ਬਾਵਾ ਜੀ ਇਨ੍ਹਾਂ ਦੇ ਬੜੇ ਹੀ ਧੰਨਵਾਦੀ ਸਨ। ਬਾਵਾ ਜੀ ਦੀ ਅੰਤਲੀ ਖਾਹਸ਼ ਦੇ ਮੁਤਾਬਕ ਸਰ ਰਿਚਰਡ ਟੈਂਪਲ ਦੇ ਧੰਨਵਾਦ ਦੀ ਨਿਸ਼ਾਨੀ ਦੇ ਤੌਰ ਤੇ ਉਨ੍ਹਾਂ ਦੀ ਤਸਵੀਰ ਵੀ ਇਸ ਪੁਸਤਕ ਵਿਚ ਦਿਤੀ ਜਾਂਦੀ ਹੈ।

ਪਾਠਕਾਂ ਦੀ ਵਾਕਫ਼ੀ ਲਈ ਏਹ ਦਸਨਾ ਜ਼ਰੂਰੀ ਮਲੂਮ ਹੋਂਦਾ ਹੈ ਕਿ ਸਰ ਰਿਚਰਡ ਟੈਂਪਲ ਕੌਣ ਸੀ ਤੇ ਇਸਨੇ ਕੀ ਕੀ ਕੰਮ ਕੀਤੇ।

ਅਸੀ ਲੋਕ ਸੁੱਤੇ ਪਏ ਹਾਂ ਤੇ ਸਾਡੇ ਦੇਸ ਵਿਚੋਂ ਦੱਬੇ ਹੋਏ ਰਤਨ ਪਰਦੇਸੀ ਲੋਕ ਆਕੇ ਢੂੰਢ ਢੂੰਢ ਕੇ ਕਢਦੇ ਹਨ। ਸਰ ਰਿਚਰਡ ਟੈਂਪਲ ਉਨ੍ਹਾਂ ਸਜਨਾਂ ਵਿਚੋਂ ਹਨ ਜਿਨ੍ਹਾਂ ਨੇ ਪੂਰਬੀ ਜ਼ਬਾਨਾਂ ਦੇ ਇਤਿਹਾਸ ਅਤੇ ਕਲਚਰ ਦੀ ਡੂੰਘੀ ਖੋਜ ਤੇ ਵਿਚਾਰ ਕੀਤੀ ਹੈ।

ਇਨ੍ਹਾਂ ਦਾ ਜਨਮ ੧੫ ਅਕਤੂਬਰ ੧੯੫੦ ਈ: ਨੂੰ ਅਲਾਹ ਅਬਾਦ ਵਿਚ ਹੋਇਆ ਸੀ, ਵਲੈਤ ਵਿਚ ਵਿਦਿਆ ਪਾਂਦੇ ਰਹੇ ਤੇ ੨੧ ਸਾਲ ਦੀ ਉਮਰ ਵਿਚ ਇਹ ਹਿੰਦੁਸਤਾਨੀ ਫ਼ੌਜ ਵਿਚ ਨੌਕਰ ਹੋ ਗਏ। ਦੂਜੇ ਅਫ਼ਗ਼ਾਨ ਯੁੱਧ (੧੯੭੮-੭੯) ਵਿਚ ਇਨ੍ਹਾਂ ਨੇ ਬੜੀ ਵਡਿਆਈ ਪ੍ਰਾਪਤ ਕੀਤੀ; ਫਿਰ ਇਹ ਪੰਜਾਬ ਵਿਚ ਕੰਟੋਨਮੈਂਟ ਮੈਜਿਸਟ੍ਰੇਟ ਲਗ ਗਏ। ਇਸ ਸਮੇਂ ਵਿਚ ਆਪਨੇ ਪੰਜਾਬ ਦੇ ਸਭ ਜ਼ਿਲ੍ਹਿਆਂ ਵਿਚੋਂ ਪੰਜਾਬ ਦੀਆਂ ਕਹਾਣੀਆਂ ਤੇ ਗੀਤ ਇਕੱਠੇ ਕਰਨੇ ਸ਼ੁਰੂ ਕੀਤੇ। ਇਕ ਪਰਦੇਸੀ ਲਈ ਜੋ ਪੰਜਾਬ ਦੀ ਜ਼ਬਾਨ, ਰਹਿਣੀ ਬਹਿਣੀ ਤੇ ਸੁਭਾ ਤੋਂ ਬਿਲਕੁਲ ਓਪਰਾ ਸੀ ਅਜਿਹਾ ਕੰਮ ਕਰਨਾ ਕਿਤਨਾ ਕਠਨ ਸੀ, ਪਰ ਅੰਗਰੇਜ਼ਾਂ ਵਿਚ ਇਲਮ ਤੇ ਖੋਜ ਦਾ ਖਾਸ ਗੁਣ ਹੈ। ਇਹ ਲੋਕ ਅਜਿਹੇ ਕੰਮ ਬੜੇ ਸ਼ੌਂਕ ਤੇ ਮਿਹਨਤ ਨਾਲ ਕਰਦੇ ਹਨ। ਸਰ ਰਿਚਰਡ ਸਾਹਿਬ ਨੇ ਵੀ ਬੜੀ ਮਿਹਨਤ ਤੇ ਦਿਲਚਸਪੀ ਨਾਲ ਇਹ ਕੰਮ ਕੀਤਾ ਅਤੇ ਜੋ ਮਸਾਲਾ ਇਨ੍ਹਾਂ ਨੇ ਜਮ੍ਹਾਂ ਕੀਤਾ ਉਸਤੋਂ ਮਗਰੋਂ (Legends of the Punjab) ਲੀਜੈਂਡਜ਼ ਆਫ਼



Sri Satguru Jagjit Singh Ji Elibrary NamdhariElibrary@gmail.com

ਦੀ ਪੰਜਾਬ ਨਾਮੇ ਪੁਸਤਕ ਤਿੰਨਾਂ ਜਿਲਦਾਂ ਵਿਚ ਛਪੀ। ਪੰਜਾਬ ਵਿਚੋਂ ਜੋ ਜੋ ਪ੍ਰਚੱਲਤ ਕਹਾਣੀਆਂ ਤੇ ਗੀਤ ਰਿਚਰਡ ਸਾਹਿਬ ਨੂੰ ਮਿਲੇ ਇਨ੍ਹਾਂ ਪੁਸਤਕਾਂ ਵਿਚ ਦਰਜ ਕਰ ਦਿਤੇ। ਪੰਜਾਬੀਆਂ ਲਈ ਇਹ ਕਿਤਨੀ ਬਹੁਮੁੱਲੀ ਚੀਜ਼ ਹੈ! ਰਾਜਾ ਰਸਾਲੂ ਦੇ ਤਿਆਰ ਕਰਨ ਵਿਚ ਬਾਵਾ ਜੀ ਨੇ ਇਨ੍ਹਾਂ ਪੁਸਤਕਾਂ ਤੋਂ ਬਹੁਤ ਮਦਦ ਲਈ ਹੈ। ਸਰ ਰਿਚਰਡ ਟੈਂਪਲ ਨੇ ਹੋਰ ਵੀ ਕਈ ਕੰਮ ਕੀਤੇ ਹਨ ਜਿਨ੍ਹਾਂ ਕਰਕੇ ਉਸਦਾ ਨਾਮ ਖੋਜੀ ਦੁਨੀਆਂ ਵਿਚ ਸਦਾ ਜੀਊਂਦਾ ਰਹੇਗਾ। ੩ ਮਾਰਚ ੧੯੩੧ ਈ: ਨੂੰ ੯੧ ਸਾਲ ਦੀ ਉਮਰ ਵਿਚ ਸਰ ਰਿਚਰਡ ਟੈਂਪਲ ਨੇ ਸਵਿਟਜ਼ਰ ਲੈਂਡ ਵਿਚ ਚਲਾਣਾ ਕੀਤਾ।

ਹੀਰਾ ਸਿੰਘ 'ਦਰਦ'

Sri Satguru Jagjit Singh Ji Elibrary NamdhariElibrary@gmail.com



ਸਰ ਰਿਚਰਡ ਟੈਂਪਲ

Sri Satguru Jagjit Singh Ji Elibrary NamdhariElibrary@gmail.com

# ਰਾਜਾ ਰਸਾਲੂ

ਰਾਜਾ ਰਸਾਲੂ ਇਕ ਬਹਾਦਰ ਪੰਜਾਬੀ ਸੀ। ਪੰਜਾਬੀ ਰਾਜਾ ਸੀ, ਜਿਸਦੀ ਬਹਾਦਰੀ ਦੇ ਗੀਤ ਅਜ ਤਕ ਸਾਰੇ ਦੇਸ਼ ਵਿਚ ਗਾਂਵੇ ਜਾਂਦੇ ਨੇ। ਰਸਾਲੂ ਪਰਉਪਕਾਰੀ ਸੀ, ਰਸਾਲੂ ਰਸੀਆ ਤੇ ਛਲੀਆ ਸੀ। ਕਿਧਰੇ ਕੋਕਿਲਾਂ ਜਿਤਦਾ ਹੈ ਤੇ ਕਿਧਰੇ ਇਕ ਮਾਈ ਦੇ ਪੁੱਤਰ ਦੀ ਥਾਂ ਆਪਣੀ ਜਾਨ ਦਿਉਆਂ ਦੇ ਮੂੰਹ ਪਾਣ ਨੂੰ ਤਿਆਰ ਹੈ। ਜਿੱਥੇ ਦੁੱਖ ਡਿੱਠਾ ਓਥੇ ਦੁਖ-ਨਾਸ਼ਕ ਰਸਾਲੂ ਹਾਜ਼ਰ। ਰਾਜ ਕੁਮਾਰੀਆਂ ਰਸਾਲੂ ਤੇ ਮੋਹਿਤ, ਪਰ ਰਸਾਲੂ ਜਤ ਵਿਚ ਪੂਰਾ। ਮੁਕਦੀ ਗੱਲ, ਬਹਾਦਰੀ ਕੀ, ਪਰਉਪਕਾਰ ਕੀ, ਦੇਹ ਦਾ ਸੁਹੱਪਣ, ਰਾਜਨੀਤੀ, ਉਦਾਰਤਾ, ਇਨ੍ਹਾਂ ਸਭਨਾਂ ਗੁਣਾਂ ਦਾ ਇਕੱਠ ਰਸਾਲੂ ਸੀ। ਅਟਕ ਤੋਂ ਲੈ ਲਾਹੌਰ ਤਕ ਤੇ ਕਸ਼ਮੀਰ ਦੀ ਹੱਦ ਤੋਂ ਲੈ ਦਰਿਆ ਸਿੰਧ ਦੇ ਸੰਧ ਤਕ ਰਸਾਲੂ ਦਾ ਨਾਂ ਤੇ ਨਿਸ਼ਾਨ ਮਿਲਦੇ ਨੇ। ਇਸ ਦੀ ਚਾਲ ਬਿਜਲੀ ਵਤ ਸੀ, ਅਜ ਏਥੇ ਤੇ ਕਲ੍ਹ ਸੌ ਕੋਹ ਪਰੇ। ਇਸ ਦੀਆਂ ਜੋ ਕਹਾਣੀਆਂ ਹਨ ਉਹ ਰੱਬ ਜਾਣੇ ਸੱਚੀਆਂ ਕਿ ਝੂਠੀਆਂ।

ਕਿੱਸੇ ਕਹਾਣੀਆਂ ਸਾਰੇ ਦੇਸ਼ਾਂ ਵਿਚ ਪਰਚੱਲਤ ਹੁੰਦੀਆਂ ਈ ਨੇ, ਅਤੇ ਜੇ ਖੋਜ ਕਰੋ ਤਾਂ ਕਈ ਗੱਲਾਂ ਇਕ ਦੂਜੇ ਨਾਲ ਮਿਲਦੀਆਂ ਵੀ ਨੇ। ਜੀਕਣ ਪੂਰਨ ਵਾਲੀ ਵਾਰਤਾ। ਲੂਣਾਂ ਦਾ ਇਸ਼ਕ, ਫੇਰ ਪੂਰਨ ਉਤੇ ਜ਼ੁਲਮ। ਇਹੋ ਪਲਾਟ ਅਸ਼ੋਕ ਦੀ ਰਾਣੀ ਤੇ ਕੁਨਾਲ ਦੀ ਕਹਾਣੀ ਦੀ, ਤੇ ਫੇਰ ਯੂਸਫ਼-ਜ਼ੁਲੈਖਾਂ ਤੇ ਰੂਪ-ਬਸੰਤ ਦੇ ਕਿੱਸਿਆਂ ਦੀ। ਉਹੋ ਮਤ੍ਰੇਈ ਦਾ ਇਸ਼ਕ ਆਪਣੀ ਸੌਂਕਣ ਦੇ ਪੁੱਤਰ ਨਾਲ, ਸਕੁੱਤਰ ਦਾ ਸਤੁ। ਮਤ੍ਰੇਈ ਦੀ ਕੂੜੀ ਸ਼ਕੈਤ ਤੇ ਪਿਉ ਦਾ ਪੁੱਤਰ ਉੱਤੇ ਜ਼ੁਲਮ, ਅੰਤ ਸੱਚ ਦੀ ਵਿਜੇ। ਇਹੋ ਜਿਹੀਆਂ ਕਹਾਣੀਆਂ ਦੇਸਾਂ ਦੇਸਾਂ ਵਿਚ ਪ੍ਰਚਲਤ ਹਨ। ਏਸੇ ਤਰ੍ਹਾਂ ਰਸਾਲੂ ਦੇ ਕਾਰਨਾਮੇਂ ਵੀ ਨਿਰੋਲ ਪੰਜਾਬੀ ਹੀ ਨਹੀ, ਹੋਰਨਾਂ ਦੇਸਾਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਹੈ। ਪਰ ਉਥੇ ਨਾਟਕੀ ਮਨੁਖ ਹੋਰ ਨੇ।

ਜੀਕਣ ਰਸਾਲੂ ਦਾ ਦਿਉਆਂ ਨੂੰ ਪਰਉਪਕਾਰ ਕਰਕੇ ਆਪਣੀ ਦੇਹ ਦੇਣ ਲਈ ਤਿਆਰ ਹੋਣਾ ਤੇ ਇਕ ਬੁੱਢੀ ਦੇ ਪੁੱਤਰ ਦੀ ਜਾਨ ਬਚਾਉਣਾ। ਫੇਰ ਦਿਉਆਂ ਨੂੰ



Sri Satguru Jagjit Singh Ji Elibrary NamdhariElibrary@gmail.com

ਆਪਣੀ ਬਹਾਦਰੀ ਨਾਲ ਕਤਲ ਕਰਕੇ ਸ਼ਹਿਰ ਨੂੰ ਉਸ ਬਲਾ ਤੋਂ ਛੁਡਾਉਣਾ। ਤੇ ਓਧਰ ਮਹਾਤਮਾ ਬੁਧ ਦਾ ਆਪਣੀ ਦੇਹ ਭੁੱਖੇ ਸ਼ੇਰ ਦੇ ਬੱਚਿਆਂ ਅਗੇ ਹਾਜ਼ਰ ਕਰਨੀ। ਦੋਵੇਂ ਇਕ ਸ਼੍ਰੇਣੀ ਦੀਆਂ ਗੱਲਾਂ ਨੇ। ਇਸ ਕਰਕੇ ਉਹ ਸਾਰੀਆਂ ਕਹਾਣੀਆਂ ਤੇ ਵਾਰਾਂ ਰਸਾਲੂ ਤੇ ਸਲਵਾਹਨ ਦੀਆਂ ਜੋ ਲੋਕ ਪਿੰਡਾਂ ਦੇ ਦਾਇਰਿਆਂ ਤੇ ਪਰ੍ਹਿਆਂ ਵਿਚ ਸੁਣਾਉਂਦੇ ਨੇ, ਜਾਂ ਜੋਗੀ ਤੇ ਢਾਡੀ ਕਿੰਗਾਂ ਤੇ ਸਾਰੰਗੀਆਂ ਨਾਲ ਗਾਉਂਦੇ ਨੇ, ਸਲਵਾਹਨ ਤੇ ਰਸਾਲੂ (ਜੇ ਕੋਈ ਇਤਿਹਾਸਕ ਮਨੁੱਖ ਇਨ੍ਹਾਂ ਨਾਵਾਂ ਦੇ ਸੀ) ਦੀਆਂ ਹੀ ਨਹੀਂ। ਸਭ ਚੰਗੀਆਂ ਮੰਦੀਆਂ ਪਰਚੱਲਤ ਕਹਾਣੀਆਂ ਇਕੱਠੀਆਂ ਕਰਕੇ ਇਕ ਬਹਾਦਰ ਦੇ ਨਾਂ ਨਾਲ ਚਮੋੜ ਦਿਤੀਆਂ। ਜੀਕਣ ; ਇੰਗਲਿਸਤਾਨ ਵਿਚ ਆਰਥਰ, ਫ਼ਰਾਂਸ ਵਿਚ ਸ਼ਾਰਲੇ ਮੈਨ, ਮਾਲਵੇ ਵਲ ਬਿਕਰਮਾਜੀਤ ਦੇ ਕਾਰਨਾਮੇ ਹੈਨ। ਸੁ ਇਨ੍ਹਾਂ ਕਹਾਣੀਆਂ ਦਾ ਵਹਿਣ ਇਕ ਦੇਸ ਤੋਂ ਦੂਜੇ ਦੇਸ ਵਿਚ ਵਗਦਾ ਹੀ ਰਹਿੰਦਾ ਹੈ। ਜਿਥੇ ਕੋਈ ਬਹਾਦਰ ਹੀਰੋ ਤੇ ਹੀਰੋਇਨ ਮਿਲੇ, ਉਨ੍ਹਾਂ ਦੇ ਨਾਂਵਾਂ ਨਾਲ ਬਹਾਦਰੀ ਦੀਆਂ ਕਹਾਣੀਆਂ ਨੂੰ ਦੇਸ ਤੇ ਕਾਲ ਮੂਜਬ ਰੰਙਣ ਦੇਕੇ ਲਾ ਦਿਤਾ। ਅਰਬ ਦੀ ਕਹਾਣੀ (ਸਿੰਧਬਾਦ ਜਹਾਜ਼ ਵਾਲੀ) ਪੰਜਾਬੀ ਬਣ ਗਈ, ਤੇ ਪੰਜਾਬੀ ਕਹਾਣੀਆਂ ਅਰਬ ਵਿਚ ਨੌਸ਼ੇਰਵਾਨ ਨਾਲ ਜਾ ਲੱਗੀਆਂ। ਸੰਸਕ੍ਰਿਤ ਦਾ ਰਾਮਾਇਣ ਯੂਨਾਨ ਵਿਚ ਹੋਮਰ ਕਵੀ ਦੇ ਦਿਮਾਗੋਂ ਨਵੇਂ ਰੰਗ ਵਿਚ ਨਿਕਲਿਆ। ਇਸ ਕਰਕੇ ਰਸਾਲੂ ਦੇ ਕਾਰਨਾਮਿਆਂ ਦੇ ਬੋਹਲ ਵਿਚੋਂ ਇਤਿਹਾਸਕ ਸਚਾਈ ਦੇ ਦਾਣੇ ਲਭਣਾ ਢੇਰ ਮੁਸ਼ਕਲ ਕੰਮ ਹੈ। ਉਹ ਕਹਾਣੀਆਂ ਤੇ ਕਹਾਣੀਆਂ ਈ ਰਹਿਣਗੀਆਂ ਦਿਲ-ਪਰਚਾਵੇ ਲਈ; ਪਰ ਰਸਾਲੂ, ਪਰਉਪਕਾਰੀ ਬਹਾਦਰਾਂ ਲਈ ਹਮੇਸ਼ਾਂ ਵਾਸਤੇ ਇਕ ਨਮੂਨਾ ਰਹੇਗਾ। ਇਸਦੀ ਬਹਾਦਰੀ ਤੇ ਉਪਕਾਰ ਦਾ ਡੰਕਾ ਦੇਸ ਦੇਸ ਵਿਚ ਐਨੇ ਜ਼ੋਰ ਨਾਲ ਵਜ ਚੁੱਕਾ ਹੈ, ਕਿ ਜੱਟਾਂ ਤੇ ਰਾਜਪੂਤਾਂ ਦੇ ਉੱਚੇ ਖ਼ਾਨਦਾਨ, ਰਸਾਲੂ ਨੂੰ ਆਪਣਾ ਵੱਡਾ ਦੱਸਣ ਵਿਚ ਫ਼ਖਰ ਸਮਝਦੇ ਨੇ। ਜੀਕਣ ਸਾਂਹਸੀ ਤੇ ਭੱਟੀ ਰਸਾਲੂ ਨਾਲ ਆਪਣੀ ਪੀੜ੍ਹੀ ਮਿਲਾਉਂਦੇ ਨੇ। ਇਸ ਕਰ ਕੇ ਇਸ ਬਹਾਦਰ ਪੰਜਾਬੀ ਦਾ ਜੀਵਨ ਪੰਜਾਬੀਆਂ ਲਈ ਲਾਭ ਤੇ ਸਵਾਦ-ਦਾਇਕ ਈ ਹੋਵੇਗਾ।

## ਕੀ ਰਸਾਲੂ ਇਤਿਹਾਸਕ ਮਨੁਖ ਸੀ ਜਾਂ ਮਨ-ਘੜਤ ਹੀਰੋ ?

ਯੂਰਪ ਦੇ ਕਈ ਵਿਦਵਾਨਾਂ (ਜਿਹੜੇ Comparative Mythology ਤੇ Folk Lore ਦੇ ਖੋਜੀ ਹਨ,) ਦਾ ਖ਼ਿਆਲ ਹੈ ਕਿ ਰਸਾਲੂ ਸਿਰਫ਼ ਇਕ (Solar Myth) ਖ਼ਿਆਲੀ ਮਨੁੱਖ ਸੀ, ਜਿਹੜਾ ਦੇਹਧਾਰੀ ਕਦੀ ਨਹੀਂ ਹੋਇਆ। ਉਨ੍ਹਾਂ ਦੀ ਦਲੀਲ ਇਹ ਹੈ ਕਿ ਜੀਕਣ ਸੂਰਜ, *ਤੱਤਾਂ ਦੀ ਲੜਾਈ ਦੇ ਮਗਰੋਂ ਹਮੇਸ਼ ਸਾਫ਼

---

*ਪੰਜ ਤੱਤ=ਅਕਾਸ਼, ਵਾ, ਪਾਣੀ, ਅੱਗ ਤੇ ਧਰਤੀ।

ਤੱਤਾਂ ਦੀ ਲੜਾਈ=ਤੂਫ਼ਾਨ, ਝਖੜ, ਮੀਂਹ ਭੁਚਾਲ ਆਦਿਕ।

Sri Satguru Jagjit Singh Ji Elibrary NamdhariElibrary@gmail.com

ਤੇ ਵਿਜੇਈ ਈ ਨਿਕਲਦਾ ਹੈ, ਇਸੇ ਤਰ੍ਹਾਂ ਰਸਾਲੂ ਵੀ ਦਿਉਆਂ ਨਾਲ ਲੜਨ ਮਗਰੋਂ ਕਈ ਪਹਾੜਾਂ ਤੇ ਬਜਰਾਂ ਦੀਆਂ ਸੱਟਾਂ ਖਾਕੇ ਤੇ ਬਚਕੇ, ਇਕ ਸ਼ਾਂਤ ਸ੍ਵਰੂਪ, ਅਡੋਲ ਤੇ ਬੇ-ਪਰਵਾਹ ਮਨੁੱਖ ਵਖਾਈ ਦਿੰਦਾ ਹੈ। ਇਸ ਕਰਕੇ ਰਸਾਲੂ ਹਿੰਦੁਸਤਾਨ ਵਿਚ, ਇੰਦਰ, ਸਵੀਤਰ (Savitar), ਵੋਡਨ (Woden), ਸਲੇਫਸ (Slayphus), ਹਰਕੀਉਲੀਸ (Hercules), ਅਪਾਲੋ (Appollo) ਆਦਿ, ਹੋਰਨਾਂ ਦੇਸਾਂ ਦੇ ਪੂਜਨੀਕ ਬਹਾਦਰਾਂ ਦਾ ਰੂਪ ਈ ਭਾਸਦਾ ਹੈ।

ਲਿਖਿਆ ਹੈ ਕਿ ਰਾਜਾ ਰਸਾਲੂ ਦਾ ਘੋੜਾ ਇਕ ਨਿਰਾਲਾ ਘੋੜਾ ਸੀ, ਜਿਹੜਾ ਆਪਣੇ ਮਾਲਕ ਨੂੰ ਖ਼ਤਰੇ ਵੇਲੇ ਚੋਕੰਨਾ ਕਰ ਦਿੰਦਾ ਸੀ ਤੇ ਚਾਬਕ ਜਾਂ ਅੱਡੀ ਮਾਰਨ ਨਹੀਂ ਸੀ ਦਿੰਦਾ। ਇਸੇ ਤਰ੍ਹਾਂ ਫੇਟਨ (Phaeton) ਬਹਾਦਰ ਦੀ ਕਹਾਣੀ ਹੈ, ਕਿ ਉਸਨੂੰ ਆਖਿਆ ਗਿਆ ਸੀ ਕ੍ਰਿ ਉਹ ਹੀਲੀਓ ਦੇ ਘੋੜਿਆਂ ਨੂੰ ਚਾਬਕ ਨਾ ਲਾਵੇ। ਫੇਰ ਮੀਰ ਸ਼ਿਕਾਰ ਦੀ ਕਹਾਣੀ ਔਰਫੀਅਸ (Orpheous of Amphion) ਦੀ ਕਹਾਣੀ ਨਾਲ ਮਿਲਦੀ ਹੈ, ਤੇ ਫੇਰ ਹਰਮੀਸ (Hermes), ਸਿਗੁਰਡ (Sigurd), ਟ੍ਰਿਸਟ੍ਰੱਮ (Tristram) ਤੇ ਕਈ ਹੋਰਨਾਂ ਦੀਆਂ ਕਹਾਣੀਆਂ ਵੀ ਇਸ ਨਾਲ ਮਿਲਦੀਆਂ ਨੇ। ਇਸ ਤਰ੍ਹਾਂ ਰਸਾਲੂ ਦੇ ਕਾਰਨਾਮਿਆਂ ਵਿਚ ਕਈ ਹੋਰ ਗੱਲਾਂ ਅਜਿਹੀਆਂ ਹਨ ਜਿਹ-ੜੀਆਂ ਹੋਰ ਪੁਰਾਣੀਆਂ ਕਹਾਣੀਆਂ ਨਾਲ ਮਿਲਦੀਆਂ ਹੈਨ। ਇਸ ਕਰਕੇ ਰਸਾਲੂ ਇਕ ਖ਼ਿਆਲੀ ਮਨੁੱਖ ਈ ਸੀ। ਇਸ ਖ਼ਿਆਲ ਦੀ ਪੁਸ਼ਟੀ ਇਕ ਲੇਖਕ ਨੇ ਜੁਲਾਈ ੧੮੮੪ ਦੇ ਸਿਵਲ ਮਿਲਟਰੀ ਗਜ਼ਟ (C. & M. Gazette, 8th July 1884) ਵਿਚ ਕੀਤੀ ਸੀ ਅਤੇ ਕੈਪਟਨ (ਫੇਰ ਸਰ) ਰਿਚਰਡ ਟੈਂਪਲ ਨੇ ਇਸਦਾ ਖੰਡਨ ਕਲਕੱਤਾ ਰੀਵੀਊ (Calcutta Review, 1884 Pp. 350—351) ਵਿਚ ਕੀਤਾ ਸੀ। ਹੁਣ ਇੰਦਰ, ਵੋਡਨ, ਅਪਾਲੋ ਸਾਰੇ ਫ਼ਰਜ਼ੀ ਮਨੁੱਖ ਹੈਨ; ਨਾ ਇਨ੍ਹਾਂ ਦੇ ਦੇਸ ਤੇ ਨਾ ਕਾਲ ਈ ਪੱਕੇ ਨੇ। ਕੋਈ ਅਸਮਾਨ ਤੇ ਕੋਈ ਪਤਾਲ ਦਾ ਰਹਿਣ ਵਾਲਾ। ਪਰ ਰਸਾਲੂ, ਸਲਵਾਹਨ ਦਾ ਪੁੱਤਰ, ਸਿਆਲਕੋਟ ਦਾ ਰਹਿਣ ਵਾਲਾ, ਉਸ ਦੇ ਥਾਂ ਥਾਂ ਕੋਟ ਤੇ ਮਾੜੀਆਂ ਦੇ ਨਿਸ਼ਾਨ ਮੌਜੂਦ ਹੈਨ। ਰਾਜਪੂਤ ਤੇ ਜਟ ਆਪਣੀਆਂ ਪੀਹੜੀਆਂ ਉਸ ਨਾਲ ਮਿਲਾਂਦੇ ਹੈਨ। ਜਿਨ੍ਹਾਂ ਰਾਜਿਆਂ ਨਾਲ ਲੜਿਆ ਉਹ ਇਤਿਹਾਸਕ ਮਨੁੱਖ ਸਨ, ਜੀਕਣ ਹੋਡੀ। ਇਸ ਕਰਕੇ ਅਜਿਹਾ ਮਨੁੱਖ ਫ਼ਰਜ਼ੀ ਮਨੁੱਖ ਨਹੀਂ ਹੋ ਸਕਦਾ। ਹਾਂ ਕਹਾਣੀਆਂ ਤੇ ਕਾਰਨਾਮੇ ਜਿਹੜੇ ਰਸਾਲੂ ਦੇ ਨਾਂ ਨਾਲ ਮੜ੍ਹੇ ਗਏ, ਹੋ ਸਕਦਾ ਹੈ ਕਿ ਫ਼ਰਜ਼ੀ ਹੋਣ ਜਾਂ ਪਰਦੇਸੀ। ਕੋਈ ਯੂਰਪੀ ਵਿਦਵਾਨ ਰਸਾਲੂ ਦੇ ਕਾਰਨਾਮਿਆਂ ਨੂੰ ਸੂਰਜ ਤੇ ਤੱਤਾਂ ਨਾਲ ਮਿਲਾਕੇ ਦੱਸੇ। ਇਸ ਤੋਂ ਸਿਧ ਹੈ ਕਿ ਰਸਾਲੂ ਫ਼ਰਜ਼ੀ ਮਨੁੱਖ ਨਹੀਂ ਸੀ ਸਗੋਂ ਜੀਊਂਦਾ ਜਾਗਦਾ ਦੇਹਧਾਰੀ ਸੂਰਮਾ ਸੀ।

## ਰਾਜਾ ਰਸਾਲੂ ਦੀ ਥਾਂ, ਇਤਿਹਾਸ ਵਿਚ।

ਰਾਜਾ ਰਸਾਲੂ ਕਦ ਹੋਇਆ ਤੇ ਕੀ ਇਹ ਸਚਮੁਚ ਇਤਿਹਾਸਕ ਮਨੁੱਖ ਸੀ?

Sri Satguru Jagjit Singh Ji Elibrary NamdhariElibrary@gmail.com

ਇਸ ਸੁਵਾਲ ਦੇ ਪਹਿਲੇ ਹਿੱਸੇ ਦਾ ਉੱਤਰ ਬੜਾ ਔਖਾ ਹੈ, ਤੇ ਇਤਿਹਾਸਕਾਰ ਅਜੇ ਤੀਕ ਕਿਸੇ ਪੱਕੇ ਸਿੱਟੇ ਤੇ ਨਹੀਂ ਪੁੱਜੇ।

ਕੋਈ ਤੇ ਰਸਾਲੂ ਨੂੰ ਨਾਗ, ਕੋਈ ਸਾਕਾ ਤੇ ਕੋਈ ਯਾਦਵਬੰਸੀ ਆਖਦਾ ਹੈ। ਕੋਈ ਸੰਨ ਮਸੀਹ ਦੀ ਪਹਿਲੀ ਦੂਜੀ ਸਦੀ ਵਿਚ ਹੋਇਆ ਦਸਦੇ ਨੇ ਤੇ ਕੋਈ ਸਤਵੀਂ ਸਦੀ ਵਿਚ। ਕੋਈ ਸਲਕੋਟ ਦਾ ਰਾਜਾ ਤੇ ਕੋਈ ਕਾਬਲ ਦਾ ਬਾਦਸ਼ਾਹ। ਇਥੇ ਇਕ ਵੱਡਾ ਝਮੇਲਾ ਪਿਆ ਹੋਇਆ ਹੈ। ਨਿਰੋਲ ਇਤਿਹਾਸ ਵਿਚ ਰਸਾਲੂ ਦਾ ਨਾਂ ਨਹੀਂ, ਪਰ ਵਾਰਾਂ, ਕਿੱਸੇ ਕਹਾਣੀਆਂ ਵਿਚ ਰਸਾਲੂ ਤੋਂ ਵਧਕੇ ਕੋਈ ਮਸ਼ਹੂਰ ਨਹੀਂ। ਰਸਾਲੂ ਦੀਆਂ ਪਰਚੱਲਤ ਕਹਾਣੀਆਂ ਜਾਂ ਵਾਰਾਂ ਤੋਂ ਇਹ ਪਤੇ ਰਸਾਲੂ ਬਾਬਤ ਮਿਲਦੇ ਨੇ :—

ਰਸਾਲੂ ਰਾਜਾ ਸਲਵਾਹਨ ਦਾ ਪੁੱਤਰ ਸੀ। ਰਾਜਾ ਸਲਵਾਹਨ ਦਾ ਵੱਡਾ ਪੁਤਰ ਪੂਰਨ, ਜੋਗੀ ਹੋ ਗਿਆ ਸੀ। ਸਲਵਾਹਨ ਸਿਆਲਕੋਟ ਦਾ ਰਾਜਾ ਸੀ। ਰਸਾਲੂ ਨੇ ਰਾਜਾ ਸਰਕੱਪ ਨੂੰ ਜਿੱਤਿਆ ਤੇ ਉਸਦੀ ਧੀ ਕੋਕਲਾਂ ਵਿਆਹੀ।

ਹੋਡੀ ਅਟਕ ਦਾ ਭੱਟੀ ਰਾਜਾ ਰਸਾਲੂ ਦਾ ਦੁਸ਼ਮਨ ਸੀ, ਅਤੇ ਉਸਨੂੰ, ਰਸਾਲੂ ਨੇ ਕੋਕਲਾਂ ਦੇ ਘਰੋਂ ਨਿਕਲਦਿਆਂ ਮਾਰਿਆ ਸੀ। ਪਰ ਅੰਤ ਨੂੰ ਰਾਜਾ ਰਸਾਲੂ ਨੂੰ ਵੀ ਰਾਜਾ ਹੋਡੀ ਦੇ ਫ਼ਿਰਕੇ ਦੇ ਆਦਮੀਆਂ ਨੇ ਮਾਰ ਦਿੱਤਾ ਸੀ।

------

ਹੁਣ ਪੰਜਾਬ ਵਿੱਚ ਥਾਂ ਥਾਂ ਰਸਾਲੂ ਤੇ ਹਡੀ ਦੇ ਨਿਸ਼ਾਨ ਮਿਲਦੇ ਨੇ। ਹੋਡੀ ਨਗਰ, ਉਦੇ-ਨਗਰ ਆਦਿ ਗਿਰਾਵਾਂ ਦੇ ਨਿਸ਼ਾਨ, ਜਿਹੜੇ ਹੋਡੀ ਦੇ ਵਸਾਏ ਦੱਸੀਦੇ ਨੇ, ਦਰਿਆ ਅਟਕ ਦੇ ਦੋਹੀਂ ਪਾਸੀਂ ਮਿਲਦੇ ਨੇ।

ਇਸੇ ਤਰ੍ਹਾਂ ਰਾਣੀ ਕੋਕਲਾਂ ਦੇ ਨਾਂ ਉਤੇ ਕਈ ਪਿੰਡ, ਥਾਵਾਂ ਹੈਨ। ਇਕ ਪਿੰਡ ਮਾੜੀ ਕੋਕਲਾਂ ਤਾਂ ਡੇਰਾ ਗ਼ਾਜ਼ੀ ਖ਼ਾਂ ਵਿਚ ਹੈ। ਜਿਥੇ ਪੁਰਾਣੇ ਸਮੇਂ ਦੀਆਂ ਵੱਡੀਆਂ ਇੱਟਾਂ ਵੀ ਮਿਲਦੀਆਂ ਹੈਨ। ਸਿਆਲਕੋਟ ਸ਼ਹਿਰ ਸਲਵਾਹਨ ਤੇ ਪੂਰਨ ਦੀ ਯਾਦਗਾਰ ਹੈ। ਪਰ ਰਸਾਲੂ ਦੀ ਬਹਾਦਰੀ ਦੇ ਗੀਤ ਪੰਜਾਬ ਛੱਡ ਰਾਜਪੂਤਾਨੇ ਵਿਚ ਵੀ ਗਾਵੇਂ ਜਾਂਦੇ ਨੇ। ਇਸ ਕਰਕੇ ਰਸਾਲੂ ਇਤਿਹਾਸਕ ਮਨੁੱਖ ਤੇ ਜ਼ਰੂਰ ਸੀ, ਪਰ ਕਿਸ ਸਮੇਂ ਹੋਇਆ ਤੇ ਕੌਣ ਸੀ, ਇਨ੍ਹਾਂ ਗੱਲਾਂ ਦੀ ਖੋਜ ਜ਼ਰੂਰੀ ਹੈ।

ਪਰ ਰਸਾਲੂ ਦੀ ਖੋਜ ਤੋਂ ਪਹਿਲੇ ਰਾਜਾ ਸਲਵਾਹਨ ਦਾ ਥਹੁ-ਪਤਾ ਕਢਣਾ ਲੋੜੀਏ।

## ਸਾਕਿਆਂ ਦਾ ਪੰਜਾਬ ਵਿੱਚ ਆਉਣਾ !

ਯਵਨਾਂ ਦੇ ਪਿੱਛੋਂ ਪਾਰਥਿਅਨ ਤੇ ਉਸਦੇ ਪਿਛੋਂ ਸਾਕਾ ਕੌਮ ਨੇ ਪੰਜਾਬ ਵਿਚ ਪੈਰ ਜਮਾਏ। ਪਹਿਲਾਂ ਖਿਆਲ ਸੀ ਕਿ ਇਹ ਵੀ ਹਿੰਦੂ-ਕੁਸ਼ ਪਹਾੜ ਲੰਘਕੇ ਖ਼ੈਬਰ ਦੇ

Sri Satguru Jagjit Singh Ji Elibrary NamdhariElibrary@gmail.com

ਦਰੇ ਵਲੋਂ ਆਏ ਹੋਣੇ ਨੇ, ਪਰ ਸਾਕਿਆਂ ਬਾਬਤ ਹੁਣ ਦੀ ਖੋਜ ਇਹ ਦਸਦੀ ਏ ਕਿ ਸਾਕੇ ਮਧਜ ਏਸ਼ੀਆ ਵਿਚੋਂ ਰਿੜ੍ਹਕੇ ਹਰਾਤ ਜਾਂ ਖੁਰਾਸਾਨ ਦੇ ਰਾਹੀਂ ਈਰਾਨ ਵਲ ਗਏ ਤੇ ਕਿਤਨਾ ਈ ਚਿਰ ਸੀਸਤਾਨ ਵਿਚ ਰਹੇ। ਤਦੇ ਇਨ੍ਹਾਂ ਦਾ ਨਾਂ ਪਹਿਲਵੀ ਪੈ ਗਿਆ ਸੀ। ਸੀਸਤਾਨੋਂ ਸਿੰਧ ਵਿਚ ਆ ਰਹੇ। ਸੀਸਤਾਨ ਦਾ ਪੁਰਾਣਾ ਨਾਂ ਸਾਕਿਸਤਾਨ ਸੀ। ਸਿੰਧੋਂ ਇਨ੍ਹਾਂ ਨੇ ਉੱਤਰ ਵਲ ਚੜ੍ਹਾਈ ਕੀਤੀ ਤੇ ਦਰਿਆ ਸਿੰਧ ਦੇ ਕੰਢੇ ਕੰਢੇ ਉਪਰ ਵਲ ਰੁਖ ਕਰਦੇ ਗਏ ਤੇ ਪੁਰਾਣੇ ਵਸਨੀਕਾਂ ਨੂੰ ਫ਼ਤਹਿ ਕਰਕੇ ਆਪਣਾ ਰਾਜ ਕਾਬਲ ਤੇ ਸਿੰਧ ਸਾਗਰ ਦੁਆਬ ਵਿਚ ਜਮਾ ਲਿਆ। ਇਸ ਖ਼ਿਆਲ ਦਾ ਕਿ ਸਾਕੇ ਦੱਰਾ ਖ਼ੈਬਰ ਜਾਂ ਕਾਬਲ ਵਲੋਂ ਪਹਿਲੋ ਪਹਿਲ ਪੰਜਾਬ ਵਿਚ ਨਹੀਂ ਆਏ, ਇਸ ਖੋਜ ਤੇ ਨਿਰਭਰ ਹੈ ਕਿ ਸਾਕਿਆਂ ਦੇ ਕੋਈ ਸਿੱਕੇ ਦਰਿਆ ਕਾਬਲ ਦੇ ਇਰਦ ਗਿਰਦ ਦੇ ਇਲਾਕੇ ਵਿਚ ਨਹੀਂ ਮਿਲੇ ! ਪਰ ਸਿੱਕੇ ਤਦ ਮਿਲਦੇ ਜਦ ਰਾਜ ਕਾਇਮ ਹੁੰਦਾ। ਸਾਡਾ ਖ਼ਿਆਲ ਹੈ ਕਿ ਸਾਕਿਆਂ ਦੀਆਂ ਕਈ ਲਹਿਰਾਂ (ਕਈ ਜਥੇ) *ਮਧਜ ਏਸ਼ੀਆ ਵਿਚੋਂ ਕਈ ਸਦੀਆਂ ਤਕ ਕਾਬਲ ਤੇ ਹਿੰਦ ਵਲ ਵਧਦੀਆਂ ਰਹੀਆਂ; ਇਕੋ ਵਾਰੀ ਹੱਲਾ ਨਹੀਂ ਹੋਇਆ, ਤੇ ਢੇਰ ਚਿਰ ਸੀਸਤਾਨ ਤੇ ਫੇਰ ਸਾਕਾ ਦੀਪ ਜਾਂ ਸਿੰਧ ਵਿਚ ਰਹੇ। ਇਥੋਂ ਉੱਤਰ ਵਲ

---

*ਤੁਰਕਿਸਤਾਨ ਦਾ ਇਲਾਕਾ ਖਬਰੇ ਕਿਉਂ ਪੁਰਾਣੇ ਸਮਿਆਂ ਵਿਚ ਵਸੋਂ ਦਾ ਕੇਂਦਰ ਸੀ। ਆਰੀਆ ਲੋਕ ਵੀ ਉਸੇ ਪਾਸਿਉਂ ਈਰਾਨ ਤੇ ਹਿੰਦ ਵਿਚ ਆਏ। ਨਾਗ ਲੋਕ ਜਿਨ੍ਹਾਂ ਨੂੰ ਤੱਛਕ ਜਾਂ ਟਕਾ ਵੀ ਆਖਦੇ ਹਨ ਉਧਰੋਂ ਹੀ ਆਏ । ਉਸਦੇ ਪਿਛੋਂ ਤੂਰਾਨੀ ਲੋਕ—ਜਿਨ੍ਹਾਂ ਵਿਚ ਸਿਦੀਅਨ ਕੌਮ ਦੀਆਂ ਸਾਰੀਆਂ ਸ਼ਾਖ਼ਾ, ਯੂਕੀ ਆਦਿ ਸ਼ਾਸਲ ਹਨ—ਵੀ ਇਸੇ ਦੇਸ ਵਿਚੋਂ ਫੈਲੇ। ਆਰੀਆ ਲੋਕ ਤੇ ਬਰਫ਼ਾਨੀ ਇਲਾਕੇ ਦੇ ਰਹਿਣ ਵਾਲੇ ਦੱਸੀਦੇ ਹਨ। ਉਹ ਸ਼ਾਇਦ ਯੂਗਲ ਪਰਬਤ ਦੇ ਪੂਰਬ ਵਲ ਸਾਇਬੇਰੀਆ ਦੇ ਇਲਾਕੇ ਵਿਚ ਵੱਸਦੇ ਹੋਣਗੇ। ਪਰ ਸਾਡਾ ਖ਼ਿਆਲ ਇਹ ਹੈ ਕਿ ਬਰਫ਼ਾਨੀ ਇਲਾਕੇ ਵਿਚ ਢੇਰ ਸਾਰੀ ਵਸੋਂ ਨਹੀਂ ਹੋ ਸਕਦੀ। ਨਾ ਹੀ ਉਥੇ ਡੰਗਰ ਢੋਰ, ਤੇ ਨਾ ਹੀ ਖਾਣ ਪੀਣ ਨੂੰ ਲੱਭਦਾ ਹੈ। ਜਿਹੜੇ ਵੇਦਾਂ ਵਿਚ ਮੰਤਰ, ਉਸ ਇਲਾਕਿਆਂ ਦਾ ਨਿਸ਼ਾਨ ਦੇਂਦੇ ਹਨ, ਉਨ੍ਹਾਂ ਦਾ ਕਾਰਨ ਇਹ ਹੀ ਹੋ ਸਕਦਾ ਹੈ, ਕਿ ਆਰੀਆ ਕੌਮ ਦੇ ਕੁਝ ਲੋਕ, ਇਕਾਂਤ ਸੇਵਨ ਵਾਲੇ ਰਿਖੀ ਉਸ ਇਲਾਕੇ ਵਿਚ ਗਏ, ਤੇ ਉਥੋਂ ਦੀ ਦਸ਼ਾ ਸ਼ਲੋਕਾਂ ਵਿਚ ਦੱਸੀ।

ਨਾਗ ਯਾ ਤੱਛਕ ਕੌਮ ਦੇ ਜੱਥੇ ਵੀ ਕਈ ਸੱਦੀਆਂ ਤੱਕ ਆਰੀਆਂ ਦੇ ਪਿਛੋਂ, ਹੌਲੀ ਹੌਲੀ ਭਾਰਤ ਵਲ ਆਉਂਦੇ ਰਹੇ। ਛੇਵੀਂ ਸਦੀ ਵਿਚ ਆਖਦੇ ਹਨ ਕਿ ਉਹ ਦੁਆਬਾ ਸਿੰਧ ਸਾਗਰ ਵਿਚ ਆ ਪੁਜੇ ਸਨ, ਪਰ ਉਨ੍ਹਾਂ ਦੇ ਪੈਰ ਆਰੀਆ ਕੌਮ ਕਰਕੇ ਨਾ ਜੰਮੇ। ਲੜਾਈ ਭਿੜਾਈ ਹੁੰਦੀ ਰਹੀ, ਪਰ ਆਰੀਆ ਵਿਜੇਤੀ ਈ ਹੁੰਦੇ ਰਹੇ। ਜਦ ਆਰੀਆ ਲੋਕ ਗੰਗਾ ਦੇ ਸੁਹਾਵਣੇ ਮੈਦਾਨ ਵਿਚ ਗਏ ਤਾਂ ਪੰਜਾਬ ਵਿਚ ਨਾਗਿਆਂ ਲੋਕਾਂ ਦਾ ਦਬਦਬਾ ਫੈਲ ਗਿਆ, ਤੇ ਸਭ ਰਲ ਮਿਲ ਗਏ, ਕੁਝ ਆਰੀਆ, ਕੁਝ ਨਾਗੇ। ਫਿਰ ਸਾਕਾ ਕੌਮ ਹੌਲੀ ਹੌਲੀ ਆਉਣੀ ਸ਼ੁਰੂ ਹੋ ਗਈ, ਪਹਿਲੀ ਲਹਿਰ ਤੇ ਸਾਕਿਆਂ ਦੀ ਜ਼ਰੂਰ ਸੀਸਤਾਨ ਤੇ ਸਿਧ ਵਲ ਗਈ। ਪਰ ਯਵਨਾਂ ਦੇ ਪਿਛੋਂ ਉਹਨਾਂ ਦੇ ਜੱਥੇ ਅਟਕੋਂ ਪਾਰ ਹੋ ਕੇ ਵੀ ਆਉਂਦੇ ਰਹੇ ਹੋਣੇ ਨੇ । ਸਾਡਾ

Sri Satguru Jagjit Singh Ji Elibrary NamdhariElibrary@gmail.com

ਟੁਰੇ। ਪਰ ਇਸ ਤੋਂ ਪਹਿਲੇ ਅਫ਼ਗਾਨਿਸਤਾਨ ਵਲੋਂ ਪੰਜਾਬ ਵਿਚ ਹੋਰ ਸਾਕਿਆਂ ਦੇ ਜੱਥੇ (ਯੂਕੀ) ਫ਼ਿਰਕੇ ਦੇ ਆ ਗਏ। ਕਈ ਥਾਵਾਂ ਤੇ ਇਨ੍ਹਾਂ ਨੇ ਆਪਣੀਆਂ ਵਸਤੀਆਂ (Colonies) ਬਣਾਈਆਂ ਹੋਣਗੀਆਂ। ਕਿਉਂਕਿ ਸੁਖਾਲਾ ਰਾਹ ਛਡਕੇ ਐਨਾ ਵਲਾ ਕਿਉਂ ਖਾਂਦੇ। ਜਦ ਸਿੰਧ ਦੇ ਜੱਥੇ ਵੀ ਆ ਮਿਲੇ ਤਦ ਇਨ੍ਹਾਂ ਨੇ ਦੇਸ ਦੇ ਰਾਜ ਉੱਤੇ ਹੱਥ ਪਾਏ ਤੇ ਅੰਤ ਪਹਿਲੀ ਸਦੀ ਬਿ: ਵਿਚ ਕਾਬਲ ਤੇ ਪੰਜਾਬ ਵਿਚੋਂ ਯਵਨਾਂ ਜਾਂ ਪਾਰਥੀਆਂ ਨੂੰ ਕਢਕੇ ਰਾਜ ਮਲ ਲਿਆ। ਅਯਾਸ ੧. (Azes.1) ਨੇ ਸਾਕੇ ਰਾਜ ਦੀ ਪੱਕੀ ਨੀਂਹ ਰੱਖੀ।

ਦਾਰਾ ਦੇ ਵੇਲੇ ਵੀ ਸਾਕਿਆਂ ਦੀ ਕੌਮ ਦੇ ਤਿੰਨ ਵੱਡੇ ਵੱਡੇ ਜੱਥੇ ਤਿੰਨਾਂ ਪਾਸਿਆਂ ਨੂੰ ਖਿੰਡ ਗਏ ਆਖਦੇ ਨੇ।

(ਵੇਖੋ ਸਫ਼ਾ 594 Camb: History of India Voll. 1)

(੧) ਤਿਗੁਰਾ ਖੋਦ ਸਾਕੇ, ਜਿਹੜੇ ਸਿਰ ਤੇ ਨੋਕਦਾਰ ਕਲਗੀ ਵਾਲੀ ਖੋਦ ਪਾਂਦੇ ਸਨ ਤੇ ਜਿਨ੍ਹਾਂ ਦਾ ਦੇਸ ਸਿਰ ਦਰਿਆ ਜਾਂ ਜੈਹੂਨ ਦੇ ਲਾਗੇ ਸੀ ਅਤੇ ਇਹ ਮਸ਼ਹੂਰ ਈਰਾਨੀ ਬਾਦਸ਼ਾਹ ਜ਼ੀਰੈਕਸੀਸ (Xerxes) ਦੀ ਫ਼ੌਜ ਵਿਚ ਸਨ, ਜਿਸਨੇ ਯੂਨਾਨ ਫ਼ਤਹਿ ਕੀਤਾ ਸੀ।

(੨) ਹੋਮਵਰਕਾ ਸਾਕੇ, ਜਿਹੜੇ ਈਰਾਣੀ ਸੂਬੇ ਦਰੰਗਿਆਨਾ (ਹੁਣ ਦਾ ਨਾਂ ਸੀਸਤਾਨ) ਦਰਿਆ ਹਲਮੰਦ, (ਜਿਹੜਾ ਬਲੋਚਿਸਤਾਨ ਤੇ ਅਫ਼ਗਾਨਿਸਤਾਨ ਦੇ ਪੱਛਮ ਵਿਚ ਹੈ) ਰਹਿੰਦੇ ਸਨ।

(੩) ਤਾਰਾ ਦਰਿਆ ਦੇ ਸਾਕੇ, ਜਾਂ ਸਮੁੰਦਰ ਦੇ ਰਹਿਣ ਵਾਲੇ ਸਾਕੇ (ਜਿਹੜੇ ਰੂਸ ਦੇ ਮੈਦਾਨਾਂ ਵਿਚ ਕਾਲੇ ਸਮੁੰਦਰ ਦੇ ਕਿਨਾਰੇ ਤੇ ਵਸਦੇ ਸਨ)।

ਇਸਤੋਂ ਪਤਾ ਲਗਦਾ ਹੈ ਕਿ ਸਾਕੇ ਪਹਿਲੇ ਪਹਿਲ ਪੱਛਮੀ ਤੁਰਕਿਸਤਾਨ, ਕੈਸਪੀਅਨ ਸਮੁੰਦਰ ਤੇ ਅਰਲ ਝੀਲ ਦੇ ਕੰਢਿਆਂ ਉਪਰ ਵਸਦੇ ਸਨ, ਉਥੋਂ ਕੁਝ ਦਖਣ

---

ਖ਼ਿਆਲ ਹੈ ਕਿ ਸਾਕਾ-ਪਾਰਥੀਅਨ ਲੋਕਾਂ ਨੇ ਕਾਬਲ ਤੇ ਪੱਛਮੀ ਪੰਜਾਬ ਉਤੇ ਸਭ ਤੋਂ ਪਹਿਲਾਂ ਰਾਜ ਜਮਾਇਆ ਸੀ। ਪਰ ਮਦਰਾ ਦੇਸ ਜਾਂ ਜੇਹਲਮ ਤੇ ਰਾਵੀ ਦਾ ਵਿਚਕਾਰਲਾ ਇਲਾਕਾ ਨਾਗਿਆਂ ਜਾਂ ਪੁਰਾਤਨ ਲੋਕਾਂ ਦੇ ਪਾਸ ਈ ਸੀ।

ਓਧਰੋਂ ਸਿੰਧ ਵਲੋਂ ਵੀ ਸਾਕਿਆਂ ਨੇ ਚੜ੍ਹਾਈ ਕੀਤੀ, ਅਤੇ ਉਨ੍ਹਾਂ ਦਾ ਟਾਕਰਾ ਕਰੋਰ ਨਗਰ ਕੋਲ (ਮੁਲਤਾਨ ਪਾਸ) ਨਾਗਾ ਕੌਮ ਨਾਲ ਹੋਇਆ। ਨਾਗਿਆਂ ਨੇ ਪਹਿਲੋਂ ਤਾਂ ਸਾਕਿਆਂ ਨੂੰ ਭਾਂਜ ਦੇ ਕੇ ਰੋਕ ਦਿੱਤਾ, ਪਰ ਅੰਤ ਨੂੰ ਦੱਖਣ ਤੇ ਪੱਛਮ ਵਲੋਂ ਹੜ੍ਹ ਵਾਂਙੂ ਆਏ ਸਾਕਿਆਂ ਨੂੰ ਰੋਕ ਨ ਸਕੇ ਤੇ ਨਾਗ ਅੰਤ ਨੂੰ ਪੰਜਾਬੋਂ ਨੱਠ ਗਏ, ਜਾਂ ਸਾਕਿਆਂ ਦੇ ਮਤਹਿਤ ਹੋ ਗਏ, ਤੇ ਮਹਾ-ਰਾਜਾ ਕਨਿਸ਼ਕ ਦਾ ਰਾਜ ਮਥਰਾ ਤੱਕ ਜਾ ਪੁੱਜਾ।

ਨੋਟ—ਕਈ ਇਤਿਹਾਸਕਾਰਾਂ ਨੇ ਜੀਕਣ ਕਰਨਲ ਟਾਡ (Col. Todd) ਨੇ ਤੱਛਕ (ਨਾਗਾ) ਕੌਮ ਨੂੰ ਸਾਕਾ ਕੌਮ ਦੀ ਸ਼ਾਖ਼ ਈ ਦਸਿਆ ਹੈ।

Sri Satguru Jagjit Singh Ji Elibrary NamdhariElibrary@gmail.com

ਵਲ ਈਰਾਨ ਤੇ ਕੁਝ ਰੂਸ ਵਲ ਜਾ ਵੜੇ। ਯਵਨਾਂ ਤੋਂ ਪਿਛੋਂ *ਪਾਰਥੀਅਨ ਕੌਮ ਈਰਾਨ ਕੰਧਾਰ ਤੇ ਪੱਛਮੀ ਪੰਜਾਬ ਵਿਚ ਰਾਜ ਕਰਦੀ ਸੀ। ਪਰ ਇਸ ਰਾਜ ਦਾ ਜ਼ੋਰ ਕੁਝ ਚਿਰ ਪਿਛੋਂ ਘੱਟ ਗਿਆ। ਦੇਸ ਵਿਚ ਖੁਦ-ਸਰੀ ਢੇਰ ਸੀ, ਅਜਿਹੇ ਸਮੇਂ ਵਿਚ ਸਾਕੇ ਤੇ ਪਾਰਥੀਅਨ ਵੀ ਆਪਸ ਵਿਚ ਬੜੇ ਰਲ-ਮਿਲ ਗਏ ਸਨ, ਤੇ ਕਈ ਛੋਟੀਆਂ ਛੋਟੀਆਂ ਰਿਆਸਤਾਂ ਯਵਨਾਂ ਤੋਂ ਪਿਛੋਂ ਬਣ ਗਈਆਂ ਸਨ। ਇਹ ਪਤਾ ਲਗਦਾ ਹੈ ਕਿ ਸਾਕਿਆਂ ਵਿਚੋਂ ਰਾਜਾ ਮੁਆਇਸ (Maues) ਦੇ ਟੱਬਰ ਨੇ ਸਿੰਧ ਵਿਚ ਰਾਜ ਜਮਾਇਆ, ਤੇ ਯੋਨਿਸ (Vonones) ਦੇ ਟੱਬਰ ਦਾ ਰਾਜ ਸੀਸਤਾਨ ਅਤੇ ਕੰਧਾਰ ਤੇ ਸੀ, ਅਤੇ ਇਹ ਟੱਬਰ ਪਹਿਲਵੀ ਵੀ ਅਖਵਾਉਂਦਾ ਸੀ, ਪਿਛੋਂ ਦੋਵੇਂ ਟੱਬਰ ਮਿਲ ਗਏ ਤੇ ਪੰਜਾਬ ਵਲ ਵਧੇ।

ਸ਼ਹਿਨਸ਼ਾਹ ਦਾ ਲਕਬ ਹਿੰਦ ਵਿਚ ਇਨ੍ਹਾਂ ਪਾਰਥੀ ਜਾਂ ਪਹਿਲਵੀ ਰਾਜਿਆਂ ਨਾਲ ਹੀ ਆਇਆ। ਪੰਜਾਬ ਵਿਚ ਪੁਰਾਣੇ ਸਾਕਾ ਰਾਜੇ ਮੁਆਇਸ (Maues) ਆਯਾਸ ਪਹਿਲਾ (Azes. 1) ਤੇ ਅਜ਼ਿਲੀਸ (Azilises) ਸਨ। ਇਨ੍ਹਾਂ ਵਿਚੋਂ ਅਯਾਸ ਪਹਿਲੇ ਨੇ ਸ਼ਹਿਨਸ਼ਾਹ ਦਾ ਲਕਬ ਆਪਣੇ ਨਾਂ ਨਾਲ ਲਾ ਕੇ ਕਾਬਲ ਅਤੇ ਪੱਛਮੀ ਪੰਜਾਬ ਤੇ ਰਾਜ ਕਾਇਮ ਕੀਤਾ। ਅਤੇ ਇਸਦੀ ਰਾਜਧਾਨੀ ਸੌ ਵਿਸਵਾ ਟੈਕ-ਸਲਾ ਈ ਸੀ, ਅਤੇ ਸਾਕਿਆਂ ਦੇ ਰਾਜ ਦੀ ਪੱਕੀ ਨੀਂਹ ਇਸੇ ਨੇ ਰੱਖੀ। ਤੇ ਇਹ ਵੀ ਆਖਦੇ ਨੇਂ ਕਿ ਇਸਨੇ ਇਕ ਸੰਮਤ ਜਾਰੀ ਕੀਤਾ ਜਿਸਦਾ ਆਰੰਭ 58-57 B.C. ਤੋਂ ਹੁੰਦਾ ਹੈ, ਅਤੇ ਏਹੀ ਸੰਮਤ ਹੈ ਜਿਸਨੂੰ ਪਿਛੋਂ ਬ੍ਰਾਹਮਣਾਂ ਨੇ ਬਿਕ੍ਰਮੀ ਸੰਮਤ ਆਖਿਆ। ਇਸਦਾ ਸਬੂਤ ਇਕ ਪੁਰਾਣੇ ਉਖਣ-ਲੇਖ (Inscription) ਤੋਂ ਮਿਲਦਾ ਹੈ, ਜਿਹੜਾ ਟੈਕਸਲਾ ਦੇ ਖੋਲਿਆਂ ਵਿੱਚੋਂ ਮਿਲਿਆ, ਜਿਸ ਤੇ ਸੰਮਤ ੧੩੬ ਆਯਾਸ; (136.Azes) ਦਿੱਤਾ ਹੈ। ਸਰ ਜਾਨ ਮਾਰਸ਼ਲ ਸਾਹਿਬ (Sir John Marshal) ਇਸੇ ਨੂੰ ਬਿਕ੍ਰਮੀ ਸੰਮਤ ਗਿਣਦੇ ਨੇ। ਇਨ੍ਹਾਂ ਤਿੰਨਾਂ ਬਾਦਸ਼ਾਹਵਾਂ ਦੇ ਸਿੱਕੇ ਵੀ ਮਿਲਦੇ ਨੇ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਆਯਾਸ ਪਹਿਲੇ ਦਾ ਰਾਜ ੫੮-੫੭ B.C. ਤੋਂ ਸ਼ੁਰੂ ਹੋਇਆ (ਵੇਖੋ ਸਫ਼ੇ ੫੭੧-੫੭੨ ਤੇ ੫੮੧ ਕੈਮਬ੍ਰਿਜ ਹਿਸਟ੍ਰੀ, ਪਹਿਲਾ ਹਿੱਸਾ)।

ਇਹ ਉਖਣ-ਲੇਖ ਚੀਰ ਟੋਪ ਵਿਚੋਂ ਮਿਲਿਆ ਸੀ, ਅਰ ਇਸ ਤੇ ਖਰੋਸ਼ਟੀ ਲਿਪੀ ਵਿਚ ਲਿਖਿਆ ਹੈ; ਅਸਾੜ੍ਹਾ ਸੰਮਤ ੧੩੬ ਆਯਾਸ (Ayasa) ਜਿਹੜਾ ਪਦ ਯੂਨਾਨੀ (Azoy) ਦਾ ਉਲਥਾ ਹੈ, ਇਸ ਕਰ ਕੇ ਸੰਮਤ ੧੩੮ ਆਯਾਸ ਦਾ ਹੈ। ਇਹ ਲੇਖ ਵੀਮਾਕਦਫੀਸਸਿ (Vima Kadphisis) ਦੇ ਸਮੇਂ ਦਾ ਹੈ। ਹੁਣ ਕਦਫੀਸਸਿ ਦਾ ਰਾਜ ਸੰਨ ੭੭-੭੮ ਈ: ਵਿਚ ਮੁੱਕਾ, ਤੇ ਫੇਰ ਕਨਿਸ਼ਕ ਦਾ ਰਾਜ ਸੰਨ ੭੮ ਵਿਚ ਸ਼ੁਰੂ ਹੋਇਆ। ਇਸ ਕਰ ਕੇ ਇਹ ਲੇਖ ਕਦਫੀਸਸਿ ਦੇ ਰਾਜ ਦੇ ਆਖ਼ੀਰ ਵਰੇ ਦਾ

*ਪਾਰਥੀਅਨ ਵੀ ਓਸੇ ਇਲਾਕੇ ਦੇ ਵਸਨੀਕ ਸਨ, ਜਿਥੋਂ ਦੇ ਸਾਕੇ, ਪਰ ਜੱਥਾ ਵੱਖਰਾ ਸੀ। ਜੀਕਣ ਸਿੱਖਾਂ ਦੇ ਵੇਲੇ ਕੋਈ ਮਝੈਲ ਤੇ ਕੋਈ ਮਲਵੱਈ ਸਨ।

Sri Satguru Jagjit Singh Ji Elibrary NamdhariElibrary@gmail.com

**ਹੈ। ਪਰ ਇਹ ਆਖ਼ਰ ਕੁਝ ਖੋਜੀਆਂ ਦਾ ਖ਼ਿਆਲ ਈ ਹੈ, ਕੋਈ ਸਿੱਧੀ ਗਵਾਹੀ ਨਹੀਂ ਮਿਲਦੀ।**

**ਬਿਕ੍ਰਮੀ ਸੰਮਤ ਨੂੰ ਆਯਾਸ ਦਾ ਜਾਰੀ ਕੀਤਾ ਮੰਨਣ ਦਾ ਨਿਰਭਰ ਹੈ ਇਸ ਗਲ ਤੇ, ਕਿ ਕਨਿਸ਼ਕ ਸੰਨ ੭੮ ਈ: ਵਿਚ ਤਖ਼ਤ ਤੇ ਬੈਠਾ, ਅਤੇ ਵੀਮਾ ਉਸ ਤੋਂ ਪਹਿਲਾ ਰਾਜਾ ਸੀ। ਦੋਵੇਂ ਗੱਲਾਂ ਅਜੇ ਪੂਰੀ ਪਕਿਆਈ ਨਾਲ ਸਿੱਧ ਨਹੀਂ ਹੋਈਆਂ।**

---

ਨੋਟ—ਸਲਵਾਹਨ ਤੇ ਸੰਸਕ੍ਰਿਤ ਨਾਂ ਜਾਪਦਾ ਹੈ; ਜੀਕਣ ਬਬਰਬਾਹਨ। ਪਦਮ ਚੰਦ੍ਰ ਕੋਸ਼ ਦਾ ਸੰਕਲਤ ਕਰਨ ਵਾਲਾ ਲਿਖਦਾ ਹੈ :—ਸ਼ਾਲਿਵਾਹਨ ਬਿਕ੍ਰਮਾਜੀਤ ਕੋ ਮਾਰ ਕਰ ਸ਼ਕਕਾ ਵਰਸ਼ ਚਲਾਨੇ ਵਾਲਾ ਏਕ ਰਾਜਾ। ਵਾਹਨ=ਸਵਾਰੀ ਜਾਂ ਇਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਣ ਦਾ ਜੰਤ੍ਰ। ਪੱਥਰ ਵਗਾਨ ਵਾਲਾ ਜਾਂ ਪੱਥਰ ਦੇ ਗੋਲੇ ਮਾਰਨ ਵਾਲਾ। ਵਾਹਨ, ਵਗਾਕੇ ਸਟਣ ਨੂੰ ਵੀ ਆਖਦੇ ਨੇ। ਹੁਣ ਸ਼ਾਲੀ ਤੇ ਆਖਦੇ ਨੇ ਧਾਈਂ ਨੂੰ। ਸ਼ਿਲਾ=ਪੱਥਰ, ਪਹਾੜ।

ਰਸਾਲੂ=ਰਸ ਵਾਲਾ, ਰਸੀਆ। ਰਿਸਾਲ, ਸੰਸਕ੍ਰਿਤ ਵਿਚ ਅੰਬ ਦੇ ਦਰਖ਼ਤ ਨੂੰ ਆਖਦੇ ਹੈਨ।

Sri Satguru Jagjit Singh Ji Elibrary NamdhariElibrary@gmail.com

# ਰਾਜਾ ਸਲਵਾਹਨ

ਰਾਜਾ ਸਲਵਾਹਨ ਦਾ ਨਾਂ ਅਸਲੀ ਇਤਿਹਾਸ ਵਿਚ, ਜੀਕਣ ਸਮਿਥ ਦਾ ਹਿੰਦ ਦਾ ਪੁਰਾਣਾ ਇਤਿਹਾਸ (V. A. Smith's Early History of India) ਜਾਂ ਕੈਮਬ੍ਰਿਜ ਦਾ ਹਿੰਦ ਦਾ ਇਤਿਹਾਸ ਭਾਗ ੧ (Cambridge History of India Vol. I) ਵਿਚ ਕਿਸੇ ਰਾਜ ਦੇ ਸਬੰਧ ਵਿਚ ਨਹੀਂ ਆਉਂਦਾ। ਹਾਂ ਪਰ ਕਨਿੰਘਮ ਸਾਹਿਬ ਦੀਆਂ ਖੋਲੇਪੁਟ ਰੀਪੋਰਟਾਂ (Archaeological Reports) ਵਿਚ, ਤੇ ਟਾਡ ਦੇ ਰਾਜਸਥਾਨ ਵਿਚ, ਤੇ ਪੰਜਾਬ, ਪੱਛਮੀ ਹਿੰਦ ਤੇ ਯੂ. ਪੀ. (U. P.) ਦੇ ਕਿੱਸੇ ਕਹਾਣੀਆਂ ਵਿਚ ਮਸ਼ਹੂਰ ਹੈ। ਪਰ ਪੰਜਾਬ ਵਿਚ ਤੇ ਰਾਜਾ ਸਲਵਾਹਨ ਢੇਰ ਈ ਮਸ਼ਹੂਰ ਹੈ। ਸਿਆਲਕੋਟ ਇਸ ਨੇ ਵਸਾਇਆ। ਪੂਰਨ ਤੇ ਰਸਾਲੂ ਦਾ ਪਿਉ ਸੀ। ਬਾਜੇ ਆਖਦੇ ਨੇ ਕਿ ਮਸੀਹ ਤੋਂ ੬੦੦ ਵਰ੍ਹੇ ਪਹਿਲੇ ਰਾਜਾ ਗਜ ਨੇ ਗ਼ਜ਼ਨੀ ਦੀ ਨੀਂਹ ਰਖੀ। ਤੇ ਫੇਰ ਇਸ ਨੂੰ ਜਾਂ ਇਸ ਦੀ ਔਲਾਦ ਨੂੰ ਪਛਮੀ ਕੌਮਾਂ, ਸਾਕੇ ਤੇ ਪਾਰਥੀਅਨਾਂ ਨੇ ਕਾਬਲੋਂ ਕੱਢ ਦਿਤਾ। ਗਜ ਤੇ ਮਾਰਿਆ ਗਿਆ ਤੇ ਸਲਵਾਹਨ ਨੇ ਆਪਣੀ ਰਾਜਧਾਨੀ, ਸਿਆਲਕੋਟ ਵਾਲੀ ਥਾਂ ਆ ਬਣਾਈ। ਫੇਰ ਸਲਵਾਹਨ ਨੇ ਸਾਕਿਆਂ ਨੂੰ ਮੁਲਤਾਨ ਦੇ ਕੋਲ ਭਾਂਜ ਦਿਤੀ, ਤੇ ਸਾਕਾ ਸੰਮਤ ਚਲਾਇਆ ਤੇ ਆਪਣੇ ਨਾਂ ਨਾਲ ਸਾਖਾਰੀ (ਸਾਕਾ ਹਰੀ) ਦਾ ਲਕਬ ਲਾਇਆ। ਸਲਵਾਹਨ ਨੂੰ ਜੈਸਲਮੇਰ ਦੇ ਭੱਟੀ ਆਪਣਾ ਵੱਡਾ ਆਖਦੇ ਨੇ, ਤੇ ਗਜ ਦੀ ਲੜਾਈ ਮੁਸਲਮਾਨਾਂ ਨਾਲ ਕਰਾਂਦੇ ਨੇ! ਸਲਵਾਹਨ ਦਾ ਇਕ ਪੁੱਤਰ ਪੂਰਨ ਜੋਗੀ ਹੋ ਗਿਆ ਸੀ ਤੇ ਦੂਜਾ ਰਸਾਲੂ ਤਖ਼ਤ ਤੇ ਬੈਠਾ। ਪਰ ਸਲਵਾਹਨ ਸਾਕਿਆਂ ਨੂੰ ਕੁਝ ਚਿਰ ਲਈ ਈ ਰੋਕ ਸਕਿਆ। ਅੰਤ ਲੜਦਾ ਮਾਰਿਆ ਗਿਆ। ਰਸਾਲੂ ਵੀ ਲੜਦਾ ਰਿਹਾ। ਅੰਤ ਹੋਡੀ ਨੇ ਭਾਂਜ ਦੇ ਕੇ ਫ਼ਤਹਿ ਕੀਤਾ ਤੇ ਹੋਡੀ ਨੂੰ ਰਸਾਲੂ ਨੇ ਧੀ ਦਾ ਡੋਲਾ ਦੇ ਕੇ ਸੁਲ੍ਹਾ ਕੀਤੀ। ਰਸਾਲੂ ਦੇ ਪਿਛੋਂ ਸਿਆਲਕੋਟ ਦਾ ਰਾਜ ਸਾਕਿਆਂ ਦੇ ਨਾਲ ਮਿਲ ਗਿਆ, ਤੇ ਸਲਵਾਹਨ ਦੀ ਔਲਾਦ ਪੂਰਬ ਵਲ ਟੁਰ ਗਈ ਤੇ ਜਾ ਕੇ ਨਵੇਂ ਇਲਾਕੇ ਆਬਾਦ ਕੀਤੇ, ਜੀਕਣ ਬਿਜਨੋਟ, ਕਲਰ ਕੋਟ ਤੇ ਸਰਸਾ ਅਤੇ ਜੈਸਲਮੇਰ ਵਸਾਇਆ। (ਵੇਖੋ–Cunningham's



Sri Satguru Jagjit Singh Ji Elibrary NamdhariElibrary@gmail.com

Archaeological survey of India vol. II. Repcrts for years 1892-95.)

ਰਾਜਾ ਸਲਵਾਹਨ ਬਾਬਤ ਕਰਨੈਲ ਟਾਡ ਸਾਹਿਬ ਨੇ ਵੀ ਆਪਣੀ ਮਸ਼ਹੂਰ ਕਿਤਾਬ ਰਾਜਿਸਥਾਨ ਵਿਚ (ਜਿਹੜਾ ਰਾਜਪੂਤਾਂ ਦਾ ਮਸ਼ਹੂਰ ਇਤਿਹਾਸ ਗਿਣਿਆ ਜਾਂਦਾ ਹੈ) ਲਿਖਿਆ ਹੈ, ਕਿਉਂਕਿ ਜੈਸਲਮੇਰ ਦੇ ਭਟੀ ਰਾਜਪੂਤ ਆਪਣੇ ਆਪ ਨੂੰ ਰਾਜਾ ਰਸਾਲੂ ਤੇ ਸਲਵਾਹਨ ਦੀ ਔਲਾਦ ਦਸਦੇ ਨੇ, ਰਾਜਪੂਤ ਰਵੈਤਾਂ ਦੇ ਅਨੁਸਾਰ ਰਾਜਾ ਸਲਵਾਹਨ ਤਛਕ ਜਾਂ ਨਾਗ ਕੌਮ ਦਾ ਰਾਜਾ ਸੀ, ਅਤੇ ਭੱਟੀ ਕੌਮ ਨੇ ਜਿਸ ਨੂੰ ਜਾਦਵ-ਵੰਸੀ ਆਖਦੇ ਨੇ, ਤਛਕਾਂ ਨੂੰ ਸੰਮਤ ਯੁਧਿਸ਼ਟਰੀ ੩੦੦੮ ਵਿਚ ਪੰਜਾਬੋਂ ਕੱਢ ਦਿਤਾ ਤੇ ਸਲਵਾਹਨ ਪੁਰ ਤੇ ਕਬਜ਼ਾ ਕਰ ਲਿਆ ਸੀ। ਤਛਕਾਂ ਦਾ ਰਾਜਾ ਜਿਸ ਨੂੰ ਭਟੀਆਂ ਨੇ ਪੰਜਾਬੋਂ ਕਢਿਆ, ਸੋ ਵਿਸਵਾ ਸਲਵਾਹਨ ਈ ਸੀ। ਇਸ ਤਛਕ ਸਲਵਾਹਨ ਨੇ ਤੁਆਰ ਖ਼ਾਨਦਾਨ ਦੇ ਬਿਕ੍ਰਮਾਜੀਤ ਨੂੰ ਭਾਂਜ ਵੀ ਦੇ ਦਿੱਤੀ।

ਤਛਕ ਜਾਂ ਨਾਗ ਕੌਮ ਵੀ ਸਾਕਿਆਂ ਵਾਂਙੂ ਮਧ ਏਸ਼ੀਆ ਵਲੋਂ ਈ ਆਈ ਦਸੀ ਦੀ ਹੈ। ਇਹ ਆਰੀਆਂ ਦੇ ਸਮੇਂ ਵੀ ਪੰਜਾਬ ਵਿਚ ਸੀ ਅਰ ਪਾਂਡੂਆਂ ਦੀਆਂ ਇਸ ਕੌਮ ਨਾਲ ਲੜਾਈਆਂ ਵੀ ਹੋਈਆਂ। ਜੀਕਣ; ਰਾਜਾ ਜਨਮੇਜਾ ਨੇ ਸਾਰੇ ਨਾਗਾਂ ਦਾ ਨਾਸ ਕਰਕੇ ਆਪਣੇ ਪਿਉ ਰਾਜਾ ਪ੍ਰੀਛਤ ਦਾ ਬਦਲਾ ਲਿਆ ਸੀ; ਜਿਸ ਨੂੰ ਬਾਸ਼ਕ ਨਾਗ ਨੇ ਮਾਰਿਆ ਸੀ, ਜਿਸਦੀ ਕਥਾ ਭਾਗਵਤ ਪੁਰਾਣ ਵਿਚ ਵੀ ਹੈ। ਰਾਜਾ ਪ੍ਰੀਛਤ ਨੇ ਬਾਸ਼ਕ ਨਾਗ ਦੀ ਕੁਮਾਰੀ ਨਵਲਦਈ ਨੂੰ ਜ਼ਬਰਦਸਤੀ ਫੜਕੇ ਮਹਿਲੀਂ ਪਾ ਲਿਆ ਸੀ, ਉਸਦਾ ਬਦਲਾ ਨਾਗਾਂ ਨੇ ਲਿਆ ਸੀ। ਫੇਰ ਇਤਿਹਾਸਕ ਖੋਜ ਦਸਦੀ ਹੈ ਕਿ ਤਛਕ ਜਾਂ ਟਕਾ ਕੌਮ ਨੇ ਸਿੰਧਸਾਗਰ ਦੁਆਬ ਵਿਚ ਛੇਵੀਂ ਸਦੀ B.C. ਵਿਚ ਪੈਰ ਜਮਾਏ ਸਨ। ਤੇ ਇਹ ਵੀ ਆਖਦੇ ਨੇ ਕਿ ਪੋਰੂ ਰਾਜਾ ਜਿਹੜਾ ਸਕੰਦਰ ਨਾਲ ਲੜਿਆ ਸੀ ਓਹ ਵੀ ਇਸੇ ਕੌਮ ਦਾ ਸੀ। ਇਹ ਵੀ ਸਿਧ ਹੈ ਕਿ ਮੌਰੀਆ ਤੇ ਗੁਪਤਾ ਖ਼ਾਨਦਾਨਾਂ ਦੇ ਵੇਲੇ ਰਾਵੀ ਤੇ ਜਿਹਲਮ ਦੇ ਇਲਾਕੇ ਦੀ ਕੌਮ ਜਿਸ ਨੂੰ ਕੋਈ ਮਧਰਾ ਲਿਖਦੇ ਨੇ, ਇਕ ਖ਼ੁਦ-ਮੁਖ਼ਤਿਆਰ ਜਿਹੀ ਕੌਮ ਈ ਸੀ, ਇਰਦ ਗਿਰਦ ਰਾਜ ਬੇਸ਼ਕ ਚਾਹੇ ਪਾਰਥਿਆਂ ਦਾ, ਪਰ ਇਹ ਇਲਾਕਾ ਖ਼ੁਦ-ਸਰ ਈ ਸੀ। ਕਿਉਂਕਿ ਭਾਰਤਵਰਸ਼ ਤੇ ਪਛਮੀ ਰਾਜ ਦੀਆਂ ਹੱਦਾਂ ਦੇ ਵਿਚਕਾਰ ਦਾ ਇਲਾਕਾ ਸੀ। ਜੀਕਣ; ਅਜ ਕਲ ਫ਼ਰੰਟੀਅਰ ਦਾ ਖ਼ੁਦਮੁਖ਼ਤਿਆਰ ਇਲਾਕਾ ਹੈ, ਜੋ ਨਾ ਤੇ ਅੰਗਰੇਜ਼ੀ ਰਾਜ ਵਿਚ ਤੇ ਨਾ ਪਠਾਣੀ ਰਾਜ ਵਿਚ ਹੈ। ਗੰਧਾਰਾ ਦੇਸ ਦਾ ਰਾਜ ਜਿਹਲਮ ਤੇ ਮੁਕਦਾ ਸੀ, ਤੇ ਉਧਰੋਂ ਰਾਵੀ ਤੇ ਹੋਰ ਹਿੰਦੂ ਰਿਆਸਤਾਂ ਦੀ ਹੱਦ ਸੀ। ਪਰ ਫੇਰ ਟਾਡ ਸਾਹਿਬ ਭੱਟੀਆਂ ਦੀ ਰਵੈਤ ਮੂਜਬ ਸਲਵਾਹਨ ਨੂੰ ਸਤਵੀਂ ਸੱਦੀ ਵਿਚ ਦਸਦੇ ਹੈਨ, ਤੇ ਆਖਦੇ ਨੇ ਕਿ ਰਾਜਾ ਗਜ ਦੀ ਲੜਾਈ ਖ਼ੁਰਾਸਾਨ ਦੇ ਸ਼ਾਹ ਨਾਲ ਹੋਈ, ਜਿਸ ਨੂੰ ਸਰ ਰਿਚਰਡ ਟੈਂਮਪਲ ਨੇ ਮੰਨ ਲਿਆ ਹੈ। ਪਰ ਇਹ ਠੀਕ ਨਹੀਂ, ਕਿਉਂਕਿ ਨਾਗਾਂ ਦਾ ਰਾਜ ਤੇ ਸਾਕਿਆਂ ਤੋਂ ਪਹਿਲੇ ਹੀ ਪੰਜਾਬ ਵਿਚ ਖ਼ਤਮ

Sri Satguru Jagjit Singh Ji Elibrary NamdhariElibrary@gmail.com

ਹੋ ਚੁਕਾ ਸੀ। ਸਾਕਿਆਂ ਦੇ ਪਿਛੋਂ ਹਣਾਂ ਨੇ (ਜਿਨ੍ਹਾਂ ਨੂੰ ਹੂਨ ਵੀ ਆਖਦੇ ਨੇ) ਦੇਸ ਫ਼ਤਹਿ ਕੀਤਾ ਸੀ, ਤੇ ਫੇਰ ਪਿਛੋਂ ਮੁੜ ਬ੍ਰਾਹਮਣੀ ਰਾਜ ਹੋ ਗਿਆ ਸੀ। ਫੇਰ ਜੇ ਸਲਵਾਹਨ ਸਤਵੀਂ ਸੱਦੀ ਵਿਚ ਸੀ, ਤਾਂ ਇਸਨੇ ਬਿਕ੍ਰਮਾਜੀਤ ਕਿਥੋਂ ਫ਼ਤਹਿ ਕਰਨਾ ਸੀ। ਬਿਕ੍ਰਮੀ ਸੰਮਤ ਤਾਂ ਟਾਡ ਸਾਹਿਬ ਦੇ ਆਪਣੇ ਕਥਨਾਨੁਸਾਰ ੫੭ ਵਰ੍ਹੇ ਮਸੀਹ ਤੋਂ ਪਹਿਲੇ ਸੀ।

ਇਸਤਰ੍ਹਾਂ ਲਿਖਕੇ ਕਰਨਲ ਟਾਡ ਸਾਹਿਬ ਨੇ ਬੜਾ ਝਮੇਲਾ ਪਾਇਆ ਹੈ। ਉਨ੍ਹਾਂ ਨੂੰ ਆਪਣੀ ਜ਼ਮੀਨ ਦਾ ਆਪ ਪਤਾ ਨਹੀਂ ਸੀ। ਜਿਥੇ ਰਾਜਾ ਗਜ ਨੂੰ ਗਜ਼ਨੀ ਤੋਂ ਸ਼ਾਹ ਖੁਰਾਸਾਨ (ਮੁਸਲਮਾਨ ਬਾਦਸ਼ਾਹ) ਨਾਲ ਲੜਾਕੇ ਭਾਂਜ ਦੁਵਾਂਦੇ ਨੇ ਤੇ ਸਲਵਾਹਨ ਤੋਂ ਉਥੋਂ ਨਠ ਕੇ ਝਨਾਉਂ ਪਾਰ ਸਲਵਾਹਨ ਪੁਰਾ ਵਸਵਾਂਦੇ ਨੇ, ਓਥੇ ਈ ਲਿਖਦੇ ਨੇ ਕਿ "ਇਰਦ ਗਿਰਦ ਦੇ ਇਲਾਕਿਆਂ ਦੇ ਭੂਮੀਆਂ (ਰਾਜਿਆਂ) ਨੇ ਸਲਵਾਹਨ ਨੂੰ ਆਪਣਾ ਪਤੀ ਮੰਨ ਲਿਆ। ਬਿਕ੍ਰਮੀ ਸੰਮਤ ਦੇ ੭੨ ਵਰੇ ਬੀਤੇ ਸਨ, ਜਦ ਸਲਵਾਹਨ ਪੁਰ ਦੀ ਨੀਂਹ ਐਤਵਾਰ ਦੇ ਦਿਨ ਭਾਦਰੋਂ ਦੀ ਅਠਵੀਂ ਤਾਰੀਖ਼ ਨੂੰ ਰਖੀ ਸੀ।" ਫੇਰ ਸਲਵਾਹਨ ਨੇ ਸਾਰਾ ਪੰਜਾਬ ਫ਼ਤਹਿ ਕਰ ਲਿਆ। ਉਸ ਦੇ ੧੫ ਪੁੱਤਰ ਸਨ, ਜਿਹੜੇ ਸਾਰੇ ਈ ਥਾਂ ਥਾਂ ਰਾਜ ਬਣੇ। ਪੁੱਤਰਾਂ ਦੇ ਨਾਂ :—

ਬਲੰਦ, ਰਸਾਲੂ, ਧਰਮ ਅੰਗਦ, ਵਾਚਾ, ਰੂਪਾ, ਸੁੰਦਰ, ਲੇਖ, ਜਸਕਰਨ, ਨੇਮਾ, ਮਾਉਤ, ਨੀਪਕ, ਗੰਗਿਉ, ਜੁਗਿਉ ॥ ਇਹ ਕੁਲ ੧੩ ਬਣਦੇ ਨੇ। ਤੇ ਪੂਰਨ ਦਾ ਨਾਂ ਈ ਨਹੀਂ, ਫੇਰ ਰਾਜਾ ਜੈਪਾਲ ਤੁਆਰ ਨੇ ਆਪਣੀ ਧੀ ਦਾ ਸ਼ਗਨ ਘਲਿਆ ਤੇ ਬਲੰਦ ਦਿੱਲੀ ਚਲਿਆ ਗਿਆ। ਹੁਣ ਰਾਜਾ ਜੈਪਾਲ ਸੰਨ ੯੭੭ A.D. ਵਿਚ ਲਾਹੌਰ ਤੇ ਰਾਜ ਕਰਦਾ ਸੀ, ਜਿਸਦੀ ਲੜਾਈ ਸੁਬਕਤਗੀਨ ਨਾਲ ਹੋਈ। ਹੁਣ ਅਸੀਂ ਟਾਡ ਸਾਹਿਬ ਦੇ ਕਿਸ ਕਥਨ ਨੂੰ ਸਚ ਮੰਨੀਏ ? ਸਾਡੇ ਖਿਆਲ ਵਿਚ ਦੋ ਸਲਵਾਹਨ ਸਨ:— ਇਕ ਜਿਹੜਾ ਸਾਕਿਆਂ ਨਾਲ ਲੜਿਆ ਤੇ ਦੂਜਾ ਜੈਸਲਮੇਰੀਆਂ ਦਾ ਵੱਡਾ। ਮੁਸਲਮਾਨਾਂ ਨਾਲ ਕੋਈ ਸਲਵਾਹਨ ਨਹੀਂ ਲੜਿਆ।

ਫੇਰ ਟਾਡ ਸਾਹਿਬ ਤਛਕ ਕੌਮ ਦਾ ਮੁਸਲਮਾਨ ਹੋਕੇ ਗੁਜਰਾਤ ਵਿਚ ਰਾਜ ਕਰਨਾ ਵੀ ਲਿਖਦਾ ਹੈ, ਏਸੇ ਖ਼ਾਨਦਾਨ ਦੇ ਰਾਜਿਆਂ ਨੇ ਆਪਣੇ ਨਾਂ ਨਾਲ ਮੁਜ਼ਫ਼ਰ ਦਾ ਲਕਬ ਲਾਕੇ ਸਦੀਆਂ ਗੁਜਰਾਤ ਵਿਚ ਰਾਜ ਕੀਤਾ, ੧੩੨੫ ਤੋਂ ੧੫੭੨ ਈ: ਤਕ।

ਪਰ ਜੇ ਸਲਵਾਹਨ ਪੁਰੇ ਦਾ ਵਸਾਉਣ ਦਾ ਸੰਮਤ ੩੦੦੮ ਠੀਕ ਹੈ ਤਾਂ ਯੁਧਿਸ਼ਟਰ ਦਾ ਸੰ: ਮਸੀਹ ਤੋਂ ੩੧੦੨ ਵਰ੍ਹੇ ਪਹਿਲੇ ਸ਼ੁਰੂ ਹੋਇਆ ਸੀ। ਵੇਖੋ ਸਮਿਥ ਸਾਹਿਬ ਦੀ ਤਵਾਰੀਖ਼ (Smith's History of Early India), ਜਿਸ ਤੋਂ (੩੧੦੨—੩੦੦੮) ਸੰਨ ੯੪ B.C. ਨਿਕਲਦਾ ਹੈ। ਇਕ ਹੋਰ ਥਾਂ ਲਿਖਿਆ ਹੈ ਕਿ ਯੁਧਿਸ਼ਟਰ ਤੇ ਬਿਕ੍ਰਮਾਜੀਤ ਵਿਚ ੨੯੧੫ ਵਰ੍ਹਿਆਂ ਦੀ ਵਿਥ ਹੈ। ਇਸ ਗਿਣਤੀ ਨਾਲ ਸਲਵਾਹਨ ਪੁਰੇ ਦੀ ਨੀਂਹ (੩੦੦੮–੨੯੧੫) ੯੩ ਵਰ੍ਹੇ ਬਿਕ੍ਰਮੀ ਵਿਚ ਰੱਖੀ। ਮੁਕਦੀ ਗਲ ਇਹ ਕਿ ਸਲਵਾਹਨ ਪੁਰੇ ਦੀ ਨੀਂਹ ਸੰਨ ੯੪ B.C. ਤੇ ੯੩ A.D. ਦੇ ਵਿਚ-

ਕਾਰ ਰਖੀ ਗਈ।

## ਰਾਜਾ ਸਲਵਾਹਨ ਦੱਖਣ ਵਿਚ

ਹੁਣ ਦੱਖਣ ਦੇ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਅੰਧਰਾ ਖ਼ਾਨਦਾਨ ਦਾ ਇਕ ਮਸ਼ਹੂਰ ਰਾਜਾ, ਸਤਜਾਵਾਹਨ ਹੋਇਆ ਹੈ ਜਿਸ ਨੂੰ ਸਲਵਾਹਨ ਵੀ, ਤੇ ਸਤਜ: ਕਰਨੀ ਵੀ ਆਖਦੇ ਨੇ। ਇਸ ਦਾ ਹਾਲ ਦੋ ਪੁਰਾਣੀਆਂ ਤਵਾਰੀਖ਼ਾਂ ਵਿਚ ਇਸ ਤਰ੍ਹਾਂ ਲਿਖਿਆ ਹੈ :—

੧. ਕੈਂਬ੍ਰਿਜ ਹਿਸਟਰੀ (Cambridge History of India Vol.I. Pp. 531-537)

ਅੰਧਰਾ ਕੌਮ ਦੀ ਰਾਜਧਾਨੀ ਪ੍ਰਸਥਾਨ, ਦਰਿਆ ਗੁਦਾਵਰੀ ਦੇ ਕੰਢੇ ਤੇ ਸੀ, ਉਸ ਥਾਂ ਦਾ ਨਾਉਂ ਹੁਣ ਪਠਨ ਹੈ ਤੇ ਔਰੰਗਾਬਾਦ ਦੇ ਜ਼ਿਲੇ ਵਿਚ ਹੈ। ਇਸ ਖ਼ਾਨਦਾਨ ਦਾ ਇਕ ਮਸ਼ਹੂਰ ਰਾਜਾ ਸਤਜ:ਕਰਨੀ ਜਾਂ ਸਲਵਾਹਨ ਸੀ, ਜਿਸ ਨੇ ਉਜੈਨ, ਮਾਲਵੇ ਦੀ ਰਾਜਧਾਨੀ ਨੂੰ ਫ਼ਤਹਿ ਕੀਤਾ ਤੇ ਮਹਾਰਾਜਾ ਅਧੀਰਾਜ ਅਖਵਾਇਆ। ਉਸਨੇ ਦੋ ਵਾਰ ਅਸਵਮੇਧ ਯਗ ਵੀ ਕੀਤਾ॥ ਇਹ ਪਹਿਲੀ ਸਦੀ ਬੀ. ਸੀ. ਦਾ ਵਾਕਿਆ ਹੋ ਸਕਦਾ ਹੈ।

ਇਸ ਰਾਜੇ ਦਾ ਸਭ ਤੋਂ ਪੁਰਾਣਾ ਸਿੱਕਾ ਜਿਹੜਾ ਮਿਲਿਆ ਹੈ, ਉਸ ਉਤੇ ਰਾਜਾ ਸ਼ਤਜਾ ਨਾਉਂ ਹੈ। ਇਸ ਦੇ ਪੁੱਤਰ ਦਾ ਨਾਉਂ *ਸ਼ਕਤੀ ਕੁਮਾਰ ਸੀ। ਸਮਿਥ ਸਾਹਿਬ ਸ੍ਰੀ ਸਤਜ:ਕਰਨੀ ਦੀ ਤਾਰੀਖ ੨੧੮ ਜਾਂ ੨੧੨ B.C. ਲਿਖਦਾ ਹੈ (ਵੇਖੋ Smith's History Pp. 207-208)

ਇਹ ਰਾਜਾ ਲਿਟ੍ਰੇਚਰ ਵਿਚ ਭੀ ਮਸ਼ਹੂਰ ਹੈ, ਅਤੇ ਆਖਿਆ ਜਾਂਦਾ ਹੈ ਕਿ ਕਾਵਿ ਦਾ ਮਸ਼ਹੂਰ ਗਰੰਥ "ਸਪਤ ਸ਼ਤਕ" ਇਸੇ ਨੇ ਲਿਖਿਆ, ਪਰ ਸਰ ਭੰਡਾਰਕਰ ਜੀ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਇਹ ਗ੍ਰੰਥ ਰਾਜਾ ਹਾਲਾ ਦੇ ਵੇਲੇ ਲਿਖਿਆ ਗਿਆ ਸੀ।

ਇਹ ਵੀ ਸਿਧ ਹੈ ਕਿ ਸਾਕਿਆਂ ਤੇ ਅੰਧਰਾ ਕੌਮ ਦੀਆਂ ਲੜਾਈਆਂ ਵੀ ਉਜੈਨ ਨੂੰ ਫ਼ਤਹਿ ਕਰਨ ਲਈ ਹੁੰਦੀਆਂ ਰਹੀਆਂ, ਅੰਤ ਸਾਕਿਆਂ ਨੇ ਕਨਿਸ਼ਕ ਦੇ ਵੇਲੇ ਮਾਲਵਾ ਵੀ ਤੇ ਅੰਧਰਾ ਨੂੰ ਵੀ ਫ਼ਤਹਿ ਕਰ ਲਿਤਾ। ਉਜੈਨ ਵਿਚ ਸਾਕਿਆਂ ਦਾ ਸੂਬਾ (Satrap) ਬੈਠਾ ਅਤੇ ਅੰਧਰੇ ਉਸ ਨੂੰ ਟਕੇ ਭਰਦੇ ਰਹੇ। ਇਹ ਸਟ੍ਰਾਪ, ਜਾਂ ਵਾਇਸ-

---

*ਟਾਡ ਸਾਹਿਬ ਦੇ ਰਾਜਿਸਥਾਨ ਉਖਣ-ਲੇਖ ਨੰ: ੬ ਵਿਚ ਸਲਵਾਹਨ ਤੇ ਉਸਦੇ ਪੁਤਰ ਸ਼ਕਤੀ ਕੁਮਾਰ ਦਾ ਨਾਉਂ ਹੈ। ਇਨ੍ਹਾਂ ਦਾ ਵਡਾ ਮਹੀਦੇਵ ਸ੍ਰੀ ਗੌਹਾਦਿਤ ਦਸਿਆ ਹੈ। ਜਿਸ ਤੋਂ ੧੪ ਰਾਜੇ ਯਾ ਟਬਰ ਚਲੇ, ਜਿਨ੍ਹਾਂ ਵਿਚ ਭੋਜ, ਨਾਗਾ, ਸਿੰਘ ਜੀ, ਤੇ ਸਲਵਾਹਨ ਦੇ ਨਾਉਂ ਵੀ ਹੈਨ। ਇਹ ਉਖਣ-ਲੇਖ ਸੰਮਤ ੧੦੩੪ ਦਾ ਹੈ, ਤੇ ਐਤਪੁਰ ਦੇ ਖੋਲਿਆਂ ਵਿਚੋਂ ਮਿਲਿਆ ਸੀ।

Sri Satguru Jagjit Singh Ji Elibrary NamdhariElibrary@gmail.com

ਰਾਦੇ ਆਪਣ ਵਖਰ ਸਿੱਕੇ ਵੀ ਚਲਾਂਦੇ ਰਹੇ। ਜੇ ਇਹ ਠੀਕ ਹੈ ਤਾਂ ਅੰਧਰਾ ਖ਼ਾਨਦਾਨ ਦੇ ਸਲਵਾਹਨ ਨੇ ਉਜੈਨ ਦੇ ਇਕ ਬਿਕ੍ਰਮਾਜੀਤ ਨੂੰ ਭਾਂਜ ਦਿਤੀ ਹੋਣੀ ਏ।।

Imperial Gazetteer Vol. VI. 1908 ਵਿਚ ਵੀ ਸਲਵਾਹਨ ਬਾਬਤ ਲਿਖਿਆ ਹੈ, ਉਸਦਾ ਨਚੋੜ ਇਸ ਤਰ੍ਹਾਂ ਹੈ :—

ਸਾਕਾ ਕੌਮ ਦੇ ਜੱਥਿਆਂ ਨੇ ੬੨੫ ਬੀ. ਸੀ. ਦੇ ਕਰੀਬ ਏਸ਼ੀਆ ਦੇ ਦੇਸਾਂ ਵਿਚ ਉਧੜਧੁੱਮੀ ਮਚਾਈ ਸੀ, ਇਕ ਜੱਥੇ ਨੇ ਸਿੰਧ ਦੇਸ ਉਤੇ ਕਬਜ਼ਾ ਕੀਤਾ ਤੇ ਆਪਣੀ ਰਾਜਧਾਨੀ ਪਟਾਲਾ ਸ਼ਹਿਰ (ਜਿਸਦੀ ਜਗ੍ਹਾ ਅਜਕਲ ਹੈਦਰਾਬਾਦ ਹੈ) ਵਿਚ ਬਣਾਈ। ਉਥੋਂ ਇਕ ਸ਼ਾਖ ਤੇ ਅਸਰਿਆ (ਸ਼ਾਮ) ਵਲ ਗਈ ਤੇ ਇਕ ਸ਼ਾਖ ਉੱਤਰ-ਪੂਰਬ ਵਲ ਗੰਗਾ ਦੇ ਇਲਾਕੇ ਤੇ ਕਪਲ ਵਸਤ ਵਲ।

ਨੋਟ—ਕਪਲ ਵਸਤ ਦਾ ਸਾਕੀਆ (Sakya) ਖ਼ਾਨਦਾਨ, ਪੁਰਾਣ ਵੇਦਕ ਗਾਇਨਾ-ਚਾਰਯ ਰਿਸ਼ੀਆਂ ਦੀ ਔਲਾਦ ਦਸਿਆ ਜਾਂਦਾ ਹੈ। ਮਹਾਤਮਾ ਬੁੱਧ ਸਾਕਾ (Scythian) ਨਹੀਂ ਸੀ। (ਵੇਖੋ—Chapter II. Buddha by Oldenberg.)

ਮਸੀਹ ਤੋਂ ੨੦੦ ਵਰ੍ਹੇ ਪਹਿਲੇ ਸਾਕਿਆਂ ਦੀਆਂ ਵਸਤੀਆਂ ਢੇਰ ਵਧਦੀਆਂ ਗਈਆਂ। ਤੇ ਪਹਿਲੀ ਸਦੀ ਬੀ. ਸੀ. ਵਿਚ ਇਨ੍ਹਾਂ ਦਾ ਰਾਜ ਕਾਇਮ ਹੋ ਗਿਆ।

ਨੋਟ—ਪੁਰਾਣੇ ਹਿੰਦੂ ਇਤਿਹਾਸਕਾਰ ਉਨ੍ਹਾਂ ਕੌਮਾਂ ਨੂੰ ਜੋ ਤੁਰਕਿਸਤਾਨ ਦੇ ਇਲਾਕੇ ਵਿਚੋਂ ਹਿੰਦ ਵਿਚ ਆਈਆਂ, ਸਾਕੇ ਹੀ ਆਖਦੇ ਨੇ—ਜੀਕਣ ਪਿਛੋਂ ਮੁਸਲਮਾਨਾਂ ਦੇ ਵੇਲੇ ਤੁਰਕਿ-ਸਤਾਨ ਵਲੋਂ ਆਈਆਂ ਕੌਮਾਂ ਦਾ ਨਾਂ ਤੁਰਕ ਪੈ ਗਿਆ, ਭਾਂਵੇਂ ਕੋਈ ਮੁਗਲ ਸੀ ਭਾਂਵੇਂ ਪਠਾਣ।

ਸਾਕੇ ਤੇ ਹੂਨ (Hun) ਸਭ ਇੱਕੋ ਹੀ ਮੁੱਢ ਦੇ ਆਖੇ ਜਾਂਦੇ ਨੇ, ਰਾਜਪੂਤ ਤੇ ਜੱਟ ਵੀ ਸਾਕਾ ਕੌਮ ਤੋਂ ਈ ਨਿਕਲੇ ਹੈਨ। ਚੰਦਰ ਗੁਪਤ ਨੇ ਯਵਨ ਤੇ *ਬੈਕਟਰੀਅਨ ਕੌਮਾਂ ਦੇ ਹੱਲੇ ਨੂੰ ਰੋਕਿਆ। ਉਜੈਨ ਦੇ ਬਿਕ੍ਰਮਾਜੀਤ ਨੇ ਸਾਕਿਆਂ ਨੂੰ ਭਾਂਜ ਦਿਤੀ ਤੇ ਸੰਮਤ ਬਿਕ੍ਰਮੀ ਦੀ ੫੭ ਵਰ੍ਹੇ ਮਸੀਹ ਤੋਂ ਪਹਿਲੇ ਨੀਂਹ ਰੱਖੀ। ਤੇ ਸਾਕਾ ਸੰਮਤ-ਜੋ ੭੮ ਈ: ਵਿਚ ਸ਼ੁਰੂ ਹੋਇਆ, ਉਸ ਫ਼ਤਹਿ ਦੀ ਨਿਸ਼ਾਨੀ ਹੈ, ਜਿਹੜੀ ਦੱਖਣ ਦੇ ਰਾਜਾ ਸਲਵਾਹਨ ਨੇ ਸਾਕਿਆਂ ਤੇ ਪਾਈ, ਪਰ ਇਮਪੀਰੀਅਲ ਗੈਜ਼ੀਟੀਅਰ ਦੇ ਸੰਕਲਤ ਕਰਨ ਵਾਲੇ ਹੰਟਰ ਸਾਹਿਬ ਨੇ, ਛੀਵੇਂ ਤੇ ਬਾਰ੍ਹਵੇਂ ਭਾਗ ਵਿਚ ਸਲਵਾਹਨ ਬਾਬਤ ਅੱਡ ਅੱਡ ਲਿਖ ਕੇ ਰੌਲਾ ਪਾ ਦਿੱਤਾ। ਜੋ ਰਵੈਤ ਮਿਲੀ, ਲਿਖ ਦਿੱਤੀ, ਪਰ ਆਪਣੀ ਖੋਜ-ਸ਼ਕਤੀ ਵਰਤ ਕੇ ਕੁਝ ਪੱਕਾ ਸਿੱਟਾ ਨਾ ਕਢਿਆ।

ਫੇਰ ਰਸਾਲੂ ਬਾਬਤ ਲਿਖਿਆ ਹੈ, ਕਿ ਪਹਿਲੀ ਸੱਦੀ ਮਸੀਹ ਵਿਚ ਸਿਆਲ-

---

*ਬੈਕਟ੍ਰਿਆ (Bactria) ਬਲਖ-ਬੁਖਾਰੇ ਦੇ ਦੇਸ ਦਾ ਪੁਰਾਣਾ ਨਾਂ ਹੈ (ਵੇਖੋ Imperial Gazetteer Vol. XII).

Sri Satguru Jagjit Singh Ji Elibrary NamdhariElibrary@gmail.com

ਡ੍ਰੋਟ ਦੇ ਰਾਜਾ ਸਲਵਾਹਨ ਦੇ ਪੁਤਰ *ਰਸਾਲੂ-ਬਿਕ੍ਰਮਾਜੀਤ ਨੇ ਸਾਕਿਆਂ ਦੇ ਰਾਜ ਨੂੰ ਸੰਨ ੭੮ A. D. ਵਿਚ ਨਾਸ ਕੀਤਾ। ਤੇ ਰਸਾਲੂ ਦੇ ਮਰਨ ਪਿਛੋਂ ਸਿਆਲਕੋਟ ਦਾ ਰਾਜ ਇਕ ਸਰਾਪ ਕਰਕੇ ਬਰਬਾਦ ਹੋ ਗਿਆ।

## ਰਾਜਾ ਸਲਵਾਹਨ

### ਪੁਰਾਣੀਆਂ ਵਾਰਾਂ ਵਿੱਚ

ਪੁਰਾਣੇ ਕਿੱਸੇ ਕਹਾਣੀਆਂ ਤੇ ਵਾਰਾਂ ਵਿਚ ਰਾਜਾ ਸਲਵਾਹਨ ਦਾ ਜੀਵਨ-ਨਾਟਕ ਹੇਠ ਲਿਖੀ ਵਿਉਂਤ ਨਾਲ ਦੱਸਿਆ ਹੈ।

†ਇੱਕ ਖੱਤ੍ਰੀਆਂ ਦੀ ਸੁੰਦਰ ਮੁਟਿਆਰ ਇੱਕ ਦਿਨ ਐਕ ਵਿੱਚ ਨਹਾਉਣ ਗਈ ਤਾਂ ਪਾਣੀ ਵਿੱਚੋਂ ਬਾਸ਼ਕ ਨਾਗ ਨੇ ਉਸ ਨਾਲ ਪਿਆਰ-ਮੇਲ ਕੀਤਾ ਤੇ ਉਸ ਲੜਕੀ ਨੂੰ ਗਰਭ ਹੋ ਗਿਆ, ਤੇ ਉਸ ਦੀ ਕੁੱਖੋਂ ਸਲਵਾਹਨ ਜੰਮਿਆ, ਜਿਹੜਾ ਬਾਸ਼ਕ ਨਾਗ ਦੀ ਮਦਤ ਨਾਲ ਰਾਜਾ ਬਣਿਆ। ਇਹ ਰਵਾਇਤ ਤਾਂ ਸਲਵਾਹਨ ਨੂੰ ਨਾਗਾਂ ਦੀ ਕੌਮ ਵਿੱਚੋਂ ਦੱਸਦੀ ਹੈ। ਨਾਗਾਂ ਦੀ ਕੋਮ ਪੰਜਾਬ ਵਿੱਚ ਪਾਂਡੂਵਾਂ ਦੇ ਵੇਲੇ ਆਬਾਦ ਸੀ। ਮੁਮ-ਕਨ ਹੈ ਕਿ ਨਾਗ ਕੌਮ ਦੇ ਕਿਸੇ ਰਾਜਾ ਨੇ ਖੱਤ੍ਰੀ (ਆਰੀਆ) ਕੌਮ ਦੀ ਕੁਮਾਰੀ ਵਿਆਹੀ ਹੋਵੇ, ਜਿਸ ਤੋਂ ਸਲਵਾਹਨ ਜੰਮਿਆ ਹੋਵੇ। ਰਾਜਾ ਸਲਵਾਹਨ ਦਾ ਵਿਆਹ ਰਾਣੀ ਇੱਛਰਾਂ ਨਾਲ ਹੋਇਆ। ਇੱਛਰਾਂ ਕਿਸ ਰਾਜੇ ਦੀ ਧੀ ਸੀ, ਪਤਾ ਨਹੀਂ। ਕੋਈ ਕਸ਼ਮੀਰ ਦੀ ਆਖਦੇ ਨੇ। ਇੱਛਰਾਂ ਰਾਣੀ ਨੂੰ ਵਿਆਹੁਣ ਲਈ ਸਲਵਾਹਨ ਨੇ ਕਈ ਔਕੜਾਂ ਉਠਾਈਆਂ। ਜਾਨ ਜੋਖੋਂ ਵਿੱਚ ਪਾਈ।

ਰਾਣੀ ਇੱਛਰਾਂ ਬੜੀ ਸੁੰਦਰ ਸੀ ਤੇ ਦੇਸ ਦਿਸਾਂਤ੍ਰਾਂ ਦੇ ਰਾਜੇ ਉਸ ਦਾ ਡੋਲਾ ਜਿੱਤਣ ਲਈ ਮਰਦੇ ਸਨ, ਪਰ ਉਸ ਰਾਣੀ ਦੀਆਂ ਸ਼ਰਤਾਂ ਪੂਰੀਆਂ ਨਾ ਕਰ ਸੱਕਣ ਕਰਕੇ ਆਪਣੀ ਜਿੰਦ ਗਵਾਂਦੇ ਸਨ। ਜਦ ਸਲਵਾਹਨ ਇੱਛਰਾਂ ਜਿੱਤਣ ਜਾਂਦਾ ਹੈ ਤਾਂ ਹਾਰੇ ਹੋਏ ਰਾਜਿਆਂ ਦੀਆਂ ਮੁੰਡੀਆਂ ਸਲਵਾਹਨ ਨੂੰ ਵੇਖ ਉਸ ਨੂੰ ਖ਼ਬਰਦਾਰ ਕਰਦੀਆਂ ਨੇ :—

ਕਵੀ ਲਿਖਦਾ ਹੈ—††

ਇੱਛਰਾਂ ਕਾਮਨ ਇਸਤ੍ਰੀ, ਸੰਦਲ ਭਿੰਨੇ ਕੇਸ।
ਰਾਜੇ ਮਾਰੇ ਮਲਕੁਲ ਮੌਤ ਦੇ, ਛਡ ਛਡ ਆ ਗਏ ਦੇਸ।

---

*ਰਸਾਲੂ ਨੂੰ ਬਿਕ੍ਰਮਾਜੀਤ (ਵਕ੍ਰਮਾਦਿਤਯ:) ਲਿਖਿਆ ਹੈ। ਅਸਲ ਵਿਚ ਬਿਕ੍ਰਮਾਜੀਤ ਇਕ ਲਕਬ ਹੈ ਜਿਸ ਦੇ ਅਰਥ ਹੈਨ ਬਹਾਦਰੀ ਦਾ ਸੂਰਜ, ਤੇ ਕਈ ਰਾਜਿਆਂ ਨੇ ਇਹ ਲਕਬ ਆਂਪਣੇ ਨਾਉਂ ਨਾਲ ਲਾਇਆ ਸੀ।

†ਵੇਖੋ Gazetteer of Sialkot. 1920 Pp. 14.

††ਵੇਖੋ Legends of the Punjab Vol. II. Pp. 379-398

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੇ ਸਿਰ ਵੱਢ ਲਏ, ਧੜ ਚੁਣ ਲਏ, ਲੈ ਲੈ ਪੈਰਾਂ ਦੇ ਹੇਠ।
ਜੇ ਭਲੀ ਚਾਹੁਨਾਏਂ ਜਾਨ ਦੀ, ਜਾ ਵੜ ਆਪਣੇ ਦੇਸ।

ਰਾਜਾ ਉੱਤਰ ਦਿੰਦਾ ਹੈ :—

ਨਾ ਰੋਵੋ ਨਿਤਾਣੀ ਮੁੰਡੀਓ, ਕਰੋ ਰਬ ਦੇ ਅੱਗੇ ਅਰਦਾਸ।
ਹਿਕੇ ਮੈਂ ਰਾਣੀ ਵਿਆਹ ਲਵਾਂ, ਨਹੀਂ ਰਲਾਂ ਤੁਹਾਡੇ ਸਾਥ।
ਜੇ ਮੈਂ ਰਾਣੀ ਵਿਆਹ ਲਈ, ਵਿੱਚ ਤੁਹਾਡੇ ਪਾਵਾਂ ਸਾਸ।
ਹੱਥ ਬੰਨ੍ਹ ਕਰਦਾ ਬੇਨਤੀ, ਸੱਚੀ ਦਿਆਂ ਸੁਨਾਏ।

ਇਸ ਸੋਚ ਵਿੱਚ ਸਲਵਾਹਨ ਸੁੱਤਾ, ਪਰ ਨੀਂਦਰ ਕਿੱਥੋਂ ? ਦੀਵੇ ਤੇ ਗੜਵੇ ਨਾਲ ਪਿਆ ਗੱਲਾਂ ਕਰਦਾ ਸੀ, ਮਨ-ਕਲਪਤ ਉੱਤਰ ਪ੍ਰਸ਼ਨ ਹੁੰਦੇ ਨੇ।

ਪਹਿਲੇ ਪਹਿਰੇ ਰੈਣ ਦੇ, ਤੂੰ ਸੁਣ ਦੀਵੇ ਯਾਰ।
ਰਾਣੀ ਨਾਹੀਂ ਬੋਲਣਾ, ਤੂੰ ਈ ਕਰੇਂ ਜੁਵਾਬ।
ਦੂਰੋਂ ਆ ਗਏ ਚੱਲਕੇ, ਸੁਣਕੇ ਤੇਰੀ ਸੋ।
ਉਤਲੀ ਦਵਾਖੀ ਤੂੰ ਵਸੇਂ, ਤੇਰਾ ਨਾਉਂ ਪੀਲਸੋਜ਼।

ਦੀਵੇ ਦਾ ਉੱਤਰ—

ਜਦ ਮੈਂ ਧਰਤੀ ਮਾਤ ਸੀ, ਗਾਂਵਾਂ ਚੁਗਦੀਆਂ ਘਾ।
ਪੇੜੇ ਪਿਆ ਘੁਮਿਆਰ ਦੇ, ਮੈਨੂੰ ਰਖਿਆ ਬਹੁਤ ਸਵਾਰ।
ਜਦੋਂ ਬਸੰਤ੍ਰ ਗੁਰ ਮਿਲੇ, ਮੇਰੀ ਉਮਰ ਬੜੀ ਹੋ ਜਾਇ।
ਸ਼ਾਬਾਸਕਹੋਉਸਘੁਮਿਆਰ ਨੂੰ,ਜਿਨਦਿਤਾਗੁਰੂਮਿਲਾਏ।
ਜੇ ਤੂੰ ਰਾਜਾ ਚਤਰ ਹੈਂ ਨਾ ਵਿਆਹੀਂ ਇਛਰਾਂ ਨਾਰ।
ਰਾਜਿਆਂ ਦੇ ਦੀਵੇ ਘਿਓ ਦੇ, ਮੈਨੂੰ ਰੱਖਦੇ ਤੇਲਦੇ ਨਾਲ।

ਫੇਰ ਰਾਜਾ—

ਦੂਜੇ ਪਹਿਰੇ ਰੈਣ ਦੇ, ਤੂੰ ਸੁਣ ਗੜਵੇ ਯਾਰ।
ਰਾਣੀ ਨੇ ਨਹੀਂ ਬੋਲਣਾ, ਤੂੰ ਹੀ ਕਰੇਂ ਜਵਾਬ।
ਰਾਤ ਕਟੀਏ ਸੁਖ ਦੀ, ਦਿਨ ਚੜ੍ਹਦੇ ਨੂੰ ਲੈਣਾ ਮਾਰ।
ਹੱਥ ਬੰਨ੍ਹ ਕਰਦਾ ਬੇਨਤੀ, ਰਾਣੀ ਨੂੰ ਦਿਓ ਬੁਲਾਏ।
ਅਗੋਂ ਗੜਵਾ ਬੋਲਿਆ, ਡਾਢੀ ਕਰਾਂ ਪੁਕਾਰ।
ਸੁਮੇਰ ਪਰਬਤ ਮੈਂ ਵੱਸਾਂ, ਮੈਨੂੰ ਕਢਿਆ ਰੇਤਾ ਡਾਲ।
ਮੈਨੂੰ ਕਾਰੀਗਰਾਂ ਘੜ ਲਿਆ, ਬੂਟਾ ਰਖਿਆ ਚੌਕੀਦਾਰ
ਕਦੀ ਨਹੀਂ ਮੈਨੂੰ ਮਾਂਜਿਆ', ਰਾਣੀ ਬੜੀ ਬਦਕਾਰ।
ਜੇ ਤੂੰ ਰਾਜਾ ਚਤਰ ਹੈਂ ਵਿਆਹ ਨਾ ਇੱਛਰਾਂ ਨਾਰ।

ਨੋਟ—ਗੜਵੇ ਉਤੇ ਬੂਟੇ ਉਖਣੇ ਹੋਏ ਸਨ।

Sri Satguru Jagjit Singh Ji Elibrary NamdhariElibrary@gmail.com

ਫੇਰ ਰਾਜਾ ਹਾਰ ਨਾਲ ਗੱਲਾਂ ਕਰਦਾ ਹੈ :—

ਰਾਜਾ :—

ਤੀਜੇ ਪਹਿਰੇ ਰੈਣ ਦੇ, ਤੂੰ ਸੁਣ ਗਲ ਦੇ ਹਾਰ।
ਰਾਣੀ ਨੇ ਹੈ ਨਹੀਂ ਬੋਲਣਾ, ਤੂੰ ਈ ਕਰੇਂ ਜਵਾਬ।
ਹਾਰ ਸੁਭਾਵਾ ਬੋਲਿਆ, ਡਾਢੀ ਕਰਾਂ ਪੁਕਾਰ।
ਸੋਲਾਂ ਜੋਜਨਾਂ ਉੱਚਾ ਵੱਗਾਂ, ਜਿਉਂ੧ ਦੀਂਹਦੀ ਪਹਾੜ ਦੀ ੨ਧਾਰ।
ਜੌਹਰੀ ਬੱਚੇ ਪਰਖਦੇ, ਬਾਂਹ ਕੱਢੇ ਉਸਤਾਕਾਰ੩ ।
ਨਾ ਵਿਆਹੀਂ ਰਾਣੀ ਇੱਛਰਾਂ, ਆਦਮ-ਖਾਣੀ ਨਾਰ।

ਰਾਜੇ ਨੇ ਫੇਰ ਪਲੰਘ ਨੂੰ ਪੁਛਿਆ :—

ਚੌਥੇ ਪਹਿਰੇ ਰੈਣ ਦੇ, ਤੂੰ ਸੁਣ ਪਲੰਘਾ ਯਾਰ।
ਰਾਣੀ ਨੇ ਹੈ ਨਹੀਂ ਬੋਲਣਾ, ਤੂੰ ਈ ਕਰੀਂ ਜਵਾਬ।

ਪਲੰਘ :—

ਚਨਣ ਵਿਚ ਸਮੁੰਦਰ ਦੇ, ਵਣਜਿਆ ਸ਼ਾਹੂਕਾਰ।
ਕਾਰੀਗਰਾਂ ਨੇ ਘੜ ਲਿਆ, ਉਨਿਆ ਪੱਟ-ਨਵਾਰ।
ਗੱਦੋਂ ਵਾਂਙੂ ਲੇਟਦੀ, ਭਾਰ ਦੇਹੀ ਮਣ ਚਾਰ।
ਜੇ ਤੂੰ ਰਾਜਾ ਸੁਘੜ ਹੈਂ ਵਿਆਹੀਂ ਨਾ ਇੱਛਰਾਂ ਨਾਰ।

ਰਾਣੀ ਇੱਛਰਾਂ ਦੇ ਘਰ ਦੀਆਂ ਵਸਤਾਂ ਨੇ ਈ ਰਾਣੀ ਇੱਛਰਾਂ ਦੀ ਬੁਰਿਆਈ ਕੀਤੀ, ਕਿ ਕਿਵੇਂ ਇੱਛਰਾਂ ਨੂੰ ਸਲਵਾਹਨ ਨਾ ਵਿਆਹੇ । ਪਰ ਅੰਤ ਸਲਵਾਹਨ ਨੇ ਵਿਆਹੀ ਈ ਵਿਆਹੀ। ਸਾਰੀਆਂ ਔਕੜਾਂ ਤੇ ਮੁਸ਼ਕਲਾਂ, ਰਾਜਾ ਸਲਵਾਹਨ ਦੇ ਇਰਾਦੇ, ਪੱਕੇ ਇਰਾਦੇ ਨੂੰ ਟਾਲ ਨਾ ਸਕੀਆਂ। ਸੁੰਦਰਤਾ ਦਾ ਖਿਚਿਆ ਰਾਜਾ ਇੱਛਰਾਂ ਦੇ ਜਾਲ ਵਿਚ ਫੱਸ ਈ ਗਿਆ । ਇਸੇ ਤਰ੍ਹਾਂ ਕੁਝ ਚਿਰ ਪਿਛੋਂ ਲੂਣਾਂ ਵਿਆਹੀ, ਕਵੀ ਨੇ ਇੱਛਰਾਂ ਤੇ ਲੂਣਾਂ ਦੋਹਾਂ ਨੂੰ ਕੁਲਾਹਿਆ।

ਜਦ ਇੱਛਰਾਂ ਨੂੰ ਜਿੱਤਣ ਚਲਿਆ ਤਾਂ ਰਾਜੇ ਸਲਵਾਹਨ ਨੇ ਪਹਿਲੋਂ ੪ਚਾਰ ਬੀਰ

---

੧ਦਿਸਦੀ

੨ਆਬਸ਼ਾਰ, ਪਾਣੀ ਦਾ ਉਪਰੋਂ ਡਿਗਣਾ।

੩ਉਸਤਾਦ ਨੇ ਬਣਾਇਆ

੪ਪੁਰਾਣਾ ਖ਼ਿਆਲ ਸੀ ਕਿ ਮੰਤਰ ਦਾ ਜਾਪ ਵਿਧੀ ਨਾਲ ਕਰਕੇ ਬੀਰ-ਭੈਰੋਂ, ਹਨੂਮਾਨ ਆਦਿ ਕਾਬੂ ਆ ਜਾਂਦੇ ਨੇ, ਤੇ ਉਨ੍ਹਾਂ ਤੋਂ ਮਾਂਦਰੀ ਮੁਸ਼ਕਲ ਤੋਂ ਮੁਸ਼ਕਲ ਕੰਮ ਕਰਾਂਦਾ ਹੈ। ਪੁਰਾਣੀਆਂ ਕਹਾਣੀਆਂ ਵਿਚ ਟਿਕ ਹੀਰੋ ਨੂੰ ਬੜੀ ਔਕੜ ਤੋਂ ਬਚਾਣ ਯਾ ਮੁਸ਼ਕਲ-ਅਸਾਨ ਕਰਨ ਲਈ ਉਸਦੀ ਮਦਦ ਨੂੰ ਦੇਵ, ਪਰੀਆਂ, ਬੀਰਾਂ ਜਾਂ ਪੀਰਾਂ ਦੀ ਮਦਦ ਹਮੇਸ਼ਾਂ ਮੰਗੀ ਜਾਂਦੀ ਹੈ। ਤੇ ਹੀਰੋ ਆਪਣੇ ਵੈਰੀ ਤੇ ਫ਼ਤਹਿ ਪਾਂਦਾ ਹੈ ।

Sri Satguru Jagjit Singh Ji Elibrary NamdhariElibrary@gmail.com

ਜਿੱਤ ਕੇ ਮਿੱਤਰ ਬਣਾਏ ਸਨ। ਫੇਰ ਕਿਰਕਟ ਬਚਾਇਆ। ਇਹ ਸਾਰੇ ਸਲਵਾਹਨ ਦੇ ਵੇਲੇ ਸਿਰ ਕੰਮ ਆਏ।

ਇਨ੍ਹਾਂ ਬੀਰਾਂ ਨੇ ਰਾਣੀ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਤੇ ਔਖੇ ਕੰਮਾਂ ਨੂੰ ਅਸਾਨ ਕਰਨ ਵਿਚ ਮੱਦਦ ਦਿੱਤੀ ਸੀ। ਰਾਣੀ ਇੱਛਰਾਂ ਦੇ ਪੇਟੋਂ ਪੂਰਨ ਜੰਮਿਆ। ਕਵੀ ਨੇ ਲਿਖਿਆ ਹੈ ਕਿ ਰਾਣੀ ਪੀਪੇ ਦੇ ਤਾਲ ਵਿਚ ਨ੍ਹਾਤੀ ਤਾਂ ਗਰਭ ਹੋਇਆ। ਹੁਣ ਪੀਪਾ ਭਗਤ ਇਕ ਭਗਤ-ਮਾਲਾ ਦਾ ਮਸ਼ਹੂਰ ਭਗਤ ਹੈ, ਜਿਹੜਾ ਰਾਮਾ ਨੰਦ ਦਾ ਚੇਲਾ ਸੀ ਜੋ ਸੰਨ ੧੪੦੦ ਈ: ਦੇ ਕੋਲ ਕੋਲ ਹੋਇਆ*। ਪੀਪਾ ਪਹਿਲੋਂ ਗੜ੍ਹ ਗੰਗਰਾਉਂ ਦਾ ਰਾਜਾ ਸੀ ਤੇ ਲੂਣਾਂ ਦਾ ਪਿਓ ਸੀ। ਸਲਵਾਹਨ ਨੇ ਲੂਣਾਂ ਨੂੰ ਜ਼ਬਰਦਸਤੀ ਕਢ ਖੜਿਆ ਤੇ ਪੀਪੇ ਦਾ ਰਾਜ ਉਜਾੜ ਦਿੱਤਾ। ਪਿਪਨਾਖ ਜ਼ਿਲਾ ਗੁਜਰਾਂਵਾਲੇ ਵਿਚ ਇਹ ਰਵੈਤ ਵੀ ਆਖੀ ਜਾਂਦੀ ਹੈ ਕਿ ਪੀਪਾ ਜ਼ਾਤ ਦਾ ਚੁਮਾਰੀ ਰਾਜਪੂਤ ਸੀ।

ਲੂਣਾਂ ਦੀ ਕਹਾਣੀ ਕਵੀ ਨੇ ਐਂਵ ਲਿਖੀ ਹੈ; ਕਿ ਇੰਦਰ ਦੇ ਅਖਾੜੇ ਦੀਆਂ ਕੁਝ ਪਰੀਆਂ ਜਿਨ੍ਹਾਂ ਵਿਚ ਲੂਣਾਂ ਪਰਧਾਨ ਸੀ, ਕਦੀ ਕਦੀ ਪੀਪੇ ਦੇ ਤਾਲ ਤੇ ਨਹਾਉਣ ਆਉਂਦੀਆਂ ਸਨ। ਇਕ ਦਿਨ ਲੂਣਾਂ ਨਹਾਉਣ ਆਈ ਤਾਂ ਉਸ ਦਾ ਲੜ ਵਤਾਊਂ ਦੇ ਬੂਟੇ ਨਾਲ ਲਗ ਗਿਆ, ਜਿਸ ਕਰਕੇ ਉਸ ਦੀ ਉਡਣ ਦੀ ਸ਼ਕਤੀ ਛੀਨ ਹੋ ਗਈ। ਬਾਕੀ ਦੀਆਂ ਸਾਥਣਾਂ ਉਡ ਗਈਆਂ। ਲੂਣਾਂ ਉਥੇ ਈ ਰਹੀ। ਪੀਪਾ ਆਇਆ ਤਾਂ ਉਹ ਲੂਣਾਂ ਨੂੰ ਘਰ ਨੂੰ ਲੈ ਗਿਆ, ਪੁਤਰੀ ਬਣਾ ਲਈ। ਇਕ ਦਿਨ ਰਾਜਾ ਸਲਵਾਹਨ ਸ਼ਿਕਾਰ ਖੇਡਦਾ ਖੇਡਦਾ ਓਧਰ ਆ ਗਿਆ। ਥੱਕੇ ਹੋਏ ਨੂੰ ਲੱਗੀ ਤ੍ਰੇਹ, ਆਇਆ ਖੂਹ ਤੇ, ਅਗੇ ਲੂਣਾਂ ਪਾਣੀ ਭਰਦੀ ਸੀ। ਪਾਣੀ ਤੇ ਮੰਗਕੇ ਪੀਤਾ, ਪਰ ਆਪਣਾ ਦਿਲ ਉਸ ਪਾਣੀ ਦੇ ਬਦਲੇ ਦੇ ਦਿਤਾ। ਆਸ਼ਕ ਹੋ ਗਿਆ, ਲੂਣਾਂ ਦਾ ਦਿਲ ਵੀ ਭਰ ਗਿਆ। ਬਸ ਗਲ ਕੀ, ਰਾਜਾ ਪੀਪੇ ਕੋਲੋਂ ਲੂਣਾਂ ਦਾ ਡੋਲਾ ਮੰਗਕੇ ਵਿਆਹ ਤੁਰਿਆ।

ਖੂਹ ਤੇ ਲੂਣਾਂ ਨੂੰ ਵੇਖ ਸਲਵਾਹਨ ਆਖਦਾ ਏ :—

ਗਿਣ-ਮਿਣ ਲਜ ਲਮਕਾਉਂਦੀ ਏ, ਜੀਵਣ ਤੇਰੇ ਵੀਰ।
ਅਸੀ ਪਿਆਸੇ ਜਲ ਦੇ, ਭਰਕੇ ਪਿਲਾ ਦੇ ਨੀਰ।

ਲੂਣਾਂ :—

ਨੀਲੇ ਤਾਜ਼ੀ ਵਾਲਿਆ, ਨੀਲੇ ਦੇ ਅਸਵਾਰ।
ਤਰਕਸ਼ ਜੜ੍ਹਿਆ ਮੋਤੀਆਂ, ਹੀਰੇ ਜੜੀ ਕਮਾਨ।
ਮੈਂ ਚਮਕੁੱਟਾਂ ਦੀ ਬੇਟੜੀ, ਨੀਚ ਹੈ ਸਾਡੀ ਜਾਤ।
ਛੱਤ੍ਰੀ ਧਰਮ ਗਵਾਨੈਂ ਆਪਣੀ ਕੁਲ ਨੂੰ ਲਾਨਾਏਂ ਲਾਜ।

ਰਾਜਾ :—

ਅਗੋਂ ਰਾਜਾ ਬੋਲਿਆ, ਸੁਣ ਲੈ ਮੇਰੀ ਤੂੰ।

---

*ਪਰ ਇਹ ਪੀਪਾ ਸਲਵਾਹਨ ਦਾ ਸਮਕਾਲੀ ਨਹੀਂ ਹੋ ਸਕਦਾ।

Sri Satguru Jagjit Singh Ji Elibrary NamdhariElibrary@gmail.com

ਕੰਚਨ ਹੋਇ ਕੀਚ ਮੈਂ, ਬਿਖ ਮਹਿ ਅੰਮ੍ਰਿਤ ਹੋ।
ਵਿਦਿਆ, ਨਾਰੀ, ਨੀਚ ਪੈ, ਤਿੰਨੇ ਲਈਏ ਖੋ।
ਦੂਰੋਂ ਆ ਗਿਆ ਚਲਕੇ ਸੁਣਕੇ ਤੇਰੀ ਸੋ।
ਆਖੇ ਮੇਰੇ ਲੱਗ ਜਾ, ਰਾਜੇ ਦੀ ਰਾਣੀ ਹੋਇ।
ਰਾਜ ਕਮਾਵੀਂ ਬਹਿਕੇ, ਤੇਰੇ ਤੁਲ ਨਾ ਕੋਇ।

ਰਾਣੀ :—

ਸੁੰਨਾਂ *ਸੁੰਬਲ ਸੇਵਨੈਂ, ਸਭਾ ਗਵਾਈਉ ਬੁਧ।
ਫੁੱਲ ਨੂੰ ਵੇਖਕੇ ਰਮ ਰਿਹਾ, ਫਲ ਦੀ ਨਾ ਲਈ ਸੁਧ।

ਰਾਜਾ :—

ਇੰਦਰ ਅਖਾੜੇ ਦੀ ਅਪੱਛਰਾਂ, ਤੈਨੂੰ ਹੈ ਨਹੀਂ ਬੁੱਧ।
ਅਸੀਂ ਜੁ ਆ ਗਏ ਭੁਲਕੇ, ਡੁਬੇ ਚਾਰੋਂ ਜੁਗ।

ਨੋਟ—ਕਿਹੀ ਸਾਦੀ ਤੇ ਸੋਹਣੀ ਕਵਿਤਾ ਹੈ। ਦਿਲ ਖਿੱਚ ਈ ਲੈਂਦੀ ਹੈ। ਅਖੀਰ ਵਿਆਹ ਹੋ ਜਾਂਦਾ ਏ, ਰਾਜਾ ਪੀਪਾ ਡੋਲਾ ਤੋਰਦਾ ਏ।

ਜਦ ਰਾਜਾ ਜੰਗਲ ਵਿਚ ਜਾਂਦਾ ਹੈ ਤਾਂ ਬਦ-ਸ਼ਗਨੀਆਂ ਆਵਾਜ਼ਾਂ ਆਉਂ-ਦੀਆਂ ਨੇ :—

ਰਾਜਾ ਗਿਆ ਵਿਚ ਉਜਾੜ ਦੇ, ਫੌਜਾਂ ਹੋਈਆਂ ਸਾਥ।
ਗੰਜਾ ਪਾਲੀ ਬੋਲਦਾ, ਡਾਢੀ ਕਰਦਾ ਪੁਕਾਰ।
ਸੱਜੇ ਤਿਲੀਅਰ ਬੋਲਿਆ, ਖੱਬੇ ਕਾਲਾ ਕਾਉਂ।
ਜਿਨੂੰ ਲੈ ਚਲਿਆ ਵਿਆਹ ਕੇ, ਰਖੂਗੀ ਛਿੱਤ੍ਰਾਂ ਦੇ ਥਾਉਂ।

ਭਲਾ, ਰਾਜਾ ਸਲਵਾਹਨ ਬੁੱਢਾ ਤੇ ਲੂਣਾਂ ਜੁਆਨ ਵਿਆਹੀ, ਘਰ ਆਈ ਤਾਂ ਕਵੀ ਲਿਖਦਾ ਏ, ਉਹ ਬਦਕਾਰ ਹੋ ਗਈ, ਨਿੱਤ ਪਰਾਏ ਮਰਦਾਂ ਦੀ ਟੋਲ ਕਰੇ। ਪਰ ਕਵੀ ਨੇ ਪਹਿਲੇ ਆਖਿਆ ਹੈ, ਕਿ ਲੂਣਾਂ ਵੀ ਸਲਵਾਹਨ ਤੇ ਆਸ਼ਕ ਹੋ ਗਈ ਸੀ, ਰੱਬ ਦੀਆਂ ਰੱਬ ਈ ਜਾਣੇ, ਕਵੀ ਨੇ ਬਦਕਾਰੀ ਦਾ ਮੁੱਢ ਸ਼ੈਦ ਇਸ ਕਰਕੇ ਬੱਧਾ ਜਾਪਦਾ ਏ, ਕਿ ਪਿਛੋਂ ਪੂਰਨ ਨਾਲ ਜੂ ਖਹਿਬੜੀ ਸੀ, ਨਹੀਂ ਤਾਂ ਕਵੀ ਦਾ ਲਿਖਣਾ ਨਿਰਾ ਮੁਬਾਲਗਾ ਈ ਹੈ।

ਲੂਣਾਂ ਬਾਂਦੀ ਨੂੰ ਆਖਦੀ, ਤੂੰ ਝੌਂਦੇ ਸ਼ਹਿਰ ਨੂੰ ਜਾ।
ਮੇਰੇ ਵਰਗਾ ਆਦਮੀ, ਤੂੰ ਛੇਤੀ ਲਭ ਕੇ ਲਿਆ।
ਰਾਜਾ ਸਲਵਾਹਨ ਬੁੱਢਾ ਹੈ, ਮੇਰੇ ਕੰਮ ਦਾ ਨਾਂ।
ਹੀਰਾ ਬਾਂਦੀ ਟੁਰ ਪਈ, ਵੜੀ ਸ਼ਹਿਰ ਵਿਚ ਆ।

———

*ਸਿੰਮਲ ਦਾ ਰੁੱਖ

Sri Satguru Jagjit Singh Ji Elibrary NamdhariElibrary@gmail.com

ਜਦ ਮੁੱਖ ਪੂਰਨ ਦਾ ਵੇਖਿਆ, ਡਿੱਗੀ ਸੀ ਗ਼ਸ਼ ਖਾਇ ।
ਛੇਤੀ ਉਥੋਂ ਉਠ ਕੇ, ਆਈ ਲੂਣਾਂ ਦੇ ਧਾਇ ।
ਪੂਰਨ ਤੈਥੋਂ ਭੀ ਸੋਹਣਾ, ਜੋੜੀ ਬਣਦੀ ਤੇਰੇ ਨਾਲ ।
ਪੁੱਤ ਹੈ ਤੇਰੀ ਸੌਂਕਣ ਦਾ, ਸੂਰਤ ਅਪਰ ਅਪਾਰ ।

ਲੂਣਾਂ ਦੇ ਦਿਲ ਵਿਚ ਪੂਰਨ ਦਾ ਇਸ਼ਕ ਹੋ ਗਿਆ, ਅੱਗੇ ਦੀ ਕਹਾਣੀ ਓਹੀ ਜੋ ਪੂਰਨ ਦੇ ਕਿੱਸੇ ਦੀ ਮਸ਼ਹੂਰ ਹੈ ।

ਨੋਟ—ਪੀਪੇ ਭਗਤ ਦੀ ਕਹਾਣੀ ਸੋ ਵਿਸਵਾ ਐਂਵੇ ਢਾਡੀਆਂ, ਭੱਟਾਂ ਨੇ ਵਿਚ ਵਾੜ ਦਿੱਤੀ ਹੈ । ਨਹੀਂ ਤੇ ਪੀਪਾ ਪੂਰਨ ਤੋਂ ਸਦੀਆਂ ਪਿਛੋਂ ਹੋਇਆ, ਜਾਂ ਇਸ ਕਹਾਣੀ ਵਾਲਾ ਪੀਪਾ ਕੋਈ ਢੇਰ ਪੁਰਾਣਾ ਰਾਜਾ ਹੋਣਾ ਏ, ਭਗਤ ਮਾਲਾ ਵਾਲਾ ਪੀਪਾ ਨਹੀਂ ਹੋਣਾ । ਸੰਨ ੧੪੦੦ ਵਿਚ ਤੇ ਪੰਜਾਬ ਉਤੇ ਪਠਾਣਾਂ ਦਾ ਰਾਜ ਸੀ ।

ਰਾਮਾ ਨੰਦ ਬਨਾਰਸ ਵਲ ਦਾ ਬ੍ਰਾਹਮਨ ਭਗਤ ਸੀ, ਪੀਪਾ ਉਸਦਾ ਚੇਲਾ ਦਸੀਦਾ ਹੈ । ਸ਼ਾਇਦ ਰਾਜ ਛਡ ਕੇ ਕਾਂਸ਼ੀ ਜਾ ਚੇਲਾ ਬਣਿਆ ਹੋਣਾ ਏ । ਸਾਡੇ ਖਿਆਲ ਵਿਚ ਤਾਂ ਸਾਰੀ ਕਹਾਣੀ ਈ ਮਨ-ਘੜਤ ਹੈ ।

———

Sri Satguru Jagjit Singh Ji Elibrary NamdhariElibrary@gmail.com

# ਸ਼ਹਿਨਸ਼ਾਹ ਕਨਿਸ਼ਕ

ਪੁਰਾਣੇ ਸਮਿਆਂ ਵਿੱਚ ਕਾਬਲ ਤੇ ਪੱਛਮੀ ਪੰਜਾਬ ਇਕ ਦੇਸ ਹੁੰਦਾ ਸੀ ਤ ਗੰਧਾਰਾ ਕਹਾਂਦਾ ਸੀ। ਜੇਹਲਮ ਰਾਵੀ ਦੇ ਵਿਚਕਾਰਲਾ ਇਲਾਕਾ, ਮਧਰਾ ਦੇਸ; ਤੇ ਸਤਲੁਜ ਤੋਂ ਗੰਗਾ ਤੱਕ, ਆਰੀਆ ਵਰਤ ਦੀਆਂ ਰਿਆਸਤਾਂ, ਕੰਧਾਰ ਦਾ ਇਲਾਕਾ ਅਰਚੋਸ਼ਿਆਂ ਸਦਾਂਦਾ ਸੀ। ਵੇਖੋ ਪੁਰਾਣੇ ਭਾਰਤ ਦਾ ਨਕਸ਼ਾ।

ਕੁਸ਼ਨ ਖ਼ਾਨਦਾਨ ਦਾ ਮੋਢੀ ਤੇ ਸਭ ਤੋਂ ਵੱਡਾ ਰਾਜਾ ਸ਼ਹਿਨਸ਼ਾਹ ਕਨਿਸ਼ਕ ਸੀ।

ਇਸ ਦੇ ਰਾਜ ਗੱਦੀ ਤੇ ਬੈਠਣ ਦੀ ਤਾਰੀਖ਼ ਕੋਈ ਤੇ ਸੰ: ੫੯ B.C. ਤੇ ਕੋਈ ਸੰਨ ੭੯ ਈ: ਦਸਦੇ ਨੇ। ਹੁਣ ਹੈਰਾਨੀ ਇਹ ਹੈ ਕਿ ਬਿਕ੍ਰਮੀ ਸੰਮਤ ਮਸੀਹ ਤੋਂ ੫੯ ਵਰ੍ਹੇ ਪਹਿਲੇ ਤੇ ਸਲਵਾਹਨ ਦਾ ਸਾਕਾ ਸੰਮਤ ਮਸੀਹ ਤੋਂ ੭੯ ਵਰ੍ਹੇ ਪਿਛੋਂ ਦਾ ਹੈ। ਰਾਜਾ ਕਨਿਸ਼ਕ ਦੀ ਰਾਜਧਾਨੀ ਪਿਛਾਵਰ ਸੀ, ਰਾਜਾ ਕਨਿਸ਼ਕ ਨੇ ਉੱਤਰ ਵਲ ਕਸ਼ਮੀਰ, ਤੇ ਪੂਰਬ ਵਲ ਮੱਥਰਾ, ਤੇ ਦੱਖਣ ਵਲ, ਬਿੰਧੀਆਚਲ ਤੱਕ ਆਪਣਾ ਰਾਜ ਵਧਾਇਆ। ਤੇ ਇਸ ਨੇ ਕਸ਼ਮੀਰੋਂ ਪਰੇ ਚੀਨ ਦਾ ਇਲਾਕਾ ਵੀ ਫ਼ਤਹਿ ਕੀਤਾ। ਪੱਛਮ ਵਲ ਕੰਧਾਰ, ਅਰ (ਚੋਸ਼ਿਆਇ) ਇਸਦੇ ਤਹਿਤ ਸੀ। ਇਸ ਦੇ ਵੱਡੇ ਸੂਬੇ ਉਜੈਨ ਤੇ ਮਥਰਾ ਵਿਚ ਸਨ, ਜਿਨ੍ਹਾਂ ਨੂੰ ਸੈਟ੍ਰਾਪੀ (Satrapy) ਆਖਦੇ ਸਨ। ਅਤੇ ਦੱਖਣ ਦੀਆਂ ਰਿਆਸਤਾਂ, ਜੀਕਣ, ਅੰਧਰਾ ਖ਼ਾਨਦਾਨ ਦੇ ਰਾਜੇ ਕਈ ਮੁਦਤਾਂ ਤੱਕ ਆਪਣੇ ਆਪ ਨੂੰ ਉਜੈਨ ਦੇ ਸਾਕੇ-ਸੂਬੇ ਦੇ ਮਤਹਿਤ ਮੰਨਦੇ ਰਹੇ, ਤੇ ਉਸ ਨੂੰ ਟੱਕੇ ਭਰਦੇ ਰਹੇ। ਇਸ ਦਾ ਰਾਜ ਤੇਜ ਐਨਾ ਵੱਡਾ ਸੀ ਕਿ ਇਸ ਨੇ ਕਸ਼ਮੀਰ ਲੰਘ ਕੇ ਚੀਨ ਤੇ ਹਮਲਾ ਵੀ ਕੀਤਾ। ਇਕ ਵਾਰੀ ਭਾਂਝ ਖਾਧੀ, ਪਰ ਅੰਤ ਨੂੰ ਕਾਸ਼ਗਰ ਤੇ ਖ਼ੁਤਨ ਫ਼ਤਹਿ ਕਰ ਹੀ ਲਿਆ। ਓਧਰ ਪਾਤਲੀ ਪੁਤਰ ਤੱਕ ਪੁੱਜ ਗਏ। ਤੇ ਉਥੋਂ ਇਕ ਮਸ਼-ਹੂਰ ਬੋਧੀ ਸਾਧੂ ਅਸਵਗੋਸ਼ (Asvaghosha) ਨੂੰ ਨਾਲ ਲੈ ਆਇਆ, ਪਰ ਮਗਧ ਦੇਸ ਤੇ ਰਾਜ ਨਹੀਂ ਜਮਾ ਸਕਿਆ।

ਕਸ਼ਮੀਰ ਦੇ ਇਤਿਹਾਸ ਰਾਜ ਤ੍ਰੰਗਨੀ ਵਿਚ "ਕਲ੍ਹਨਾ" ਕਵੀ ਲਿਖਦਾ ਹੈ



Sri Satguru Jagjit Singh Ji Elibrary NamdhariElibrary@gmail.com

ਕਿ; ਇਸ ਦੇਸ ਵਿਚ ਤਿੰਨ ਰਾਜੇ ਹੋਏ, ਜਿਨ੍ਹਾਂ ਦੇ ਨਾਂ ਹਸ਼ਕੁ, ਜਸ਼ਕੁ ਤੇ ਕਨਿਸ਼ਕ ਸਨ। ਜਿਨ੍ਹਾਂ ਨੇ ਤਿੰਨ ਸ਼ਹਿਰ ਆਪਣੇ ਆਪਣੇ ਨਾਂ ਤੇ ਵਸਾਏ। ਜਸ਼ਕ ਨੇ ਜਸ਼ਕਪੁਰਾ ਤੇ ਉੱਥੇ (ਵਿਹਾਰਾ) ਮੰਦਰ ਬਣਵਾਇਆ, ਤੇ ਜੈਸਵਾਮੀ ਪੁਰ ਦੀ ਨੀਂਹ ਵੀ ਇਸੇ ਨੇ ਰੱਖੀ ਸੀ। ਤੇ ਕਨਿਸ਼ਕ ਨੇ ਕਨਿਸ਼ਕ ਪੁਰਾ ਬਣਾਇਆ, ਜਿਸ ਦੇ ਖੋਲੇ ਹੁਣ ਕੰਸਪੁਰ ਪਿੰਡ ਵਿਚ ਬਾਰਾਮੂਲਾ ਕਸ਼ਮੀਰ ਦੀ ਸੜਕ ਦੇ ਲਾਗੇ ਮਿਲਦੇ ਹੈਨ। ਹੁਸ਼ਿਕ ਤੇ ਕਨਿਸ਼ਕ ਦੇ ਵੇਲੇ ਦੇ ਸਿੱਕੇ ਵੀ ਉਥੇ ਆਮ ਮਿਲਦੇ ਨੇ। ਇਨ੍ਹਾਂ ਰਾਜਿਆਂ ਦੇ ਵੇਲੇ ਬੁਧ ਧਰਮ ਈ ਕਸ਼ਮੀਰ ਵਿਚ ਪ੍ਰਧਾਨ ਸੀ।

ਇਨ੍ਹਾਂ ਰਾਜਿਆਂ ਦਾ ਸਮਾ ਕਲ੍ਹਨ, ਨਿਰਵਾਨ ਤੋਂ ੧੫੦ ਵਰ੍ਹੇ ਪਿਛੇ ਲਿਖਦਾ ਹੈ। ਜਿਸਦਾ ਮਤਲਬ (੪੮੭—੧੫੦) ੩੩੭ ਵਰ੍ਹੇ ਮਸੀਹ ਤੋਂ ਪਹਿਲੇ ਦਾ ਹੋਇਆ। ਮਹਾਤਮਾ ਬੁਧ ਮਸੀਹ ਤੋਂ ੪੮*, ਵਰ੍ਹੇ ਪਹਿਲੇ ਮੋਏ ਸਨ। ਪਰ ਇਹ ਸਮਾਂ ਠੀਕ ਨਹੀਂ ਮਲੂਮ ਹੁੰਦਾ, ਕਿਉਂਕਿ ਉਸ ਸਮੇਂ ਦੇ ਨੇੜੇ ਨੇੜੇ ਮਹਾਰਾਜਾ ਚੰਦਰ ਗੁਪਤ ਤੇ ਅਸ਼ੋਕ ਦਾ ਰਾਜ ਕਾਇਮ ਹੋਇਆ ਤੇ ਉਸ ਨੇ ਯਵਨਾ ਦੇ ਪੰਜੇ ਤੋਂ ਦੇਸ ਨੂੰ ਛੁਡਾਇਆ ਸੀ। ਐਪਰ ਇਹ ਗਲ ਸਿੱਧ ਹੈ ਕਿ ਕਨਿਸ਼ਕ ਦਾ ਰਾਜ ਕਸ਼ਮੀਰ ਵਿੱਚ ਵੀ ਸੀ, ਚਾਹੇ ਸਮਾਂ ਗਲਤ ਹੋਵੇ; ਕਨਿਸ਼ਕ ਨੇ ੪੫ ਵਰ੍ਹੇ ਦੇ ਕਰੀਬ ਰਾਜ ਕੀਤਾ। ਪਰ ਇਸ ਦੇ ਪਿੱਛੋਂ ਰਾਜਾ ਵਾਸਦੇਵਾ ਦੇ ਵੇਲੇ, ਕੁਸ਼ਨ ਖ਼ਾਨਦਾਨ ਦੇ ਰਾਜ ਦੀਆਂ ਜੜ੍ਹਾਂ ਹਿੱਲ ਗਈਆਂ ਸਨ, ਤੇ ਉਸ ਦੇ ਪਿਛੋਂ ਤਾਂ ਕੁਸ਼ਨ ਖ਼ਾਨਦਾਨ ਦੇ ਨਾਂ ਦਾ ਪਤਾ ਨਹੀਂ ਲਗਦਾ। ਇਹ ਤੀਜੀ ਚੌਥੀ ਸਦੀ ਈਸਵੀ ਦੇ ਅੱਧ ਦੀ ਗਲ ਹੈ।

ਕੁਸ਼ਨ ਦੇ ਸ਼ਾਹੀ ਖਾਨਦਾਨ ਦੇ ਅੰਤਲੇ ਸਿਕਿਆਂ ਤੇ ਪਾਰਸੀ ਨਿਸ਼ਾਨ ਵੀ ਹੈਨ, ਜੀਕਣ ਇਕ ਸਿਕੇ ਤੇ ਇਕ ਪਾਸੇ ਬ੍ਰਹਮੀ ਅੱਖਰਾਂ ਵਿਚ ਲਿਖਿਆ ਏ ;—"ਪਾਸਨਾ, ਨੂ, ਸ਼ੀਲਦਾ"। ਤੇ ਦੂਜੇ ਪਾਸੇ ਨਿਸ਼ਾਨ ਹੈ ਅੱਗ ਦੀ ਅੰਗੀਠੀ ਦਾ। ਜਿਸ ਤੋਂ ਸਿੱਧ ਹੈ ਕਿ ਪੰਜਾਬ ਦਾ ਫੇਰ ਈਰਾਨ ਨਾਲ ਸਬੰਧ ਹੋ ਗਿਆ ਸੀ। ਇਸ ਵਿਚ ਅਚਰਜ ਵੀ ਕੀ ਹੈ, ਪਰ ਜ਼ਰੂਰੀ ਨਹੀਂ, ਸਾਕੇ ਤੇ ਪਾਰਥੀ ਲੋਕ ਰਲ ਮਿਲ ਚੁਕੇ ਸਨ। ਉਤਰੀ ਤੁਰਕਿਸ-ਤਾਨ ਵਿਚ ਹੇਠਾਂ ਨੂੰ ਟੁਰਦਿਆਂ ਟੁਰਦਿਆਂ ਸਾਕਾ ਕੌਮ ਈਰਾਨ ਵਿਚ ਗਈ ਸੀ, ਤੇ ਉਥੋਂ ਉਨ੍ਹਾਂ ਨੇ ਈਰਾਨੀਆਂ ਦੇ ਮੱਤ ਨੂੰ ਗ੍ਰਹਿਣ ਕਰ ਲਿਆ ਹੋਣਾ ਏ ਤੇ ਫੇਰ, ਪੰਜਾਬ ਵਿਚ ਜਦ ਆਪਣੇ ਭਰਾਵਾਂ ਨਾਲ ਰਲ ਮਿਲ ਗਏ, ਸਾਕਿਆਂ ਨੇਂ ਪਾਰਸੀ ਨਿਸ਼ਾਨ ਅਗਨੀ ਪੂਜਾ ਦਾ ਵੀ ਸ਼ਾਮਲ ਕਰ ਲਿਤਾ। ਪਿਛੋਂ ਇਹ ਬੋਧੀ ਮੱਤ ਵਿਚ ਆ ਗਏ, ਤੇ ਰਾਜਾ ਕਨਿਸ਼ਕ ਦੇ ਵੇਲੇ ਬੋਧ ਧਰਮ ਦਾ ਇਕ ਵੱਡਾ ਇਕੱਠ; ਧਾਰਮਕ ਵਿਚਾਰ ਲਈ ਹੋਇਆ ਸੀ। ਹੁਣ ਕੁਸ਼ਨ ਤੇ ਅੰਧਰਾ ਖ਼ਾਨਦਾਨਾਂ ਦੇ ਨਸ਼ਟ ਹੋਣ ਦੇ ਸਮੇਂ ਤੋਂ (੨੨੦ ਤੋਂ ੨੩੦ ਸੰਨ ਈ:) ਲੈ ਕੇ ਗੁਪਤਾ ਖਾਨਦਾਨ ਦੀ ਚੜ੍ਹਦੀ ਕਲਾ (੩੨੦ ਸੰ: ਈ:) ਤੱਕ, ਭਾਰਤ ਦੇ ਇਤਿਹਾਸ ਦਾ ਕੁਝ ਪਤਾ ਨਹੀਂ ਲਗਦਾ। ਪਰ ਕੁਸ਼ਨ ਖ਼ਾਨਦਾਨ ਦੇ ਰਾਜੇ ਕਾਬਲ

*ਓਲਡਨਬਰਗ ੪੮੦ ਵਰ੍ਹੇ ਲਿਖਦਾ ਹੈ।

Sri Satguru Jagjit Singh Ji Elibrary NamdhariElibrary@gmail.com

ਵਿਚ ਪੰਜਵੀਂ ਸਦੀ ਤੱਕ ਰਾਜ ਕਰਦੇ ਰਹੇ ਸਿੱਧ ਹੈ।

## ਰਾਜਾ ਬਿਕ੍ਰਮਾਜੀਤ

ਰਾਜਾ ਬਿਕ੍ਰਮਾਦਿਤਯ ਮਾਲਵੇ ਦਾ ਮਸ਼ਹੂਰ ਰਾਜਾ ਸੀ, ਇਸ ਨਾਂ ਦੇ ਕਈ ਰਾਜੇ ਹੋਏ ।ਉਜੈਨ ਇਸ ਦੀ ਰਾਜਧਾਨੀ ਸੀ। ਕੁਝ ਇਤਿਹਾਸਾਂ ਵਿਚ ਰਾਜਾ ਸਲਵਾਹਨ ਤੇ ਬਿਕ੍ਰਮਾਜੀਤ ਦੀ ਲੜਾਈ ਲਿੱਖੀ ਹੈ, ਬਿਕ੍ਰਮਾਜੀਤ ਨੇ ਸਿਆਲਕੋਟ ਤੇ ਹਮਲਾ ਕੀਤਾ ਸੀ, ਤੇ ਸਲਵਾਹਨ ਨੇ ਉਸਨੂੰ ਭਾਂਜ ਦਿਤੀ। ਇਸ ਦਾ ਜ਼ਿਕਰ ਕਸ਼ਮੀਰ ਰਾਜ ਤ੍ਰੰਗਣੀ ਵਿਚ ਵੀ ਹੈ। ਰਾਜਾ ਬਿਕ੍ਰਮਾਜੀਤ ਦਾ ਮਸ਼ਹੂਰ ਸੰਮਤ ਜੋ ਉਤਰੀ ਹਿੰਦ ਵਿਚ ਵਰਤਿਆ ਜਾਂਦਾ ਹੈ, ਮਸੀਹ ਸੰਨ ਤੋਂ ੫੭-੫੮ ਵਰ੍ਹੇ ਪਹਿਲੇ ਦਾ ਹੈ। ਪਰ ਇਤਿਹਾਸ ਸਾਨੂੰ ਉਸ ਸਮੇਂ ਦੇ ਮਾਲਵੇ ਜਾਂ ਕਿਸੇ ਹੋਰ ਥਾਂ ਦੇ, ਰਾਜਾ ਬਿਕ੍ਰਮਾਜੀਤ ਦਾ ਥਹੁ ਪਤਾ ਨਹੀਂ ਦਸਦਾ। ਸਭ ਤੋਂ ਪੁਰਾਣਾ ਰਾਜਾ ਜਿਸ ਨੇ ਬਿਕ੍ਰਮਾਜੀਤ ਦਾ ਲਕਬ ਆਪਣੇ ਨਾਂ ਨਾਲ ਲਾਇਆ, ਉਹ ਮਹਾਰਾਜਾ ਚੰਦਰ ਗੁਪਤਾ ਦੂਜਾ ਸੀ, ਜਿਸ ਨੇ ਚਾਲ੍ਹੀ ਕੁ ਵਰ੍ਹੇ ਰਾਜ ਕੀਤਾ, ਤੇ ਸੰਨ ੪੧੩ ਈ: ਵਿਚ ਮਰ ਗਿਆ। ਇਹ ਮਹਾਰਾਜਾ ਆਪ ਪੱਕਾ ਹਿੰਦੂ ਸੀ ਤੇ ਵਿਸ਼ਨੂੰ ਦਾ ਭਗਤ ਸੀ, ਪਰ ਇਸ ਨੇ ਬੋਧ ਤੇ ਜੈਨ ਮਤ ਦੇ ਪ੍ਰਬੰਧ ਵਿਚ ਦਖ਼ਲ ਨਹੀਂ ਸੀ ਦਿੱਤਾ। ਬ੍ਰਾਹਮਣਾਂ ਵਿਚ ਇਹੀ ਮਸ਼ਹੂਰ ਹੋਇਆ ਹੈ। ਹੋਰਨਾਂ ਕਈ ਰਾਜਿਆਂ ਨੇ ਵੀ ਬਿਕ੍ਰਮਾਜੀਤ ਦਾ ਲਕਬ ਆਪਣੇ ਨਾਵਾਂ ਨਾਲ ਲਾਇਆ ਸੀ। ਪਰ ਅਸੀਂ ਅੱਗੇ ਚਲਕੇ ਖੋਲ੍ਹਕੇ ਇਸ ਗਲ ਨੂੰ ਸਾਬਤ ਕਰ ਦਿਆਂਗੇ ਕਿ ਬਿਕ੍ਰਮਾਦਿਤਯ, ਨਿਰਾ ਇਕ "ਲਕਬ" ਈ ਸੀ, ਨਾਂ ਨਹੀਂ ਸੀ । ਹੁਣ ਬਿਕ੍ਰਮਾਦਿਤਯ ਦੇ ਨੌ-ਰਤਨਾਂ ਵਿਚ ਕਾਲੀਦਾਸ ਵੀ ਗਿਣਿਆ ਜਾਂਦਾ ਹੈ, ਅਤੇ ਕਾਲੀਦਾਸ ਦਾ ਸਮਾਂ ਇਤਹਾਸਕਾਰਾਂ ਨੇ ਚੰਦਰ ਗੁਪਤਾ ੨. ਬਿਕ੍ਰਮਾਜੀਤ ਤੇ ਕੁਮਾਰ ਗੁਪਤਾ ੧. ਦੇ ਰਾਜਾਂ ਵਿਚ ਰਖਿਆ ਹੈ। ਇਸਨੂੰ ਪੰਜਵੀਂ ਸਦੀ ਦੇ ਸ਼ੁਰੂ ਵਿਚ ਰੱਖਣਾ ਗ਼ਲਤ ਹੈ, ਇਸ ਤੋਂ ਸਿੱਧ ਹੈ ਕਿ ਮਸ਼ਹੂਰ ਬਿਕ੍ਰਮਾਜੀਤ ਅਸਲ ਵਿਚ ਚੰਦਰਗੁਪਤਾ ਦੂਜਾ ਈ ਹੋਣਾ ਏ। ਇਸ ਕਰਕੇ ਬਿਕ੍ਰਮੀ ਸੰਮਤ ਬਿਕ੍ਰਮਾਜੀਤ ਦਾ ਨਹੀਂ, ਕਿਸੇ ਹੋਰ ਰਾਜੇ ਦਾ ਹੋਵੇ ਤੇ ਹੋਵੇ। ਪਰ ਬ੍ਰਹਿਮਣਾਂ ਨੇ ਬਿਕ੍ਰਮਾਜੀਤ ਨਾਲ ਜੋੜਕੇ ਆਪਣਾ ਬਣਾ ਲਿਆ ।

(ਵੇਖੋ ਉਜੈਨ ਤੇ ਬਿਕ੍ਰਮੀ ਸੰਮਤ ਦਾ ਹਾਲ)

## ਰਾਜਾ ਹੋਡੀ

ਰਾਜਾ ਰਸਾਲੂ ਦੀਆਂ ਵਾਰਾਂ ਵਿਚ ਰਾਜਾ ਹੋਡੀ ਮਸ਼ਹੂਰ ਹੈ, ਕਿਉਂ ਕਿ ਇਸਨੇ ਰਾਣੀ ਕੋਕਲਾਂ ਨਾਲ ਯਰਾਨਾ ਲਾਇਆ ਸੀ, ਤੇ ਰਾਜਾ ਰਸਾਲੂ ਨੇ ਇਸ ਨੂੰ ਕੋਕਲਾਂ ਦੇ ਮਹਿਲੋਂ ਉਤਰਦਿਆਂ ਮਾਰਿਆ ਸੀ। ਇਹ ਵੀ ਲਿਖਿਆ ਹੈ ਕਿ ਰਾਜਾ ਹੋਡੀ ਦੇ ਭਰਾਵਾਂ ਨੇ ਰਸਾਲੂ ਨੂੰ ਮਾਰ ਫ਼ਨਾਹ ਕੀਤਾ।

ਇਤਿਹਾਸ ਵਿਚ ਹੋਡੀ ਦਾ ਨਾਂ ਨਹੀਂ, ਹਾਂ ਪਰ ਰਾਵਲਪਿੰਡੀ ਦੇ ਗੇਜ਼ੀਟੀਅਰ ਤੇ ਕਨਿੰਘਮ ਸਾਹਿਬ ਦੀਆਂ ਖੋਲੇ ਖੋਜ ਰਪੋਰਟਾਂ ਵਿਚ ਜ਼ਿਕਰ ਹੈ। ਵੇਖੋ (Rawalpindi

Distt. gazetteer) ਰਾਵਲਪਿੰਡੀ ਗੈਜ਼ੀਟੀਅਰ। ਰਾਜਾ ਹੋਡੀ ਗੱਖੜ ਸੀ, ਗੱਖੜ ਈਰਾਨ ਤੋਂ ਆਏ, ਬਾਜ਼ੇ ਹੋਡੀ ਨੂੰ ਸਾਕਾ ਆਖਦੇ ਨੇ। ਕਿਉਂ ਜੁ ਗੱਖੜ ਵੀ ਸਾਕਿਆਂ ਜਾਂ ਟਕਾ ਲੋਕਾਂ ਦੀ ਔਲਾਦ ਆਖੇ ਜਾਂਦੇ ਨੇ। ਟਕਾ ਜਾਂ ਤੱਛਕ ਕੌਮ ਦੇ ਲੋਕ ਰਾਵਲ-ਪਿੰਡੀ ਦੇ ਇਲਾਕੇ ਵਿਚ (ਸਿੰਧ ਸਾਗਰ ਦੁਆਬੇ ਵਿਚ) ਮਸੀਹ ਤੋਂ ਕਈ ਸਦੀਆਂ ਪਹਿਲੇ ਆਏ ਹੋਏ ਸਨ। ਗੱਖੜ ਤੇਰ੍ਹਵੀਂ ਸਦੀ ਵਿਚ ਮੁਸਲਮਾਨ ਹੋਏ, ਤੇ ਇਹ ਮਾਹਮੂਦ ਗ਼ਜ਼ਨਵੀ ਨਾਲ ਵੀ ਖ਼ੂਬ ਲੜੇ ਸਨ। ਗੱਖੜਾਂ ਦਾ ਮਸੀਹ ਦੀ ਦੂਸਰੀ ਸਦੀ ਵਿਚ ਇਸ ਇਲਾਕੇ ਵਿਚ ਜ਼ੋਰ ਦਸਿਆ ਜਾਂਦਾ ਹੈ ਤੇ ਨਾਲ ਈ: ਸੰਨ ੩੬੦ ਈ: ਦੇ ਕਰੀਬ ਰਾਜਾ ਹੋਡੀ ਦਾ ਰਾਜ ਇਸ ਇਲਾਕੇ ਵਿਚ ਦਸਿਆ ਹੈ। ਉਸਨੇ ਸਿਆਲਕੋਟ ਤੇ ਹਮਲਾ ਕੀਤਾ, ਪਰ ਰਸਾਲੂ ਨੇ ਆਪਣੀ ਧੀ ਦਾ ਡੋਲਾ ਦੇਣ ਦਾ ਇਕਰਾਰ ਕਰਕੇ ਸੁਲਾਹ ਕਰ ਲਿਤੀ। ਪਰ ਰਸਾਲੂ ਅਪਣੇ ਇਕਰਾਰ ਤੇ ਪੂਰਾ ਨਾ ਰਿਹਾ। ਪਿਛੋਂ ਰਸਾਲੂ ਦੀ ਧੀ ਹੋਡੀ ਨਾਲ ਨਿਕਲ ਗਈ, ਤੇ ਲਾਹੌਰ ਦੇ ਕੋਲ ਲੂਮ ਪਿੰਡ ਵਿਚ ਰਹੀ। ਹੋਡੀ ਨੇ ਰਸਾਲੂ ਨੂੰ ਭਾਂਜ ਦਿੱਤੀ ਤੇ ਸਿਆਲਕੋਟ ਦਾ ਰਾਜ ਸਾਂਭ ਲਿਆ। ਪਰ ਰਸਾਲੂ ਦੀ ਧੀ ਹੋਡੀ ਦੇ ਕੋਲ ਸੀ, ਸੁਲਾਹ ਹੋਣੀ ਈ ਸੀ। ਅੰਤ ਹੋਡੀ ਦਾ ਵਿਆਹ ਕੁਮਾਰੀ ਨਾਲ ਹੋ ਗਿਆ ਤੇ ਉਸਦਾ ਨਾਂ ਰਾਣੀ ਸਾਰਿੰਗ ਰਖਿਆ ਗਿਆ। ਅਤੇ ਸਿਆਲਕੋਟ ਦਾ ਰਾਜ ਰਸਾਲੂ ਦੇ ਪਿਛੋਂ, ਰਾਜਾ ਹੋਡੀ ਦੇ ਪੁੱਤਰ ਰਾਜਾ ਕਰਮ ਦੇ, ਜਿਹੜਾ ਰਸਾਲੂ ਦਾ ਦੋਹਤਰਾ ਸੀ, ਹੱਥ ਆਇਆ ਸੀ। ਰਾਜਾ ਰਸਾਲੂ ਸੰਨ ੬੦੦ ਈ: ਵਿਚ ਮਰ ਗਿਆ। ਵੇਖੋ ਸਿਆਲਕੋਟ ਦਾ ਗੈਜ਼ੀਟੀਅਰ (Gazetteer of Sialkcte)। ਰਾਜਾ ਹੋਡੀ ਨੂੰ ਇਕ ਪ੍ਰਸੰਗ ਵਿਚ ਰਾਜਾ ਅਟਕੀ ਮਲ ਦਾ ਪੁੱਤਰ ਲਿਖਿਆ ਹੈ। ਤੇ ਇਕ ਵਿਚ ਰਾਜਾ ਭੱਟੀ ਦਾ ਜਿਸ ਤੋਂ ਇਹ ਅਨੁਮਾਨ ਹੋ ਸਕਦਾ ਹੈ ਕਿ ਉਹ ਹੋਡੀ ਇਕ ਰਾਜਕੁਮਾਰ ਸੀ, ਜਿਹੜਾ ਕੋਕਲਾਂ ਦਾ ਮਿੱਤਰ ਸੀ ਤੇ *ਖੱਗੜ ਤੇ ਭੱਟੀ ਸ਼ੈਦ ਤੱਛਕ ਵਿਚੋਂ ਹੋਣ।

ਸਰ ਰਿਚਰਡ ਟੈਂਪਲ ਸਾਹਿਬ ਕਲਕੱਤਾ ਰੀਵੀਊ (Calcutta Review) ੧੮੮੪ ਵਿਚ ਰਾਜਾ ਹੋਡੀ ਨੂੰ ਰਾਜਾ ਰਸਾਲੂ ਦਾ ਵੈਰੀ ਤੇ ਬਿਜੈਈ ਲਿਖਦੇ ਨੇ। ਪਰ ਇਸਦਾ ਅਸਲ ਥੌਹ ਪਤਾ ਰਸਾਲੂ ਨਾਲੋਂ ਵੀ ਢੇਰ ਹਨੇਰੇ ਵਿਚ ਪਿਆ ਹੈ। ਰਾਵਲ-ਪਿੰਡੀ, ਜੇਹਲਮ, ਸਿਆਲਕੋਟ ਦੇ ਜ਼ਿਲਿਆਂ ਵਿਚ ਹੋਡੀ ਦਾ ਨਾਂ ਢੇਰ ਲਿਆ ਜਾਂਦਾ ਹੈ। ਹੋਡੀ ਦੇ ਨਾਂ ਤੇ ਹੋਡੀ ਨਗਰ, ਓਦੀ ਨਗਰਾਂ ਦੇ ਨਿਸ਼ਾਨ ਵੀ ਕਈ ਥਾਂਈਂ ਮਿਲਦੇ ਨੇ।

---

*ਗੱਖੜਾਂ ਨੂੰ ਕੋਈ ਤੇ ਈਰਾਨੀ ਤੇ ਕੋਈ ਤੂਰਾਨੀ ਨਸਲ ਦਾ ਲਿਖਦਾ ਹੈ। ਸੌ ਵਿਸਵਾ ਇਹ ਤੂਰਾਨੀ ਤੱਛਕ ਸਨ।

ਫ਼ਿਸ਼ਤਾ ਲਿਖਦਾ ਹੈ ਕਿ ਗੱਖੜ ਇਕ ਬਹਾਦਰ, ਵਾਹਸ਼ੀ ਕੌਮ ਸੀ ਜਿਹੜੀ ਪਹਾੜ ਵਿਚ ਵੱਸਦੀ ਸੀ, ਜਿਨ੍ਹਾਂ ਦਾ ਧਰਮ ਕੋਈ ਨਹੀਂ ਸੀ। ਇਕ ਤੀਵੀਂ ਦੇ ਕਈ ਖਸਮ, (Polyandry) ਤੇ ਕੁੜੀ ਮਾਰਨੇ ਦੀ ਰਸਮ ਦਾ ਉਨ੍ਹਾਂ ਵਿਚ ਰਵਾਜ ਸੀ (Page 214. Glossary VOL. II)।

Sri Satguru Jagjit Singh Ji Elibrary NamdhariElibrary@gmail.com

ਹੋਡੀ ਦੇ ਨਾਂ ਨਾਲ ਛਪੀਆਂ ਕਈ ਇਮਾਰਤਾਂ ਹੈਨ ਜਿਨ੍ਹਾਂ ਨੂੰ ਕੋਈ ਖੋਜੀ ਈਰਾਨੀ ਬਾਦ-ਸ਼ਾਹ ਅਫ਼ਰਾਸਿਆਬ ਨਾਲ ਵੀ ਮਿਲਾ ਦਿੰਦੇ ਨੇ। ਪਰ ਅਫ਼ਰਾਸਿਆਬ ਦਾ ਸਮਾਂ ਖਿਸਰੋ ਆਜ਼ਮ ਦੇ ਨਾਲ ਨਾਲ ਈ ਹੋ ਸਕਦਾ ਹੈ, ਜਿਹੜਾ ੬੦੦ ਸਦੀ ਮਸੀਹ ਤੋਂ ਪਹਿਲੇ ਸੀ। ਹੋਡੀ ਦਾ ਸਮਾਂ ਖੋਜ ਤੋਂ ਤੀਸਰੀ ਸਦੀ ਈ: ਜਾਪਦਾ ਹੈ। ਇਸ ਕਰਕੇ ਹੋਡੀ ਦੇ ਖੋਲੇ ਅਫ਼ਰਾਸਿਆਬ ਦੇ ਨਹੀਂ ਜਾਪਦੇ। ਪਰ ਫ਼ਰਗੂਸਨ (Fergusson) ਹੋਡੀ ਦੀਆਂ ਇਮਾਰਤਾਂ ਦਾ ਸਮਾਂ ਅੱਠਵੀਂ ਸਦੀ ਵਿਚ ਰੱਖਦਾ ਹੈ।

ਇਹ ਮੁਮਕਿਨ ਹੈ ਕਿ ਰਸਾਲੂ ਪੌਰਾਣਿਕ ਜਾਂ ਹਿੰਦੂ ਮਤ ਵਿਚ ਮੁੜ ਚਲਾ ਗਿਆ ਹੋਵੇ, ਤੇ ਉਸਨੇ ਬੋਧ ਮਤ ਦੇ ਰਾਜਾ ਹੋਡੀ ਨੂੰ ਭਾਂਜ ਦਿਤੀ ਹੋਵੇ। ਫ਼ੇਰ ਸਿਆਲ-ਕੋਟ ਤੇ ਗੱਖੜਾਂ ਦੇ ਪਰਸੰਗ, ਹੋਡੀ ਨੂੰ ਚੌਥੀ ਸਦੀ ਵਿਚ ਦਸਦੇ ਨੇ। ਉਸ ਨੂੰ ਰਸਾਲੂ ਦਾ ਵਿਜੇਈ ਵੀ ਦਸਦੇ ਨੇ। ਪਰ ਜੇ ਅਸੀਂ ਥਾਮਸ (Thomas) ਦਾ ਖ਼ਿਆਲ ਕਿ ਕੁਸ਼ਿਨ ਕਦਾਰਾ (Kushen Kidara) ਦੇ ਆਮ ਸਿੱਕੇ ਜਿਹੜੇ ਸਾਨੂੰ ਮਿਲਦੇ ਨੇ, ਉਹ ਹੋਡੀ ਦੇ ਸਿੱਕੇ ਮੰਨ ਲਈਏ, ਤਾਂ ਹੋਡੀ ਦਾ ਸਮਾਂ ਤੀਸਰੀ ਸਦੀ ਵਿੱਚ ਜਾ ਪੈਂਦਾ ਹੈ।

## ਰਾਜਾ ਭੋਜ

ਰਾਜਾ ਰਸਾਲੂ ਦੇ ਪਰਸੰਗ ਵਿੱਚ ਰਾਜਾ ਭੋਜ ਦਾ ਨਾਂ ਵੀ ਆਉਂਦਾ ਹੈ। (ਵੇਖੋ Swynnerton 1908) Pp. 82.) ਹੁਣ ਰਾਜਾ ਭੋਜ ਤਿੰਨ ਹੋਏ ਨੇ। ਇਕ ਕਨੌਜ ਦਾ ਰਾਜਾ ਮਹੀਰਾ ਰਾਜਾ ਰਾਮ ਭੱਦਰ ਦਾ ਪੁੱਤਰ, ਜਿਸ ਨੇ ਸੰ: ੮੪੦ ਤੋਂ ੮੯੦ ਈ: ਤੱਕ ਰਾਜ ਕੀਤਾ। ਇਹ ਵੀ ਬੜਾ ਬਲਵਾਨ ਰਾਜਾ ਸੀ, ਤੇ ਇਸ ਦਾ ਹੁਕਮ ਹੇਠ ਲਿਖੇ ਦੇਸ਼ਾਂ ਤੇ ਸੀ; ਪੰਜਾਬ ਦਾ ਪੂਰਬੀ ਇਲਾਕਾ, ਰਾਜਪੂਤਾਨੇ ਦਾ ਢੇਰ ਸਾਰਾ ਹਿੱਸਾ ਤੇ ਅੱਜ ਕਲ ਦੇ ਸੂਬਾ ਯੂ. ਪੀ. ਦਾ ਢੇਰ ਸਾਰਾ ਹਿੱਸਾ ; ਤੇ ਗਵਾਲੀਅਰ ਰਿਆਸਤ ਦਾ ਇਲਾਕਾ।

ਫੇਰ ਦੂਜਾ ਭੋਜ ਰਾਜਾ ਮਹਿੰਦਰ ਪਾਲ ਦਾ ਪੁੱਤਰ ਸੀ ਜਿਸਨੇ ਦੋ ਤਿੰਨ ਸਾਲ ਈ ਰਾਜ ਕੀਤਾ।

ਤੀਸਰਾ ਰਾਜਾ ਭੋਜ ਮਾਲਵੇ ਦਾ ਰਾਜਾ ਸੀ, ਜਿਸ ਨੇ ਸੰਨ ੧੦੧੮ ਈ: ਤੋਂ ਚਾਲੀ ਵਰ੍ਹੇ ਤਕ ਮਾਲਵੇ ਵਿੱਚ ਰਾਜ ਕੀਤਾ। ਇਹ ਰਾਜਾ ਬੜਾ ਗੁਣੀ, ਵਿਦਵਾਨ, ਨਿਆਂਕਾਰੀ ਤੇ ਬਹਾਦਰ ਸੀ। ਇਸਦੇ ਦਰਬਾਰ ਵਿੱਚ ਬਿਕ੍ਰਮਾਜੀਤ ਵਾਂਙੂ ਪੜ੍ਹੇ ਲਿਖੇ ਸਿਆਣਿਆਂ ਦਾ ਇਕੱਠ ਰਹਿੰਦਾ ਸੀ, ਤੇ ਵਾਰਾਂ ਕਿੱਸਿਆਂ ਵਿੱਚ ਇਹੀ ਭੋਜ ਮਸ਼ਹੂਰ ਹੈ। ਸੋ ਵਿਸਵਾ ਰਾਜਾ ਰਸਾਲੂ ਦੇ ਪਰਸੰਗ ਵਿੱਚ ਇਸੇ ਭੋਜ ਵੱਲ ਇਸ਼ਾਰਾ ਹੋਣਾ ਏ।

ਟਾਡ ਸਾਹਿਬ ਨੇ ਰਾਜਿਸਥਾਨ ਵਿੱਚ ਵੀ ਤਿੰਨ ਰਾਜੇ ਪ੍ਰਾਮਰਾ ਕੌਮ ਦੇ ਦਸੇ ਨੇ, ਜਿਨ੍ਹਾਂ ਦੇ ਨਾਮ ਭੋਜ ਸਨ। ਇਨ੍ਹਾਂ ਦੇ ਰਾਜ ਸਮੇਂ, ਅੱਗੇ ਲਿਖੇ ਸੰਮਤਾਂ ਤੋਂ ਪਤਾ ਲੱਗਦਾ ਹੈ। ੧. ਭੋਜ ੧; ੫੬੭ ਈ: ; ੨. ਭੋਜ ੨; ੬੬੫ ਈ: ; ੩. ਭੋਜ ੩; ੧੦੩੫ ਈ: ।

## ਪੂਰਨ

ਪੂਰਨ ਭਗਤ ਜਾਂ ਪੂਰਨ ਨਾਥ, ਰਾਜਾ ਸਲਵਾਹਨ ਦਾ ਵੱਡਾ ਪੁੱਤਰ ਸੀ, ਰਾਣੀ ਇੱਛਰਾਂ ਦੀ ਕੁੱਖੋਂ। ਇਸਦੀ ਕਹਾਣੀ ਪੰਜਾਬ ਵਿੱਚ ਮਸ਼ਹੂਰ ਹੈ। ਰਾਜਾ ਸਲਵਾਹਨ ਦੀ ਛੋਟੀ ਰਾਣੀ, ਲੂਣਾਂ ਨੇ ਆਪਣੇ ਸਕੁੱਤਰ ਪੂਰਨ ਨਾਲ ਕਾਮ-ਅਧੀਨ ਹੋਕੇ, ਵਿਸ਼ਾ-ਭੋਗ ਦੀ ਜਾਚਨਾ ਕੀਤੀ। ਪੂਰਨ ਦੇ ਇਨਕਾਰ ਨੇ ਰਾਣੀ ਦੇ ਕਰੋਧ ਨੂੰ ਭੜਕਾਇਆ। ਉਸ ਨੇ ਰਾਜੇ ਕੋਲ ਪੂਰਨ ਉਤੇ ਝੂਠੀ ਊਜ ਲਾਈ। ਰਾਜੇ ਨੇ ਪੂਰਨ ਦੇ ਹੱਥ ਵੱਢ ਕੇ ਖੂਹ ਵਿੱਚ ਸੁਟਾਇਆ। ਓਥੋਂ ਗੁਰੂ ਗੋਰਖ ਨਾਥ ਨੇ ਬਚਾਇਆ। ਪੂਰਨ ਜੋਗੀ ਹੋ ਗਿਆ। ਅੰਤ ਪੂਰਨ ਦੇ ਵਰ ਨਾਲ ਲੂਣਾਂ ਦੀ ਕੁੱਖੋਂ ਰਸਾਲੂ ਜੰਮਿਆ।

ਪੂਰਨ ਕਦ ਹੋਇਆ ? ਇਸ ਸਵਾਲ ਦਾ ਜਵਾਬ ਵੀ ਸਲਵਾਹਨ ਨਾਲ ਈ ਹੈ। ਪਰ ਪੂਰਨ ਦੀ ਮਠ, ਰੋਹਤਕ ਦੇ ਕੋਲ ਬੋਹਰ ਵਿੱਚ ਹੈ, ਜਿਹੜੀ ਕੰਨ-ਪਾਟੇ ਜੋਗੀਆਂ ਦੀ ਵੱਡੀ ਮਠ ਹੈ।

ਰੋਹਤਕ ਦੇ ਗੈਜ਼ੀਟੀਅਰ (Gazetteer of Rohtak Distt. 1910) ਵਿੱਚ ਇਸ ਮਠ ਬਾਬਤ ਇਸ ਤਰ੍ਹਾਂ ਲਿਖਿਆ ਹੈ :—

ਅੱਜਕਲ ਵਾਲੀ ਮਠ ਦੀ ਨੀਂਹ ਤੇ ੧੭੯੯ ਈ: ਵਿੱਚ ਮਸਤ ਨਾਥ ਨੇ ਰੱਖੀ ਸੀ। ਪਰ ਇਸ ਥਾਂ ਤੋਂ ਢੇਰ ਪੁਰਾਣੇ ਅਸਥਾਨ, ਕਾਲਾ ਮਹੱਲ ਤੇ ਚੌਰੰਗੀ ਨਾਥ ਦੀ ਧੂਣੀ ਹੈ। ਚੌਰੰਗੀ ਨਾਥ ਦਾ ਨਾਂ ਪੂਰਨ ਭਗਤ ਵੀ ਦਸਦੇ ਨੇ। ਪੁਰਾਣੀ ਧੂਣੀ ਦੀ ਥਾਂ ਤੇ ਬੁਧ ਮੱਤ ਦੇ ਸਮਿਆਂ ਦੀਆਂ ਇੱਟਾਂ ਨਿਕਲਦੀਆਂ ਨੇ। ਏਥੇ ਇਕ ਤਪ-ਕੁਟੀਆ (Monastry) ਸੀ, ਜਦ ਪੂਰਨ ਪਹਿਲੀ ਵਾਰੀ ਆਇਆ ਤਾਂ ਜੋਗੀਆਂ ਨੇ ਉਸਨੂੰ ਨਾ ਰਸਦ ਨਾ ਪਾਣੀ ਦਿੱਤਾ, ਤੇ ਆਖਿਆ : ਜਦ ਤਕ ਤੂੰ ਘਾ ਮਾਰ ਕੇ ਨਾ ਲਿਆਵੇਂਗਾ, ਰੋਟੀ ਨਹੀਂ ਮਿਲੇਗੀ। ਪੂਰਨ ਨੇ ਘਾ ਮਾਰ ਕੇ ਪੰਡ ਲਿਆ ਸੁੱਟੀ, ਪਰ ਤਪ-ਕੁਟੀਆ ਵਿਚੋਂ ਚਲਿਆ ਗਿਆ। ਉਸ ਦੇ ਜਾਣ ਪਿਛੋਂ ਤਪ-ਕੁਟੀਆ ਖੋਲੇ ਹੋ ਗਈ, ਪਰ ਪੂਰਨ ਫੇਰ ਮੁੜ ਕੇ ਆਇਆ ਤੇ ਫੇਰ ਓਥੇ ਆਪਣੀ ਧੂਣੀ ਜਮਾਈ, ਤੇ ਬਾਰਾਂ ਵਰ੍ਹੇ ਤਪੱਸਿਆ ਕੀਤੀ। ਕੋਈ ਸੰਮਤ ਇਸ ਧੂਣੀ ਆਦਿ ਦਾ ਨਹੀਂ ਦਿੱਤਾ।

## ਗੁਰੂ ਗੋਰਖ ਨਾਥ

ਜੋਗੀਆਂ ਦੇ ਪੰਥ ਦਾ ਆਗੂ। ਬਾਜ਼ੇ ਤੇ ਇਸ ਨੂੰ ਫ਼ਰਜ਼ੀ ਮਨੁੱਖ ਆਖਦੇ ਨੇ, ਤੇ ਬਾਜ਼ੇ ਇਸ ਨੂੰ *੧੪੦੦ ਈਸਵੀ ਦੇ ਕੋਲ ਕੋਲ ਹੋਇਆ ਦਸਦੇ ਨੇ। ਇਹ ਭਰਥਰੀ, ਪੂਰਨ, ਗੋਪੀਚੰਦ ਆਦਿ ਜੋਗੀਆਂ ਦਾ ਗੁਰੂ ਵੀ ਆਖਿਆ ਜਾਂਦਾ ਹੈ। ਜੇਹਲਮ ਦੇ ਜ਼ਿਲੇ

*R.C. Temple's Legends of Punjab Vol. I. Pp. 2n.

Sri Satguru Jagjit Singh Ji Elibrary NamdhariElibrary@gmail.com

ਵਿੱਚ *ਟਿੱਲਾ ਗੋਰਖਨਾਥ ਮਸ਼ਹੂਰ ਹੈ, ਇਹ ਕੰਨਪਾਟੇ ਜੋਗੀਆਂ ਦਾ ਸਭ ਤੋਂ ਵਡਾ ਅਸਥਾਨ ਹੈ। ਹੁਣ ਟਿੱਲੇ ਦਾ ਇਤਿਹਾਸ ਖੋਜੀਏ ਤਾਂ ਪਤਾ ਲਗਦਾ ਹੈ ਕਿ ਸਕੰਦਰ ਦੇ ਹਮਲੇ ਵੇਲੇ, ਰਾਜਾ ਪੋਰੂ ਦਾ ਹਾਥੀ ਇਸ ਟਿੱਲੇ ਤੇ ਚੜ੍ਹ ਗਿਆ ਸੀ। ਉਸ ਵੇਲੇ ਇਹ ਟਿੱਲਾ ਸੂਰਜ-ਪੂਜਾ ਦੇ ਨਾਲ ਸੰਬੰਧਤ ਸੀ। ਟਿੱਲੇ ਤੇ ਚੜ੍ਹਕੇ ਹਾਥੀ ਨੇ ਰਾਜਾ ਨੂੰ ਮਨੁੱਖੀ ਬੋਲੀ ਵਿਚ ਆਖਿਆ : ਕਿ ਸਕੰਦਰ ਦਾ ਮੁਕਾਬਲਾ ਨਾ ਕਰੋ, ਓਹ ਰੱਬ ਦਾ ਘੱਲਿਆ ਹੈ। ਉਸ ਦਿਨ ਤੋਂ ਇਸ ਟਿੱਲ਼ੇ ਦਾ ਨਾਂ ਹਾਥੀ ਦੀ ਪਹਾੜੀ, ਪਿਛੋਂ ਪੀਲਨਾਥ ਜਾਂ ਫੀਲਨਾਥ ਦਾ ਟਿੱਲਾ ਹੋ ਗਿਆ। (ਵੇਖੋ Cunningham's Geography of India Pp. 164–66) ਏਥੇ ਈ ਜੋਗੀਆਂ ਦਾ ਅਸਥਾਨ ਬਣਿਆ ਤੇ ਬਾਲਨਾਥ ਜੋਗੀ ਇਕ ਵੱਡਾ ਮਹੰਤ ਸੀ, ਜਿਸ ਤੋਂ ਬਾਲਨਾਥ ਦਾ ਟਿੱਲਾ ਨਾਂ ਪਿਆ। ਅਤੇ ਫੇਰ ਗੋਰਖਨਾਥ ਦਾ ਟਿੱਲਾ, ਪਰ ਨਾਲ ਹੀ ਭਰਥਰੀ ਦੀ ਸਮਾਧ ਇਸ ਟਿੱਲੇ ਤੇ ਦੱਸੀਦੀ ਹੈ, ਤੇ ਆਖਦੇ ਨੇ ਕਿ ਪੂਰਨ ਭਗਤ ਵੀ ਏਸੇ ਮੱਠ ਵਿਚ ਆ ਕੇ ਜੋਗੀ ਬਣਿਆ।

ਜਦ ਅਹਿਮਦ ਸ਼ਾਹ ਦੁਰਾਨੀ ਨੇ ਹਮਲਾ ਕੀਤਾ ਤਾਂ ਉਸਨੇ ਬਾਲਨਾਥ ਦੇ ਟਿੱਲੇ ਦੀ ਮੱਠ ਨੂੰ ਸੰਨ ੧੭੪੮ ਵਿੱਚ ਢਾਹ ਕੇ ਉਜਾੜ ਦਿੱਤਾ। ਇਸ ਟਿਲੇ ਤ ਇਕ ਅਸਥਾਨ ਗੁਰੂ ਨਾਨਕ ਜੀ ਦੇ ਨਾਂ ਨਾਲ ਵੀ ਸੰਬੰਧਤ ਹੈ, ਤੇ ਓਥੇ ਗੁਰਦੁਆਰਾ ਵੀ ਹੈ। ਬਾਲਨਾਥ ਜੋਗੀ ਦਾ ਜ਼ਿਕਰ ਸ਼ੇਰਸ਼ਾਹ ਦੇ ਵੇਲ਼ੇ ਵੀ ਹੈ।

## ਗੁਰੂ ਗੋਰਖ ਨਾਥ

### ਹਿੰਦੂ ਮਨਕਲਪਤ ਦੇਵ ਲੜੀ ਵਿੱਚ

ਜੋਗੀਆਂ ਦਾ ਮੋਢੀ ਗੁਰੂ ਗੋਰਖ ਨਾਥ ਆਖਦੇ ਨੇ, ਅਤੇ ਇਸ ਫ਼ਰਜ਼ੀ ਮਨੁੱਖ ਦੀ ਪੈਦਾਇਸ਼ ਬਾਬਤ ਕਈ ਕਥਾ ਹੈਨ। ੧. ਤਹਿਕੀਕਾਤੇ ਚਿਸ਼ਤੀ ਵਿਚ ਐਉਂ

---

*ਨੋਟ—ਸਾਡੇ ਖ਼ਿਆਲ ਵਿਚ ਇਸ ਟਿੱਲੇ ਤੇ ਕੋਈ ਬੁਧਮਤ ਦੀ ਤਪ-ਕੁਟੀਆ ਹੋਣੀ ਏ ਅਤੇ ਬੁਧਮਤ ਦੇ ਸਾਧੂ ਏਥੇ ਤਪਸਿਆ ਕਰਦੇ ਹੋਣੇ ਨੇ। ਅਤੇ ਪੂਰਨ, ਭਰਥਰੀ, ਗੋਪੀ ਚੰਦ ਬੁਧਮਤ ਦੇ ਈ ਸਾਧੂ ਬਣੇ ਸਨ, ਜੇ ਗੋਰਖਨਾਥ ਪੁਰਾਤਨ ਮਨੁੱਖ ਹੁੰਦਾ, ਤਾਂ ਇਸ ਟਿੱਲੇ ਦਾ ਨਾਂ ਵੀ ਗੋਰਖ ਦਾ ਟਿੱਲਾ ਹੁੰਦਾ। ਪਰ ਇਹ ਨਾ ਤੇ ਇਸ ਟਿੱਲੇ ਨੂੰ ਅਹਿਮਦ ਸ਼ਾਹ ਦੇ ਪਿਛੋਂ ਈ ਮਿਲਿਆ, ਜਦ ਮੱਠ ਉੱਜੜ ਕੇ ਨਵੀਂ ਬਣੀ। ਇਸ ਕਰਕੇ ਗੋਰਖਨਾਥ ਕੋਈ ਢੇਰ ਪੁਰਾਣਾ ਮਨੁੱਖ ਨਹੀਂ। ਬੁਧ ਮਤ ਨੂੰ ਜਦ ਬ੍ਰਾਹਮਣਾਂ ਨੇ ਹਿੰਦ ਤੋਂ ਧੱਕਾ ਦਿੱਤਾ ਤਾਂ ਉਸ ਮਤ ਦਾ, ਤੇ ਉਸ ਮਤ ਦੇ ਸਾਧੂਆਂ, ਸੰਤਾਂ ਦਾ ਨਾਂ ਤੱਕ ਵੀ ਉਹਨਾਂ ਨੇ ਆਪਣੇ ਗ੍ਰੰਥਾਂ ਵਿਚ ਨਹੀਂ ਲਿਆਂਦਾ, ਤੇ ਥਾਵਾਂ ਦੇ ਨਾਂ ਈ ਬਦਲ ਦਿੱਤੇ। ਇਸ ਕਰਕੇ ਬੁਧ ਮਤ ਦੀ ਥਾਂ ਗੋਰਖਨਾਥ ਦਾ ਨਾਂ ਟਿੱਲੇ ਨਾਲ ਲਾ ਦਿੱਤਾ। ਗੋਰਖ ਨਾਥ ਸ਼ਿਵਾਂ ਦਾ ਉਪਾਸ਼ਕ ਸੀ, ਜੋ ਹਿੰਦੂ ਮਤ ਦਾ ਇਕ ਵੱਡਾ ਦੇਵਤਾ ਹੈ। ਇਸ ਕਰਕੇ ਬ੍ਰਾਹਮਣਾਂ ਨੇ ਗੋਰਖ ਨਾਥ ਨੂੰ ਇਕ ਪੁਰਾਤਨ ਮਨੁੱਖ ਥਾਪ ਕੇ ਤਿਆਗੀ, ਰਾਜਿਆਂ (ਪੂਰਨ, ਭਰਥਰੀ, ਗੋਪੀਚੰਦ) ਨੂੰ ਓਸੇ ਦਾ ਚੇਲਾ ਦਸਿਆ, ਇਹ ਕੋਈ ਅਸਚਰਜ ਗੱਲ ਨਹੀਂ। (ਕਰਤਾ)

Sri Satguru Jagjit Singh Ji Elibrary NamdhariElibrary@gmail.com

ਲਿਖਿਆ ਹੈ: ਕਿ ਸ਼ਿਵਜੀ ਦੇ ਇਕ ਭਗਤ ਨੇ ਆਪਣੇ ਘਰ ਪੁੱਤਰ ਹੋਣ ਦਾ ਵਰ ਮੰਗਿਆ, ਸ਼ਿਵਜੀ ਨੇ ਆਪਣੀ ਧੂਣੀ ਦੀ ਰਾਖ ਦੀ ਇਕ ਚੁਟਕੀ ਦੇ ਕੇ ਫੁਰਮਾਇਆ: ਕਿ ਆਪਣੀ ਵਹੁਟੀ ਨੂੰ ਘਰ ਜਾ ਕੇ ਖੁਵਾਈਂ, ਪੁੱਤਰ ਜੰਮੇਗਾ । ਪਰ ਵਹੁਟੀ ਸੀ ਬੇ ਇਤਬਾਰੀ, ਉਸਨੇ ਸੁਆਹ ਦੀ ਚੁਟਕੀ ਖਾਧੀ ਤੇ ਨਾ, ਪਰ ਇਕ ਗੋਹੇ ਦੇ ਢੇਰ ਉਤੇ ਸੁੱਟ ਦਿੱਤੀ । ਰੱਬ-ਨੇਤ, ਉਸ ਗੋਹੇ ਦੇ ਢੇਰ ਵਿਚੋਂ ਇਕ ਬੱਚਾ ਜੰਮਿਆ, ਭਗਤ ਉਸ ਬਾਲ ਨੂੰ ਚੁੱਕ ਕੇ ਸ਼ਿਵਾਂ ਪਾਸ ਲੈ ਗਿਆ । ਸ਼ਿਵਾਂ ਨੇ ਆਖਿਆ: ਇਹ ਬਾਲ ਸਾਨੂੰ ਦੇਦੇ, ਇਹ ਵੱਡਾ ਸੰਤ ਹੋਸੀ । ਸ਼ਿਵਾਂ ਨੇ ਉਸ ਦਾ ਨਾਮ *ਗੋਰਖ ਨਾਥ ਰਖਿਆ, ਤੇ ਆਖਿਆ: ਜਾ ਬੱਚਾ ਗੁਰੂ ਲੱਭ । ਪਰ ਸਾਰੇ ਜਗ ਵਿਚ ਗੋਰਖਨਾਥ ਨੂੰ ਯੋਗ ਗੁਰੂ ਨਾ ਲੱਭਾ । ਗੋਰਖਨਾਥ ਇਸ ਭਾਲ ਵਿਚ ਟੁਰਦਾ ਟੁਰਦਾ ਸਮੁੰਦਰ ਦੇ ਕੰਢੇ ਤੇ ਪੁੱਜਾ, ਤੇ ਓਥੇ ਪਿਪਲ ਦੇ ਪੱਤਰ ਤੇ ਇਕ ਪਿੰਡ (ਰੋਟੀ) ਸਮੁੰਦਰ ਦੀ ਭੇਟਾ ਕੀਤੀ । ਇਹ ਪਿੰਡ ਮੱਛੀ ਖਾ ਗਈ, ਅਤੇ ਬਾਰਾਂ ਵਰ੍ਹਿਆਂ ਪਿਛੋਂ ਉਸ ਮੱਛੀ ਨੇ ਇਕ ਬਾਲ ਉਗਲਿਆ, ਜਿਸਦਾ ਨਾਂ ਸ਼ਿਵਾਂ ਨੇ †ਮਛੰਦਰ ਨਾਥ ਰਖਿਆ, ਤੇ ਮਛੰਦਰ ਨਾਥ ਗੋਰਖਨਾਥ ਦਾ ਗੁਰੂ ਬਣਿਆ ।

ਇਕ ਹੋਰ ਰਵੈਤ ਮੂਜਬ ਮਛੰਦਰ ਨਾਥ ਗੋਰਖ ਦਾ ਬੱਚਾ (ਪੁਤਰ) ਦਸਿਆ ਹੈ:–

ਗੋਰਖ ਨਾਥ ਨੂੰ ਸ਼ਿਵਾਂ ਨੇ ਆਖਿਆ: ਕਿ ਭਾਵੇਂ ਤੂੰ ਜੋਗੀ ਹੈਂ, ਪਰ ਹੁਣ ਤੂੰ ਆਪਣੀ ਸੰਤਾਨ ਪੈਦਾ ਕਰ ਕੇ ਚੇਲੇ ਬਣਾ । ਸ਼ਿਵਾਂ ਨੇ ਕੁਸ਼ਾ ਦਾ ਘਾਹ ਦੇਕੇ ਆਖਿਆ: ਇਹ ਤੇਰੇ ਬਸਤਰ, ਤੇ ਅੱਕ ਦਾ ਡੰਡਾ ਤੇਰਾ ਨਾਦ, ਦਿਨ ਵਿਚ ਤਿੰਨ ਵਾਰੀ ਨਾਦ ਵਜਾਣਾ । ਤੇ ਪਾਰਬਤੀ ਨੂੰ ਪ੍ਰੇਰਨਾ ਕੀਤੀ ਕਿ ਗੋਰਖਨਾਥ ਦੇ ਕੰਨ ਵਿੰਨ੍ਹ ਦੇਵੇ, ਤੇ ਕੰਨਾਂ ਵਿਚ ਮੁੰਦਰਾਂ ਪਾ ਦਿਓ । ਪਾਰਬਤੀ ਨੇ ਫੇਰ ਆਪਣੇ ਪਿੰਡੇ ਵਿਚੋਂ ਲਹੂ ਕੱਢ ਕੇ ਕੱਪੜਾ ਰੰਗ ਕੇ ਗੋਰਖਨਾਥ ਨੂੰ ਪਾਣ ਲਈ ਦਿੱਤਾ । ਇਹ ਗੇਰੂਵੇ ਕੱਪੜਿਆਂ ਦਾ ਮੁੱਢ ਸੀ, ਗੋਰਖਨਾਥ ਨੇ ਬਾਰਾਂ ਚੇਲੇ ਬਣਾਏ ।

੧. ਸੰਤਨਾਥ, ੨. ਰਾਮਨਾਥ, ੩. ਸ਼ਾਰੰਗ ਜਾਂ ਭੰਗਰ ਨਾਥ, ੪. ਧਰਮਨਾਥ, ੫. ਬੈਰਾਗਨਾਥ, ੬. ਦਰਿਆਨਾਥ, ੭. ਕੇਕਨਾਥ, ੮. Aਨਾਗਨਾਥ, ੯. ਗੰਗਾਈਨਾਥ, ੧੦. ਧਜਾਨਾਥ, ੧੧. Bਜਲੰਧਰੀਨਾਥ, ੧੨. Cਨੀਮੋਨਾਥ । ਅਸਲ ਵਿੱਚ ਇਹ ਜੋਗੀਆਂ ਦੇ ਬਾਰਾਂ ਪੰਥਾਂ ਦੇ ਮੋਢੀ ਸਨ ।

ਇਕ ਹੋਰ ਕਥਾ ਇੰਝ ਹੈ, ਕਿ ਨਿਰੰਜਨ ਨਿਰੰਕਾਰ ਨੇ ਗੋਰਖ ਨੂੰ ਆਪਣੀ ਛਾਤੀ

---

*ਗੋਹੇ ਜਾਂ ਗੰਦ ਤੋਂ ਜੰਮਿਆ ।

†ਮੱਛੀ ਤੋਂ ਜੰਮਿਆ ।

A—ਨਾਗ ਨਾਥੀਏ ਪੰਥ ਦੇ ਜੋਗੀਆਂ ਨੂੰ ਰਾਵਲ ਜਾਂ (ਸਪੋਲੀਏ) ਆਖਦੇ ਨੇ ।

B—ਜਲੰਧਰ ਦੇ ਜੋਗੀ "ਨਾਥ" ਦੀ ਥਾਂ "ਪਾ" ਸਦਾਂਦੇ ਨੇ ।

C—ਨੀਮ ਨਾਥੀਏ ਜੋਗੀ ਗਫੈਨ ਜਾਂ ਖਫੈਨ ਅਖਾਂਦੇ ਨੇ ।

Sri Satguru Jagjit Singh Ji Elibrary NamdhariElibrary@gmail.com

ਦੇ ਮੁੜ੍ਹਕੇ ਤੋਂ ਬਣਾਇਆ। (ਨੋਟ—ਭਲਾ ਨਿਰੰਜਨ ਨਿਰੰਕਾਰ ਦੀ ਛਾਤੀ ਕਿਥੋਂ।) ਇਸ ਕਰਕੇ ਗੋਰਖਨਾਥ ਨਾਂ ਪਿਆ, ਜਿਸਦਾ ਅਰਥ ਗੰਦ ਤੋਂ ਜੰਮਿਆ ਹੈ। ਨਿਰੰਕਾਰ ਦਾ ਫੁਰਨਾ ਫੁਰਿਆ ਕਿ ਜਗਤ ਬਣੇ, ਤਾਂ ਉਸ ਦੀ ਧੁੱਨੀ ਵਿਚੋਂ ਇਕ ਕੰਵਲ ਉਗਿਆ, ਤੇ ਫੁੱਲ ਤੋਂ ਵਿਸ਼ਨੂੰ, ਬ੍ਰਹਮਾ, ਸ਼ਿਵ ਤੇ ਸ਼ਕਤੀ ਜੰਮੀ।

ਨੋਟ—ਹੋਰ ਥਾਈਂ ਲਿਖਿਆ ਹੈ ਕਿ ਵਿਸ਼ਨੂੰ ਦੀ ਧੁੱਨੀ ਵਿਚੋਂ ਕੰਵਲ ਨਿਕਲਿਆ, ਤੇ ਕੰਵਲ ਵਿਚੋਂ ਬ੍ਰਹਮਾ ਜੀ ਜੰਮੇ। ਤੇ ਬ੍ਰਹਮਾ ਨੇ ਜਗਤ ਵਸਾਇਆ।

ਸ਼ਕਤੀ ਦੇਵੀ ਜੰਮਦਿਆਂ ਹੀ ਪਤਾਲ ਵਿਚ ਚਲੀ ਗਈ। ਨਿਰੰਕਾਰ ਨੇ ਆਖਿਆ: ਪਤਾਲ ਤੋਂ ਧਰਤੀ ਲਿਆਓ, ਵਿਸ਼ਨੂੰ ਤੇ ਬ੍ਰਹਮਾ ਵਾਰੋ ਵਾਰੀ ਗਏ, ਪਰ ਮੁੜ ਆਏ। ਕਿਉਂ ਜੋ ਸ਼ਕਤੀ ਨੇ ਉਹਨਾਂ ਨੂੰ ਆਖਿਆ ਕਿ ਪਹਿਲੋਂ ਮੈਨੂੰ ਵਰੋ, ਫੇਰ ਧਰਤੀ ਮਿਲੇਗੀ। ਪਰ ਉਹ ਵਰ ਨਾ ਸਕੇ, ਇਸ ਕਰ ਕੇ ਖ਼ਾਲੀ ਹੱਥ ਉੱਪਰ ਆਏ। ਜਦ ਸ਼ਿਵਜੀ ਗਏ ਤਾਂ ਉਨ੍ਹਾਂ ਸ਼ਕਤੀ ਨੂੰ ਵਰਨ ਦਾ ਇਕਰਾਰ ਕੀਤਾ, ਪਰ ਤਦੋਂ; ਜਦੋਂ ਧਰਤੀ ਤੇ ਅਕਾਸ਼ ਰਚਿਆ ਜਾਵੇਗਾ, ਤੇ ਜਗਤ ਬਣ ਜਾਵੇਗਾ। ਤਾਂ ਸ਼ਕਤੀ ਨੇ ਆਪਣੀ ਧੂਣੀ ਵਿਚੋਂ ਕੁਝ ਰਾਖ ਤੇ ਕੁਝ ਧੂੰਆਂ ਤੇ ਨਾਲ ਚਾਰ ਵੇਦ ਦਿਤੇ। ਸ਼ਿਵਜੀ ਲੈ ਕੇ ਉੱਪਰ ਆ ਗਏ, ਤੇ ਰਾਖ ਸਾਗਰ ਤੇ ਫੈਲ ਗਈ ਤੇ ਧਰਤੀ ਬਣੀ। ਤੇ ਧੂੰਆਂ ਉੱਪਰ ਉਡ ਗਿਆ ਤੇ ਅਕਾਸ਼ ਬਣਿਆ।

ਜੋਗੀ ਇਸ ਕਰਕੇ ਸ਼ਿਵਜੀ ਅਤੇ ਗੋਰਖਨਾਥ ਨੂੰ ਹੀ ਪੂਜਦੇ ਹੈਨ। ਫੇਰ ਇਕ ਕਥਾ ਹੈ, ਕਿ ਮਛੰਦਰਨਾਥ ਮੱਛੀ ਦੇ ਪੇਟੋਂ ਜੰਮਿਆ, ਪਰ ਉਸਦਾ ਪਿਤਾ ਗੋਰਖ ਨਾਥ ਹੀ ਸੀ। ਗੋਰਖ ਨੇ ਸੋਚਿਆ ਗੁਰੂ ਕਿਸ ਨੂੰ ਧਾਰੀਏ, ਪਰ ਕੋਈ ਗੁਰੂ ਨਾ ਲੱਭੇ, ਮਛੰਦਰ ਨਾਥ ਹੀ ਪੂਰਾ ਸੀ। ਸੁ ਗੋਰਖ ਨੇ ਆਪਣੇ ਪੁੱਤਰ ਨੂੰ ਹੀ ਗੁਰੂ ਧਾਰ ਲਿਆ।

"ਬਰਤੇ ਖਸਮ ਨਿਕਲਤੇ ਪੂਤ।
ਯੂੰ ਭਾਖੇ ਗੋਰਖ ਅਉਧੂਤ।"

ਬ੍ਰਾਹਮਣਾਂ ਦੀ ਕਥਾ ਕੁਝ ਹੋਰ ਹੀ ਹੈ। ਜਿੰਨੇ ਮੂੰਹ ਓਨੀਆਂ ਗੱਲਾਂ, ਜਿੰਨੇ ਪੰਥ ਓਨੀਆਂ ਕਥਾਂ। ਇਕ ਕਥਾ ਵਿਚ ਭ੍ਰਿਗੂ ਰਿਖ ਦੀ ਪੈਦਾਇਸ਼ ਅਨੋਖੀ ਹੀ ਦੱਸੀ ਹੈ। ਭ੍ਰਿਗੂ ਰਿਖ ਦੀ ਔਲਾਦ ਜੋਗੀ ਜਨ ਹੋਏ, ਤੇ ਸ਼ਿਵਾਂ ਦੇ ਹੁਕਮ ਅਨੁਸਾਰ ਭ੍ਰਿਗੂ ਰਿਖ ਨੇ ਕੰਮ ਸ਼ੁਰੂ ਕੀਤਾ, ਅਤੇ ਜੋਗੀ ਪੰਥ ਬਣਾਇਆ। ਭ੍ਰਿਗੂ ਰਿਖ ਦਾ ਨਾਂ ਉਦੇ ਨਾਥ ਪ੍ਰਭਾਤੀ ਵੀ ਪੈ ਗਿਆ।

———

Sri Satguru Jagjit Singh Ji Elibrary NamdhariElibrary@gmail.com

ਇਸ ਕਥਾ ਅਨੁਸਾਰ ਜੋਗੀ ਪੰਥ ਦੀ ਪ੍ਰਣਾਲੀ ਇਸ ਤਰ੍ਹਾਂ ਹੈ।

ਸ਼ਕਤੀ
|
ਸ਼ਿਵਜੀ
|
ਉਦੈਨਾਥ ਪ੍ਰਭਾਤੀ
(ਨਵਾਂ ਨਾਥਾਂ ਵਿਚੋਂ ਦੂਜਾ ਨਾਥ ਤੇ ਜੋਗੀ ਪੰਥ ਦਾ ਮੋਢੀ)
|
ਰੁਦਰਾਗਣ
|
ਜਲੰਧਰ
- ਮਛੰਦਰ ਨਾਥ
  - ਗੋਰਖ ਨਾਥ
  - ਮੰਗਲ ਜਾਂ ਅਰਜਨ ਨਾਂਗਾ
  - ਨੀਮਨਾਥ
  - ਪਾਰਸਨਾਥ ਪੂਜ
- ਜਲੰਧਰੀ

ਇਨ੍ਹਾਂ ਦੋਹਾਂ ਪਰਨਾਲੀਆਂ ਵਿਚ ਫ਼ਰਕ ਹੈ, ਪਰ ਹੈਨ ਸਭ ਮਨਕਲਪਤ। ਪੁਰਾਣੇ ਨਾਥਾਂ ਨੂੰ ਦੇਵ-ਪੁੱਤਰ ਬਨਾਣ ਦੀ ਤੇ ਜਗਤ ਦੇ ਆਦਿ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਥਾਂ ਸਤਿਜੁਗਾਂ ਦੀਆਂ ਦੱਸਦੇ ਨੇ। ਪਰ ਇਤਿਹਾਸ ਗੋਰਖਨਾਥ ਦਾ ਕੁਝ ਪਤਾ ਨਹੀਂ ਦੇਂਦਾ।

ਏਸੇ ਤਰ੍ਹਾਂ ਕਈ ਹੋਰ ਕਥਾ ਹੈਨ। (ਵੇਖੋ ਜੋਗੀਆਂ ਦਾ ਹਾਲ Glossary of Punjab Tribes & Castes ਵਿਚ)।

## ਸਲਵਾਹਨ ਤੇ ਰਸਾਲੂ ਦੀ ਲੀਲ੍ਹਾ ਦੇ ਮਸ਼ਹੂਰ ਥਾਂ

ਰਾਜਾ ਰਸਾਲੂ ਦੇ ਪ੍ਰਸੰਗਾਂ ਵਿਚ ਜਿਨ੍ਹਾਂ ਇਤਿਹਾਸਕ ਰਾਜਿਆਂ ਦੇ ਨਾਂ ਆਏ ਹੈਨ, ਉਹਨਾਂ ਦਾ ਵੇਰਵਾ ਪਹਿਲੇ ਦੇ ਚੁਕੇ ਹਾਂ। ਹੁਣ ਉਹਨਾਂ ਸ਼ਹਿਰਾਂ ਤੇ ਥਾਵਾਂ ਦਾ ਹਾਲ ਲਿਖਦੇ ਹਾਂ, ਜਿਨ੍ਹਾਂ ਦਾ ਸੰਬੰਧ ਰਸਾਲੂ ਨਾਲ ਹੈ।

### ਸਿਆਲਕੋਟ

੧.

ਪੰਜਾਬ ਦੇ ਉੱਤਰ ਵਿਚ ਝਨੌਂ ਤੇ ਰਾਵੀ ਦਰਿਆਵਾਂ ਦੇ ਵਿਚ ਇਕ ਜ਼ਿਲਾ

Sri Satguru Jagjit Singh Ji Elibrary NamdhariElibrary@gmail.com

ਹੈ, ਜਿਸ ਦੇ ਉੱਤਰ ਵਿਚ ਜੰਮੂੰ ਦੀ ਰਿਆਸਤ ਤੇ ਦੱਖਣ ਵਿਚ ਲਾਹੌਰ ਤੇ ਗੁਜਰਾਂ ਵਾਲੇ ਦੇ ਜ਼ਿਲੇ ਹੈਨ। ਸਿਆਲਕੋਟ ਇਕ ਢੇਰ ਪੁਰਾਣਾ ਸ਼ਹਿਰ ਹੈ, ਅਰ ਸਿਆਲਕੋਟ ਦੇ ਗੈਜ਼ੀਟੀਅਰ ਵਿਚ ਇਸ ਦਾ ਇਤਿਹਾਸ ਇੰਵ ਲਿਖਿਆ ਹੈ (Gazetteer of Sialkot Distt. (1900) Vol. XXVIA)।

ਸਿਆਲਕੋਟ ਦੀ ਨੀਂਹ ਆਖਦੇ ਨੇ ਕਿ ਰਾਜਾ ਸ਼ਲ ਜਾਂ ਸ਼ਾਲ ਨੇ, ਪਾਂਡਵਾਂ ਦੇ ਵੇਲੇ ਕੋਈ ੫੦੦੦ ਵਰ੍ਹੇ ਤੋਂ ਵਧੀਕ ਹੋਏ ਤਾਂ ਰਖੀ ਸੀ। ਇਹ ਰਾਜਾ ਪਾਂਡਵਾਂ ਦਾ ਚਾਚਾ ਆਖਿਆ ਜਾਂਦਾ ਹੈ, ਰਾਜਾ ਸ਼ਲ ਦੇ ਖ਼ਾਨਦਾਨ ਵਿਚ ੧੫੦੦ ਵਰ੍ਹੇ ਤੱਕ ਰਾਜ ਰਿਹਾ। ਇਸ ਦੇ ਪਿਛੋਂ ਵੱਡਾ ਹੜ੍ਹ ਆਇਆ, (ਨੂਹ ਦੇ ਹੜ੍ਹ ਨਾਲ ਮੁਕਾਬਲਾ ਕਰੋ) ਤੇ ਸਭ ਧਰਤੀ ਡੁੱਬ ਗਈ, ਤੇ ੧੦੦੦ ਵਰ੍ਹੇ ਤੱਕ ਇਲਾਕਾ ਵੈਰਾਨ ਹੀ ਰਿਹਾ। ਇਹ ਸ਼ਹਿਰ ਫੇਰ ਰਾਜਾ ਬਿਕ੍ਰਮਾਜੀਤ, ਉਜੈਨ ਵਾਲੇ ਦੇ ਰਾਜ ਵਿਚ, ਰਾਜਾ ਸਲਵਾਹਨ ਨੇ ਵਸਾਇਆ, ਜਿਸਨੇ ਕਿਲ੍ਹਾ ਤੇ ਸ਼ਹਿਰ ਬਣਾਇਆ। ਰਸਾਲੂ, ਰਾਜਾ ਸਲਵਾਹਨ ਦਾ ਦੂਜਾ ਪੁੱਤਰ ਸੀ, ਜਿਹੜਾ ਸਲਵਾਹਨ ਦੇ ਘਰ ਬੁਢੇਪੇ ਵਿਚ ਜੰਮਿਆ ਸੀ। ਰਸਾਲੂ ਦੀਆਂ ਲੜਾਈਆਂ ਹੋਡੀ, ਗੱਖੜਾਂ ਦੇ ਰਾਜਾ ਨਾਲ ਹੁੰਦੀਆਂ ਰਹੀਆਂ। ਜਿਸਨੇ ਆਖ਼ਰ ਰਸਾਲੂ ਨੂੰ ਫ਼ਤਿਹ ਕੀਤਾ ਅਤੇ ਰਸਾਲੂ ਦੀ ਧੀ ਵਿਆਹੀ, ਅਰ ਫੇਰ ਸਿਆਲਕੋਟ ਦਾ ਰਾਜ ਆਪਣੇ ਦੋਹਤ੍ਰੇ ਨੂੰ ਦੇ ਦਿੱਤਾ। ਇਸ ਤਰ੍ਹਾਂ ਸਲਵਾਹਨ ਦੀ ਔਲਾਦ ਵਿਚੋਂ ਰਾਜ ਚਲਾ ਗਿਆ। ਪ੍ਰਿਨਸਪ (Princep) ਇਕ ਹੋਰ ਕਹਾਣੀ ਲਿਖਦਾ ਹੈ, ਕਿ ਰਸਾਲੂ ਦੇ ਮਰਨ ਪਿਛੋਂ ਪੂਰਨ ਦੇ ਸਰਾਪ ਨਾਲ ਇਹ ਇਲਾਕਾ ੩੦੦ ਵਰ੍ਹੇ ਤੱਕ ਵੈਰਾਨ ਈ ਰਿਹਾ।

੨.

ਸਿਆਲਕੋਟ ਦਾ ਪੁਰਾਣਾ ਨਾਉਂ ਸ਼ਾਕਲਾ ਵੀ ਲਿਖਿਆ ਹੈ। ਮਸੀਹ ਤੋਂ ੬੦੦ ਵਰ੍ਹੇ ਪਹਿਲੇ ਮਧਰਾ ਕੌਮ ਦਾ ਸ਼ਹਿਰ ਸੀ। ਸਿਕੰਦਰ ਦੇ ਹਮਲੇ ਦੇ ਵੇਲੇ ਪੌਰੂ ਖ਼ਾਨਦਾਨ ਦਾ ਰਾਜਾ ਰਾਜ ਕਰਦਾ ਸੀ, ਜਿਹੜਾ ਜੇਹਲਮ ਵਾਲੇ ਰਾਜਾ ਪੌਰੂ ਦਾ ਸਾਕੋਂ ਭਰਾ ਈ ਸੀ, ਪਰ ਭਰਾਵਾਂ ਵਿਚ ਵੈਰ। ਜਦ ਸਿਕੰਦਰ, ਪੌਰੂ (Porus) ਨਾਲ ਲੜਦਾ ਸੀ, ਤਾਂ ਇਹ ਖੁਸ਼ ਹੁੰਦਾ ਸੀ, ਕਿ–ਭਰਾ ਮਾਰਿਆ ਜਾਸੀ। ਪਰ ਅੰਤ ਪੌਰੂ (Porus) ਤੇ ਸਿਕੰਦਰ ਦੀ ਦੋਸਤੀ ਹੋ ਗਈ। ਜਦ ਸਿਕੰਦਰ ਦੀਆਂ ਫੌਜਾਂ ਕੰਡੀ ਕੰਡੀ ਚੜ੍ਹਦੇ ਨੂੰ ਵਧੀਆਂ, ਤਾਂ ਪੌਰੂ ਸਿਆਲਕੋਟ ਛੱਡਕੇ ਰਾਵੀਓਂ ਪਾਰ ਨੱਠ ਗਿਆ। ਪਰ ਸਿਕੰਦਰ ਨੇ ਭਾਂਜ ਦਿੱਤੀ, ਤੇ ਇਲਾਕਾ ਪੌਰੂ (Porus) ਨੂੰ ਦੇ ਦਿੱਤਾ। ਸਿਕੰਦਰ ਦੇ ਪਿੱਠ ਮੋੜਨ ਦੇ ਪਿਛੋਂ ਪੰਜਾਬ ਫੇਰ ਆਜ਼ਾਦ ਈ ਸੀ।

ਇਹ ਵੀ ਆਖਿਆ ਜਾਂਦਾ ਹੈ, (ਵੇਖੋ ਸਿਆਲਕੋਟ ਦਾ ਗੈਜ਼ੀਟੀਅਰ) ਕਿ ਸਿਕੰਦਰ ਦੇ ਹਮਲੇ ਨੂੰ ਰੋਕਣ ਲਈ ਦੂਰ ਦੂਰ ਤੋਂ ਹਿੰਦੂ ਜਮ੍ਹਾਂ ਹੋਏ ਸਨ, ਕੋਈ ਪੰਜ ਲਖ ਆਦਮੀ ਆਇਆ ਸੀ। ਰਾਜਪੂਤਾਨੇ ਦੇ ਮਹਾਰਾਜਾ ਰਛੌਰ ਰਾਓ ਦੇ ਤਿੰਨ ਪੁੱਤਰ, ਸ਼ੂਨ, ਹਾਨ ਤੇ ਡਲ ਵੀ ਸਿਕੰਦਰ ਦੇ ਮੁਕਾਬਲੇ ਲਈ ਰਾਜਾ ਪੌਰ ਦੀ ਮਦਦ ਲਈ ਆਏ। ਅਤੇ

Sri Satguru Jagjit Singh Ji Elibrary NamdhariElibrary@gmail.com

ਲੜਾਈ ਦੇ ਪਿਛੋਂ ਪੰਜ ਲਖ ਸਿਪਾਹੀਆਂ ਵਿਚੋਂ ਸਾਢੇ ਤਿੰਨ ਲਖ ਇਸੇ ਦੁਆਬੇ ਵਿਚ ਈ ਰਹਿ ਗਏ, ਤੇ ਉਹਨਾਂ ਨੇ ਅਸਲੀ ਵਸਨੀਕਾਂ ਦੀ ਮਦਦ ਨਾਲ ਸਾਰੇ ਇਲਾਕੇ ਨੂੰ, ਮੁਲਤਾਨ ਤੋਂ ਸਿਆਲਕੋਟ ਤੱਕ ਤੇ ਲਾਹੌਰ ਤੋਂ ਕਸੂਰ ਤੱਕ, ਜੰਗਲਾਂ ਤੋਂ ਸਾਫ ਕਰਕੇ ਆਬਾਦ ਕੀਤਾ। ਸਭ ਤੋਂ ਪੁਰਾਣੇ ਵਸਨੀਕ ਇਸ ਜ਼ਿਲੇ ਦੇ ਯਹਾਰ ਜਾਂ ਯੂਰ ਸਨ। ਪਰ ਸੂਨ-ਡਲ ਰਾਜਾ ਬਿਕ੍ਰਮਾਜੀਤ ਦੇ ਵੇਲੇ ਇਸ ਇਲਾਕੇ ਵਿਚ ਸਭ ਤੋਂ ਜ਼ੋਰਾਵਰ ਫਿਰਕਾ ਸੀ।

ਰਾਜਪੂਤਾਂ ਨੇ ਅਸਲੀ ਵਸਨੀਕਾਂ ਜੱਟਾਂ ਨਾਲ ਵਿਆਹ ਸ਼ਾਦੀਆਂ ਕਰ ਲਈਆਂ ਤੇ ਰਲ ਮਿਲ ਗਏ।

ਸਿਕੰਦਰ ਦੇ ਹਮਲੇ ਦੇ ਕਈ ਸੰਵਤ੍ਹੇ ਪਿਛੋਂ, ਯਵਨ ਰਾਜਾ ਮਨਿੰਦਰ (Menander) ਨੇ ੧੫੫—੧੫੩ (B. C.) ਵਿਚ ਹਮਲੇ ਕੀਤੇ, ਤੇ ਫ਼ਤਹਿ ਕਰਦਾ ਕਰਦਾ ਚਤੌੜ, ਅਵਧ ਤੱਕ ਪੁੱਜਾ। ਪਰ ਅੰਤ ਭਾਂਜ ਖਾ ਕੇ ਮੁੜਿਆ, ਇਸ ਨੇ ਵੀ ਸਿਆਲਕੋਟ ਵਿਚ ਰਾਜ ਕੀਤਾ। ਅਰ ਜਿਹੜਾ ਰਾਜਾ ਮਲਿੰਦਾ ਸੰਸਕ੍ਰਿਤ ਲਿਟਰੇਚਰ ਵਿਚ ਸ਼ਾਕਲਾ ਦਾ ਰਾਜਾ ਮਸ਼ਹੂਰ ਹੈ, ਉਹ ਇਹੀ ਮਨਿੰਦਰ ਯਵਨ ਹੈ। ਇਹੀ ਰਾਜਾ ਬੋਧੀਆਂ ਨਾਲ ਬੜ ਪ੍ਰਸ਼ਨ ਉੱਤਰ ਕਰਦਾ ਸੀ। ਇਸਦਾ ਨਾਂ ਲਿਟਰੇਚਰ ਵਿਚ ਵਿਦਵਾਨ ਤੇ ਫਿਲਾਸਫ਼ਰ ਹੋਣ ਕਰਕੇ ਰਾਜਾ ਜਨਕ ਤੇ ਜਨਮਜਾ ਵਾਂਙੂ ਮਸ਼ਹੂਰ ਹੈ।

ਇਹ ਵੀ ਲਿਖਿਆ ਹੈ ਕਿ ਇਸ ਤੋ ਪੁਸ਼ਪਾ ਮਿਤ੍ਰਾ ਮਗਧ ਦੇਸ ਦੇ ਰਾਜੇ ਨੇ ਬੁਧ ਮੱਤ ਦਾ ਖੁਰਾ-ਖੋਜ ਮਿਟਾਣ ਲਈ ਹਮਲਾ ਕੀਤਾ। ਪਰ ਇਸਦਾ ਕੰਮ ਨਾ ਬਣਿਆ, ਮੁੜ ਸਿਆਲਕੋਟ ਯਵਨਾਂ ਪਾਸ ਈ ਰਿਹਾ। ਇਹ ਪਤਾ ਨਹੀਂ, ਮਨਿੰਦਰ ਨੇ ਕਿੰਨਾ ਚਿਰ ਰਾਜ ਕੀਤਾ, ਪਰ ਥੋੜਾ ਚਿਰ ਈ ਹੋਣਾ ਏ। ਫੇਰ ਸਾਕੇ ਆ ਗਏ।

ਅਸਲ ਵਿਚ ਮਨਿੰਦਰ ਤੋਂ ਪਿਛੋਂ ੧੫੩ (B. C.) ਤੋਂ ਲੈ ਕੇ ਚੰਦਰਗੁਪਤ, ਬਿਕ੍ਰਮਾਜੀਤ (ਚੌਥੀ ਸਦੀ A. D.) ਤੱਕ ਇਤਿਹਾਸ ਦਾ ਪੂਰਾ ਪਤਾ ਨਹੀਂ। ਮਨਿੰਦਰ ਤੋਂ ਪਿਛੋਂ, ਵਾਸਕੋਡੇ ਗਾਮਾ (੧੫੦੨ A. D.) ਤੱਕ ਕਿਸੇ ਯੂਰਪੀ ਰਾਜ ਵਲੋਂ ਹਿੰਦ ਉਤੇ ਹਮਲਾ ਨਹੀਂ ਹੋਇਆ।

ਫੇਰ ਹਨ ਕੌਮ ਦੇ ਰਾਜਾ ਮਹੀਰ ਕੁਲ ਨੇ ਛੇਵੀਂ ਸਦੀ ਵਿਚ ਸਿਆਲਕੋਟ ਤੇ ਹਮਲਾ ਕੀਤਾ, ਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਰਾਜਾ ਦਾ ਰਾਜ ਕਸ਼ਮੀਰ ਤੇ ਵੀ ਸੀ, ਇਹ ਵੀ ਬੋਧੀਆਂ ਦਾ ਵੈਰੀ ਸੀ, ਤੇ ਸ਼ਿਵ ਮਤ ਦਾ ਹਾਮੀ ਸੀ।

ਲਿਖਿਆ ਹੈ ਕਿ ਰਾਜਾ ਹੋਡੀ ਨੇ ਸਿਆਲਕੋਟ ਦੇ ਕਿਲ੍ਹੇ ਦਾ ੬ ਮਹੀਨੇ ਤੱਕ ਘੇਰਾ ਘੱਤੀ ਰਖਿਆ ਸੀ, ਪਰ ਕੁਝ ਨਾ ਬਣਿਆ; ਤੇ ਉਸਨੇ ਸਾਰਾ ਇਲਾਕਾ ਵੈਰਾਨ ਕਰ ਦਿੱਤਾ। ਪਰ ਸੂਨ-ਡਲ ਜੱਟਾਂ ਨੇ ਉਸ ਨੂੰ ਸਾਂਗਲੇ (ਲਾਹੌਰੋਂ ੧੪ ਮੀਲ ਦੱਖਣ ਪੱਛਮ) ਦੇ ਕੋਲ ਵੱਡੀ ਲੜਾਈ ਵਿਚ ਚਣੇ ਚਬਾਏ। ਪਰ ਰਸਾਲੂ ਦੀ ਧੀ ਦਾ ਹੋਡੀ ਨਾਲ ਪਿਆਰ ਸੀ, ਉਸਨੇ ਹੋਡੀ ਨੂੰ ਸੁਨੇਹਾ ਘਲਿਆ, ਤੇ ਹੋਡੀ ਉਸ ਨੂੰ ਉਧਾਲ ਕੇ ਲੈ

ਗਿਆ ਤੇ ਵਿਆਹ ਕਰ ਲਿਆ। ਫੇਰ ਰਸਾਲੂ ਨਾਲ ਪਿਛੋਂ ਸੁਲਾਹ ਹੋ ਗਈ, ਤੇ ਰਸਾਲੂ ਦੇ ਪਿਛੋਂ ਹੋਡੀ ਦਾ ਪੁੱਤਰ, ਰਸਾਲੂ ਦਾ ਦੋਹਤਰਾ ਰਾਜ ਗੱਦੀ ਤੇ ਬੈਠਾ।

### ਹੋਡੀ ਨਗਰ

ਇਸ ਦੀ ਥਾਂ ਦਾ ਠੀਕ ਪਤਾ ਨਹੀਂ, ਪਰ ਦਰਿਆ ਅਟਕ ਦੇ ਦੋ ਪਾਸੀਂ, ਪਿਸ਼ਾਵਰ ਤੋਂ ਰਾਵਲਪਿੰਡੀ, ਤੇ ਕਿਧਰੇ ਲਾਹੌਰ ਦੀ ਹੱਦ ਤੱਕ ਹੋਡੀ ਨਗਰ, ਓਦੀ ਨਗਰ ਆਦਿ ਗਰਾਵਾਂ ਦੇ ਖੋਲੇ ਮਿਲਦੇ ਨੇ, ਪਰ ਇਸ ਦਾ ਥੋਹ ਪਤਾ ਨਹੀਂ।

### ਗੰਡ ਗੜ੍ਹ ਤੇ ਮਾਣਕਿਆਲਾ

ਉਹ ਥਾਂ ਜਿੱਥੇ ਰਸਾਲੂ ਨੇ ਦੇਵਾਂ ਨੂੰ ਮਾਰਿਆ, ਅਟਕੋਂ ਉੱਤਰ ਪਾਸੇ ਦੱਸੀ ਜਾਂਦੀ ਏ। ਜਿੱਥੇ ਰਸਾਲੂ ਨੇ ਇਕ ਬੁੱਢੀ ਦੇ ਪੁੱਤਰ ਦੀ ਥਾਂ ਤੇ ਆਪਣੇ ਆਪ ਨੂੰ ਦੇਵਾਂ ਦੀ ਖ਼ੁਰਾਕ ਬਣਨ ਲਈ ਪੇਸ਼ ਕੀਤਾ, ਪਰ-ਉਪਕਾਰ ਦੀ ਹੱਦ। ਇਸ ਸ਼ਹਿਰ ਦਾ ਪੂਰਾ ਪਤਾ ਨਹੀਂ, ਪਰ ਲੋਕੀਂ ਮਾਣਕਿਆਲੇ ਨੂੰ ਇਹ ਥਾਂ ਦਸਦੇ ਨੇ।

ਮਾਣਕਿਆਲਾ ਰਾਵਲਪਿੰਡੀ ਤੋਂ ਪੂਰਬ ਦੱਖਣ ਵਲ ਇਕ ਗਰਾਂ ਹੈ, ਓਥੇ ਇਕ ਪੁਰਾਣੇ ਸਮੇਂ ਦਾ ਟੋਪ ਵੀ ਹੈ, ਤੇ ਹੋਰ ਖੋਲੇ ਬੁਧ ਮੱਤ ਦੀਆਂ ਇਮਾਰਤਾਂ ਦੇ ਹੈਨ। ਹੁਣ ਏਸੇ ਅਸਥਾਨ ਤੇ ਆਖਦੇ ਨੇ ਕਿ ਮਹਾਤਮਾ ਬੁੱਧ ਨੇ ਸਤ ਭੁੱਖੇ ਸ਼ੀਂਹ ਬੱਚਿਆਂ ਦੀ ਭੁਖ ਦੂਰ ਕਰਨ ਲਈ ਆਪਣਾ ਸਰੀਰ ਅਰਪਣ ਕੀਤਾ ਸੀ। ਅਰ ਏਥੇ ਈ ਆਖਦੇ ਨੇ, ਕਿ ਰਸਾਲੂ ਨੇ ਸਤ ਰਾਖ਼ਸ਼ ਮਾਰੇ ਸਨ। ਸਤਾਂ ਰਾਖ਼ਸ਼ਾਂ ਦੇ ਨਾਂ ਕੋਈ ਤੇ ਹੇਠ ਲਿਖੇ ਦਸਦੇ ਨੇ:—

ਰਾਖ਼ਸ਼:—ਕਪ, ਸੁਕ, ਅਮਾ, ਤੇ ਉਨ੍ਹਾਂ ਦੀਆਂ ਚਾਰ ਭੈਣਾਂ—ਕਪੀ, ਕਲਪੀ, ਮੁੰਡਾ, ਤੇ ਮੇਦਿਆ।

ਤੇ ਕੋਈ ਭੈੜਾ, ਚੰਡੀਆ, ਟੇਰਾ, ਛੀਨੂੰ ਜਾਂ ਪਿਸਨੂ, ਆਖਦੇ ਨੇਂ। ਤੇ ਕੋਈ ਸਿਰਕਟ, ਸਿਰਸੁਖ, ਤੇ ਅੰਬਾ, ਅਤੇ ਉਨ੍ਹਾਂ ਦੀਆਂ ਚਾਰ ਭੈਣਾਂ ਜਾਂ ਵਹੁਟੀਆਂ। ਕਪੀ, ਕਲਪੀ, ਮੁੰਡਾ ਤੇ ਮਨਦੇਹੀ ਦਸਦੇ ਨੇਂ।

ਲਾਹੌਰ ਤੋਂ ੨੫ ਕੁ ਮੀਲ ਪੱਛਮ ਵਲ, ਤੇ ਸ਼ੇਖੂਪੁਰੇ ਤੋਂ ੧੦ ਕੁ ਮੀਲ ਦੱਖਣ ਵਲ ਇਕ ਅੰਬਾ-ਕਪੀ ਪਿੰਡ ਹੈ, ਜਿੱਥੇ ਸਤ ਢੇਰੀਆਂ ਹੈਨ ਤੇ ਨਾਲ ਈ ਬਾਘ ਬੱਚਾ ਨਾਲਾ ਵੱਗਦਾ ਹੈ। ਨਾਲੇ ਦੇ ਨਾਂ ਤੋਂ, ਜਿਸ ਦਾ ਅਰਥ ਸ਼ੀਂਹ ਬੱਚਾ ਵੀ ਹੈ, ਤੇ ਸਤ ਢੇਰੀਆਂ ਤੋਂ ਪਤਾ ਲੱਗਦਾ ਹੈ, ਕਿ ਸ਼ਾਇਦ ਮਹਾਤਮਾ ਬੁੱਧ ਦੀ ਕੁਰਬਾਨੀ ਦੀ ਥਾਂ ਇਹੀ ਨਾ ਹੋਵੇ।

ਸਵਿਨ੍ਹਟਨ ਨੇ ਰਾਖਸ਼ਾਂ ਦੇ ਨਾਂ ਇਹ ਦੱਸੇ ਨੇ:–ਥਿੜਿਆ, ਕਬੀਂਰ, ਟੁੰਡੀਆ, ਮੁੰਡੀਆਂ, ਤੇ ਅਕਲ ਦੇਉ। ਭਾਗਲਬਤ ਉਨ੍ਹਾਂ ਦੀ ਵਹੁਟੀ।

ਸਵਿਨ੍ਹਟਨ ਲਿਖਦਾ ਹੈ ਕਿ ਲੋਕੀ ਅਜੇ ਵੀ ਗੰਦਗੜ੍ਹ ਦੀ ਪਹਾੜੀ ਗੁਫਾਂ ਵਿਚੋਂ ਦੇਵਾਂ ਦੀ ਗਰਜ ਸੁਣਦੇ ਨੇ। ਤੇ ਟੈਂਪਲ ਸਾਹਿਬ ਲਿਖਦੇ ਨੇ, ਕਿ ਅਟਕ ਦੇ

ਉਪਰਲੇ ਪਾਸੇ ਦਰਿਆ ਸਿੰਧ ਪਹਾੜੀਆਂ ਵਿਚੋਂ ਇਕ ਥਾਂ ਤੇ ਲੰਘਦੇ ਹੋਇਆਂ ਬੱਦਲਾਂ ਦੀ ਗਰਜ ਵਾਂਙੂ ਸ਼ੋਰ ਕਰਦਾ ਹੈ। ਅਰ ਲੋਕ ਇਸ ਨੂੰ ਰਸਾਲੂ ਤੋਂ ਡਰਦੇ ਹੋਏ ਲੁਕੇ ਦੇਉ ਦੀ ਗਰਜ ਆਖਦੇ ਨੇਂ। ਇਸਦਾ ਪੂਰਾ ਹਾਲ ਰਸਾਲੂ ਦੀਆਂ ਕਹਾਣੀਆਂ ਵਿਚ ਆਵੇਗਾ।

ਮਾਣਕਿਆਲਾ ਰਾਜਾ ਮਾਨ ਜਾਂ ਮਾਨਿਕ ਨੇ ਵਸਾਇਆ ਸੀ, ਜਿਸ ਨੇ ਵੱਡਾ ਟੋਪ ਵੀ ਬਣਾਇਆ। ਪੁਰਾਣੇ ਸ਼ਹਿਰ ਦਾ ਨਾਂ ਮਨੀ ਪੁਰ, ਮਾਣਿਕ ਨਗਰ ਤੇ ਬੇਦਾਦ ਨਗਰ ਵੀ ਸੀ। ਇਕ ਵੀਹਰੇ ਜਾਂ ਟੋਪ ਵਿਚੋਂ ਹਤਿਮੂਰਤ ਦਾ ਪੱਥਰ ਤੇ ਉਖਣਿਆ ਲੇਖ ਵੀ ਨਿਕਲਿਆ। ਜਿਸ ਤੋਂ ਸਿੱਧ ਹੈ ਕਿ ਮਹਾਤਮਾ ਬੁੱਧ ਦੀ ਕੁਰਬਾਨੀ ਵਾਲੀ ਇਹੀ ਥਾਂ ਹੈ। ਕਈ ਪੱਛਮੀ ਕਹਾਣੀ ਵਿਦਿਆ ਦੇ ਖੋਜੀਆਂ ਦਾ ਦਿਹ ਵੀ ਖ਼ਿਆਲ ਹੈ ਕਿ ਰਸਾਲੂ ਦੀ ਰਾਖਸ਼ ਮਾਰਨ ਦੀ ਕਹਾਣੀ, ਮਹਾਤਮਾ ਬੁੱਧ ਦੀ ਕਹਾਣੀ ਤੋਂ ਈ ਲਿਤੀ ਗਈ ਹੈ। ਮਾਣਕਿਆਲਾ ਕਦੀ ਵੱਡਾ ਸ਼ਹਿਰ ਨਹੀਂ ਹੋਇਆ। ਉਥੇ ਮੰਦਰ, ਟੋਪ, ਤੇ ੧੫ ਤਕ-ਕੋਠੜੀਆਂ ਦੇ ਨਿਸ਼ਾਨ ਹੈਨ।

## ਟੈਕਸਲਾ

ਇਸ ਪੁਰਾਤਨ ਸ਼ਹਿਰ ਦੇ ਖੋਲੇ ਰਾਵਲਪਿੰਡੀ ਤੋਂ ੧੫ ਕੁ ਮੀਲ ਪੱਛਮ ਉੱਤਰ ਵਲ ਨਿਕਲੇ ਨੇ। ਇਸ ਥਾਂ ਤੇ ਕੋਈ ਪੁਰਾਣੇ ਸ਼ਹਿਰ ਹੋ ਚੁਕੇ ਹੈਨ। ਕਦੀ ਇਹ ਰਾਜਧਾਨੀ ਸੀ, ਕਦੀ ਸੂਬਿਆਂ ਦਾ ਹੈਡਕੁਵਾਰਟਰ। ਇਸ ਸ਼ਹਿਰ ਦਾ ਸਬੰਧ ਰਸਾਲੂ ਦੀ ਕਥਾ ਨਾਲ ਇਸ ਤਰ੍ਹਾਂ ਹੈ ਕਿ ਰਾਜਾ ਸਲਵਾਹਨ ਦੇ ਵੇਲੇ, ਸਾਕਾ ਕੌਮ ਦੀ ਰਾਜਧਾਨੀ ਟੈਕਸਲਾ ਸੀ।

ਰਾਵਲਪਿੰਡੀ ਗੈਜ਼ੀਟੀਅਰ ਵਿਚ ਲਿਖਿਆ ਹੈ, ਕਿ ਟਕਾ ਲੋਕ ਜੋ ਇਕ ਤੁਰਕੀ (ਤੁਰਕਮਾਨ) ਕੌਮ (Race) ਦੇ ਮਨੁੱਖ ਸਨ, ਮਸੀਹ ਤੋਂ ਕਈ ਸਦੀਆਂ ਪਹਿਲੇ ਸਿੰਧ ਸਾਗਰ ਦੁਆਬੇ ਵਿਚ ਅਬਾਦ ਸਨ, ਤੇ ਟੈਕਸਲਾ ਜਾਂ ਟਕਸ਼ਾਸਿਲਾ (Tekhshila) ਸ਼ਾਇਦ ਉਹਨਾਂ ਈ ਅਬਾਦ ਕੀਤਾ ਹੋਵੇ। ਕਨਿੰਘਮ ਸਾਹਿਬ ਦੇ ਲਿਖਣ ਮੂਜਬ, ਸਿਕੰਦਰ ਦੇ ਹਮਲੇ ਤੋਂ ਪਹਿਲੇ, ਅਵਾਣਾਂ ਨੇ ਟਕਾ ਲੋਕਾਂ ਨੂੰ ਸਿੰਧ ਸਾਗਰ ਵਿਚੋਂ ਕੱਢ ਦਿਤਾ ਸੀ। (ਵੇਖੋ Cunningham's Pp. 436) ਅਤੇ ਅਵਾਣ ਦੇਸੀ ਲੋਕਾਂ ਨਾਲ ਮਿਲਕੇ ਬੋਧੀ ਹੋ ਗਏ। ਤੇ ਨੰਦਾ, ਪ੍ਰਾਸੂ ਦਾ ਰਾਜਾ ਉਨ੍ਹਾਂ ਵਿਚੋਂ ਸੀ। ਟਕਸ਼ਾ ਕੌਮ ਦੇ ਮਨੁੱਖਾਂ ਨੂੰ ਤਖਸ਼ਕ ਜਾਂ ਤੱਛਕ ਵੀ ਆਖਦੇ ਨੇ। ਤੱਛਕ ਨਾਗ ਵੀ ਹੈ। ਫੇਰ ਪਿਛੋਂ ਜੋ ਕੋਈ ਬਾਹਰੋਂ ਹਮਲਾ ਕਰਨ ਵਾਲੇ ਆਏ, ਉਨ੍ਹਾਂ ਨੂੰ ਪੰਜਾਬੀਆਂ ਨੇ ਟਕਾ, ਪਿਛੋਂ ਤੁਰਕ ਨਾਂ ਦਿੱਤਾ। ਕਿਉਂਕਿ ਇਹ ਤਰਕੋਮਾਨ ਕੌਮ ਦੇ ਸਨ, ਇਸੇ ਕਰਕੇ ਸਾਰੇ ਮੁਸਲਮਾਨ ਤੁਰਕ ਅਖਵਾਏ।

ਇਸ ਸ਼ਹਿਰ ਦਾ ਜ਼ਿਕਰ ਸਮਿਥ ਸਾਹਿਬ ਦੇ ਪੁਰਾਣੇ ਹਿੰਦੀ ਇਤਿਹਾਸ (Smith's Early History of India 3rd Edition Pp. 50, 60, 61,

Sri Satguru Jagjit Singh Ji Elibrary NamdhariElibrary@gmail.com

154, 63, 78, 85, 120, 161, 237, 230, 256, 354) ਟੈਕਸਲੇ ਦੇ ਰਾਜਾ ਨੇ ਸਿਕੰਦਰ ਨਾਲ ਸੁਲਾਹ ਕਰ ਲਿਤੀ ਸੀ, ਤੇ ਸਿਕੰਦਰ ਦੇ ਪੋਰੂ ਤੇ ਹਮਲੇ ਵੇਲੇ ਉਸਦੇ ਨਾਲ ਸੀ। ਟੈਕਸਲਾ ਵਾਲਿਆਂ ਨੇ ਸਿਕੰਦਰ ਦੀ ਈਨ, ਬਿਨਾਂ ਲੜਾਈ ਈ ਮੰਨ ਲਈ ਸੀ। ਕਿਉਂਕਿ ਉਹ ਆਪਣੇ ਆਂਢ-ਗੁਆਂਢੀ ਰਾਜਿਆਂ ਕੋਲੋਂ ਬਦਲਾ ਲੈਣਾ ਚਾਹੁੰਦੇ ਸਨ। ਇਸ ਕਰਕੇ ਇਨ੍ਹਾਂ ਨੇ ਸਿਕੰਦਰ ਨੂੰ ਖੁਲ੍ਹਾ ਰਾਹ ਦੇ ਕੇ ਰਾਜਾ ਪੋਰੂ ਦੀ ਹੱਦ ਤੱਕ ਪਹੁੰਚਾ ਦਿੱਤਾ। ਫੋਟ ! (Pp. 60, 61) ਮਹਾਰਾਜ ਅਸ਼ੋਕ ਦੇ ਰਾਜ ਵਿਚ ਟੈਕਸਲਾ ਇਕ ਸੂਬੇ (Viceroy) ਦੀ ਰਾਜਧਾਨੀ ਸੀ।

ਸੰਨ ੧੩੮ (B. C.) ਵਿਚ ਟੈਕਸਲਾ ਦਾ ਇਲਾਕਾ *ਪਾਰਥਿਆ ਰਾਜ ਨਾਲ ਲੱਗ ਗਿਆ। ਪਰ ਫੇਰ ਸੰਨ ੧੨੦ (B. C.) ਵਿਚ ਇਕ ਰਾਜਾ ਮਾਉਈਸ ਨੇ ਇਸ ਨੂੰ ਪਾਰਥਿਆ ਨਾਲੋਂ ਵਖਰਾ ਕਰ ਲਿਆ, ਅਤੇ ਪੱਛਮੀ ਪੰਜਾਬ ਦੀ ਰਾਜਧਾਨੀ ਬਣਿਆ। ਇਹ ਰਾਜਾ ਸੈ ਵਿਸਵਾ ਸਾਕਾ ਕੌਮ ਦਾ ਸੀ। (Pp. 229) ਪਾਰਥੀਅਨ ਕੌਮ ਦਾ ਰਾਜ ਪੰਜਾਬ ਵਿਚ ਮਸੀਹ ਦੀ ਪਹਿਲੀ ਸਦੀ ਤੋਂ ਅੱਧ ਤੱਕ ਰਿਹਾ। ਉਸ ਪਿਛੋਂ ਹੀਮਾ ਜਾਂ ਵੀਮਾ ਨੇ (Kadphisis 2nd.) ਜੋ ਕੁਛਨ ਖ਼ਾਨਦਾਨ ਦਾ ਰਾਜਾ ਸੀ, ਪੱਛਮੀ ਪੰਜਾਬ ਆਪਣੇ ਰਾਜ ਵਿਚ ਮਿਲਾ ਲਿਆ। ਰਾਜਾ ਕਨਿਸ਼ਕ ਸੰਨ ੭੮ ਈ: ਵਿਚ ਤਖ਼ਤ ਤੇ ਬੈਠਾ। ਪਰ ਇਸ ਰਾਏ ਦੇ ਉਲਟ ਡਾਕਟਰ ਫਲੀਟ ਅਤੇ ਕਨਿੰਘਮ ਦੀਆਂ ਰਾਵਾਂ ਹੈਨ, ਜੋ ਕਨਿਸ਼ਕ ਨੂੰ ਸੰਨ ੫੮ (B. C.) ਵਿਚ ਦਸਦੇ ਨੇ। ਐਨੇ ਪੁਰਾਣੇ ਵਰ੍ਹਿਆਂ ਦੇ ਅਸਲੀ ਸੰਮਤ ਕੱਢਣ ਵਿਚ ਸੋ ਦੋ ਸੋ ਵਰ੍ਹੇ ਦੀ ਗ਼ਲਤੀ ਵੱਡੀ ਗੱਲ ਨਹੀਂ। ਜੋ ਸਿੱਕੇ ਜਾਂ ਪੱਥਰ ਲੇਖ ਮਿਲੇ, ਉਨ੍ਹਾਂ ਤੇ ਕੋਈ ਅਜਿਹਾ ਸੰਨ ਨਹੀਂ ਜਿਸਦੇ ਮੁੱਢ ਦਾ ਪੂਰਾ ਪਤਾ ਹੋਵੇ। ਸਮਿਥ ਦਾ ਪਹਿਲਾ ਖ਼ਿਆਲ ਕਿ ਇਹ ਲੌਕਿਕ ਸੰਮਤ ਹੈ, ਹੁਣ ਉਸਨੇ ਆਪ ਹੀ ਰੱਦ ਕਰ ਦਿੱਤਾ ਹੈ, ਜੀਕਣ ਆਰਾ ਦੇ ਪੱਥਰ ਲੇਖ ਵਿਚ ਸੰਮਤ ੪੧ ਦਿੱਤਾ ਹੈ। ਅਤੇ ਇਕ ਪੱਥਰ ਲੇਖ ਵਿਚ ਸਾਲ ੩ ਤੇ ੧੧ ਦਿਤੇ ਹੈਨ†। ਇਹ ਕਨਿਸ਼ਕ ਦਾ ਸਭ ਤੋਂ ਪੁਰਾਣਾ ਪੱਥਰ ਲੇਖ ਹੈ, ਦੋਵੇਂ ਕਨਿਸ਼ਕ ਦੇ ਹੀ ਹੈਨ ਤੇ ਸੰਮਤ ਇਸ ਕਰਕੇ ਉਸਦੇ ਰਾਜ ਦਾ ਹੀ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਕਨਿਸ਼ਕ ਨਾਂ ਦੇ ਕਈ ਰਾਜੇ ਹੋਣ। ਸਮਿਥ ਸਾਹਿਬ ਦਾ ਨਿਰਭਰ ਮਿਸਟਰ ਆਰ. ਡੀ. ਬੇਨਰਜੀ (R. D. Bannerjee) ਦੇ ਲੇਖ ਤੇ ਹੈ। ਹੁਣ ਸਮਿਥ ਸਾਹਿਬ ਦਾ ਖਿਆਲ ਹੈ ਕਿ ਕਨਿਸ਼ਕ, ਕਾਡਫੀਸਸ (Kadphisis) ਰਾਜਿਆਂ ਤੋਂ ਪਿੱਛੇ ਹੋਇਆ ਹੈ। ਪਰ ਸਮਿਥ ਸਾਹਿਬ ਹੀ ਲਿਖਦੇ ਨੇ (ਪੰ: ੨੫੫) ਕਿ ਮਹਾਰਾਜਾ ਕਨਿਸ਼ਕ ਦੀ ਐਡੀ ਮਸ਼ਹੂਰੀ ਹੋਣ ਤੇ ਵੀ ਉਨ੍ਹਾਂ ਦਾ ਪੱਕਾ ਇਤਿਹਾਸ ਨਹੀਂ ਮਿਲਦਾ, ਤੇ ਉਨ੍ਹਾਂ ਦੀ ਠੀਕ ਥਾਂ, ਕੁਸ਼ਨ ਖ਼ਾਨਦਾਨ ਦੇ ਸ਼ਜਰੇ ਵਿਚ

*ਨੋਟ—ਪਾਰਥੀਅਨ ਕੋਮ ਇਰਾਕ ਵਿਚ ਮਸੀਹ ਤੋਂ ਪਹਿਲੇ ਰਾਜ ਕਰਦੀ ਸੀ, ਤੇ ਇਸਦਾ ਰਾਜ ਈਰਾਨ, ਅਫ਼ਗਾਨਿਸਤਾਨ ਤੇ ਪੰਜਾਬ ਤੱਕ ਸੀ।

†P. 251 n. Smith 3rd Ed.

Sri Satguru Jagjit Singh Ji Elibrary NamdhariElibrary@gmail.com

ਵੀ ਹਾਲੀਂ ਸ਼ੱਕੀ ਹੈ। ਇਸ ਤੋਂ ਜ਼ਾਹਿਰ ਹੈ ਕਿ ਸੰਨ ੭੮ ਈ: ਵਿਚ ਕਨਿਸ਼ਕਾਂ ਦਾਂ ਕਾਡਫੀਸਸ ਦੂਜੇ (੫੫ ਤੋਂ ੭੮ A. D.) ਦੇ ਪਿਛੋਂ ਤਖ਼ਤ ਤੇ ਬੈਠਣਾ ਵੀ, ਇਕ ਇਤਿ-ਹਾਸਕ ਖੋਜੀਆਂ ਦਾ ਖ਼ਿਆਲ ਹੀ ਹੈ, ਪੱਕੀ ਗੱਲ ਨਹੀਂ। ਸਮਿਥ ਸਾਹਿਬ ਇਹ ਵੀ ਮੰਨਦੇ ਨੇ, ਕਿ ਉਹ ਨਹੀਂ ਕਹਿ ਸਕਦੇ ਕਿ ਸਾਕਾ ਸੰਮਤ ਕਨਿਸ਼ਕਾਂ ਦਾ ਥਾਪਿਆ ਹੈ, ਜਾਂ ਇਹ ਸੰਮਤ ਉਨ੍ਹਾਂ ਦੀ ਗੱਦੀ ਤੇ ਬੈਠਣ ਦਾ ਹੈ, ਜਾਂ ਰਾਜ ਤਿਲਕ ਦਾ ਹੈ। ਕੁਸ਼ਨ ਖ਼ਾਨਦਾਨ ਦੇ ਸਿੱਕੇ ਰੋਮਨ ਬਾਦਸ਼ਾਹਾਂ ਦੇ ਸਿੱਕਿਆਂ ਦੀ ਨਕਲ ਹੈਨ। ਹਾਂ ਕਿਉਂ ਨਾ ਹੋਣ, ਰੋਮਨ ਉਸ ਵੇਲੇ ਦੁਨੀਆਂ ਦਾ ਸਭ ਤੋਂ ਵੱਡਾ ਰਾਜ ਸੀ । ਅਤੇ ਏਧਰ ਕੁਸ਼ਨ ਖ਼ਾਨਦਾਨ ਦਾ ਦਬ-ਦਬਾ ਤੇ ਰਾਜ, ਤੁਰਕਿਸਤਾਨ, ਚੀਨ, ਈਰਾਨ ਦੇ ਕੁਝ ਹਿੱਸੇ, ਅਫ਼ਗ਼ਾਨਿਸਤਾਨ ਤੇ ਪੱਛਮੀ ਹਿੰਦ ਤੇ ਸੀ।

ਸਤਵੀਂ ਸਦੀ ਵਿਚ ਟੈਕਸਲਾ, ਕਸ਼ਮੀਰ ਦੇ ਮਾਤਹਿਤ ਸੀ । ਡਾਕਟਰ ਮਾਰਸ਼ਲ ਸਾਹਿਬ (Dr. Sir J. Marshall), ਜਿਨ੍ਹਾਂ ਨੇ ਟੈਕਸਲਾ ਦੇ ਖੋਲੇ ਪੁਟੇ ਸਨ, ਦੀ ਰਾਏ ਹੈ, ਕਿ ਟੈਕਸਲਾ ਦੇ ਖੋਲਿਆਂ ਦੇ ਰਦੇ ਦਸਦੇ ਨੇ ਕਿ ਕਨਿਸ਼ਕ ਦਾ ਰਾਜ ਦੂਸਰੀ ਸਦੀ ਮਸੀਹ ਵਿਚ ਸੀ। ਪਰ ਇਹ ਖਿਆਲ ਇਤਿਹਾਸਕ ਖੋਜ ਤੋਂ ਰੱਦ ਹੋ ਗਿਆ ਹੈ।

ਟੈਕਸਲਾ ਦੇ ਖੋਲਿਆਂ ਵਿਚ ਦੋ ਪੁਰਾਣੇ ਸ਼ਹਿਰਾਂ ਦੇ ਖੋਲੇ ਹੈਨ, ਜਿਨ੍ਹਾਂ ਦੇ ਨਾਂ ਸਿਰਕੱਪ ਤੇ ਸਿਰਸੁਖ ਹੈਨ। ਅਰ ਇਹ ਦੋਵੇਂ ਰਾਜੇ ਭਰਾ ਦਸੀਦੇ ਨੇ; ਤੇ ਰਾਜਾ ਰਸਾਲੂ ਦੇ ਮਾਰੇ ਹੋਇ ਦੇਵਾਂ ਵਿਚ ਉਨ੍ਹਾਂ ਨੂੰ ਵੀ ਦਸਦੇ ਨੇ।

ਟੈਕਸਲਾ ਦੇ ਇਤਿਹਾਸ ਤੇ ਹੋਰ ਵਿਚਾਰ ਦੀ ਲੋੜ ਨਹੀਂ।

## ਉਜੈਨ

ਉਜੈਨ, ਮਾਲਵੇ ਦੇਸ ਦੀ ਰਾਜਧਾਨੀ ਸੀ। ਅਤੇ ਇਹ ਹਿੰਦੂਆਂ ਦੇ ਸਤ ਪਵਿਤ੍ਰ ਅਸਥਾਨਾਂ ਵਿਚੋਂ ਗਿਣਿਆ ਜਾਂਦਾ ਹੈ। ਮਾਲਵੇ ਦਾ ਪੁਰਾਣਾ ਨਾਂ ਉਜਯੈਨੀ ਸੀ। ਤੇ ਬਿਕ੍ਰਮਾਜੀਤ ਏਥੋਂ ਦਾ ਮਸ਼ਹੂਰ ਰਾਜਾ ਗਿਣਿਆ ਜਾਂਦਾ ਹੈ । ਉਜੈਨ ਦਾ ਇਕ ਪੁਰਾਣਾ ਬਜੇਈ ਰਾਜਾ ਸ਼ਤਯਾਕਰਨੀ, ਅੰਧਰਾ ਦੇਸ ਦਾ ਰਾਜਾ ਆਖਦੇ ਨੇ, ਜਿਸਨੇ ਅਸਵਮੇਧ ਜਗ ਕੀਤਾ ਤੇ ਮਹਾਰਾਜ ਅਧਿਰਾਜ ਅਖਵਾਇਆ। ਕੁਝ ਚਿਰ ਪਿਛੋਂ ਸਾਕਿਆ ਨੇ ਉਜੈਨ ਅੰਧਰਿਆਂ ਕੋਲੋਂ ਫ਼ਤਿਹ ਕਰ ਲਿਤਾ। ਹੁਣ ਵੇਖਣਾ ਹੈ ਕਿ ਸ਼ਤਯਾਕਰਨੀ ਕਦ ਹੋਇਆ ? ਇਸ ਦਾ ਨਿਰਣਾ ਅਗੇ ਚਲ ਕੇ ਕਰਾਂਗੇ।

ਰੈਪਸਨ (Rapson) ਸਾਹਿਬ ਲਿਖਦੇ ਨੇ ਕਿ ਗੌਤਮੀ ਪੁੱਤਰ ਸ਼ਤਯਾਕਰਨੀ ੧੦੬ ਈ: ਵਿਚ ਤਖ਼ਤ ਤੇ ਬੈਠਾ। ਪਰ ਫੇਰ ਉਜੈਨ ਛੇਤੀ ਹੀ ਸਾਕਿਆਂ ਨੇ ਫ਼ਤਿਹ ਕਰਕੇ ਆਪਣਾ ਸੂਬਾ ਓਥੇ ਬਿਠਾ ਦਿਤਾ ਸੀ।

## ਸਾਹਿਤ ਮਾਹਿਤ

ਸਾਹਿਤ ਮਾਹਿਤ ਦੇ ਖੋਲੇ ਅਵਧ ਵਿਚ ਮਿਲਦੇ ਹੈਨ, ਜਿਸ ਸ੍ਰਾਵਸਤੀ ਰਾਜ ਦੀ, ਜਿਹੜਾ ਉਤ੍ਰੀ ਕੁਸ਼ੱਲਜ: ਵਿਚ ਸੀ, ਰਾਜਧਾਨੀ ਦਸਿਆ ਜਾਂਦਾ ਹੈ। ਇਹ ਰਵੇਤ

Sri Satguru Jagjit Singh Ji Elibrary NamdhariElibrary@gmail.com

ਹੈ ਕਿ ਇਸ ਰਾਜ ਦੀ ਮਸ਼ਾਹੂਰੀ ਵਿਕ੍ਰਮਾਜੀਤ ਦੇ ਵੇਲੇ ਹੋਈ, ਜਿਹੜਾ ਦੂਜੀ ਸਦੀ ਮਸੀਹ ਦੇ ਅੱਧ ਵਿਚ ਹੋਇਆ। ਜਿਸਨੇ ਕਸ਼ਮੀਰ ਦੇ ਵਡੇ ਬਹਾਦਰ ਰਾਜਾ ਘਵਾਨਾ ਨੂੰ, ਜਿਸ ਦਾ ਰਾਜ ਪਸ਼ਾਵਰ ਤੋਂ ਮਾਲਵੇ ਤੇ ਬੰਗਾਲ ਤਕ ਸੀ, ਭਾਂਜ ਦੇ ਕੇ ਕੁਲ ਹਿੰਦ (ਜੰਬੂ ਦੀਪ) ਦਾ ਮਹਾਰਾਜ ਅਧਿਰਾਜ ਦਾ ਲਕਬ ਲਿਤਾ। ਰਾਜਾ ਬਿਕ੍ਰਮਾਜੀਤ ਨੇ ਅੱਸੀ ਵਰ੍ਹੇ ਰਾਜ ਕੀਤਾ; ਫੇਰ ਮਰ ਗਿਆ। ਪਰ ਉਸ ਦੀ ਲੋਥ ਵਿਚ ਸਮੁੰਦਰਪਾਲ ਜੋਗੀ ਦੇ ਜੀਵ ਨੇ ਪ੍ਰਵੇਸ਼ ਕਰਕੇ, ਫੇਰ ਰਾਜ ਸ਼ੁਰੂ ਕਰ ਦਿਤਾ। ਤੇ ਉਸਦੇ ਪਿਛੋਂ ਫੇਰ ਉਸ ਦੀ ਔਲਾਦ ਨੇ ੧੭ ਪੀਹੜੀਆਂ ਰਾਜ ਕੀਤਾ॥

ਨੋਟ—ਇਸ ਰਵੈਤ ਦਾ ਮੁਕਾਬਲਾ ਕਰੋ, ਵਿਕ੍ਰਮ ਚ੍ਰਿਤ੍ਰ ਦੀ ਕਥਾ ਨਾਲ। ਤੇ ਰਾਜ ਤ੍ਰੰਗਣੀ ਦੇ ਵਿਕ੍ਰਮਾਜੀਤ ਹਰਸ਼ਾ ਨਾਲ। ਜਿਸਨੇ ਕਸ਼ਮੀਰ ਫ਼ਤਿਹ ਕਰਕੇ ਆਪਣੇ ਇਕ ਕਵੀ ਵਜ਼ੀਰ ਮਿਤ੍ਰਾ ਗੁਪਤ ਨੂੰ ਆਪਣੀ ਥਾਂ ਰਾਜ ਕਰਨ ਲਈ ਥਾਪਿਆ ਸੀ (ਵੇਖੋ ਵਿਕ੍ਰਮਾਜੀਤ ਨਾਂ ਕਿ ਉਪਮਾਂ ਵਾਲਾ ਲੇਖ।)

## ਬਿਕ੍ਰਮੀ ਸੰਮਤ

ਇਹ ਸੰਮਤ ਈਸਵੀ ਸੰਮਤ ਤੋਂ ੫੭ ਵਰ੍ਹੇ ਪਹਿਲੋਂ ਸ਼ੁਰੂ ਹੁੰਦਾ ਹੈ ਅਤੇ ਉਤ੍ਰੀ ਹਿੰਦ, ਮਾਲਵਾ, ਗੁਜਰਾਤ ਵਿਚ ਪ੍ਰਚਲਤ ਹੈ। ਇਹ ਸੰਮਤ ਪੁਰਾਤਨ ਲਿਖਤਾਂ ਅਨੁਸਾਰ ਉਜੈਨ ਦੇ ਰਾਜਾ ਬਿਕ੍ਰਮਾਜੀਤ (ਵਿਕ੍ਰਮਾ ਦਿਤਯਾ) ਨੇ ਸਾਕਿਆਂ ਤੇ ਫ਼ਤਹਿ ਪਾਣ ਦੀ ਯਾਦਗਰ ਵਿਚ ਥਾਪਿਆ ਸੀ। ਸਭ ਤੋਂ ਪੁਰਾਣੀ ਤਾਰੀਖ ਜਿਹੜੀ ਅਜੇ ਤਕ ਕਿਸੇ ਉਖਣ ਲੇਖ ਤੇ ਮਿਲੀ ਹੈ ਜਿਸ ਨਾਲ ਬਿਕ੍ਰਮੀ ਨਾਮ ਲਗਾ ਹੈ ਉਹ ਮੋਰਵੀ ਉਖਣ ਲੇਖ ਸੰਮਤ ੭੯੪ ਬਿਕ੍ਰਮੀ ਜਾਂ ੫੮੫ ਗੁਪਤਾ ਸੰਮਤ ਦੀ ਹੈ। ਜੈਨੀ ਗ੍ਰੰਥਾਂ ਵਿਚ ਵੀ ਇਸ ਸੰਮਤ ਦਾ ਜ਼ਿਕਰ ਹੈ ਕਿ ਇਹ ਸੰਮਤ ਸ੍ਰੀ ਮਹਾਂਵੀਰ ਤੋਂ ੪੭੦ ਵਰ੍ਹੇ ਪਿਛੋਂ ਰਾਜਾ ਵਿਕ੍ਰਮਰਕਾ ਨੇ ਚਲਾਇਆ ਸੀ। ਹੁਣ ਸ੍ਰੀ ਮਹਾਂਵੀਰ ਦੀ ਚੜ੍ਹਾਈ ਸੰਨ ਮਸੀਹ ਤੋਂ ੫੨੭ ਵਰ੍ਹੇ ਪਹਿਲੇ ਹੋਈ ਦਸੀ ਜਾਂਦੀਏ, ਇਸ ਕਰਕੇ ਇਹ ਸੰਮਤ ੫੨੭—੪੭੦=੫੭ ਵਰ੍ਹੇ ਮਸੀਹ ਤੋਂ ਪਹਿਲੇ ਸ਼ੁਰੂ ਹੋਇਆ। ਜੈਨ ਗ੍ਰੰਥਾਂ ਵਿਚ ਇਸ ਸੰਮਤ ਦਾ (ਸਭ ਤੋਂ ਪੁਰਾਣਾ) ਜ਼ਿਕਰ "ਸਤ੍ਰੰਜਯਾਂ ਮਹਾਤਮ" ਗ੍ਰੰਥ ਵਿਚ ਆਉਂਦਾ ਹੈ ਜਿਸਦੇ ਲਿਖਣ ਦੀ ਤਾਰੀਖ ੪੭੭ ਬਿਕ੍ਰਮੀ ਦਿਤੀ ਹੈ। ਜਦੋਂ ਵਲਭੀ ਦੇਸ ਦੇ ਰਾਜਾ ਸਲਾਦਿਤਯਾ ਨੇ ਬੋਧੀਆਂ ਨੂੰ ਗੁਜਰਾਤ ਵਿਚੋਂ ਕਢਕੇ ਜੈਨੀ ਤੀਰਥਾਂ ਨੂੰ ਆਜ਼ਾਦ ਕਰਾਇਆ ਸੀ।

ਹੁਣ ਦੇ ਅੰਗ੍ਰੇਜ਼ੀ ਖੋਜੀ ਜੀਕਣ ਸਰ ਜਾਨ ਮਾਰਸ਼ਲ (Sir John Marshall) ਇਸ ਸੰਮਤ ਨੂੰ ਸਾਕਾ ਬਾਦਸ਼ਾਹ ਅਸੇਈ ਪ੍ਰਿਥਮ (Azes I) ਦਾ ਥਾਪਿਆ ਦਸਦੇ ਨੇ।

ਇਸ ਤਰ੍ਹਾਂ ਤਾਂ ਦੋਵੇਂ ਸਾਕਾ ਤੇ ਬਿਕ੍ਰਮੀ ਸੰਮਤ, ਸਾਕਿਆਂ ਦੇ ਥਾਪੇ ਬਣ ਜਾਂਦੇ ਨੇਂ। ਤੇ ਸਾਕਿਆਂ ਦੀ ਮਸ਼ਾਹੂਰ ਭਾਂਜ ਜਿਸ ਦੀ ਯਾਦਗਰ ਵਿਚ ਪੁਰਾਣੀਆਂ ਹਿੰਦੀ ਰਵਾਇਤਾਂ ਤੇ ਗ੍ਰੰਥਾਂ ਦੇ ਲਿਖਣ ਅਨੁਸਾਰ, ਇਹ ਸੰਮਤ ਥਾਪੇ ਗਏ ਦਸੇ ਜਾਂਦੇ ਨੇ; ਇਕ ਖਿਆਲ ਈ ਰਹਿ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਇਹ ਮੰਨਿਆ ਕਿ ਵਿਕ੍ਰਮਾ ਦਤਜਾ ਕਈਆਂ ਰਾਜਿਆਂ ਦਾ ਨਾਂ ਸੀ ਪਰ ਸਾਡੇ ਖਿਆਲ ਵਿਚ ਇਹਨਾਂ ਦੋਹਾਂ ਵਿਚੋਂ ਇਕ ਸੰਮਤ ਜ਼ਰੂਰ ਸਾਕਿਆਂ ਤੇ ਫ਼ਤਿਹ ਪਾਣ ਦੀ ਯਾਦਗਾਰ ਵਿਚ ਥਾਪਿਆ ਗਿਆ ਸੀ, ਜਿਸ ਤੇ ਪੂਰੀ ਵਿਚਾਰ ਅਗੇ ਕੀਤੀ ਜਾਵੇਗੀ।

ਫੇਰ ਜੈਨ ਮਤ ਦੇ ਗ੍ਰੰਥਾਂ ਵਿਚ ਲਿਖਿਆ ਹੈ। (ਵੇਖੋ ਕਾਲਕਾ ਅਚਾਰਜਾ ਕਥਨਿਕਾ) ਕਿ ਇਕ ਵਾਰੀ ਜੈਨੀ ਸੰਤ ਕਾਲਕਾ ਦਾ ਉਜੈਨ ਦੇ ਰਾਜਾ ਗਰੜ ਭੀਲ ਯਾ ਗਰਧ ਭੀਲ ਨੇ ਤ੍ਰਿਸਕਾਰ ਕੀਤਾ। ਇਹ ਗਰੜ ਭੀਲ ਯਾ ਗਰਧ ਭੀਲ ਰਾਜਾ ਵਿਕ੍ਰਮਾਜੀਤ ਦਾ ਪਿਤਾ ਸੀ। ਤਾਂ ਸੰਤ ਕਾਲਕਾ, ਸਾਕਿਆਂ ਦੇ ਦੇਸ਼ ਗਿਆ, ਕਿ ਕਿਸੇ ਤਰ੍ਹਾਂ ਗਰੜਭੀਲ ਕੋਲੋਂ ਤ੍ਰਿਸਕਾਰ ਦਾ ਬਦਲਾ ਲਵਾਂ। ਸਾਕਿਆਂ ਦਾ ਰਾਜਾ ਸ਼ਾਹੰਸ਼ਾਹ ਅਖਵਾਂਦਾ ਸੀ। ਕਾਲਕਾ ਦੇ ਆਖੇ ਤੇ ਸਾਕਿਆਂ ਨੇ ਹਮਲਾ ਕਰਕੇ ਗਰੜਭੀਲ ਨੂੰ ਕਢ ਦਿਤਾ। ਪਰ ਫੇਰ ਕੁਝ ਚਿਰ ਪਿਛੋਂ ਬਿਕ੍ਰਮਾਜੀਤ ਨੇ ਸਾਕਿਆਂ ਨੂੰ ਭਾਂਜ ਦਿਤੀ ਤੇ ਉਜੈਨ ਤੇ ਫੇਰ ਰਾਜ ਕੰਮ ਕਰ ਲਿਤਾ; ਇਹ ਮਸੀਹ ਤੋਂ ਪਹਿਲੀ ਸਦੀ ਦੀ ਗਲ ਦਸੀਦੀ ਹੈ।

ਜੈਨੀਆਂ ਦਾ ਉਜੈਨ ਨਾਲ ਸੰਬੰਧ ਹੋਣਾ ਇਸ ਗਲ ਤੋਂ ਵੀ ਸਾਬਤ ਹੈ ਕਿ ਉਹ ਬਿਕ੍ਰਮੀ ਸੰਮਤ ਵਰਤਦੇ ਹੈਨ। ਜਿਸ ਸੰਮਤ ਨੂੰ ਮਾਲਵੇ ਵਿੱਚੋਂ ਸ਼ੁਰੂ ਹੋਇਆ ਦਸਦੇ ਨੇ। ਤੇ ਰੈਪਸਨ ਸਾਹਿਬ ਦੇ ਖਿਆਲ ਵਿਚ ਇਹ ਕਥਾ ਇਤਿਹਾਸਕ ਖਿਆਲ ਤੋਂ ਬਿਲਕੁਲ ਖ਼ਾਲੀ ਨਹੀਂ ਜਾਪਦੀ।

ਪਰ ਸਮੇਂ ਦਾ ਫੇਰ ਫ਼ਰਕ ਹੈ। ਇਹ ਕਥਾ ਸੌ ਵਿਸਵਾ ਦੂਜੀ ਤੀਜੀ ਸਦੀ ਦੀ ਹੋਣੀ ਏ ਜਦ ਚੰਦਰ ਗੁਪਤਾ ਦੂਜੇ ਨੇ ਉਜੈਨ ਫ਼ਤਿਹ ਕੀਤਾ, ਤੇ ਸਾਕਿਆਂ ਨੂੰ ਕਢ ਕੇ ਬਾਹਮਣੀ ਧਰਮ ਦੀ ਉੱਨਤੀ ਕੀਤੀ, ਤੇ ਸੰਮਤ ਨੂੰ ਬਿਕ੍ਰਮੀ ਨਾਂ ਦਿਤਾ।

## ਸਾਕਾ ਸੰਮਤ

ਕਨਿੰਘਮ ਸਾਹਿਬ ਲਿਖਦੇ ਨੇ :—

ਸਾਕਾ ਕਾਲ, ਜਿਸਨੂੰ ਸਾਕਾ ਭੂਪਕਾਲ, ਸਕੰਦਰਕਾਲ, ਜਾਂ ਸਾਕਾ ਰਾਜਿਆਂ ਦਾ ਸੰਮਤ ਵੀ ਆਖਦੇ ਹੈਨ; ਹਿੰਦ ਵਿਚ ਹੋਰਨਾਂ ਸੰਮਤਾਂ ਨਾਲੋਂ ਵੇਰ ਵਰਤਿਆ ਜਾਂਦਾ ਹੈ। ਅਬੂ ਹਿਰਾਨ ਲਿਖਦਾ ਹੈ ਕਿ :—

"ਇਹ ਸੰਮਤ ਖਾਸ ਕਰ ਨਜੂਮ ਜੋਤਿਸ਼ ਦੀਆਂ ਕਿਤਾਬਾਂ ਵਿਚ ਵਰਤਿਆ ਜਾਂਦਾ ਹੈ ਪਰ ਆਰੀਆ ਭਟ ਤੇ ਉਸ ਤੋਂ ਪਹਿਲੇ ਦੇ ਜੋਤਸ਼ੀ ਤੇ ਕਲ ਜੁਗੀ ਸੰਮਤ ਈ: ਵਰਤਦੇ ਸਨ। ਅਤੇ ਸਭ ਤੋਂ ਪਹਿਲੇ ਜੋਤਿਸ਼ ਗ੍ਰੰਥਾਂ ਵਿਚ ਸਾਕਾ ਸੰਮਤ ਨੂੰ ਵਰਾਹ ਮਹੀਰ ਜੋਤਸ਼ੀ ਨੇ ਵਰਤਿਆ ਹੈ"। ਅਬੂ ਰਿਹਾਨ ਇਸ ਸੰਮਤ ਦਾ ਮੁਢ ੧੩੫ ਵਰ੍ਹੇ ਬਿਕਰਮੀ ਤੋਂ ਪਿਛੇ ਲਿਖਦਾ ਹੈ, ਜੋ ਠੀਕ ਹੈ। ਅਬੂ ਰਿਹਾਨ ਲਿਖਦਾ ਹੈ, ਕਿ ਸਾਕਾ ਇਕ ਰਾਜੇ ਦਾ ਨਾਂ ਸੀ ਜਿਹੜਾ ਦਰਿਆ ਸਿੰਧ ਤੇ ਸਮੁੰਦਰ ਦੇ ਵਿਚਕਾਰਲੇ ਦੇਸ ਤੇ ਰਾਜ

ਕਰਦਾ ਸੀ । ਵਿਕ੍ਰਮਾ ਜੀਤ ਨੇ ਤ੍ਰੈਸ ਤੇ ਚੜ੍ਹਾਈ ਕੀਤੀ ਤੇ ਉਸ ਨੂੰ ਮੁਲਤਾਨ ਦੇ ਕੋਲ ਕਰੋਰ ਤੇ ਲੂਨੀ ਕਿਲ੍ਹੇ ਦੇ ਵਿਚਲੇ ਮੈਦਾਨ ਵਿਚ ਭਾਂਜ ਦੇ ਕੇ ਮਾਰ ਦਿੱਤਾ । ਪਰ ਇਹ ਬਿਕ੍ਰਮਾਜੀਤ ਉਹ ਨਹੀਂ ਹੋ ਸਕਦਾ ਜਿਸਦਾ ਸੰਮਤ ਮਸੀਹ ਤੋਂ ੫੭ ਸਾਲ ਪਹਿਲੇ ਦਾ ਹੈ । ਸਾਕਾ ਬਾਦਸ਼ਾਹ ਦਾ ਨਾਂ ਸਲਵਾਹਨ ਸੀ, ਤੇ ਇਸ ਸੰਮਤ ਨੂੰ ਹੁਣ ਸਾਕਾ ਸਲਵਾਹਨ ਦਾ ਸੰਮਤ ਜਾਂ ਨਿਰਾ ਸਾਕਾ ਸੰਮਤ ਆਖਦੇ ਨੇ । ਇਹ ਸੰਮਤ ਕਲਜੁਗ ਸੰਮਤ ੩੧੭੬, ਜਾਂ ਸੰਨ ਈ: ੭੮ ਤੋਂ ਸ਼ੁਰੂ ਹੁੰਦਾ ਹੈ ॥

ਕਨਿੰਘਮ ਸਾਹਿਬ ਨੇ ਇਕ ਹੋਰ ਥਾਂ ਲਿਖਿਆ ਹੈ, (ਵੇਖੋ Archaological Survey of India, Vol. I) ਕਿ ਰਾਜਾ ਸਲਵਾਹਨ ਨੇ ਸਾਕਿਆਂ ਨੂੰ ਮੁਲਤਾਨ ਤੋਂ ੬੦ ਕੁ ਮੀਲ ਪਰੇ, ਇਕ ਵਡੀ ਲੜਾਈ ਵਿਰ ਭਾਂਜ ਦਿੱਤੀ ਤੇ ਸੰਮਤ ਸਾਕਾਹਾਰੀ ਚਲਾਇਆ (ਜਿਹੜਾ ਪਿਛੋਂ ਨਿਰਾ ਸਾਕਾ ਜਾਂ ਸਲਵਾਹਨ ਸਾਕਾ ਬਣ ਗਿਆ ।) ਸਾਕਾਹਾਰੀ ਦਾ ਅਰਥ ਹੈ (ਸਾਕਾ ਹਰੀ) ਸਾਕਿਆਂ ਨੂੰ ਮਾਰਨ ਵਾਲਾ । ਅਰ ਇਹੀ ਲਕਬ ਸਲਵਾਹਨ ਨੇ ਆਪਣੇ ਨਾਂ ਨਾਲ ਲਾਇਆ ਸੀ ॥

ਰਾਜਾ ਸਨਵਾਹਨ ਯਾਦੋ ਸੀ, ਤੇ ਰਾਜਾ ਗਜ ਜਿਸਨੇ ਗਜਨੀ ਦੀ ਨੀਂਹ ਮਸੀਹ ਤੋਂ ੩੦੦ ਵਰ੍ਹੇ ਪਹਿਲਾਂ ਰਖੀ ਸੀ, ਦੀ ਚੌਧਵੀਂ ਪੀੜ੍ਹੀ ਤੇ ਸੀ ॥

ਪਰ ਪੱਛਮੀ ਇਤਿਹਾਸਕਾਰਾਂ ਦੀ ਖੋਜ ਦਸਦੀ ਹੈ ਕਿ ਰਾਜਾ ਕਨਿਸ਼ਕ ਸੰਨ ੭੮ ਈ: ਵਿਚ ਤਖਤ ਤੇ ਬੈਠਾ । ਤਾਂ ਇਹ ਸੰਮਤ ਸ਼ੈਦ ਉਸ ਵੇਲੇ ਤੋਂ ਚਲਿਆ ਹੋਵੇ, ਪਰ ਹੁਣ ਇਹ ਵੀ ਨਹੀਂ ਮੰਨਦੇ ।

*ਫੇਰ ਦਖਣ ਦਾ ਇਤਿਹਾਸ ਦਸਦਾ ਹੈ ਕਿ ਪਹਿਲੀ ਸਦੀ ਈ: ਵਿਚ ਅੰਧਰਾ ਰਾਜ ਦੇ ਰਾਜਾ ਸਤਿਆਵਾਨ (ਸ਼ਤਿਕਰਨੀ) । ਜਿਸ ਨੂੰ ਪਿਛੋਂ ਸਲਵਾਹਨ ਵੀ ਆਖਦੇ ਨੇ, ਉਜੇਨ ਫ਼ਤਹਿ ਕੀਤਾ । ਤੇ ਸਾਕਿਆਂ ਨਾਲ ਵੀ ਲੜਿਆ ਜੇਹੜੇ ਉਸ ਸਮੇਂ ਮਾਲਵੇ ਨੂੰ ਫ਼ਤਹਿ ਕਰਨ ਦੇ ਮਗਰ ਲਗੇ ਹੋਏ ਸਨ । ਇਸ ਤੋਂ ਸ਼ਕ ਪੈਂਦਾ ਹੈ ਕਿ ਖਵਰੇ ਸਾਕਾ ਸੰਮਤ ਦਖਣ ਵਿਚ ਈ ਜੰਮਿਆ, ਤੇ ਓਧਰ ਈ ਵਰਤਿਆ ਗਿਆ । ਸਲਵਾਹਨ ਦਾ ਨਾਂ ਇਸ ਸਾਕਾ ਸੰਮਤ ਨਾਲ ੧੧੯੪ ਬਿ: ਜਾਂ ੧੨੭੨ ਈ: ਵਿਚ ਲਗਾ ਜਾਪਦਾ ਹੈ, ਇਸ ਤੋਂ ਪਹਿਲੇ ਨਿਰਾ ਸਾਕਾ ਈ ਸੀ, ਤੇ ਸਾਕਾ ਨਾਂ ਵੀ ਚੇਰ ਪਿਛੋਂ ਇਸ ਸੰਮਤ ਨਾਲ ਲਗਾ । ਪਹਿਲੇ ਪਹਿਲ ਬਾਦਾਮੀ ਗੁਫ਼ਾ ਦੇ ਸ਼ਿਲਾ ਲੇਖ ਵਿਚ ਸਾਕਾ ਨਾਂ ਸੰਮਤ ਦੇ ਨਾਲ ਲਗਾ, ਲਭਿਆ ਹੈ ।

ਮਿਸਟਰ ਭੰਡਾਰਕਰ ਤੇ ਕਨਿਸ਼ਕ ਨੂੰ ਸਾਕਾ ਈ ਨਹੀਂ ਮੰਨਦਾ, ਇਸ ਕਰਕੇ ਉਨ੍ਹਾਂ ਦੇ ਖਿਆਲ ਮੂਜਬ ਸਾਕਾ ਸੰਮਤ ਕਨਿਸ਼ਕ ਦਾ ਨਹੀਂ ਹੋ ਸਕਦਾ । ਉਨ੍ਹਾਂ ਦਾ ਨਿਰਭਰ ਹੇਠ ਲਿਖੀਆਂ ਦੋ ਦਲੀਲਾਂ ਤੇ ਹੈ ॥

*ਵੇਖੋ ਵਿਕ੍ਰਮ ਚਰਿਤ੍ਰ ਕ੍ਰਿਤ ਹਰੀਦਾਸ ॥

(੧) ਅਲਬੁਰਨੀ, ਕਨਿਸ਼ਕਾ ਨੂੰ ਤੁਰਕ ਕੌਮ ਦੇ ਸ਼ਾਹੀਆ ਖ਼ਾਨਦਾਨ ਵਿਚੋਂ ਲਿਖਦਾ ਹੈ ਅਤੇ ਇਸ ਖ਼ਿਆਲ ਦੀ ਪੁਸ਼ਟੀ ਕਦਫੀਸਸ ਤੇ ਕਨਿਸ਼ਕਾ ਦੇ ਸਿਕਿਆਂ ਤੋਂ ਹੁੰਦੀ ਹੈ ਜਿਸ ਵਿਚ ਸਿੱਕੇ ਦੇ ਬੁਤਾਂ ਨੇ ਤੁਰਕੀ ਵਰਦੀ ਤੇ ਖੋਦ ਪਾਇ ਹੋਏ ਹੈਨ ॥

ਕੁਸ਼ਨ ਤੇ ਸਾਕਾ ਦਾ ਭੇਦ ਪਹਿਲੋ ਪਹਿਲ ਕਨਿੰਘਮ ਨੇ ਕੀਤਾ ਹੈ ਜਿਸ ਨੂੰ ਭੰਡਾਰਕਰ ਨੇ ਹੋਰ ਵਧਾਇਆ ਪਰ ਅਸਲ ਵਿਚ ਗਲ ਇਹ ਹੈ ਕਿ ਪੁਰਾਣੀ ਸੰਸਕ੍ਰਿਤ ਲਿਟਰੇਚਰ ਵਿਚ ਸਾਕਾ ਪਦ ਉਨ੍ਹਾਂ ਪਛਮੀਂ ਕੌਮਾਂ ਲਈ ਯਵਨਾਂ ਤੋਂ ਛੁਟ, ਵਰਤਿਆ ਜਾਂਦਾ ਸੀ, ਜਿਹੜੀਆਂ ਹਿੰਦ ਤੇ ਪਛਮ ਵਲ ਵਸਦੀਆਂ ਸਨ ।

ਨੋਟ—ਟਾਕੇ, ਸਾਕੇ, ਯੂਕੀ ਆਦਿ ਸਭ ਤੁਰਕਿਸਤਾਨ ਵਿਚੋਂ ਆਏ ਅਤੇ ਪਿਛੋਂ ਸਾਰਿਆਂ ਲਈ ਤੁਰਕ ਹੀ ਵਰਤਿਆ ਗਿਆ । ਕੁਸ਼ਨ ਖਾਨਦਾਨ ਦੇ ਪਿਛਲੇ ਰਾਜੇ ਤੁਰਕੀ ਸ਼ਾਹੀ ਅਖਾਏ । ਤੁਰਕੀ, ਮੁਗਲਾਂ ਵਾਂਙੂ ਇਕ ਵਖ਼ਰੀ ਨਸਲ ਦਾ ਨਾਂ ਵੀ ਸੀ ।

(੨) ਰਾਜ ਤ੍ਰੰਗਣੀ ਵਿਚ ਕਨਿਸ਼ਕ ਨੂੰ ਤੁਰਕ ਜਾਤੀ ਦਾ ਲਿਖਿਆ ਹੈ ।

ਇਸ ਦੇ ਉਲਟ ਓਲਡਿਨ ਬਰਗ ਤੇ ਫਰਗੂਸਿਨ ਸਾਹਿਬ ਦਾ ਖ਼ਿਆਲ ਹੈ ਕਿ ਕਨਿਸ਼ਕ ਨੇ ਸਾਕਾ ਸੰਮਤ ਜਾਰੀ ਕੀਤਾ । ਪਰ ਭੰਡਾਰਕਰ ਤੇ ਓਲਡਨ ਬਰਗ ਦੀ ਇਸ ਗੱਲ ਵਿਚ ਸੰਮਤੀ ਹੈ, ਕਿ ਕੁਸ਼ਨ ਰਾਜਿਆਂ ਦੇ ਉਖਣ ਲੇਖਾਂ ਦੇ ਲਿਖੇ ਸੰਮਤ, ਸਾਕਾ ਸੰਮਤ ਦੀ ਪ੍ਰਨਾਲੀ ਵਿਚੋਂ ਹੀ ਹੈਨ ।

## ਸਾਕਾ ਸੰਮਤ ਉਖਣ ਲੇਖਾਂ ਵਿਚ

ਹੁਣ ਕਈ ਉਖਣ ਲੇਖ ਕੁਸ਼ਨ ਖ਼ਾਨਦਾਨ ਤੇ ਉਸਦੇ ਪਿੱਛੋਂ ਦੇ ਮਿਲਦੇ ਨੇ ਜਿਨ੍ਹਾਂ ਵਿਚ ਸੰਮਤ ਤੇ ਮਹੀਨੇ ਦਿਤੇ ਹੈਨ । ਪਰ ਸੰਮਤ ਦਾ ਨਾਂ ਨਹੀਂ । ਇਹ ੩੨੫ ਵਰ੍ਹਿਆਂ ਦੇ ਸਮੇਂ ਵਿਚ ਫੈਲੇ ਹੈਨ, ੫੭ ਬਿ: ਤੋਂ ੨੬੮ ਈ: ਤਕ । ਇਸ ਦੇ ਵਡੇ ਵਡੇ ਪੁਰਾਤਨ ਖੋਲੇ-ਖੋਜੀਆਂ ਦੀਆਂ ਰਾਵਾਂ ਅਡ ਅਡ ਹੈਨ, ਕੁਸ਼ਨ ਉਖਣ ਲੇਖਾਂ ਬਾਬਤ ਕਈ ਖਿਆਲ ਹੈਨ ॥

(੧) ਸਮਿਥ ਸਾਹਿਬ ਤੇ ਆਖਦੇ ਹੈਨ, ਕਿ ਇਹ ਲੌਕਿਕ ਸੰਮਤ ਹੈ ॥

(੨) ਦੇਵਦਤ ਭੰਡਾਰਕਰ ਜੀ ਆਖਦੇ ਨੇ, ਕਿ ਸਾਕਾ ਸੰਮਤ ਹੈ । ਪਰ ੨੦੦ ਵਿਚੋਂ ਗੁਮ ਹੈ ॥

(੩) ਕਨਿੰਘਮ ਸਾਹਿਬ ਦਾ ਖਿਆਲ ਹੈ, ਕਿ ਸੰਨ ਸਲੂਕੀਸਦਾ (ਯੂਨਾਨੀ) ਹੈ । ਪਰ ਪਹਿਲਾ ਖਿਆਲ ਇਸਦਾ ਬਿਕ੍ਰਮੀ ਸੰਮਤ ਦਾ ਸੀ ॥

(੪) ਡਾਕਟਰ ਫ਼ਲੀਟ (Dr. Fleet) ਆਖਦਾ ਹੈ, ਕਿ ਕਨਿਸ਼ਕ ਨੇ ਬਿਕ੍ਰਮੀ ਸੰਮਤ ਥਾਪਿਆ ਸੀ ।

(੫) ਫਰਗੁਸਨ ਤੇ ਓਲਡਣਬਰਗ ਦਾ ਖਿਆਲ ਹੈ ਕਿ ਕਨਿਸ਼ਕ ਨੇ ਸਾਕਾ ਸੰਮਤ ਥਾਪਿਆ ।

Sri Satguru Jagjit Singh Ji Elibrary NamdhariElibrary@gmail.com

(੬) ਕਨਿਸ਼ਕ ਨੇ ਸ਼ੈਦ ਕੋਈ ਸੰਮਤ ਥਾਪਿਆ ਹੋਵੇ, ਪਰ ਇਹ ਪਤਾ ਨਹੀਂ ਕਿ ਉਸ ਦਾ ਪਹਿਲਾ ਵਰ੍ਹਾ ਕਦ ਸ਼ੁਰੂ ਹੋਇਆ ॥

ਸਾਡਾ ਆਸ਼ਾ ਖਾਸ ਉਖਣ ਲੇਖਾਂ ਦੀ ਪੜਤਾਲ ਦਾ ਨਹੀਂ, ਪਰ ਅਸਾਂ ਇਹ ਵੇਖਣਾ ਹੈ ਕਿ ਸਾਕਾ ਸੰਮਤ ਕਿਸ ਦਾ ਚਲਾਇਆ ਹੈ, ਸੋ ਇਸਦਾ ਠੀਕ ੨ ਪਤਾ ਲਗਾਣਾ ਔਖਾ ਹੈ। ਇਹ ਜ਼ਰੂਰੀ ਹੈ, ੭੮ ਈ: ਵਿਚ ਇਹ ਚਲਿਆ। ਜੇ ਤੇ ਕਨਿਸ਼ਕ ਦੇ ਤਖ਼ਤ ਬੈਠਣ ਦੀ ਤਾਰੀਖ ੭੮ ਈ: ਲਈਏ, ਤਾਂ ਇਹ ਸਾਕਾ ਸੰਮਤ ਕਨਿਸ਼ਕ ਦੇ ਰਾਜ ਤਿਲਕ ਦਾ ਵੀ ਹੋ ਸਕਦਾ ਏ, ਪਰ ਕਈ ਪੱਕੀ ਗਲ ਨਹੀਂ। ਸਿਆਲ ਕੋਟੀਆ ਸਲਵਾਹਨ ਸਾਕਾ ਨਹੀਂ ਸੀਂ, ਇਸ ਕਰਕੇ ਇਹ ਸੰਮਤ ਕਿਸੇ ਹੋਰ ਸਲਵਾਹਨ ਦਾ ਹੋਣਾ ਏ। ਸੋ ਵਿਸਵਾ ਇਹ ਦਖਣ ਦਾ ਈ ਸੰਮਤ ਹੈ, ਤੇ ਹੁਣ ਵੀ ਓਧਰ ਈ ਇਸ ਦਾ ਚਲਨ ਹੈ। ਤੇ ਅੰਧਰਾ ਖਾਨਦਾਨ ਦੇ ਰਾਜਿਆਂ ਨੂੰ ਸਲਵਾਹਨ ਵੀ ਆਖਦੇ ਸਨ। ਸਾਕਿਆਂ ਨੇ ਜਦ ਉਜੈਨ ਤੇ ਅੰਧਰਾ ਫ਼ਤਹਿ ਕੀਤਾ, ਤਦ ਇਸ ਨੂੰ ਵੀ ਵਰਤਣਾ ਸ਼ੁਰੂ ਕੀਤਾ ਹੋਣਾ ਏਂ, ਤਦੋਂ ਇਸ ਨਾਲ ਸਾਕਾ ਲਗ ਗਿਆ। ਪਰ ਜਦ ਬ੍ਰਾਹਮਣਾਂ ਦਾ ਫੇਰ ਜ਼ੋਰ ਹੋਇਆ ਤਾਂ ਇਸ ਸੰਮਤ ਦਾ ਖੁਰਾ ਖੋਜ ਉਤਰੀ ਹਿੰਦ ਵਿਚੋਂ ਮਿਟ ਗਿਆ ਤੇ ਪੁਰਾਣਾ ਸੰਮਤ ਜਿਹੜਾ ਸਾਕਿਆਂ ਦੀ ਭਾਂਜ ਦੀ ਯਾਦਗਾਰ ਸੀ, ਮੁੜਕੇ ਚਲਾਇਆ, ਪਰ ਬਿਕ੍ਰਮੀ ਨਾਂ ਨਾਲ ਲਾ ਦਿਤਾ। ਪੁਰਾਣੇ ਉਖਣ ਲੇਖਾਂ ਵਿਚ ਮਹੀਨੇ ਦੇਸੀ ਚੇਤ੍ਰ, ਵਿਸਾਖ, ਹਾੜ ਆਦਿ ਤੇ ਤਾਰੀਖਾਂ ਵੀ ਹੈਨ, ਇਸ ਤੋਂ ਸਿਧ ਹੈ ਕਿ ਦੋਵੇਂ ਸੰਮਤ ਹਿੰਦੀ ਈ ਹੈਨ।

(੧) ਆਰਾ ਦਾ ਉਖਨ ਲੇਖ ਸੰਮਤ ੪੧ ਦਾ "... ... ਸਮਵਤ ਸਰਾਇ ਏਕਾ ਚਾਤ੍ਰੀਸਾ"। ਚੇਤਸਾ ਮਾਸਯਾ ਦਿਵਾ ੪ ਅਤਰਾ ਦਿਵਾਸਮੀ ਨਮੀਖਾ। ਉਲਥਾ—ਮਹਾਰਾਜਾ ਕਨਿਸ਼ਕ ਦੇ ਰਾਜ ਦੇ ੪੧ਵੇਂ ਸਾਲ, ਚੇਤ੍ਰ ਮਹੀਨੇ ਪੰਜਵੀਂ...।

ਫੇਰ—ਜ਼ੈਦੇ ਦਾ ਉਖਣ ਲੇਖ ਸਮ: ੧੧, ੨੮ ਦਿਨ ਅਸਾੜ ਦਾ; ਮਾਣਕਿਆਲਾ ਦਾ—ਸਮ: ੧੮, ੨੦ ਦਿਨ ਕਾਰਤਿਕ ਦਾ। ਡਾਕਟਰ ਕਿਲਹੋਹਨ ਦੀ ਖੋਜ ਮੂਜਬ, ਸਾਕਾ ਸੰਮਤ ਵਿਚ ਸੂਰਜੀ ਮਹੀਨੇ ਵੀ ਵਰਤੇ ਜਾਂਦੇ ਸਨ। ਪਰ ਇਹਨਾਂ *ਸੂਰਜੀ ਮਹੀਨਿਆਂ ਦੇ ਨਾਵਾਂ ਦਾ ਪਹਿਲੀ ਵਾਰੀ, ਸੰ: ੯੪੪ ਜਾਂ ੧੦੨੨ ਈ: ਵਿਚ ਪਤਾ ਲਗਦਾ ਹੈ। ਐਪਰ ਉਪਰਲੇ ਉਖਣ ਲੇਖਾਂ ਵਿਚ ਵੀ ਮਹੀਨੇ ਸੂਰਜੀ ਹੀ ਹੈਨ, ਸੰਗਰਾਂਦ ਵਾਲੇ; ਵਦੀਆਂ ਸੁਦੀਆਂ ਵਾਲੇ ਚੰਦ੍ਰਾਇਣ ਮਹੀਨੇ ਨਹੀਂ। ਇਹ ਵੀ ਖਿਆਲ ਹੈ ਕਿ ਪੁਰਾਤਨ ਬੋਧੀ ਤੇ ਸੂਰਜੀ ਮਹੀਨੇ ਵਰਤਦੇ ਸਨ, ਤੇ ਬ੍ਰਾਹਮਣ, ਸੁਦੀ ਵਦੀ ਵਾਲੇ। ਡਾਕਟਰ ਕਿਲਹਾਰਨ ਦਾ ਖਿਆਲ ਇਹ ਵੀ ਹੈ ਕਿ ਦਖਣ ਵਿਚ †ਚੰਦ੍ਰਾਇਣ ਮਹੀਨੇ ਵਰਤੇ ਗਏ, ਉਤਰ ਵਿਚ, ਸੂਰਜੀ। ਜੇ ਇਹ ਗੱਲ ਏ, ਤਾਂ ਡਾਕਟਰ ਦਾ ਇਹ ਕਹਿਣਾ

*ਸੰਗ੍ਰਾਂਦ ਵਾਲੇ ਮਹੀਨੇ।

†ਅਜ ਕਲ ਦੀ ਮਹਾਰਾਸ਼ਟਰ ਦੀ ਜੰਤ੍ਰੀ ਵੇਖੋ ਤਾਂ ਉਸ ਵਿਚ ਸਾਕਾ ਸੰਮਤ ਹੇਠਾਂ ਸੁਦੀ ਵਦੀ ਦੇ ਦਿਨ ਹੀ ਦਿਤੇ ਹੈਨ।

Sri Satguru Jagjit Singh Ji Elibrary NamdhariElibrary@gmail.com

ਕਿ ਸੂਰਜੀ ਮਹੀਨੇ ੧੦੨੨ ਈ: ਤੋਂ ਈ ਵਰਤਣੇ ਸ਼ੁਰੂ ਹੋਏ ਠੀਕ ਨਹੀਂ। ਪਰ ਅਜ ਕਲ ਦੀਆਂ ਪੰਜਾਬੀ ਜੰਤ੍ਰੀਆਂ ਵਿਚ ਤਾਂ ਯੂਨਾਨੀ ਮਹੀਨੇ, ਬਾਰਾਂ ਰਾਸੀਆਂ ਦੇ ਨਾਂ, ਜੀਕਨ; ਹਮਲ, ਸੌਰ, ਆਦਿ ਲਿਖੇ ਨੇਂ। ਸ਼ੈਦ ਡਾਕਟਰ ਦੀ ਮੁਰਾਦ ਸੌ ਵਿਸਵਾ ਸੰਗਰਾਂਦ ਮਾਸਕ ਪ੍ਰਣਾਲੀ ਤੋਂ ਹੈ। ਜਦ ਸੂਰਜ ਇਕ ਰਾਸੀ ਤੋਂ ਦੂਜੀ ਵਿਚ ਗਿਆ ਤਾਂ ਪਹਿਲੀ ਤਾਰੀਖ ਮਹੀਨੇ ਦੀ ਹੋਈ। ਅਜ ਕਲ ਇਹੀ ਦਸਤੂਰ ਸਾਰਿਆਂ ਸੰਮਤਾਂ ਦੀ ਮਾਸਕ ਪ੍ਰਣਾਲੀ ਦਾ ਹੈ। ਹਾਂ ਪਰ ਚੰਦ੍ਰਾਇਣ ਮਹੀਨੇ ਜੋਤਸ਼ ਵਿਚ ਵਰਤੇ ਜਾਂਦੇ ਨੇ, ਤੇ ਬਿਕ੍ਰਮੀ ਸੰਮਤ ਇਨ੍ਹਾਂ ਦੇ ਹਿਸਾਬ ਨਾਲ ਹੀ ਸ਼ੁਰੂ ਹੁੰਦਾ ਹੈ। ਮਹਾਰਾਸ਼ਟਰ ਵਲ ਜਿਥੇ ਸਾਕਾ ਸੰਮਤ ਵਰਤੀਦਾ ਹੈ, ਮਹੀਨੇ ਦੇਸੀ ਜੇਠ, ਹਾੜ ਈ ਹੈਨ, ਅਤੇ ਇਹੀ ਮਹੀਨੇ ਪੁਰਾਣੇ ਉਖਣ ਲੇਖਾਂ ਵਿਚ ਸਨ। ਜੇ ਇਹ ਸੰਮਤ ਸਾਕੇ ਰਾਜਿਆਂ ਦਾ ਅਪਣਾ ਨਹੀਂ ਤਾਂ ਉਹਨਾਂ ਦਖਣ ਵਿਚੋਂ ਇਸ ਨੂੰ ਲੈ ਕੇ ਵਰਤਿਆ ਹੋਣਾ ਏ। ਕਿਉਂ ਜੋ ਬਿਕ੍ਰਮੀ ਸੰਮਤ ਉਹਨਾਂ ਦੀ ਆਪਣੀ ਭਾਂਜ ਦੀ ਯਾਦਗਾਰ ਸੀ। ਜਦ ਸਾਕੇ ਟੁਰ ਗਏ ਤਾਂ ਇਹ ਸੰਮਤ ਵੀ ਭਾਰਤ ਵਿਚੋਂ ਨਿਕਲ ਦਖਣ ਆਪਣੀ ਜਨਮਭੂਮੀ ਵਿਚ ਜਾ ਵੜਿਆ।

ਕਨਿਸ਼ਕ ਦੇ ਰਾਜ ਤਿਲਕ ਦੀ ਤਾਰੀਖ਼ ਅਡੋ ਅਡ ਸਿਆਣਿਆਂ ਮੂਜਬ, ੫੭ ਬਿ: ਤੋਂ ਲੈਕੇ ੨੭੮ ਈ: ਤਕ ਹੋ ਸਕਦੀ ਹੈ। ਕੁਸ਼ਨ ਸ਼ਿਲਾ ਲੇਖਾਂ ਦਾ ਸੰਮਤ ਰੱਬ ਜਾਣੇ ਕਿਹੜਾ ਸੀ। ਇਹ ਖ਼ਿਆਲ ਈ ਹੈ ਕਿ ਉਹ ਸਾਕਾ ਸੀ। ਸ਼ੈਦ ਏਸ ਲਈ ਕਿ ਇਹ ਮੰਨਣ ਨਾਲ ਕਈ ਗੱਲਾਂ ਠੀਕ ਢੁਕ ਜਾਂਦੀਆਂ ਨੇ।

## ਵਿਕ੍ਰਮਾਦਤਿਯ: ਨਾਂ ਕਿ ਉਪਮਾਂ ?

ਵਿਕ੍ਰਮਾਜੀਤ ਜਾਂ ਵਿਕ੍ਰਮਾਦਤਿਯ: ਹਿੰਦੂ ਇਤਿਹਾਸ ਵਿਚ ਮਸ਼ਹੂਰ ਤੇ ਢੇਰ ਸਾਰੇ ਕਿੱਸਿਆਂ ਕਹਾਣੀਆਂ ਦਾ ਹੀਰੋ ਹੈ। ਆਰੀਆ-ਵਰਤ ਦੇ ਕਈ ਪੁਰਾਣੇ ਸ਼ਹਿਰਾਂ ਨਾਲ ਇਸਦਾ ਸੰਬੰਧ ਦਸਿਆ ਜਾਂਦਾ ਹੈ। ਪਰ ਇਹ ਵਿਕ੍ਰਮਾਜੀਤ ਕਦ ਤੇ ਕਿਥੇ ਹੋਇਆ ? ਇਤਿਹਾਸ ਬਹੁ ਪਤਾ ਨਹੀਂ ਦਿੰਦਾ। ਇਤਿਹਾਸ ਦੇ ਵਰਕੇ ਫੋਲੋ ਤਾਂ ਕਿੰਨੇ ਈ ਵਿਕ੍ਰਮਾਜੀਤ ਲਭਦੇ ਨੇਂ। ਅਸੀਂ ਹੇਠਾਂ ਕੁਝ ਮਸ਼ਹੂਰ ਨਾਂ ਦੇਂਦੇ ਹਾਂ॥

(੧) ਕਨਿੰਘਮ ਸਾਹਿਬ ਲਿਖਦੇ ਹੈਨ ਕਿ ਰਾਜਾ ਰਸਾਲੂ ਸਿਆਲਕੋਟੀਆ ਜਿਹੜਾ ਪਹਿਲੀ ਸਦੀ ਈਸਵੀ ਵਿਚ ਹੋਇਆ, ਤੇ ਦੇਸੀ ਕਿੱਸਿਆਂ ਕਹਾਣੀਆਂ ਦਾ ਮਸ਼ਹੂਰ ਹੀਰੋ ਹੈ, ਉਹ ਸੌ ਵਿਸਵਾ ਸਲਵਾਹਨ ਦਾ ਪੁੱਤਰ ਵਿਕ੍ਰਮਾਜੀਤ ਸੀ, ਜਿਸਨੇ ਸਾਕਿਆਂ ਨੂੰ ਸੰ: ੭੮ ਈ: ਵਿਚ ਭਾਂਜ ਦਿਤੀ।

(੨) ਜੈਨੀ ਗ੍ਰੰਥਾਂ ਵਿਚ ਇਕ ਉਜੈਨ ਦਾ ਵਿਕ੍ਰਮਾਜੀਤ ਲਿਖਿਆ ਹੈ ਜਿਸ ਨੇ ਸੰਮਤ ੫੭ ਬਿ: ਵਿਚ ਸਾਕਿਆਂ ਨੂੰ ਭਾਂਜ ਦਿਤੀ॥

(੩) ਮਹਾਰਾਜਾ ਚੰਦ੍ਰ ਗੁਪਤਾ ਦੂਜਾ (੩੮੦—੪੧੯ ਈ:) ਜਿਹੜਾ ਹਿੰਦ ਦੇ ਬਹੁ ਵਡੇ ਮਹਾਰਾਜਿਆਂ ਵਿਚੋਂ ਇਕ ਸੀ, ਵੀ ਵਿਕ੍ਰਮਾਜੀਤ ਅਖਾਂਦਾ ਸੀ। ਅਸਲ

Sri Satguru Jagjit Singh Ji Elibrary NamdhariElibrary@gmail.com

ਵਿਚ ਵਿਕ੍ਰਮਾਦਿਤਯਃ ਏਸੇ ਦਾ ਉਪਮਾਂ ਨਾਉਂ ਮਸ਼ਹੂਰ ਹੋਇਆ, ਅਤੇ ਏਸੇ ਦੇ ਵੇਲੇ ਪੁਰਾਣੇ ਸੰਮਤ ਨਾਲ ਬਿਕ੍ਰਮੀ ਨਾਂ ਲਗਾ। ਇਸ ਮਹਾਰਾਜਾ ਨੇ ਉਜੈਨ ਵੀ ਚੌਥੀ ਸਦੀ ਦੇ ਅੰਤ ਵਿਚ ਫ਼ਤਹਿ ਕੀਤਾ ਸੀ, ਤੇ ਏਸੇ ਨੇ ਸਾਕਿਆਂ ਦੀ ਤਾਕਤ ਦਾ ਅਖ਼ੀਰ ਨਾਸ ਕੀਤ੍ਹਾ ਸੀ, ਤੇ ਏਸੇ ਦੇ ਦਰਬਾਰ ਵਿਚ ਕਾਲੀਦਾਸ ਕਵੀ ਸੀ।

(੪) ਪਰਾਮਰਥਾ ਨੇ ਵੀ, ਜਿਸਨੇ ਵਾਸੂਬੰਧੂ ਬਾਬਤ ਸੰ: ੫੪੬ ਤੇ ੫੬੦ ਈ: ਵਿਚ ਲਿਖਿਆ ਹੈ, ਇਕ ਵਿਕ੍ਰਮਾਜੀਤ ਅਜੁੱਧਿਆ ਦੇ ਰਾਜਾ ਦਾ ਜ਼ਿਕਰ ਕੀਤਾ ਹੈ।

(੫) ਸਕੰਦਰ ਗੁਪਤਾ ਵੀ ਵਿਕ੍ਰਮਾਜੀਤ ਅਖਵਾਖਿਆ।

(੬) ਚਲਕਿਆ ਖ਼ਾਨਦਾਨ ਦੇ ਕਈ ਰਾਜਿਆਂ ਨੇ ਅਪਣੇ ਅਪਣੇ ਨਾਂ ਨਾਲ ਵਿਕ੍ਰਮਾਜੀਤ ਲਾਇਆ॥

(੭) ਕਸ਼ਮੀਰ ਦੇ ਮਸ਼ਹੂਰ ਇਤਿਹਾਸ, ਰਾਜ ਤ੍ਰੰਗਣੀ ਵਿਚ ਵੀ ਤਿਨਾਂ ਵਿਕ੍ਰਮਾਜੀਤਾਂ ਦਾ ਜ਼ਿਕਰ ਹੈ।

(ੳ) ਵਿਕ੍ਰਮਾਜੀਤ ਹਰਸ਼ਾ, ਉਜੈਨ ਦਾ ਮਹਾਰਾਜਾ। ਜਿਸ ਨੇ ਕਸ਼ਮੀਰ ਫ਼ਤਹਿ ਕਰਕੇ ਆਪਣੇ ਦਰਬਾਰ ਦੇ ਕਵੀ ਮਿਤ੍ਰਾ ਗੁਪਤਾ ਨੂੰ ਕਸ਼ਮੀਰ ਦਾ ਸੂਬਾ ਥਾਪ ਕੇ ਘਲਿਆ ਸੀ।

ਨੋਟ—ਰਾਜਾ ਹਰਸ਼ ਥਾਨੇਸਰ ਦਾ ਮਸ਼ਹੂਰ ਰਾਜਾ ਸੰਨ ੬੦੬ ਤੋਂ ੬੪੭ ਈ: ਤਕ ਰਾਜ ਕਰਦਾ ਸੀ, ਅਰ ਇਸ ਨੇ ਕਸ਼ਮੀਰ ਤੇ ਸਾਰਾ ਉਤ੍ਰੀ ਤੇ ਵਿਚਲਾ ਹਿੰਦ ਵੀ ਫ਼ਤਹਿ ਕੀਤਾ ਸੀ। ਇਸ ਦਾ ਰਾਜ ਬੰਗਾਲ ਤੋਂ ਕਛ ਤੇ ਕਸ਼ਮੀਰ ਤੋਂ ਵਿੰਦਿਆਚਲ ਤਕ ਸੀ। ਨਾਲ ਈ ਕਲ੍ਹਨਾ ਲਿਖਦਾ ਹੈ ਕਿ ਇਹ ਹਰਸ਼ਾ ਵਿਕ੍ਰਮਾਜੀਤ ਉਹ ਨਹੀਂ ਸੀ ਜਿਸ ਨੇ ਸਾਕਿਆਂ ਨੂੰ ਭਾਂਜ ਦਿਤੀ ਸੀ।

(ਅ) ਵਿਕ੍ਰਮਾਜੀਤ ਜਿਸ ਦਾ ਭਰਾ ਪ੍ਰਤਾਪ ਦਤਯਃ ਕਸ਼ਮੀਰ ਦਾ ਰਾਜਾ ਸੀ।

(ੲ) ਰਾਣਾ-ਦਤਯਃ ਦਾ ਪੁਤਰ ਵਿਕ੍ਰਮਾ-ਦਤਯਃ ਜਿਸ ਨੇ ਮੰਦਰ ਬਣਵਾਏ॥

(੮) ਫ਼ਾਰਸੀ ਦੇ ਮਸ਼ਹੂਰ ਇਤਿਹਾਸਕਾਰ ਨੇ ਵੀ ਇਕ ਵਿਕ੍ਰਮਾਜੀਤ ਮਾਲਵੇ ਦਾ ਰਾਜਾ ਲਿਖਿਆ ਹੈ। ਪਰ ਉਸ ਦਾ ਸਮਾਂ ਚੰਦਰ ਗੁਪਤਾ ਦੂਜੇ ਦੇ ਕੋਲ ਕੋਲ ਦਾ ਹੈ।

ਉਪਰਲੇ ਲੇਖ ਤੋਂ ਪਤਾ ਲਗਦਾ ਹੈ ਕਿ ਕਈ ਰਾਜੇ ਵਿਕ੍ਰਮਾਜੀਤ ਅਖਵਾਏ। ਇਸ ਕਰਕੇ ਵਿਕ੍ਰਮਾਜੀਤ ਨਾਂ ਨਹੀਂ ਹੋ ਸਕਦਾ, ਕੇਵਲ ਇਕ ਲਕਬ ਈ ਹੈ, ਵਿਕ੍ਰਮਾ-ਦਿਤਯਃ ਦੇ ਪਦ ਅਰਥ ਹੈਨ—"ਬਹਾਦਰੀ ਦਾ ਸੂਰਜ"। ਜੀਕਣ ਪੱਛਮ ਵਿਚ ਬਹਾਦਰ ਬਾਦਸ਼ਾਹਾਂ ਦੇ ਨਾਂ ਨਾਲ (The Great) "ਵੱਡਾ" ਲਾ ਦਿਤਾ ਜਾਂਦਾ ਸੀ।

Sri Satguru Jagjit Singh Ji Elibrary NamdhariElibrary@gmail.com

Alexander the Great, Peter the Great; ਸਕੰਦਰ ਆਜ਼ਮ, ਪਤ੍ਰਸ ਆਜ਼ਮ ॥

ਨੋਟ ਕਤ੍ਰ ਵਾਲੀ ਗੱਲ ਇਹ ਹੈ ਕਿ ਰਸਾਲੂ ਵੀ ਵਿਕ੍ਰਮਾਜੀਤ ਅਖਵਾਇਆ ਸੀ।

ਵਿਕ੍ਰਮ ਚਿਤ੍ਰ ਵਿਚ ਕਿਸੇ ਵਿਕ੍ਰਮਾਜੀਤ ਦੀ ਇਕ ਸਵਾਦਲੀ ਕਥਾ ਹੈ, ਉਹ ਅਸੀਂ ਅਗੇ ਦਿੰਦੇ ਹਾਂ। ਕਿਉਂਕਿ ਉਸ ਤੋਂ ਸਲਵਾਹਨ, ਵਿਕ੍ਰਮਾਜੀਤ ਦਾ ਵਿਜੇਈ, ਦੱਖਣ ਦਾ ਰਾਜਾ ਸਾਬਤ ਹੁੰਦਾ ਹੈ।

## ਵਿਕ੍ਰਮ ਚਿਤ੍ਰ

ਕਵੀ ਹਰੀਦਾਸ ਨੇ ਪ੍ਰਾਕ੍ਰਿਤ ਵਿਚ ਇਕ ਕਵਿਤਾ, ਵਿਕ੍ਰਮ ਚਿਤ੍ਰ ਨਾਂ ਦੀ, ਸਦੀਆਂ ਹੋਈਆਂ ਲਿਖੀ ਸੀ। ਸੰਨ ਸਾਲ ਦਾ ਪਤਾ ਨਹੀਂ। ਇਸ ਦਾ ਅੰਗ੍ਰੇਜ਼ੀ ਵਿਚ ਉਲਥਾ ਮਿਸਟਰ ਰਾਘੋਬਾ ਮੋਰੋਬਾ ਨੇ ਕੀਤਾ, ਜਿਹੜਾ ਸੰ: ੧੮੫੫ ਈ: ਵਿਚ ਬੰਬਈ ਛਪਿਆ। ਇਸ ਕਵਿਤਾ ਵਿਚ ਰਾਜਾ ਵਿਕ੍ਰਮਾਜੀਤ ਦੇ ਕਾਰਨਾਮੇ ਈ ਦਿਤੇ ਹੰਨ, ਬਸ ਗਲ ਕੀ ਬੈਤਾਲ ਬਤੀਸੀ ਜਾਂ ਤੋਤਾ ਮੈਨਾਂ ਦੀਆਂ ਕਹਾਣੀਆਂ ਦੀ ਮਾਂ, ਇਹੀ ਕਵਿਤਾ ਜਾਪਦੀ ਹੈ। ਇਸ ਵਿਚ ਇਕ ਦੋ ਗੱਲਾਂ ਇਤਿਹਾਸਕ ਖੋਜ ਵਿਚ ਕੁਝ ਮਦਤ ਦੇਣ ਵਾਲੀਆਂ ਹੈਨ। ਬਾਕੀ ਸਭ ਫ਼ਰਜ਼ੀ ਕਹਾਣੀਆਂ। ਲਿਖਿਆ ਹੈ ਕਿ ਜਦ ਰਾਜਾ ਵਿਕ੍ਰਮਾਜੀਤ ਜੰਮਿਆ ਸੀ ਤਾਂ ਜੋਤਸ਼ੀਆਂ ਨੇ ਕਿਹਾ ਸੀ, ਕਿ ਵਿਕ੍ਰਮਾਜੀਤ ਦੀ ਮੌਤ ਉਸ ਸੂਰਮੇ ਦੇ ਹੱਥੋਂ ਹੋਵੇਗੀ, ਜਿਹੜਾ ਇਕ ਸਤਾਂ ਵਰ੍ਹਿਆਂ ਦੀ ਕਵਾਰੀ ਦੇ ਪੇਟੋਂ ਜੰਮੇਗਾ। ਅਚਰਜ ਗਲ, ਪਰ ਤਾਂ ਵੀ ਵਿਕ੍ਰਮਾਜੀਤ ਨੂੰ ਇਹ ਡਰ ਚੈਨ ਨਹੀਂ ਸੀ ਲੈਣ ਦਿੰਦਾ। ਦੇਸ ਦੇਸੰਤ੍ਰੀਂ ਇਸਦੇ ਸੂਹੀਏ ਫਿਰਦੇ ਸਨ, ਪਰ ਕੋਈ ਸਤ ਵਰ੍ਹੀ ਕਵਾਰੀ ਦੇ ਪੇਟੋਂ ਜੰਮਿਆ ਮਾਨੁਖ ਨਾ ਮਿਲਿਆ। ਇਸਨੇਂ ਸਾਧੂਆਂ ਕੋਲੋਂ ਦੇਹੀ ਵਟਾਣ ਦੀ ਵਿਦਿਆ ਵੀ ਸਿਖੀ ਪਰ ਨਾਲ ਈ ਇਸਦੇ ਇਕ ਨੌਕਰ ਕੁਬਚਕ, ਨੇ ਵੀ ਲੁਕ ਕੇ ਉਹ ਮੰਤਰ ਸਿਖ ਲਿਆ। ਰਬ ਦਾ ਭਾਣਾ ਇਕ ਦਿਨ ਜਦ ਵਿਕ੍ਰਮਾਜੀਤ ਅਪਣੀ ਵਿਦਿਆ ਦੀ ਅਜ਼ਮੈਸ਼ ਕਰਣ ਲਈ ਕਿਸੇ ਹੋਰ ਜਾਨਵਰ ਦੀ ਦੇਹੀ ਵਿਚ ਵੜਿਆ ਤਾਂ ਇਸ ਦਾ ਨੌਕਰ ਇਸ ਦੀ ਖਾਲੀ ਦੇਹੀ ਵਿਚ ਝਟ ਵੜ ਗਿਆ ਤੇ ਲਗ ਪਿਆ ਰਾਜ ਕਰਨ। ਵਿਕ੍ਰਮਾਜੀਤ ਹੋਰੀਂ ਕਦੀ ਸਪ ਦੀ, ਤੇ ਕਦੀ ਤੋਤੇ ਦੀ ਤੇ ਕਦੀ ਬ੍ਰਾਹਮਣ ਦੀ ਦੇਹੀ ਵਿਚ ਵੜ ਵੜ ਕੇ ਭੌਣ ਤੇ ਰਾਜੋਂ ਤਰਸਣ, ਫੇਰ ਇਨ੍ਹਾਂ ਭਟਕਣਾਂ ਤੋਂ ਵੀ ਅੰਤ ਛੁਟਕਾਰਾ ਹੋਇਆ, ਫੇਰ ਰਾਜ ਲਗ ਪਏ ਕਰਨ। ਪਰ ਸਤ ਵਰ੍ਹੀ ਕਵਾਰੀ ਦੇ ਪੁੱਤਰ ਦੇ ਡਰ ਨੇ ਨਾ ਛਡਿਆ। ਰਾਜ ਭਾਗ ਵਧ ਗਿਆ ਸੀ, ਉਜੈਨ ਦੇ ਆਲੇ ਦੁਆਲੇ ਦੇ ਰਾਜੇ ਇਸਦੇ ਟਕੇ ਭਰਦੇ ਸਨ। ਤਦੋਂ ਅੰਧਰਾ ਦੇਸ (ਜਿਹੜਾ ਦਰਿਆ ਗੁਦਾਵਰੀ ਤੇ ਕ੍ਰਿਸ਼ਨਾ ਦੇ ਪੂਰਬੀ

Sri Satguru Jagjit Singh Ji Elibrary NamdhariElibrary@gmail.com

ਦੁਆਬ ਵਿਚ ਹੈ) ਵਿਚ ਇਕ ਰਾਜਾ *ਸੰਮਕੰਤ ਰਾਜ ਕਰਦਾ ਸੀ। ਪ੍ਰਾਥਿਸਤਾਨ ਰਾਜਧਾਨੀ ਦਾ ਨਾਂ ਸੀ (Cambridge History of India Vol. I) ਉਸੇ ਸ਼ਹਿਰ ਵਿਚ ਇਕ ਬ੍ਰਾਹਮਣ ਵਸਦਾ ਸੀ, ਸਲੋਚਨ ਨਾਂ, ਪਰ ਡਾਢਾ ਗ਼ਰੀਬ। ਉਸਦੇ ਘਰ ਇਕ ਕੁੜੀ ਜੰਮੀ ਪਰ ਚੰਨ ਦਾ ਟੁਕੜਾ। ਉਜਦਾ ਨਾਂ ਸੁਮਿਤ੍ਰਾਂ ਰਖਿਆ। ਕੁੜੀ ਛੋਟੀ ਈ ਮਾਂ ਮਹਿੱਟਰ ਹੋ ਗਈ। ਵਿਚਾਰਾ ਬ੍ਰਾਹਮਣ ਕੁੜੀ ਨੂੰ ਸਿਰ ਤੇ ਚੁਕ ਭਿਛਿਆ ਮੰਗਣ ਜਾਵੇ। ਮੰਗ ਕੇ ਆਪਣਾ ਤੇ ਕੁੜੀ ਦਾ ਪੇਟ ਭਰੇ। ਹੁੰਦਿਆਂ ਹੁੰਦਿਆਂ ਕੁੜੀ ਛੀਆਂ ਸਤਾਂ ਵਰ੍ਹਿਆਂ ਦੀ ਹੋਈ। ਅਜਿਹੀ ਸੋਹਣੀ ਕਿ ਡਿਠਿਆਂ ਭੁਖ ਲੱਥੇ। ਸਲੋਚਨ ਰੋਜ ਗੁਦਾਵਰੀ ਤੇ ਅਸ਼ਨਾਨ ਕਰਨ ਜਾਂਦਾ ਸੀ। ਤੇ ਸ਼ੇਸ਼ਨਾਗ ਦੇ ਮੰਦਰ ਵਿਚ ਆਪ ਪੂਜਾ ਪਾਠ ਕਰਦਾ ਸੀ ਤੇ ਕੁੜੀ ਬਾਹਰ ਰੁਖਾਂ ਹੇਠ ਬੈਠੀ ਖੇਡਦੀ ਰਹਿੰਦੀ ਸੀ। ਇਕ ਦਿਨ ਇਕ ਅਚਰਜ ਗਲ ਹੋਈ। ਜਦ ਸਲੋਚਨ ਸ਼ੇਸ਼ ਦੀ ਪੂਜਾ ਵਿਚ ਲਗਾ ਸੀ ਤਾਂ ਕੁੜੀ ਸੁਮਿਤ੍ਰਾ ਦੇ ਪਾਸ ਸ਼ੇਸ਼ਨਾਗ ਬ੍ਰਾਹਮਣ ਦੇ ਮੁੰਡੇ ਦਾ ਰੂਪ ਧਾਰ ਆਇਆ ਤੇ ਅੰਞਾਣ ਕੁੜੀ ਨਾਲ ਪਿਆਰ ਦੀਆਂ ਗੱਲਾਂ ਲਗਾ ਕਰਨ। ਸਤਵਰ੍ਹੀ ਕੁੜੀ ਕੀ ਜਾਣੇ ਤੀਵੀਂ ਮਰਦ ਦਾ ਪਿਆਰ। ਉਸ ਨੇ ਪਿਉ ਵਲ ਸੈਣਤ ਕੀਤੀ, ਪਰ ਮੁੰਡਾ ਨੇੜੇ ਨੇੜੇ ਈ ਆਉਂਦਾ ਗਿਆ। ਕੁੜੀ ਨੇ ਚੀਕ ਮਾਰੀ। ਪਰ ਪਿਉ ਨੇ ਸੁਣੀ ਨਾ, ਏਨੇ ਵਿਚ ਬ੍ਰਾਹਮਣ ਦੇ ਮੁੰਡੇ ਨੇ ਕੁੜੀ ਦੇ ਸਿਰ ਤੇ ਹੱਥ ਰਖਿਆ, ਕੁੜੀ ਇਕ ਨਵੇਂ ਜਗਤ ਵਿਚ ਜਾਗ ਉੱਠੀ, ਝਟ ਉਸ ਦੇ ਅੰਗ ਅੰਗ ਵਿਚ ਜੁਵਾਨੀ ਦੀ ਝਰਨਾਟ ਛਿੜ ਗਈ। ਅੰਞਾਣ ਕੁੜੀ ਦੇ ਜੀ ਵਿਚ ਮੁਟਿਆਰ ਦੀਆਂ ਵਾਸਨਾਂ ਜੰਮ ਪਈਆਂ, ਤਦੋਂ ਸ਼ੇਸ਼ਨਾਗ ਨੇ ਬ੍ਰਾਹਮਣ ਦੇ ਭੇਖ ਵਿਚ ਕੁੜੀ ਸੁਮਿਤ੍ਰਾਂ ਨੂੰ ਆਖਿਆ ਵੇਖ ਤੂੰ ਅੰਞਾਣ ਹੈਂ, ਮੈਂ ਸ਼ੇਸ਼ ਹਾਂ, ਇਸ ਕਰਕੇ ਭੇਸ ਵਟਾ ਕੇ ਤੇਰੇ ਕੋਲ ਆਇਆ ਹਾਂ, ਕਿ ਤੇਰੇ ਪੇਟੋਂ ਇਕ ਅਜਿਹੇ ਸੂਰਮੇ ਨੇ ਜੰਮਣਾ ਹੈ ਜਿਸ ਦੀ ਧਾਂਕ ਦੇਸ ਵਿਚ ਫ਼ੈਲੇਗੀ, ਜਿਹੜਾ ਵਡੇ ਰਾਜਿਆਂ ਨੂੰ ਫ਼ਤਹਿ ਕਰਗਾ। ਆ ਹੁਣ ਮੇਰੇ ਆਖੇ ਲਗ ਜਾ। ਸੁਮਿਤ੍ਰਾਂ ਸੁੰਦਰ ਬ੍ਰਾਹਮਣ ਦੀ ਸ਼ਕਲ ਤੇ ਮੋਹਤ ਹੋ ਈ ਚੁਕੀ ਸੀ। ਇਹ ਗਲ ਸੁਣ ਵਿਸ ਪਈ ਤੇ ਬੇਸੁਧ ਹੋ ਸ਼ੇਸ਼ ਦੀ ਹਿਕ ਨਾਲ ਜਾ ਲਗੀ.........ਜਦ ਸ਼ੇਸ਼ ਵਿਦਿਆ ਹੋਣ ਲਗਾ ਤਾਂ ਉਸਨੇ ਆਖਿਆ; ਕਿ ਜਦ ਤੈਨੂੰ ਕੋਈ ਔਕੜ ਆਵੇ ਤਾਂ ਮੇਰਾ ਧਿਆਨ ਕਰੀਂ, ਮੇਰਾ ਨਾਂ ਲਵੀਂ, ਮੈਂ ਹਾਜ਼ਰ ਹੋ ਕੇ ਤੇਰੀ ਔਕੜ ਦੂਰ ਕਰਾਂਗਾ। ਸ਼ੇਸ਼ ਤੇ ਚਲਿਆ ਗਿਆ, ਪਿਛੋਂ ਪੂਜਾ ਪਾਠ ਤੋਂ ਵੇਹਲਾ ਹੋ ਸਲੋਚਨ ਵੀ ਆਇਆ, ਅਗੇ ਪੁਤ੍ਰੀ ਦਾ ਰੰਗ ਢੰਗ ਬਦਲਿਆ ਵੇਖ ਹੈਰਾਨ। ਚਾਰ ਮਹੀਨਿਆਂ ਪਿਛੋ ਸੁਮਿਤ੍ਰਾਂ ਖਰੀ ਖਾਸੀ ਤ੍ਰੀਮਤ ਦਿਸਣ ਲਗੀ, ਓਧਰੋਂ ਗਰਭ ਦੇ ਨਿਸ਼ਾਨ, ਬਸ ਸ਼ਹਿਰ ਵਿਚ ਡੰਡ ਪੈ ਗਈ। ਰਾਜੇ ਨੇ ਸੁਣ ਕੇ ਬ੍ਰਾਹਮਣ ਨੂੰ ਸਦਿਆ ਤੇ ਪੁਛਿਆ ਕਿ ਇਹ ਕੀ ਅਨਰਥ ਹੋਇਆ। ਤੇਰੀ ਕੁੜੀ ਨੇ ਬੜਾ ਪਾਪ ਕਮਾਇਆ। ਸਲੋਚਨ ਨੂੰ

---

*ਪੁਰਾਣੇ ਇਤਿਹਾਸ ਵਿਚ ਸਿਮੁਕਾ ਨਾਂ ਹੈ; ੨੬੦ B. C. ਇਹ ਰਾਜਾ ਤੇ ਇਸ ਦੇ ਪਿਛੇ ਰਾਜਾ ਕ੍ਰਿਸ਼ਨ, ਅੰਧਰਾ ਖ਼ਾਨਦਾਨ ਦੇ ਮੋਢੀ ਸਨ (ਵੇਖੋ Smith)।

ਜੋ ਪਤਾ ਸੀ, ਜੋ ਧੀ ਤੋਂ ਸੁਣਿਆ ਸੀ ਦਸਿਆ। ਪਰ ਮੰਨੇ ਕੌਣ ! ਹੁਕਮ ਹੋਇਆ "ਸ਼ਹਿਰ ਬਦਰ" ਕਰ ਦਿਓ ! ਵਿਚਾਰਾ ਧੀ ਨੂੰ ਨਾਲ ਲੈ ਕੇ ਸ਼ਹਿਰੋਂ ਬਾਹਰ ਆਵਿਆਂ ਦੇ ਕੋਲ ਘੁਮਿਆਰਾਂ ਦੇ ਘਰਾਂ ਵਿਚ ਵਸਣ ਲਗਾ। ਪੰਜ ਛੀ ਦਸ ਮਹੀਨੇ ਪਿਛੋਂ ਸੁਮਿਤ੍ਰਾਂ ਨੂੰ ਮੁੰਡਾ ਜੰਮਿਆ ਪਰ ਬੜਾ ਸੁੰਦਰ। ਵਰ੍ਹੇ ਦਾ ਹੋਇਆ ਤਾਂ ਇਸਦਾ ਨਾਂ ਸਲਵਾਹਨ ਰਖਿਆ। ਘੁਮਿਆਰਾਂ ਦੇ ਮੁੰਡਿਆਂ ਵਿਚ ਖੇਡਦਾ ਈ ਵਡਾ ਹੁੰਦਾ ਗਿਆ, ਪਰ ਹਮੇਸ਼ ਮੁੰਡਿਆਂ ਦਾ ਸਰਦਾਰ। ਇਹ ਮਿੱਟੀ ਦੀਆਂ ਫ਼ੌਜਾਂ ਬਨਾਂਦਾ ਸੀ, ਇਹ ਇਸ ਦੀ ਖੇਡ ਸੀ। ਸੈਂਕੜੇ ਹਜ਼ਾਰਾਂ ਸਿਪਾਹੀ, ਘੋੜੇ, ਹਾਥੀ ਤੇ ਰਥ ਇਸਨੇ ਬਣਾਏ ਜਿਨ੍ਹਾਂ ਦੀਆਂ ਛਾਉਣੀਆਂ ਆਵਿਆਂ ਦੇ ਮੁਢ ਈ ਪੈ ਗਈਆਂ। ਮਿੱਟੀ ਦੀਆਂ ਫ਼ੌਜਾਂ ਤਿਆਰ ਬਰ ਤਿਆਰ। ਸਲਵਾਹਨ ਲੰਮਾ ਉੱਚਾ ਜਵਾਨ ਨਿਕਲਦਾ ਆਇਆ। ਹੱਡਾਂ ਪੈਰਾਂ ਦਾ ਨਰੋਇਆ। ਪੜ੍ਹਿਆ ਲਿਖਿਆ ਤੇ ਨਾ, ਪਰ ਅਕਲ ਦਾ ਪੁਤਲਾ। ਲੋਕੀਂ ਇਸ ਦੇ ਇਰਦ ਗਿਰਦ ਜਮ੍ਹਾਂ ਹੋਣ, ਇਹ ਪੈਂਚ ਬਣ ਕੇ ਫ਼ੈਸਲੇ ਕਰੇ। ਇਸ ਦੀ ਅਕਲ ਦੀ ਧੁੰਮ ਇਰਦ ਗਿਰਦ ਫੈਲ ਗਈ।

ਇਕ ਦਿਨ ਜਦ ਇਸਦੀ ਕੌਂਸਲ ਚੌਕੜੀ ਲਗੀ ਤਾਂ ਇਕ ਜੋਤਸ਼ੀ ਇਸ ਕੋਲ ਆਇਆ ਤੇ ਉਸਨੇ ਸਲਵਾਹਨ ਦੇ ਚਿਹਨ-ਚਕਰ ਵੇਖ ਕੇ ਆਖਿਆ, ਬੱਚਾ ਤੂੰ ਵੱਡਾ ਬਲਵਾਨ ਹੋਵੇਂਗਾ, ਤੇ ਵੱਡੇ ਵੱਡੇ ਦੇਸ ਫ਼ਤਹਿ ਕਰੇਂਗਾ। ਇਹ ਸੁਣਕੇ ਸਲਵਾਹਨ ਬੜਾ ਖ਼ੁਸ਼ ਹੋਇਆ ਤੇ ਜੋਤਸ਼ੀ ਨੂੰ ਇਕ ਮਿੱਟੀ ਦਾ ਭਾਂਡਾ ਦਖਣਾ ਦਿਤੀ। ਵਿਚਾਰਾ ਦੇਂਦਾ ਕੀ; ਕੁਝ ਹੋਰ ਪਾਸ ਹੁੰਦੋ ਸੂ ਤਾਂ।

ਹੁੰਦਿਆਂ ਹੁੰਦਿਆਂ ਸਲਵਾਹਨ ਦੀ ਧੁੱਮ, ਅਕਲ, ਇਨਸਾਫ਼ ਤੇ ਔਕੜਾਂ ਨੂੰ ਅਸਾਨ ਕਰਨ ਲਈ ਪੈ ਗਈ। ਓਸੇ ਇਲਾਕੇ ਵਿਚ ਇਕ ਬੜਾ ਧਨਾਢ, ਧਨਿਆ ਜੀ ਨਾਂ ਦਾ ਰਹਿੰਦਾ ਸੀ। ਇਸਦੇ ਤਿੰਨ ਪੁੱਤਰ ਸਨ, ਤਿੰਨੇ ਲਾਇਕ ਤੇ ਪੜ੍ਹੇ ਲਿਖੇ। ਧਨਿਆ ਜੀ ਆਪ ਵੀ ਵੱਡਾ ਸਿਆਣਾ ਤੇ ਅਕਲ ਵਾਲਾ ਸੀ, ਜਦ ਮਰਨ ਲਗਾ ਤਾਂ ਇਸ ਨੇ ਆਖਣੇ ਪੁੱਤਰਾਂ ਨੂੰ ਬੁਲਾਕੇ ਆਖਿਆ, ਕਿ ਮੈਂ, ਆਪਣੀ ਸਾਰੀ ਜਾਇਦਾਦ ਤਿੰਨਾਂ ਹਿੱਸਿਆਂ ਵਿਚ ਵੰਡਕੇ ਇਸ ਮੰਜੀ ਦੇ ਪਾਵਿਆਂ ਹੇਠ ਦਬ ਦਿੱਤੀ ਹੈ। ਮੇਰੇ ਮਰਨ ਪਿੱਛੋਂ ਤੁਸਾਂ ਵਖ ਵਖ ਹੋ ਜਾਣਾ ਤੇ ਨੇਕੀ ਦਾ ਜੀਵਣ ਬਿਤਾਣਾ। ਵੱਡੇ ਪੁੱਤਰ ਦਾ ਹਿੱਸਾ ਉਹ ਹੈ ਜੋ ਸਰ੍ਹਾਣੇ ਦੇ ਪਾਵਿਆਂ ਹੇਠ ਦਬਿਆ ਹੈ, ਵਿਚਲੇ ਦਾ ਪੁਵਾਂਦੀ ਦੇ ਸੱਜੇ ਪਾਵੇ ਹੇਠ ਤੇ ਛੋਟੇ ਦਾ ਖੱਬੇ ਪਾਵੇ ਹੇਠ ਹੈ। ਤਿੰਨਾਂ ਪੁੱਤਰਾਂ ਨੇ ਆਪਣੇ ਪਿਤਾ ਦੇ ਹੁਕਮ ਤੇ ਨਸੀਹਤ ਨੂੰ ਸਿਰ ਮੱਥੇ ਰਖਕੇ ਪਾਲਣ ਦਾ ਇਕਰਾਰ ਕੀਤਾ। ਧਨਾਢ ਮਰ ਗਿਆ। ਜਦ ਮਰਨੇ ਪਰਨੇ ਦੀਆਂ ਰਸਮਾਂ ਹੋ ਚੁਕੀਆਂ ਤਾਂ ਸਭਨਾਂ ਨੇ ਰਲ ਮੰਜੇ ਦੇ ਪਾਵਿਆਂ ਹੇਠੋਂ ਮਿੱਟੀ ਪੁੱਟੀ ਤਾਂ ਵੇਖੋ ਕੀ ਨਿਕਲਿਆ—ਨਾ ਸੋਨਾ ਚਾਂਦੀ, ਨਾ ਮੋਹਰਾਂ। ਕੋਲੇ ਤੇ ਕਾਗਜ਼ ਪਾਵਿਆਂ ਹੇਠੋਂ ਨਿਕਲੇ। ਹੈਰਾਨੀ ਦੀ ਹਦ ਨਹੀਂ। ਪਰ ਸਾਰੇ ਆਖਣ ਪਈ ਸਾਡਾ ਪਿਤਾ ਵੱਡਾ ਅਕਲ ਵਾਲਾ ਸੀ। ਇਹਨਾਂ ਚੀਜ਼ਾਂ ਦਾ ਅਰਥ ਕੁਝ ਹੋਰ ਹੋਣਾ ਹੈ।

Sri Satguru Jagjit Singh Ji Elibrary NamdhariElibrary@gmail.com

ਆਪਣੇ ਇਲਾਕੇ ਦੇ ਸਭ ਅਕਲ ਵੰਦਿਆਂ ਕੋਲੋਂ ਪੁਛਿਆ ਪਰ ਕੋਈ ਨਾ ਦਸ ਸਕੇ ਕਿ ਧਨਿਆ ਜੀ ਦਾ ਕੀ ਮਤਲਬ ਸੀ। ਅੰਤ ਰਾਜਾ ਬਿਕ੍ਰਮਾਜੀਤ ਕੋਲ ਨਿਆਂ ਲਈ ਗਏ। ਰਾਜਾ ਬਿਕ੍ਰਮਾਜੀਤ ਏਸ ਗੁੰਝਲ ਨੂੰ ਖੋਲ੍ਹ ਨਾ ਸਕਿਆ। ਬਥੇਰੇ ਸਿਆਣਿਆਂ ਨੂੰ ਉਸ ਨੇ ਪੁਛਿਆ, ਪਰ ਨਿਸਫਲ। ਆਖਰ ਤਿੰਨੇ ਭਰਾ ਨਿਰਾਸ ਹੋ ਕੇ ਪ੍ਰਥਿਸਤਾਨ ਨਗਰੀ ਵਿਚ ਆਏ ਤੇ ਰਾਜੇ ਸੋਮਕੰਤ ਕੋਲ ਆਪਣੀ ਔਕੜ ਪੇਸ਼ ਕੀਤੀ। ਇਹ ਰਾਜਾ ਵੀ ਕੁਝ ਨ ਦਸ ਸਕਿਆ ਤੇ ਰਾਜਾ ਦੇ ਵਜ਼ੀਰ ਤੇ ਪੰਡਤ ਵੀ ਜ਼ੋਰ ਲਾ ਥੱਕੇ ਪਰ ਬਣਿਆ ਕੁਝ ਨਾ। ਕਿਸੇ ਨੇ ਆਖਿਆ ਏਥੇ ਇਕ ਸਲਵਾਹਨ, ਆਵਿਆਂ ਦੇ ਕੋਲ ਰਹਿੰਦਾ ਹੈ, ਉਹ ਬੜਾ ਸਿਆਣਾ ਦਸੀਦਾ ਹੈ, ਉਸਨੂੰ ਪੁਛੋ। ਰਾਜਾ ਨੇ ਉਸਨੂੰ ਬੁਲਾ ਘਲਿਆ। ਪਰ ਸਲਵਾਹਨ ਨੇ ਆਖਿਆ ਮੈਂ ਅਜ਼ਾਦ ਹਾਂ, ਰਾਜੇ ਨੂੰ ਜੇ ਪੁਛਣ ਦੀ ਲੋੜ ਹੈ ਤਾਂ ਮੇਰੇ ਕੋਲ ਆਵੇ। ਓਸ ਵੇਲੇ ਦੇ ਰਾਜੇ ਵੀ ਚੰਗੇ ਸਨ। ਗਿਆਨ ਤੇ ਵਿਦਿਆ ਲੈਣ ਲਈ ਨੀਚਾਂ ਕੋਲ ਵੀ ਟੁਰ ਪੈਂਦੇ ਸਨ। ਅੰਤ ਰਾਜਾ ਆਪ ਚਲ ਕੇ ਆਇਆ। ਘੁਮਿਆਰਾਂ ਦੀ ਵਸਤੀ ਵਿਚ ਦਰਬਾਰ ਸਜ ਗਿਆ। ਸਲਵਾਹਨ ਵੀ ਹਾਜ਼ਰ ਹੋਇਆ ਤੇ ਤਿੰਨਾਂ ਭਰਾਵਾਂ ਨੇ ਆਪਣਾ ਆਪਣਾ ਹਿੱਸਾ ਦਸਿਆ ਜੇਹੜਾ ਮੰਜੇ ਦੇ ਪਾਵੇ ਹੇਠੋਂ ਉਨ੍ਹਾਂ ਨੂੰ ਮਿਲਿਆ ਸੀ।

ਸਭ ਤੋਂ ਵਡੇ ਭਰਾ ਨੇ ਆਖਿਆ ਕਿ ਕੁੱਜੀਆਂ ਵਿਚੋਂ ਮਿੱਟੀ ਦੇ ਝੋਨੇ ਦੇ ਤੋਹ ਨਿਕਲੇ ਸਨ। ਸਲਵਾਹਨ ਨੇ ਵੇਖਕੇ ਆਖਿਆ, ਸੁਣ! ਤੇਰਾ ਪਿਤਾ ਤੇਰੇ ਹਿੱਸੇ ਵਿਚ ਤੈਨੂੰ ਸਾਰੀ ਭੁਇੰ, ਤੇ ਸਭ ਭੁਇੰ ਦੀ ਪੈਦਾਇਸ਼, ਦਾਣੇ ਫਲ ਆਦਿ ਦੇ ਗਿਆ ਹੈ, ਜਿਹੜੇ ਮਿੱਟੀ ਅਤੇ ਤੋਹ ਦੇ ਨਿਸ਼ਾਨਾਂ ਤੋਂ ਸਾਫ ਸਿਧ ਹੈਨ। ਸਭ ਪਾਸਿਓਂ ਵਾਹ, ਵਾ ਹੋਈ। ਰਾਜਾ ਤੇ ਦਰਬਾਰੀ ਮੂੰਹ ਵਿਚ ਉਂਗਲਾਂ ਪਾਣ।

ਦੂਜੇ ਭਰਾ ਨੇ ਆਖਿਆ ਕਿ ਮੇਰੇ ਭਾਗ ਵਿਚ ਇਹ ਕਾਗਜ਼ ਨਿਕਲਿਆ ਹੈ। ਸਲਵਾਹਨ ਨੇ ਕਾਗਜ਼ ਵੇਖਿਆ, ਉਹ ਖਾਲੀ ਸੀ, ਸੋਚ ਕੇ ਆਖਿਉ ਸੂ ਕਿ ਤੇਰਾ ਪਿਤਾ ਤੈਨੂੰ ਸਾਰਾ ਲੈਣ ਦੇਣ ਦਾ ਕਾਰੋਬਾਰ ਦੇ ਗਿਆ ਹੈ।

ਤੀਜੇ ਨੇ ਆਖਿਆ, ਮਹਾਰਾਜ ਮੈਂ ਤੇ ਬੜਾ ਨਿਭਾਗਾ ਹਾਂ, ਕਿਉਂਕਿ ਸਭ ਕੁਝ ਤੇ ਦੋਹਾਂ ਭਿਰਾਵਾਂ ਨੂੰ ਵੰਡਿਆ ਗਿਆ। ਤੇ ਮੇਰੇ ਭਾਗ ਵਿਚ ਇਹ ਕੋਲਿਆਂ ਦਾ ਬੁਕ ਆਇਆ। ਸਭ ਕਹਿਣ; ਠੀਕ ਇਹ ਮੁੰਡਾ ਨਿਭਾਗਾ ਈ ਹੈ। ਪਰ ਸਲਵਾਹਨ ਨੇ ਕਿਹਾ, ਨਹੀਂ, ਇਸ ਦਾ ਪਿਤਾ ਬੜਾ ਸਿਆਣਾ ਤੇ ਨਿਆਈਂ ਸੀ, ਉਹ ਕਦੀ ਇਸ ਨਿੱਕੇ ਮੁੰਡੇ ਨਾਲ ਧਰੋਹ ਨਹੀਂ ਕਰ ਸਕਦਾ ਸੀ। ਉਸਦਾ ਮਤਲਬ ਕੋਲਿਆਂ ਤੋਂ ਇਹ ਸੀ ਕਿ ਕੁਲ ਨਕਦੀ, ਜਵਾਹਰ, ਗਹਿਣੇ-ਗਟੇ ਸਭ ਤੇਰਾ ਮਾਲ। ਪਰ ਜਿਹੜੇ ਗਹਿਣੇ ਤੇਰੇ ਭਰਾਵਾਂ ਦੇ ਟੱਬਰਾਂ ਕੋਲ ਹੈਨ ਉਹ ਉਹਨਾਂ ਦਾ ਮਾਲ। ਇਹ ਸੁਣ ਕੇ ਸਭ ਭਰਾ ਖੁਸ਼ ਹੋ ਗਏ ਤੇ ਸਲਵਾਹਨ ਦਾ ਧੰਨਵਾਦ ਕਰਨ ਲੱਗੇ।

ਰਾਜਾ ਨੇ ਸਲਵਾਹਨ ਦਾ ਸਾਰਾ ਹਾਲ ਪੁਛਿਆ ਤੇ ਉਸ ਨੇ ਸੁਣਾਇਆ, ਤੇ ਨਾਲ ਈ ਦੱਸਿਆ ਹੇ ਰਾਜਾ ਜੀ, ਤੁਸਾਂ ਮੇਰੀ ਮਾਂ ਤੇ ਪਿਤਾ ਉੱਤੇ ਘੋਰ ਅਨਿਆਏ ਤੇ

ਜ਼ੁਲਮ ਕੀਤਾ । ਰਾਜਾ ਤੇ ਵਾਪਸ ਆ ਗਿਆ. ਪਰ ਸਲਵਾਹਨ ਦੀਆਂ ਧੁੰਮਾਂ ਦੇਸ ਦਸਾਂਤਰੀ ਪੈ ਗਈਆਂ । ਰਾਜਾ ਬਿਕ੍ਰਮਾਜੀਤ ਨੇ ਆਪਣੇ ਮੁਸਾਹਿਬ ਰਾਜਾ ਸੋਮਕੰਤ ਦੇ ਦਰਬਾਰ ਘਲੇ ਕਿ ਦੱਸੋ ਕਿਸੇ ਸਤਵਰ੍ਹੀ ਕੁੜੀ ਨੇ ਕੋਈ ਮੁੰਡਾ ਤਾਂ ਨਹੀਂ ਜੰਮਿਆ । ਰਾਜਾ ਸੋਮਕੰਤ ਨੇ ਸਲਵਾਹਨ ਦਾ ਸਾਰਾ ਹਾਲ ਦਸ ਘਲਿਆ । ਮੁਸਾਹਿਬ ਛੇਤੀ ਮੁੜ ਗਿਆ ਤੇ ਜਾ ਕੇ ਸਾਰੀ ਗਲ ਬਿਕ੍ਰਮਾਜੀਤ ਨੂੰ ਸੁਣਾਈ । ਬਿਕ੍ਰਮਾਜੀਤ ਨੇ ਸਲਵਾਹਨ ਦੇ ਜੇਮਣ ਨੂੰ ਆਪਣੀ ਮੌਤ ਸਮਝੀ, ਤੇ ਲਗਾ ਤਿਆਰੀ ਕਰਨ ਕਿ ਕਿਸੇ ਤਰ੍ਹਾਂ ਇਸ ਦੁਸ਼ਮਨ ਨੂੰ ਮਾਰ ਦੇਈਏ । ਵਿਕ੍ਰਮਾਜੀਤ ਨੇ ਇਕ ਆਪਣਾ ਅਫ਼ਸਰ ਸੋਮਕੰਤ ਕੋਲ ਘਲਿਆ ਤੇ ਬੇਨਤੀ ਕੀਤੀ ਕਿ ਸਲਵਾਹਨ ਮੇਰੇ ਕੋਲ ਘਲ ਦੇਉ । ਸੋਮਕੰਤ ਨੇ ਕਿਹਾ, ਮੈਂ ਤੇ ਉਸ ਨੂੰ ਆਖਦਾ ਨਹੀਂ । ਉਹ ਹੈ ਅਖੜ, ਤੁਸੀਂ ਆਪ ਜਾ ਕੇ ਸੱਦਾ ਦਿਉ । ਵਿਕ੍ਰਮਾਜੀਤ ਦੇ ਘੱਲੇ ਅਫ਼ਸਰ ਆਪ ਸਲਵਾਹਨ ਕਲ ਗਏ । ਸਲਵਾਹਨ ਨੂੰ ਖ਼ਿਆਲ ਆਇਆ ਕਿ ਇਸ ਵਿਚ ਕੁਝ ਧੋਖਾ ਹੈ । ਉਸ ਨੇ ਜਾਣੋਂ ਇਨਕਾਰ ਕੀਤਾ ਤੇ ਵਿਕ੍ਰਮਾਜੀਤ ਦੇ ਅਫ਼ਸਰਾਂ ਨੂੰ ਝਾੜ ਪਾਈ । ਅਫ਼ਸਰ ਆਪਣਾ ਜਿਹਾ ਮੂੰਹ ਲੈਕੇ ਵਿਕ੍ਰਮਾਜੀਤ ਕੋਲ ਮੁੜ ਗਏ । ਵਿਕ੍ਰਮਾਜੀਤ ਨੂੰ ਬੜਾ ਕ੍ਰੋਧ ਆਇਆ । ਉਸ ਨੇ ਫ਼ੌਜ ਦੀ ਚੜ੍ਹਾਈ ਕਰ ਦਿੱਤੀ ।

ਜਦ ਸਲਵਾਹਨ ਨੂੰ ਪਤਾ ਲਗਾ ਤਾਂ ਉਹ ਡਰਿਆ ਕਿ ਇਹ ਸਭ ਫਸਾਦ ਮੇਰੀ ਬੇਵਕੂਫ਼ੀ ਦਾ ਨਤੀਜਾ ਹੈ, ਕਿਉਂ ਜੁ ਮੈਂ ਵਿਕ੍ਰਮਾਜੀਤ ਦਾ ਹੁਕਮ ਨਾ ਮੰਨਿਆ । ਸੁ ਉਸਨੇ ਆਪਣੀ ਮਾਂ ਨੂੰ ਆਖਿਆ ਕਿ ਮੈਨੂੰ ਮਾਰ ਦੇ ਜਾਂ ਮੈਂ ਆਪ ਹੀ ਪ੍ਰਾਣ-ਹਤਿਆ ਕਰ ਲੈਂਦਾ ਹਾਂ, ਕਿ ਕਿਵੇਂ ਬੇਦੋਸਿਆਂ ਦਾ ਲਹੂ ਲੜਾਈ ਵਿਚ ਨਾ ਵੀਟਿਆ ਜਾਏ । ਮਾਂ ਨੇ ਧੀਰਜ ਦਿੱਤੀ ਤੇ ਇਕਾਂਤ ਵਿਚ ਸ਼ੇਸ਼ ਨਾਗ ਦੀ ਅਰਾਧਨਾ ਕੀਤੀ । ਸ਼ੇਸ਼ ਸਾਹਮਣੇ ਆਇਆ ਤੇ ਉਸਨੇ ਧੀਰਜ ਦਿੱਤੀ, ਸਲਵਾਹਨ ਨੂੰ ਹੌਸਲਾਂ ਦਿੱਤਾ ਤੇ ਇਕ ਗੜਵਾ ਅੰਮ੍ਰਿਤ ਦੇ ਕੇ ਕਿਹਾ ਕਿ ਜਾ ਤੂੰ ਆਪਣੀ ਮਿੱਟੀ ਦੀ ਫ਼ੌਜ ਤੇ ਛਿਣਕ, ਸਭ ਜੀਊਂਦੇ ਜਾਗਦੇ ਜੋਧਾ ਹੋ ਜਾਣਗੇ, ਤੇ ਤੂੰ ਇਸ ਇਲਾਹੀ ਫੌਜ ਦੀ ਮੱਦਤ ਨਾਲ ਵਿਕ੍ਰਮਾਜੀਤ ਨੂੰ ਜਿੱਤੇਂਗਾ । ਇਹ ਸੁਣ ਸਲਵਾਹਨ ਨੇ ਸੋਮਕੰਤ ਨੂੰ ਹੌਂਸਲਾ ਦਿੱਤਾ । ਫੌਜਾਂ ਤਿਆਰ ਹੋ ਗਈਆਂ । ਵਿਕ੍ਰਮਾਜੀਤ ਨੇ ਫ਼ੌਜ ਦਾ ਹੱਲਾ ਬੋਲਿਆ । ਅੱਗੋਂ ਸਲਵਾਹਨ ਆਪ ਵਿਕ੍ਰਮਾਜੀਤ ਨਾਲ ਲੜਨ ਨੂੰ ਤਿਆਰ । ਆਮ੍ਹੋ ਸਾਮ੍ਹਣੇ ਲੜਾਈ ਹੋਣ ਲਗੀ । ਸਲਵਾਹਨ ਦੇ ਇਕ ਤੀਰ ਨੇ ਵਿਕ੍ਰਮਾਜੀਤ ਨੂੰ ਹਮੇਸ਼ਾਂ ਲਈ ਸੁਆ ਦਿਤਾ । ਜਦ ਫ਼ਤਿਹ ਪਾਕੇ ਘਰ ਮੁੜਨ ਲੱਗੇ ਤਾਂ ਦਰਿਆ ਲੰਘਦਿਆਂ ਸਲਵਾਹਨ ਦੀ ਫ਼ੌਜ ਪਾਣੀ ਵਿਚ ਮਿੱਟੀ ਵਾਂਗੂ ਗਲ ਗਈ । ਆਕਾਸ਼ ਬਾਣੀ ਹੋਈ :—

"ਹੇ ਸਲਵਾਹਨ ! ਅਜ ਤੈਥੋਂ ਇਕ ਪੁਰਾਣੀ ਪੇਸ਼ੀਨ-ਗੋਈ ਪੂਰੀ ਹੋਈ । ਤੇਰਾ ਰਾਜ ਦਖ਼ਣ ਵਿਚ ਵਿੰਧਿਆਚਲ ਦੇ ਥਲੇ ਰਹਿਸੀ । ਤੇ ਉਤਰ ਵਲ ਵਿਕ੍ਰਮਾਜੀਤ ਦੀ ਔਲਾਦ ਰਾਜ ਕਰੇਗੀ । ਇਸ ਲੜਾਈ ਦੀ ਫ਼ਤਿਹ ਦੀ ਯਾਦਗਰ ਵਿਚ ਇਕ ਸੰਮਤ ਚਲੇਗਾ, ਜਿਹੜਾ ਤੇਰੇ ਨਾਂ ਨਾਲ ਲਗੇਗਾ ।" ਸੁ ਸਲਵਾਹਨ ਦਾ ਸੰਮਤ ਚਲਿਆ ।

ਸਲਵਾਹਨ ਕਈ ਵਰ੍ਹੇ ਰਾਜ ਕਰਦਾ ਰਿਹਾ। ਅੰਤ ਮਰ ਖਪ ਗਿਆ, ਉਤਰ ਵਲ ਵਿਕ੍ਰਮਾਜੀਤ ਦਾ ਪੁੱਤਰ ਭੱਟੀ ਵਜ਼ੀਰ ਦੀ ਮੱਦਤ ਨਾਲ ਗੱਦੀ ਤੇ ਬੈਠਾ।

ਇਸ ਕਥਾ ਵਿਚ ਲੋੜੀਂਦਾ ਸਿੱਟਾ ਇਹ ਕਿ (ਮਹਾਰਾਸ਼ਟਰ-ਅੰਧਰਾ) ਦੇ ਰਾਜ ਵਿਚ ਸਲਵਾਹਨ ਨੇ ਵਿਕ੍ਰਮਾਜੀਤ ਨੂੰ ਭਾਂਜ ਦਿੱਤੀ ਤੇ ਸੰਮਤ ਚਲਾਇਆ। ਕਥਾ ਵਿਚ ਵੇਲੇ ਤੇ ਸਮੇਂ ਦਾ ਥਹੁ-ਪਤਾ ਨਹੀਂ।

———

Sri Satguru Jagjit Singh Ji Elibrary NamdhariElibrary@gmail.com

# ਰਸਾਲੂ ਦਾ ਸਮਾਂ

## ਸਰ ਰਿਚਰਡ ਟੈਂਪਲ ਦੀ ਖੋਜ ਦੇ ਸਿੱਟੇ ਦਾ ਨਿਚੋੜ

ਵੇਖੋ—Calcutta Review 1884

ਸਰ ਰਿਚਰਡ ਟੈਂਪਲ ਤੋਂ ਛੁਟ ਹੋਰ ਕਿਸੇ ਖੋਜੀ ਨੇ ਰਾਜਾ ਰਸਾਲੂ ਦੇ ਸਮੇਂ ਦਾ ਥਹੁ-ਪਤਾ ਲਾਉਣ ਦੀ ਕੋਸ਼ਸ਼ ਨਹੀਂ ਕੀਤੀ, ਅਤੇ ਉਨ੍ਹਾਂ ਦੇ ਖ਼ਿਆਲ ਵਿਚ ਰਸਾਲੂ ਇਕ ਨਿਰੋਲ ਖਿਆਲੀ ਮਨੁੱਖ ਨਹੀਂ, ਸਗੋਂ ਇਕ ਬਹਾਦਰ ਰਾਜਾ ਸੀ। ਰਾਜਾ ਰਸਾਲੂ ਦੀਆਂ ਕਹਾਣੀਆਂ ਤੇ ਬਹਾਦਰੀਆਂ ਦੇ ਦੋ ਵੱਡੇ ਭਾਗ ਨੇ :—੧–ਨਿਰੋਲ ਇਤਿਹਾਸਕ, ੨–ਨਿਰੋਲ ਮਨ-ਕਲਪਤ।

ਰਸਾਲੂ ਦੇ ਹੋਣ ਦੀ ਤਾਰੀਖ਼ ਦਾ ਫ਼ੈਸਲਾ ਕਰਨ ਵਿਚ ਸਾਨੂੰ ਹੇਠ ਲਿਖੀਆਂ ਗੱਲਾਂ ਦਾ ਜ਼ਰੂਰ ਖਿਆਲ ਰੱਖਣਾ ਪਵੇਗਾ—

(੧) ਹਰ ਕਹਾਣੀ ਤੇ ਵਾਰ ਵਿਚ ਰਸਾਲੂ ਰਾਜਾ ਸਲਵਾਹਨ ਸਿਆਲ-ਕੋਟੀਏ ਦਾ ਪੁੱਤਰ ਕਿਹਾ ਹੈ ਅਤੇ ਸਲਵਾਹਨ ਦਾ ਹੀ ਸਾਕਾ ਸੰਮਤ ਆਖਿਆ ਜਾਂਦਾ ਹੈ। ਸਲਵਾਹਨ ਰਾਜਾ ਵਿਕ੍ਰਮਾਜੀਤ ਦਾ ਸਮਕਾਲੀ ਤੇ ਵੈਰੀ ਸੀ।

(੨) ਰਾਵਲਪਿੰਡੀ, ਸਿਆਲਕੋਟ ਦੀਆਂ ਕਹਾਣੀਆਂ, ਰਾਜਾ ਰਸਾਲੂ ਦਾ ਰਾਜਾ ਹੋਡੀ ਨਾਲ ਸੰਬੰਧ ਦਸਦੀਆਂ ਨੇ।

(੩) ਇਹ ਭੀ ਆਖਿਆ ਜਾਂਦਾ ਹੈ ਕਿ ਰਸਾਲੂ ਦੇ ਪਿਛੋਂ ਸਿਆਲਕੋਟ ੩੦੦ ਸਾਲ ਤਕ ਪੂਰਨ ਦੇ ਸਰਾਪ ਕਰਕੇ ਵੈਰਾਨ ਰਿਹਾ, ਫੇਰ ਰਾਜਾ ਨਿਰਾਵਤ ਨੇ ਸਿਆਲ-ਕੋਟ ਨੂੰ ਫ਼ਤਿਹ ਕਰਕੇ ਨਵੇਂ ਸਿਰੇ ਆਬਾਦ ਕੀਤਾ। ਅਸਲੀ ਗਲ ਇਹ ਜਾਪਦੀ ਹੈ ਕਿ ਬੁਧ ਮਤ ਦੇ ਆਖੀਰ ਰਾਜਾ ਸਲਾਦਿਤਜਾ (ਕਨੌਜ ਦਾ ਰਾਜਾ) ਦੇ ਕਾਲਵਸ (੬੫੦ A. D.) ਹੋਣ ਦੇ ਮਗਰੋਂ ਤੇ ਬ੍ਰਾਹਮਣੀ ਰਾਜ ਦੀ ਪੱਕੀ ਜੜ੍ਹ ਲਗਣ ਤਕ (੭੫੦ A. D.) ਦੇਸ ਵਿਚ ਬੜੀ ਗੜਬੜ ਹੀ ਰਹੀ ਸੀ।

ਬਿਕ੍ਰਮਾਜੀਤ ਦਾ ਸਮਾਂ ਉਨ੍ਹਾਂ ਨੁਕਤਿਆਂ ਵਿਚੋਂ ਇਕ ਹੈ ਜਿਨ੍ਹਾਂ ਦੇ ਝੁਠਾਨ ਦਾ ਪਿਛਲੇ ਬ੍ਰਾਹਮਣਾਂ ਨੂੰ, ਆਪਣੇ ਨਵੇਂ ਰਾਜ ਨੂੰ ਪੁਰਾਤਨ ਦਸਣ ਲਈ ਤੇ ਆਪਣੇ



Sri Satguru Jagjit Singh Ji Elibrary NamdhariElibrary@gmail.com

ਧਰਮ ਦੀ ਵਡਿਆਈ ਦਸਣ ਲਈ ਲੋੜ ਪਈ। ਅਤੇ ਉਨ੍ਹਾਂ ਬਿਕ੍ਰਮਾਜੀਤ ਦੀ ਅਸਲ ਤਾਰੀਖ਼ ਨੂੰ, ਜੇਹੜੀ ਸੰ: ੫੧੫ ਤੋਂ ੫੩੦ ਈ: ਤਕ ਹੈ, ਮਸੀਹ ਤੋਂ ੫੭ ਵਰ੍ਹੇ ਪਹਿਲੇ ਕਰ ਦਿਤਾ।

ਬਿਕ੍ਰਮਾਜੀਤ* ਛੇਵੀਂ ਸਦੀ ਦੇ ਪਹਿਲੇ ਅਧ ਵਿਚ ਹੋਇਆ ਅਤੇ ਉਸ ਨੇ ਸਲਵਾਹਨ ਸਾਕਾ ਨੂੰ ਕਰੂਰ ਦੀ ਲੜਾਈ ਵਿਚ ਭਾਂਜ ਦਿਤੀ। ਜੇ ਇਹ ਸਲਵਾਹਨ, ਰਸਾਲੂ ਦਾ ਪਿਓ ਤੇ ਸਿਆਲਕੋਟ ਦਾ ਰਾਜਾ ਸੀ, (ਜਿਹੜੀ ਗਲ ਬੜੀ ਹੀ ਸ਼ਕੀ ਹੈ) ਤਦ ਸਾਨੂੰ ਰਸਾਲੂ ਨੂੰ ਕਾਬਲ ਦੇ ਰਾਜੇ ਰਿਤਿਲ ਤੋਂ ੧੫੦ ਵਰ੍ਹੇ ਪਹਿਲੇ ਗਿਣਨਾ ਪੈਂਦਾ ਹੈ, ਜੇ ਰਿਤਿਲ ਤੇ ਰਸਾਲੂ ਨੂੰ ਇਕ ਹੀ ਮਨੁੱਖ ਮੰਨ ਲਈਏ। ਇਸ ਕਰਕੇ ਰਸਾਲੂ ਰਾਜਾ ਸਲਵਾਹਨ ਦਾ ਪੁਤਰ ਨਹੀਂ ਹੋ ਸਕਦਾ ਸਿਰਫ਼ ਉਸ ਦੀ ਔਲਾਦ ਵਿਚੋਂ ਹੋਣਾ ਏ।

ਰਾਜਾ ਹੋਡੀ ਦਾ ਸਮਾਂ ਲਭਣਾ ਹੋਰ ਵੀ ਔਖਾ ਹੈ। ਹੋਡੀ ਰਸਾਲੂ ਦਾ ਜਾਂ ਉਸ ਦੇ ਖ਼ਾਨਦਾਨ ਦਾ ਵੈਰੀ ਸੀ। ਨਵੀਂ ਖੋਜ ਹੋਡੀ ਦਾ ਸਮਾਂ ਤੀਜੀ ਸਦੀ ਵਿਚ ਦਸਦੀ ਹੈ, ਪਰ ਫ਼ਰਗੂਸਨ (Fergussen) ਹੋਡੀ ਦੀਆਂ ਇਮਾਰਤਾਂ ਨੂੰ ਅਠਵੀਂ ਸਦੀ ਈ: ਦੀਆਂ, ਜਾਂ ਬੁਧਮਤ ਦੇ ਨਾਸ ਹੋਣ ਦੇ ਵੇਲੇ ਦੀਆਂ ਦਸਦਾ ਹੈ। ਇਸ ਤੋਂ ਇਹ ਮੁਮਕਨ ਹੈ ਕਿ ਰਸਾਲੂ ਬ੍ਰਾਹਮਣੀ ਮਤ ਵਿਚ ਆ ਗਿਆ ਹੋਵੇ ਅਤੇ ਉਸ ਨੇ ਬੋਧੀ ਰਾਜੇ ਹੋਡੀ ਨੂੰ ਲੜ ਕੇ ਭਾਂਜ ਦਿਤੀ ਹੋਵੇ।

ਸਿਆਲਕੋਟ ਤੇ ਗਖੜਾਂ ਦੀਆਂ ਰਵਾਇਤਾਂ ਹੋਡੀ ਨੂੰ ਚੌਥੀ ਸਦੀ ਵਿਚ ਦਸਦੀਆਂ ਨੇਂ, ਤੇ ਉਸ ਨੂੰ ਰਸਾਲੂ ਦਾ ਬਜੇਈ ਬਨਾਂਦੀਆਂ ਨੇ। ਤੇ ਜੇ ਕ੍ਰਿਸ਼ਨ ਕਿਦਾਰਾ ਦੇ ਸਿੱਕਿਆਂ (ਜੋ ਇਸ ਇਲਾਕੇ ਵਿਚ ਆਮ ਮਿਲਦੇ ਨੇ) ਨੂੰ ਹੋਡੀ ਦੇ ਸਿੱਕੇ ਮੰਨੀਏ, ਜੇਕਣ ਕਿ ਟਾਮਸ ਸਾਹਿਬ (Thomas) ਦਾ ਖਿਆਲ ਹੈ, ਤਾਂ ਹੋਡੀ ਦਾ ਸਮਾ ਘਟੋ ਘਟ ਤੀਜੀ ਸਦੀ ਵਿਚ ਰਖਣਾ ਪਵੇਗਾ।

ਸਾਡੇ ਪਾਸ ਜੋ ਗਵਾਹੀ ਹੈ ਉਸ ਤੋਂ ਇਸ ਖਿਆਲ ਦੀ ਫੇਰ ਪੁਸ਼ਟੀ ਹੁੰਦੀ ਹੈ ਕਿ ਰਸਾਲੂ ਸਚਮੁਚ ਇਤਿਹਾਸਕ ਮਨੁੱਖ ਸੀ, ਤੇ ਉਹ ਇਤਿਹਾਸ ਦਾ ਰਿਟਿਲ, ਕਾਬਲ ਦਾ ਰਾਜਾ ਸੀ ਜਿਸ ਨੇ ਸੰਨ ੬੯੭ ਈ: ਤੋਂ ੭੧੩ ਈ: ਤਕ ਮੁਸਲਮਾਨਾਂ ਨਾਲ ਲੜਾਈਆਂ ਕੀਤੀਆਂ।

ਇਲੀਅਟ ਸਾਹਿਬ (Sir Henry Elliot) ਆਪਣੇ ਲੇਖ ਕਾਬਲ ਦੇ ਰਾਜਿਆਂ ਵਿਚ ਇਕ ਰਾਜਾ ਰੰਬਲ (ਰਿਟਿਲ ਆਦਿ) ਦਾ ਹਾਲ ਲਿਖਦੇ ਹੈਨ। ਜਿਸ ਨੇ ਅਬਦੁਲਾ ਸੀਸਤਾਨ ਦੇ ਸੂਬੇ ਨੂੰ ਸੰਨ ੬੯੭ ਈ: ਵਿਚ ਭਾਂਜ ਦਿਤੀ ਸੀ। ਜਿਸ ਕਰਕੇ ਹੁਜਾਜ ਬਾਦਸ਼ਾਹ ਨੇ ਆਪਣੇ ਜਰਨੈਲ ਅਬਦੁਲ ਰਹਿਮਾਨ, ਬਿਨ ਮੁਹੰਮਦ, ਬਿਨ ਆਸ਼ਾ ਨੂੰ ੭੦੦ ਈ: ਵਿਚ ਫੇਰ ਹਮਲਾ ਕਰਕੇ ਪੁਰਾਣੀ ਭਾਂਜ ਦੀ ਸ਼ਰਮ ਨੂੰ ਧੋਣ ਲਈ

*ਫੇਰ ਇਕ ਥਾਂ ੪੭੩ ਤੋਂ ੫੧੩ ਈ: ਸੰ: ਦਸਿਆ ਹੈ।

ਘਲਿਆ। ਤੇ ਉਸ ਨੇ ਰਾਜਾ ਰੰਬਲ ਨੂੰ ਭਾਂਜ ਤੇ ਦੇ ਦਿਤੀ, ਪਰ ਇਸ ਤੋਂ ਵਧ ਉਸ ਦਾ ਰਾਜ ਰੂਜ ਨਾ ਸਾਂਭ ਸਕਿਆ।

ਜਦ ਹੁਜਾਜ ਨੇ ਢੇਰ ਝਾੜ ਪਾਈ ਤਾਂ ਅਬਦਲ ਰਹਿਮਾਨ ਰਾਜਾ ਰੰਬਲ ਨਾਲ ਮਿਲ ਗਿਆ। ਪਰ ਰੰਬਲ ਨੇ ਪਿਛੋਂ ਹੁਜਾਜ ਨਾਲ ਸੁਲਹ ਹੋਣ ਤੇ ਅਬਦੁਲ ਰਹਿਮਾਨ ਨੂੰ ਹੁਜਾਜ ਦੇ ਹਵਾਲੇ ਕਰ ਦਿਤਾ। ਅਰਬੀ ਧਾਰਮਕ ਲੜਾਈਆਂ ਦੀਆਂ ਕਹਾਣੀਆਂ ਵਿਚ ਰਾਣਾ ਰੰਬਲ ਨੂੰ ਇਕ ਵੱਡਾ ਹਿੰਦੂ ਰਾਜਾ ਲਿਖਿਆ ਹੈ। ਇਸ ਖਿਆਲ ਦੀ ਯੁਕਤੀ ਪੂਰਬਕ ਪੁਸ਼ਟੀ ਟੈਂਪਲ ਸਾਹਿਬ ਅੱਗੇ ਚਲ ਕੇ ਕਰਦੇ ਨੇ।

ਨੋਟ—ਇਸ ਤੋਂ ਇਹ ਪਤਾ ਲਗਦਾ ਹੈ ਕਿ ਪਾਰਥੀਆ, ਤੇ ਸਾਕਾ ਕੌਮਾਂ ਦੇ ਪਿਛੋਂ ਪੰਜਾਬ ਤੇ ਕਾਬਲ ਉਤੇ ਫੇਰ ਹਿੰਦੂ ਰਾਜ ਹੋ ਗਿਆ ਸੀ। ਸਰ ਰਿਚਰਡ ਟੈਂਪਲ ਸਾਹਿਬ ਰਸਾਲੂ ਨੂੰ ਕਾਬਲ ਦਾ ਰਾਜਾ ਰੰਬਲ ਜਾਂ ਰਛਪਲ ਸਾਬਤ ਕਰਨ ਵਿਚ ਪੰਜਾਬ ਦੇ ਜਟ ਫਿਰਕਿਆਂ, ਭਟੀ ਤੇ ਸਾਂਸੀ, ਤੇ ਜੈਸਲਮੇਰ, ਪਟਿਆਲੇ ਆਦਿ ਦੇ ਰਾਜ ਘਰਾਂ ਦੀਆਂ ਰਵੈਤਾਂ ਤੋਂ ਸਹਾਇਤਾ ਲੈਂਦੇ ਹੈਨ। ਜਿਸ ਦਾ ਨਿਰਣਾ ਅਗੇ ਕੀਤਾ ਗਿਆ ਹੈ।

ਨੋਟ—ਸਾਕਾ ਤੇ ਪਾਰਥੀਆ ਤੋਂ ਪਹਿਲੇ ਵੀ ਪੰਜਾਬ ਤੇ ਕਾਬਲ ਵਿਚ ਯਾਦਵ ਬੰਸੀ ਹਿੰਦੂ ਰਾਜਿਆਂ ਦਾ ਰਾਜ ਸੀ। ਇਹ ਕਨਿੰਘਮ ਦੀ ਖੋਜ ਦਾ ਸਿੱਟਾ ਹੈ। ਨਿਰਨਾ ਅੱਗੇ ਚਲ ਕੇ ਕਰਾਂਗੇ।

ਸਰ ਰਿਚਰਡ ਟੈਂਪਲ ਦੇ ਏਸ ਸਿੱਟੇ ਦਾ ਨਿਰਭਰ, ਕਿ ਰਸਾਲੂ, ਕਾਬਲ ਦਾ ਰਾਜਾ ਰੰਬਲ ਜਾਂ ਰਟਿਇਲ ਸੀ ਜਿਹੜਾ ਸੰਨ ੭੦੦ ਈ: ਦੇ ਕਰੀਬ ਹੋਇਆ ਸੀ, ਕੇਵਲ ਪੰਜਾਬ ਦੇ ਸਾਂਸੀ ਤੇ ਸਿਧੂ ਜੱਟਾਂ ਤੇ ਜੈਸਲਮੇਰ ਦੇ ਰਾਜਪੂਤਾਂ ਦੀਆਂ ਰਵੈਤਾਂ ਤੇ ਕੁਲ-ਪ੍ਰਣਾਲੀਆਂ ਤੇ ਹੈ; ਜਿਹੜੀਆਂ ਕੁਝ ਤੇ ਰਾਜਾ ਰਸਾਲੂ ਤੇ ਸਲਵਾਹਨ ਤਕ ਪਹੁੰਚਦੀਆਂ ਹੈਨ, ਤੇ ਕੁਝ ਤੋੜ ਰਾਜਾ ਗਜ ਤਕ ਜਾਂਦੀਆਂ ਨੇ। ਇਸ ਵਿਚ ਸ਼ਕ ਨਹੀਂ ਕਿ ਸਿਧੂ, ਸਾਂਸੀ, ਭੱਟੀ ਜਟ ਤੇ ਰਾਜਪੂਤ ਰਸਾਲੂ ਨੂੰ ਆਪਣਾ ਵੱਡਾ ਦਸ ਕੇ ਉਸ ਦੇ ਗੁਣ ਗਾਉਂਦੇ ਨੇਂ। ਇਹ ਹਮੇਸ਼ਾਂ ਦਾ ਦਸਤੂਰ ਹਿੰਦ ਵਿਚ ਚਲਿਆ ਆਉਂਦਾ ਹੈ ਕਿ ਹਰ ਇਕ ਖ਼ਾਨਦਾਨ ਆਪਣੀ ਕੁਲ-ਪ੍ਰਣਾਲੀ ਕਿਸੇ ਵੱਡੇ ਪੁਰਾਤਨ ਰਾਜੇ ਯਾ ਰਿਸ਼ੀ ਨਾਲ ਮਿਲਾਉਂਦਾ ਹੈ, ਕੋਈ ਸੂਰਜ ਨਾਲ ਤੇ ਕੋਈ ਚੰਦ ਨਾਲ, ਕੋਈ ਰਤੀ ਹੇਠਾਂ ਆ ਕੇ ਰਾਮ ਨਾਲ ਜਾਂ ਕ੍ਰਿਸ਼ਨ ਨਾਲ; ਨਹੀਂ ਤੇ ਭਲਾ ਐਡੀ ਦੂਰ ਕੁਲਾਂ ਦਾ ਮਿਲਾਉਣਾ ਕੋਈ ਸਹਿਜ ਕੰਮ ਹੈ? ਮਹਾਂਭਾਰਤ ਨੂੰ ਹਜ਼ਾਰਾਂ ਸਾਲ ਹੋ ਗਏ, ਰਾਮ ਚੰਦਰ ਉਸ ਤੋਂ ਵੀ ਪੁਰਾਣੇ, ਓਦੋਂ ਤੋਂ ਲੈ ਕੇ ਇਸ ਸਮੇਂ ਤਕ ਕਿੰਨੀਆਂ ਰਾਜ-ਗਰਦੀਆਂ, ਕਿੰਨੀਆਂ ਤਰਥੱਲੀਆਂ ਦੇਸ ਵਿਚ ਹੋਈਆਂ, ਜਿਸ ਕਰਕੇ ਹਜ਼ਾਰਾਂ ਵਰ੍ਹਿਆਂ ਦੇ ਹੋ ਚੁਕੇ ਅਵਤਾਰਾਂ ਨਾਲ ਆਪਣੀ ਕੁਲ-ਪ੍ਰਣਾਲੀ ਮਿਲਾਉਣਾ ਸਿਰਫ਼ ਆਪਣੇ ਖ਼ਾਨਦਾਨ ਦੀ ਮਨ-ਕਲਪਤ ਉਚਿਆਈ ਦਸਣ ਦੀ ਭਾਵਨਾ ਨੂੰ ਪੂਰਾ ਕਰਨ ਤੋਂ ਵਧ ਨਹੀਂ। ਹਾਂ ਪਰ ਜਦ ਤੋਂ ਰਾਜ ਘਰਾਣੇ

Sri Satguru Jagjit Singh Ji Elibrary NamdhariElibrary@gmail.com

ਪੱਕੀ ਤਰ੍ਹਾਂ ਕੈਮ ਹੋ ਗਏ ਤਦ ਤੋਂ ਓਨ੍ਹਾਂ ਦੀਆਂ ਪ੍ਰਣਾਲੀਆਂ ਠੀਕ ਰਹਿ ਸਕਦੀਆਂ ਹੈਨ, ਜੀਕਨ ਜੈਸਲਮੇਰ ਦੇ ਖ਼ਾਨਦਾਨ ਦੀ ਪ੍ਰਣਾਲੀ ਜੈਸਲ ਤੋਂ ਲੈਕੇ ਅਗੇ ਠੀਕ ਹੋਵੇ ਤਾਂ ਹੋਵੇ ਪਰ ਇਸ ਨੂੰ ਫੇਰ ਪਿਛੇ ਲਿਜਾ ਕੇ ਰਸਾਲੂ, ਸਲਵਾਹਨ ਤੇ ਗਜ ਤੀਕਣ ਪੁਚਾਣਾ ਸਭ ਫ਼ਰਜ਼ੀ ਲੇਖਾ ਹੀ ਜਾਪਦਾ ਹੈ । ਵੇਖੋ ਗਜ਼ਨੀ ਦਾ ਮੁੱਢ ਕਨਿੰਘਮ (Cunningham) ਅਨੁਸਾਰ ੬੦੦ ਸਾਲ ਮਸੀਹ ਤੋਂ ਪਹਿਲੇ ਸੀ; ਅਰ ਰਾਜਾ ਗਜ ਮਸੀਹ ਤੋਂ ਤਿੰਨ ਕੁ ਸੌ ਸਾਲ ਪਹਿਲੇ ਹੋਇਆ ਤੇ ਟੈਂਪਲ ਸਾਹਿਬ ਦੀ ਖੋਜ ਅਨੁਸਾਰ ਸਤਵੀਂ ਸਦੀ ਵਿਚ ਹੋਇਆ, ਕਿਉਂ ਜੁ ਉਸ ਦੀਆਂ ਲੜਾਈਆਂ ਮੁਸਲਮਾਨਾਂ ਨਾਲ ਹੋਈਆਂ । ਕਿੰਨਾ ਫ਼ਰਕ ਹੈ, ਕਿਸ ਨੂੰ ਠੀਕ ਤੇ ਕਿਸ ਨੂੰ ਕੂੜਾ ਆਖੀਏ ?

ਆਓ ਹੁਣ ਸਿੱਧੂ, ਸਾਂਸੀ ਤੇ ਭੱਟੀ ਰਾਜਪੂਤਾਂ ਦੀਆਂ ਰਵੈਤਾਂ ਵਲ ਧਿਆਨ ਕਰਕੇ ਵੇਖੀਏ ।

ਸਿਧੂ ਜੱਟ—ਸਿਧੂ ਜੱਟਾਂ ਦੀ ਰਵੈਤ ਹੈ ਕਿ ਉਹ ਭੱਟੀ ਰਾਜਪੂਤ (ਯਾਦੋਬੰਸੀ) ਰਾਜੇ ਜੈਸਲ ਦੀ ਔਲਾਦ ਹਨ, ਜਿਸ ਨੇ ਜੈਸਲਮੇਰ ਦੀ ਨੀਂਹ ਰੱਖੀ । ਜਿਹੜੇ ਸਿਧੂਆਂ ਦੇ ਘਰਾਣੇ ਜੈਸਲ ਦੀ ਔਲਾਦ ਅਖਾਂਦੇ ਨੇ, ਉਹ ਇਹ ਹੈਨ :—

ਕੈਥਲ, ਝੰਬਾ, ਅਰਨਾਉਲੀ, ਸਾਧੋਵਾਲ, ਜਿਹੜੇ ਸਿਧੂ ਦੇ ਸਭ ਤੋਂ ਵਡੇ ਪੁਤਰ, ਧਰਿ (Dhar) ਦੀ ਔਲਾਦ ਨੇ, ਫੇਰ ਨਾਭਾ ਤੇ ਜੀਂਦ ਦੇ ਖ਼ਾਨਦਾਨ, ਜਿਹੜੇ ਤ੍ਰਿਲੋਕੇ ਦੀ ਔਲਾਦ ਨੇ ।

ਫੇਰ ਭਦੌੜ, ਕੋਟ ਦੂਨਾ, ਰਾਮ ਪੁਰੀਆ, ਪਟਿਆਲਾ ਤੇ ਮਲੌਧ ਦੇ ਘਰਾਣੇ । ਫੇਰ ਜੀਂਦ ਤੇ ਲੌਡ ਗੜ੍ਹੀਏ ਜਾਂ ਗੁਮਤੀ । ਅਖੀਰ ਫ਼ਰੀਦਕੋਟ ਤੇ ਅਟਾਰੀ ਵਾਲੇ, ਇਹ ਸਿਧੂਆਂ ਦੇ ਸਤਾਰਾਂ ਘਰਾਂ ਦਾ ਵੇਰਵਾ ਹੈ । ਵੇਖੋ ਸ਼ਜਰਾ ਨੰ—੧—ਹੁਣ ਇਸ ਸ਼ਜਰੇ ਦੇ ਵੱਡੇ ਵੱਡੇ ਮਾਨੁੱਖਾਂ ਦੇ ਠੀਕ ਸਮੇਂ ਤਾਂ ਜੈਸਲ ਤਕ ਮਾਲੂਮ ਹੈਨ । ਤੇ ਇਹ ਵੀ ਪਤਾ ਹੈ ਕਿ ਜੈਸਲ ੧੧੬੮ ਈ: ਵਿਚ ਮਰ ਗਿਆ, ਤੇ ਉਸ ਦੇ ਪਿਛੋਂ ਉਸਦਾ ਪੁੱਤਰ ਸਲਵਾਹਨ ਗੱਦੀ ਤੇ ਬੈਠਾ ਤੇ ਸਿਧੂ ਜੱਟਾਂ ਦਾ ਵਡੇਰਾ ਸਿਧੂ ਸੀ ਜੁ ਹੇਮਲ ਤੋਂ ਛੇਵੀਂ ਪੀੜ੍ਹੀ ਸੀ । ਅਰ ਹੇਮਲ ਸਲਵਾਹਨ ਦਾ ਛੋਟਾ ਭਰਾ ਤੇ ਜੈਸਲ ਦਾ ਈ ਪੁਤ੍ਰ ਸੀ । ਇਹ ਪ੍ਰਣਾਲੀ ਜੱਟਾਂ ਦੇ ਤੇ ਜੈਸਲਮੇਰ ਦੇ ਭੱਟਾਂ ਦੀਆਂ ਵਾਰਾਂ ਮੂਜਬ ਹੈ । ਸਾਂਸੀ ਜੱਟ, ਆਪਣੇ ਸ਼ਜਰੇ ਨੂੰ ਹੋਰ ਉਤਾਂਹਾਂ ਲੈ ਜਾਕੇ ਰਾਜਾ ਗਜ ਨਾਲ ਮਿਲਾਂਦੇ ਨੇ, ਜਿਸਨੂੰ ਰਾਜਾ ਸਲਵਾਹਨ ਸਿਆਲਕੋਟੀਏ ਦਾ ਤੇ ਰਸਾਲੂ ਦਾ ਵੱਡਾ ਦਸਦੇ ਨੇਂ । ਸਾਂਸੀ ਜੱਟਾਂ ਦੀ ਰਵੈਤ ਮੂਜਬ ਰਾਜਾ ਸਲਵਾਹਨ ਦੇ ੧੬ ਸੋਲਾਂ ਪੁੱਤਰ ਸਨ, ਪਰ ਟਾਡ ਸਾਹਿਬ (Todd) ਸਿਰਫ਼ ਚੌਦਾਂ ਲਿਖਦੇ ਨੇ ਜਿਨ੍ਹਾਂ ਵਿਚੋਂ ਬਲੰਦ ਸਭ ਤੋਂ ਵਡਾ, ਤੇ ਪੂਰਨ ਦੂਜਾ ਤੇ ਰਸਾਲੂ ਤੀਜਾ ਸੀ । ਤੇ ਉਹ ਆਖਦੇ ਨੇ, ਕਿ ਉਹ ਪੂਰਨ ਦੀ ਔਲਾਦ ਵਿਚੋਂ ਨੇ । ਸਾਂਸੀ ਖ਼ਾਨਦਾਨ ਦਾ ਵਡੇਰਾ ਬੁੱਢਾ ਸਿੰਘ ਸੀ ਜਿਸਦਾ ਕਾਲ ਸੰਨ ੧੭੧੮ ਈ: ਵਿਚ ਹੋਇਆ । ਜਿਸ ਦੇ ਵੱਡੇ ਪੁੱਤਰ ਚੰਦਾ ਸਿੰਘ ਦੀ ਔਲਾਦ ਸੰਧਾਂਵਾਲੀਏ ਸਰਦਾਰ ਨੇ ਅਰ ਉਸ ਦੇ

ਛੋਟੇ ਪੁੱਤਰ ਨੋਧ ਸਿੰਘ ਦੀ ਔਲਾਦ ਸ਼ੁਕਰਚਕੀਏ ਸਰਦਾਰ ਸਨ, ਜਿਨ੍ਹਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਖ਼ਾਨਦਾਨ, ਨਹੀਂ ਜੀ ਸਾਰੇ ਪੰਜਾਬੀਆਂ ਦਾ ਨਾਂ ਰੋਸ਼ਨ ਕੀਤਾ।

ਟਾਡ ਸਾਹਿਬ ਦੇ ਜੈਸਲਮੇਰ ਦੇ ਹਾਲ ਤੋਂ ਸ਼ਜਰਾ ਨੰ: ੨ ਬਣਾਇਆ ਗਿਆ ਹੈ, ਪਰ ਇਹ ਕੋਈ ਨਹੀਂ ਆਖ ਸਕਦਾ ਕਿ ਇਹ ਠੀਕ ਹੀ ਹੈ। ਇਹ ਇਕ ਇਤਿਹਾਸ-ਕਾਰ ਦੀ ਖੋਜ ਦਾ ਸਿੱਟਾ ਹੈ। ਟਾਡ ਸਾਹਿਬ ਦੇ ਕਥਨ ਅਨੁਸਾਰ ਰਾਜਾ ਗਜ ਨੇ ਖੁਰਾਸਾਨ ਦੇ ਬਾਦਸ਼ਾਹ ਦਾ ਗਜ਼ਨੀ ਦੇ ਕੋਲ ਮੁਕਾਬਲਾ ਕੀਤਾ, ਪਹਿਲੇ ਉਸ ਨੂੰ ਭਾਂਜ ਦਿਤੀ ਪਰ ਫੇਰ ਓਸੇ ਦੇ ਹੱਥੋਂ ਮਾਰਿਆ ਗਿਆ। ਅਰ ਗਜ ਦੇ ਪਿਛੋਂ ਸਲਵਾਹਨ ਗੱਦੀ ਤੇ ਬੈਠਾ ਜਿਹੜਾ ਰਾਜੇ ਗਜ ਦੀ ਕਸ਼ਮੀਰਨ ਰਾਣੀ ਤੋਂ ਸੀ। ਸਲਵਾਹਨ ਆਪਣੇ ਪਿਤਾ ਦੀ ਮੌਤ ਪਿਛੋਂ, ਪੰਜਾਬ ਵਲ ਪਿਛੇ ਹਟ ਆਇਆ ਤੇ ਆ ਕੇ ਸਲਵਾਹਨ ਪੁਰਾ ਵਸਾਇਆ, ਪਰ ਆਪਣੀ ਮੌਤ ਤੋਂ ਪਹਿਲੇ ਉਸਨੇ ਗਜ਼ਨੀ ਨੂੰ ਫੇਰ ਫ਼ਤਹਿ ਕਰ ਲੀਤਾ ਸੀ, ਜਿਸ ਦਾ ਰਾਜ ਉਸ ਨੇ ਆਪਣੇ ਵੱਡੇ ਪੁੱਤਰ ਬੁਲੰਦ ਨੂੰ ਦਿਤਾ, ਜਿਹੜਾ ਫੇਰ ਗਜ਼ਨੀ ਨੂੰ ਮੁਸਲਮਾਨਾਂ ਕੋਲੋਂ ਖੁਹਾ ਬੈਠਾ। ਬੁਲੰਦ ਦੇ ਪਿਛੋਂ ਭੱਟੀ (ਜਿਹੜਾ ਅਜ ਕਲ ਦੇ ਕੁਝ ਜਟ ਖਾਨਦਾਨਾਂ ਦਾ ਵੱਡਾ ਸੀ) ਤਖਤ ਤੇ ਬੈਠਾ ਤੇ ਉਸ ਦੀ ਤੀਜੀ ਪੀਹੜੀ ਰਾਜਾ ਕੇਹਰ ਨੇ ਤਨੋਟ ਸੰ: ੭੩੧ ਈ: ਦੇ ਵਿਚ ਵਸਾਇਆ ਤੇ ਇਹ ਰਾਜਾ ਖਲੀਫ਼ਾ ਵਲੀਦ ਦਾ ਸਮਕਾਲੀ ਸੀ, ਜਿਸਦੇ ਸਮੇਂ ਬਾਬਤ ਰਤੀ ਵੀ ਸ਼ਕ ਨਹੀਂ ਕਿ ਉਹ ਸੰਨ ੭੦੪–੭੧੪ ਈ: ਵਿਚ ਹੋਇਆ।

ਹੁਣ ਟੈਂਪਲ ਸਾਹਿਬ ਦੇ ਕਥਨਾਨੁਸਾਰ ਅਸੀਂ ਪੱਕੀ ਜ਼ਿਮੀ ਤੇ ਹਾਂ, ਤੇ ਉਸ ਸਮੇਂ ਤੋਂ ਲੈ ਕੇ ਜੇਸਲਮੇਰ ਦੀ ਨੀਂਹ ਰਖਣੀ ੧੧੫੬ ਈ: ਵਿਚ, ਤੇ ਜੈਸਲ ਦੀ ਮੌਤ ੧੧੬੮ ਈ: ਤਕ, ਬਿਲਕੁਲ ਰਸਤਾ ਸਾਫ਼ ਹੈ। ਇਹ ਅਖਾਣ ਕਿ ਰਾਜਾ ਗਜ ਤੇ ਉਸ ਦੀ ਔਲਾਦ ਨੇ ਮੁਸਲਮਾਨਾਂ ਨਾਲ ਲੜਾਈਆਂ ਕੀਤੀਆਂ, ਰਾਜਾ ਗਜ ਦਾ ਸਮਾਂ ਬੰਨ੍ਹ ਦਿੰਦਾ ਹੈ, ਅਤੇ ਇਸ ਦੀ ਪੁਸ਼ਟੀ ਸਿਧੂ ਅਤੇ ਸਾਂਸੀ ਜੱਟਾਂ ਦੇ ਪੁਸ਼ਤੀਨੀ ਭੱਟਾਂ ਦੀਆਂ ਵਾਰਾਂ ਤੇ ਰਵੈਤਾਂ ਤੋਂ ਹੁੰਦੀ ਹੈ।

ਫੇਰ ਅਸੀਂ ਜਦ ਮੁਸਲਮਾਨ ਇਤਿਹਾਸਕਾਰਾਂ ਦੇ ਲੇਖਾਂ ਨੂੰ, ਜੋ ਉਨ੍ਹਾਂ ਨੇਂ ਅਫ਼ਗਾਨਿਸਤਾਨ ਦੀ ਲੰਮੀ ਮੁਹਿੰਮ ਬਾਬਤ ਲਿਖੇ ਹੈਨ, ਪੜ੍ਹਨੇ ਹਾਂ ਤਾਂ ਪਤਾ ਲਗਦਾ ਹੈ ਕਿ ਮੁਸਲਮਾਨਾਂ ਦੀ ਲੜਾਈ ਕਾਬਲ ਦੇ ਰਾਜਾ ਰੰਬਲ ਜਾਂ ਰਿਟਿਇਲ ਆਦਿ ਨਾਲ ਹੋਈ। ਫ਼ਾਰਸੀ ਅੱਖਰ ਅਜਿਹੇ ਹੈਨ ਕਿ ਨਾਂ ਚਾਹੇ ਕੁਝ ਵੀ ਬਣਾ ਲਵੋ। ਫ਼ਾਰਸੀ ਲੇਖਕ ਲਿਖਤ ਵਿਚ ਨੁਕਤੇ ਤੇ ਮਾਤ੍ਰਾਂ ਅਕਸਰ ਨਹੀਂ ਲਿਖਦੇ, ਇਸ ਕਰਕੇ ਰਸਲ ਨੂੰ ਕੁਝ ਹੀ ਪੜ੍ਹ ਲਵੋ। ਜਿਸ ਨੂੰ ਪ੍ਰਾਈਸ ਸਾਹਿਬ (Price) ਨੇ ਵਿਤਲ ਪੜ੍ਹਿਆ ਤੇ ਵਿਲਸਨ ਸਾਹਿਬ (Wilson) ਨੇ ਰਤਪਲ ਬਣਾਇਆ ਤੇ ਸਰ ਰਿਚਰਡ ਟੈਂਪਲ, ਰਿਫ਼ਪਾਲ ਬਨਾਂਦਾ ਹੈ। ਚਾਹੇ ਉਸ ਰਾਜੇ ਦਾ ਨਾਂ ਕੁਝ ਹੋਵੇ ਉਹ ਮੁਸਲਮਾਨਾਂ ਨਾਲ

ਸੰਨ ੭੦੦ ਈ: ਵਿਚ ਲੜਿਆ, ਤੇ ਬਾਜ਼ੇ ਖੋਜੀਆਂ ਦੀ ਰਾਇ ਇਹ ਵੀ ਹੈ, ਕਿ ਉਪਰਲੇ ਨਾਂ ਸਿਰਫ ਕਾਬਲ ਦ ਰਾਜੇ ਦਾ ਲਕਬ ਈ ਸੀ, ਅਸਲ ਨਾਂ ਨਹੀਂ ਸੀ। ਤੇ ਮੁਸਲਮਾਨ ਲਿਖਾਰੀਆਂ ਨੇ ਅਸਲ ਨਾਂ ਛਡਕੇ ਲਕਬ ਨੂੰ ਈ ਨਾਂ ਮੰਨ ਕੇ ਇਕ ਖ਼ਾਨਦਾਨ ਦੇ ਸਾਰਿਆਂ ਰਾਜਿਆਂ ਨੂੰ ਉਹੀ ਨਾਂ ਦੇ ਦਿਤਾ। ਜਮੀਅਤੁਲ ਹਿਕਾਇਆਤ ਵਿਚ ਲਿਖਿਆ ਹੈ ਕਿ ਯਾਕੂਬ ਲੈਸ ਨੇ ਸੰਨ ੮੭੦ ਈ: ਵਿਚ ਇਕ ਹਿੰਦੂ ਰਾਜੇ ਰਸਲ ਨਾਮ ਨੂੰ ਫ਼ਤਿਹ ਕੀਤਾ। ਤੇ ਫੇਰ ਕੱਛੀ ਨਾਮੇ ਵਿਚ ਲਿਖਿਆ ਹੈ ਕਿ ਮੁਹੰਮਦ ਕਾਸਮ ਨੇ ੭੧੨ ਈ: ਵਿਚ ਇਕ ਹਿੰਦੂ ਰਾਜੇ ਨਾਲ ਜਿਸਦਾ ਨਾਂ ਰਾਸਿਲ ਸੀ ਸਿੰਧ ਵਿਚ ਲੜਾਈ ਕੀਤੀ ਤੇ ਫੇਰ ਅਹਿਦ ਨਾਮਾ ਕੀਤਾ।

ਹਣ ਸਾਡਿਆਂ ਕਿੱਸਿਆਂ ਕਹਾਣੀਆਂ ਤੇ ਵਾਰਾਂ ਵਿਚ ਵੀ ਰਸਾਲੂ ਦੇ ਕਈ ਨਾਂ ਆਉਂਦੇ ਨੇ। ਹੁਣ ਰਸਾਲੂ ਨੂੰ ਰਿਸਾਲ ਵੀ ਆਖਦੇ ਨੇ ਤੇ ਫ਼ਾਰਸੀ ਦੇ ਇਤਿਹਾਸ ਦੇ ਰਾਜਾ ਦਾ ਨਾਉਂ ਹੋ ਸਕਦਾ ਹੈ ਰਸਲ ਈ ਹੋਵੇ। ਇਸ ਕਰਕੇ ਟੈਂਪਲ ਸਾਹਿਬ ਇਸ ਸਿੱਟੇ ਤੇ ਪੁੱਜੇ ਕਿ ਕਾਬਲ ਦਾ ਬਾਦਸ਼ਾਹ, ਜਿਸ ਦਾ ਨਾਂ ਰੀਤਲ ਜਾਂ ਰਸਲ ਸੀ, ਅਤੇ ਜੋ ਸੰਨ ੭੦੦ ਈ: ਦੇ ਕਰੀਬ ਰਾਜ ਕਰਦਾ ਸੀ, ਓਹੀ ਸਾਡੀਆਂ ਵਾਰਾਂ ਤੇ ਕਹਾਣੀਆਂ ਦਾ ਹੀਰੋ, ਰਸਾਲੂ ਹੈ।

ਇਹ ਤੇ ਜੇ ਸਰ ਰਿਚਰਡ ਟੈਂਪਲ ਦੀ ਖੋਜ ਦਾ ਨਿਚੋੜ, ਅਤੇ ਇਹ ਸੇਹਰਾ ਵੀ ਟੈਂਪਲ ਸਾਹਿਬ ਦੇ ਈ ਸਿਰ ਹੈ, ਕਿ ਉਨ੍ਹਾਂ ਨੇ ਰਾਜਾ ਰਸਾਲੂ ਦੇ ਅਸਲ ਸਮੇਂ ਦੀ ਖੋਜ ਕੀਤੀ। ਹੋਰ ਕੋਈ ਖੋਜ ਸਾਡੇ ਸਾਹਮਣੇ ਨਹੀਂ, ਪਰ ਸ਼ੋਕ ਕਿ ਟੰਪਲ ਸਾਹਿਬ ਦੀ ਸਾਰੀ ਖੋਜ ਦਾ ਨਿਰਭਰ ਹੇਠ ਲਿਖੇ ਸੋਮਿਆਂ ਤੇ ਹੈ :—

(੧) ਰਵੈਤਾਂ ਤੇ ਕਹਾਣੀਆਂ।

(੨) ਟਾਡ ਸਾਹਿਬ ਦੀ ਮਸ਼ਹੂਰ ਕਿਤਾਬ ਰਾਜਿਸਥਾਨ।

ਹੁਣ ਟਾਡ ਸਾਹਿਬ ਦੇ ਇਤਿਹਾਸ ਦਾ ਨਿਰਭਰ ਫੇਰ ਰਾਜਪੂਤਾਂ ਦੀਆਂ ਵਾਰਾਂ, ਰਵੈਤਾਂ ਤੇ ਕਹਾਣੀਆਂ ਤੇ ਹੀ ਹੈ। ਉਸ ਇਤਿਸਾਸਕ ਖੋਜ ਤੇ ਮੇਹਨਤ ਜੋ ਕਨਿੰਘਮ ਸਾਹਿਬ ਜਾਂ ਸਮਿਥ ਸਾਹਿਬ (Smith) ਨੇ ਕੀਤੀ, ਦਾ ਪਤਾ ਰਾਜਿਸਥਾਨ ਵਿਚੋਂ ਨਹੀਂ ਮਿਲਦਾ। ਇਸ ਕਰਕੇ ਟੈਂਪਲ ਸਾਹਿਬ ਦੀ ਖੋਜ ਵੀ ਇਨ੍ਹਾਂ ਰਵੈਤਾਂ ਤੇ ਵਾਰਾਂ ਤੋਂ ਅਸਾਨੂੰ ਅਗਾਹਾਂ ਨਹੀਂ ਲਿਜਾਂਦੀ। ਇਸ ਕਰਕੇ ਜਿਸ ਸਿੱਟੇ ਤੇ ਟੈਂਪਲ ਸਾਹਿਬ ਪੁੱਜੇ ਨੇ ਉਸ ਨੂੰ ਬਿਨਾਂ ਪੜਤਾਲ ਦੇ ਮੰਨਣਾ ਠੀਕ ਨਹੀਂ। ਪਰ ਇਸ ਵਿਚ ਸ਼ੱਕ ਨਹੀਂ ਕਿ ਸਰ ਰਿਚਰਡ ਟੈਂਪਲ ਨੇ ਇਸ ਖੋਜ ਦਾ ਰਸਤਾ ਖੋਲ੍ਹ ਦਿੱਤਾ। ਸ਼ਾਵਾ ਸ਼ੇ ਇਕ ਅੰਗਰੇਜ਼ ਦਾ, ਜਿਸ ਨੇ ਪੰਜਾਬ ਦੇ ਨਿਰੋਲ ਕਹਾਣੀਆਂ ਤੇ ਕਿੱਸਿਆਂ (Folklore) ਦੀ ਪ੍ਰਚੋਲ ਕੀਤੀ ਤੇ ਉਨ੍ਹਾਂ ਵਿੱਚੋਂ ਇਤਿਹਾਸਕ ਮਾਨੁੱਖ ਸਾਮਰਤੱਖ ਖੜੇ ਕਰ ਵਿਖਾਏ। ਬਾਕੀ ਰਿਹਾ ਉਹ ਕਦ ਹੋਏ, ਇਹ ਰਬ ਜਾਣੇ, ਪਰ ਟੈਂਪਲ ਸਾਹਿਬ ਨੇ ਜੱਟ, ਰਾਜਪੂਤ ਤੇ ਇਸਲਾਮ ਦੀਆਂ ਰਵੈਤਾਂ ਤੋਂ ਇਹ ਸਿੱਟਾ ਕਢਿਆ ਹੈ ਕਿ ਮੁਸਲਮਾਨਾਂ ਦਾ ਰਸਲ

Sri Satguru Jagjit Singh Ji Elibrary NamdhariElibrary@gmail.com

ਸਾਡਾ ਰਸਾਲੂ ਸੀ, ਜੋ ਸੰ: ੭੦੦ ਈ: ਦੇ ਕੋਲ ਕੋਲ ਹੋਇਆ।

ਪੜਤਾਲ—ਜੇ ਸਰ ਰਿਚਰਡ ਟੈਂਪਲ ਦੀ ਖੋਜ ਠੀਕ ਮੰਨੀਏ, ਤਾਂ ਹੋਡੀ ਰਸਾਲੂ ਦਾ ਸਮਕਾਲੀ ਨਹੀਂ ਹੋ ਸਕਦਾ। ਫੇਰ ਗਜਨੀ ਦੀ ਨੀਂਹ ਰਾਜਾ ਗਜ ਨੇ ੬੦੦ ਸਾਲ ਮਸੀਹ ਤੋਂ ਪਹਿਲੇ ਰੱਖੀ। ਉਹ ਸੰਨ ੭੦੦ ਈ: ਵਿਚ ਨਹੀਂ ਹੋ ਸਕਦਾ। ਮੁਮਕਨ ਹੈ ਇਕ ਨਾਂ ਦੇ ਕਈ ਰਾਜੇ ਹੋਏ ਹੋਣ। ਰਾਜਾ ਜੈਸਲ ਦਾ ਪੁੱਤਰ ਵੀ ਸਲਵਾਹਨ ਸੀ। ਸੁ ਭਟੀ ਰਾਜਪੂਤਾਂ ਨੇ ਸੌ ਵਿਸਵਾ ਆਪਣੇ ਆਪ ਨੂੰ ਰਸਾਲੂ ਬਹਾਦਰ ਦੀ ਉਲਾਦ ਦਸਣ ਲਈ, ਸਿਆਲਕੋਟ ਦੇ ਸਲਵਾਹਨ ਨਾਲ ਜਾ ਮਿਲਾਇਆ ਹੋਵੇ ਤੇ ਉਥੇ ਈ ਸਬਰ ਨਾ ਕੀਤਾ, ਸਗੋਂ ਆਪਣੀ ਪ੍ਰਣਾਲੀ ਤੋੜ ਰਾਜਾ ਗਜ ਨਾਲ ਜਾ ਜੋੜੀ। ਸਕੰਦਰ ਦੇ ਪਿਛੋਂ ਯਵਨਾਂ ਨੂੰ ਕਢਕ ਚੰਦਰ-ਗੁਪਤ ਅਰ ਅਸ਼ੋਕ ਨੇ ਅਫ਼ਗਾਨਿਸ-ਤਾਨ ਤੇ ਪੰਜਾਬ ਉਤੇ ਰਾਜ ਜਮਾਇਆ। ਸੁ ਪੁਰਾਣੇ ਚੰਦਰਵੰਸੀਆਂ ਦਾ ਰਾਜ, ਜੇ ਕਦੀ ਸੀ, ਤਾਂ ਦੂਰ ਹੋ ਚੁਕਾ ਸੀ। ਹੁਣ ਅਸ਼ੋਕ ਦੇ ਪਿਛੋਂ ਦਾ ਇਤਿਹਾਸ ਕੁਝ ਸਾਫ਼ ਹੈ ਤੇ ਪਛਮੀ ਹਮਲੇ ਵੀ ਅਫ਼ਗਾਨਿਸਤਾਨ ਦੇ ਰਸਤੇ ਈ ਹੁੰਦੇ ਰਹੇ। ਪਾਰਥੀਅਨ (Parthian), ਸਾਕੇ, ਹਣ ਆਦਿ ਨੇ ਮੁਲਕ ਆਪਣੇ ਮਤਹਿਤ ਰਖਿਆ। ਹਣਾਂ ਨੇ ਸਾਕਿਆਂ ਨੂੰ ਕਢਿਆ, ਪਰ ਹਣ ਵੀ ਚੋਰ ਚਿਰ ਨਹੀਂ ਰਹੇ। ਅਫ਼ਗਾਨਿਸਤਾਨ, ਕਸ਼ਮੀਰ ਵਿਚ ਸਾਕੇ ਈ ਰਾਜ ਕਰਦੇ ਰਹੇ। ਇਸ ਤੋਂ ਪਿੱਛੋਂ ਫੇਰ ਗੁਪਤਾ ਖਾਨਦਾਨ ਦਾ ਰਾਜ ਰਿਹਾ, ਇਹ ਸਭ ਬੋਧੀ ਈ ਸਨ। ਕੋਈ ਛੇਵੀਂ ਸਤਵੀਂ ਸਦੀ ਦੇ ਕਰੀਬ ਬਾਹਮਣਾਂ ਦਾ ਫੇਰ ਜ਼ੋਰ ਜ਼ੋਰਾ ਹੋਇਆ।

ਸਮਿਥ ਸਾਹਿਬ ਲਿਖਦੇ ਨੇ (P. ੩੭੪) ਕਿ ਕਾਬਲ ਵਿਚ ਸੰਨ ੮੭੦ ਈ: (੨੫੬ ਹਿ:) ਤਕ ਤੁਰਕੀ ਸ਼ਾਹੀਆ ਰਾਜੇ ਰਾਜ ਕਰਦੇ ਰਹੇ, ਜਿਹੜੇ ਕੁਸ਼ਨ ਰਾਜਾ ਕਨਿਸ਼ਕਾ ਦੀ ਔਲਾਦ ਸਨ। ਸੰਨ ੮੭੦ ਵਿਚ ਅਰਬੀ ਜਰਨੈਲ ਯਾਕੂਬੇ ਲੈਸ ਨੇ ਕਾਬਲ ਫ਼ਤਹਿ ਕਰਕੇ ਆਪਣੇ ਨਾਲ ਰਲਾ ਲਿਆ ਸੀ। ਤੇ ਤੁਰਕੀ ਸ਼ਾਹੀ ਰਾਜ ਦੀ ਰਾਜਧਾਨੀ ਦਰਿਆ ਸਿੰਧ ਦੇ ਕੰਢੇ "ਉਹਿੰਦ" ਸ਼ਹਿਰ ਵਿਚ ਥਾਪੀ ਗਈ ਸੀ। ਇਸ ਤੋਂ ਜ਼ਾਹਿਰ ਹੈ ਕਿ ਕਾਬਲ ਨੂੰ ਮੁਸਲਮਾਨਾਂ ਨੇ ਕਨਿਸ਼ਕਾ ਦੀ ਔਲਾਦ ਕੋਲੋਂ ਲਿਆ, ਅਰ ਕਨਿਸ਼ਕ ਦੀ ਔਲਾਦ ਕਸ਼ਮੀਰ ਵਿਚ ਵੀ ਸੰ: ੯੦੨ ਈ: ਤਕ ਰਾਜ ਕਰਦੀ ਰਹੀ, ਜਿਸ ਦੇ ਪਿਛੋਂ ਰਾਜਾ ਲਲਿਤ: ਦਾ ਜੋ ਬ੍ਰਾਹਮਨ ਸੀ, ਰਾਜ ਹੋਇਆ।

ਸਾਕੇ ਵੀ ਤੁਰਕਿਸਤਾਨ ਵਲੋਂ ਆਏ ਸਨ, ਇਸ ਕਰ ਕੇ ਇਨ੍ਹਾਂ ਦਾ ਨਾਂ ਕੁਸ਼ਿਨ ਖ਼ਾਨਦਾਨ ਦੇ ਮਗਰੋਂ, ਜਦ ਰਾਜ ਦੇ ਕਈ ਹਿੱਸੇ ਹੋ ਗਏ ਸਨ, ਤੁਰਕੀ ਸ਼ਾਹੀ ਪੈ ਗਿਆ ਸੀ।

————

Sri Satguru Jagjit Singh Ji Elibrary NamdhariElibrary@gmail.com

# ਸਿੱਟਾ

ਅਸੀਂ ਪਹਿਲੇ ਪੰਨਿਆਂ ਵਿਚ, ਰਾਜਾ ਰਸਾਲੂ ਤੇ ਉਸ ਦੇ ਮਸ਼ਹੂਰ ਪਿਤਾ ਸਲਵਾਹਨ ਦੀ ਹੋਂਦ (ਹਸਤੀ) ਤੇ ਸਮੇਂ ਉਤੇ, ਜੋ ਕੁਝ ਪੁਰਾਣੇ ਇਤਿਹਾਸਕ ਖੋਜੀਆਂ ਨੇ ਲਿਖਿਆ ਹੈ, ਉਸ ਦਾ ਨਿਚੋੜ ਦੇ ਆਏ ਹਾਂ, ਪਰ ਕਿੰਨਾ ਈ ਗਹੁ ਨਾਲ ਏਹਨਾਂ ਵਰਕਿਆਂ ਨੂੰ ਪੜ੍ਹੋ, ਸਿੱਟਾ ਕੁਝ ਨਹੀਂ ਨਿਕਲਦਾ ਕਿ ਰਾਜਾ ਸਲਵਾਹਨ ਕਦ ਹੋਇਆ। ਕੀ ਸਚ ਮੁਚ ਓਸਨੇ ਈ ਸਾਕਿਆਂ ਨੂੰ ਭਾਂਜ ਦਿਤੀ ਸੀ, ਜਾਂ ਬਿਕ੍ਰਮਾਜੀਤ ਨੇ ? ਸਾਕਾ ਤੇ ਬਿਕ੍ਰਮੀ ਸੰਮਤ ਅਸਲ ਵਿਚ ਕਿਸ ਨੇ ਚਲਾਏ ਸਨ ? ਸਲਵਾਹਨ ਕੌਣ ਸੀ ? ਕੀ ਉਹ ਭੱਟੀ ਰਾਜਪੂਤਾਂ ਦਾ ਵੱਡਾ ਸੀ ? ਕੀ ਉਹ ਰਾਜਾ ਗਜ ਦਾ ਪੁੱਤਰ ਸੀ ਜਿਹੜਾ ਕਾਬਲ ਵਿਚ ਮੁਸਲਮਾਨਾਂ ਨਾਲ ਲੜਿਆ ਸੀ ? ਅਸਾਂ ਮਸਾਲਾ ਤੇ ਸਭ ਕੱਠਾ ਕਰਕੇ, ਪਾਠਕਾਂ ਦੀ ਅੱਖ ਗੋਚਰਾ ਕਰ ਦਿੱਤਾ, ਪਰ ਹੁਣ ਇਸ ਨੂੰ ਛਾਣਨਾ ਤੇ ਨਖੇੜਨਾ ਹੈ। ਇਹ ਕੰਮ ਪਾਠਕ ਆਪ ਵੀ ਜੇ ਚਾਹੁਣ ਤਾਂ ਕਰ ਸਕਦੇ ਹਨ। ਪਰ ਅਸੀਂ ਵੀ ਆਪਣੀ ਸਮਝ ਅਨੁਸਾਰ ਜਿਸ ਸਿੱਟੇ ਤੇ ਪੁੱਜੇ ਹਾਂ ਉਸ ਨੂੰ ਪਾਠਕਾਂ ਦੀ ਭੇਟਾ ਕਰਨਾ ਜ਼ਰੂਰੀ ਸਮਝਦੇ ਹਾਂ॥

ਸਾਰੇ ਖੋਜੀ ਇਸ ਗਲ ਤੇ "ਇਤਫ਼ਾਕ" ਕਰਦੇ ਨੇ ਕਿ ਸਾਕਿਆਂ ਨੂੰ ਕਿਸੇ ਰਾਜੇ ਨੇ ਕਰੋਰ ਦੇ ਕੋਲ ਵੱਡੀ ਭਾਂਜ ਦਿਤੀ ਸੀ ਅਤੇ ਇਸ ਭਾਂਜ ਦੀ ਯਾਦਗਾਰ ਵਿਚ ਇਕ ਸੰਮਤ ਦਾ ਮੁੱਢ ਵੀ ਰਖਿਆ ਸੀ। ਸਾਕੇ ਪਹਿਲੋਂ ਸੀਸਤਾਨੋਂ ਸਿੰਧ ਵਲ ਗਏ, ਪਿਛੋਂ ਪੰਜਾਬ ਵਿਚ ਫੈਲੇ। ਹੁਣ ਲਭਣਾ ਇਹ ਹੈ ਕਿ—

(੧) ਸਾਕੇ ਕਦ ਹਿੰਦੁਸਾਨ ਵਿਚ ਆਏ ?

(੨) ਕਰੋਰ ਦੀ ਲੜਾਈ ਕਦ ਤੇ ਕਿਸ ਰਾਜੇ ਨਾਲ ਹੋਈ ?

(੩) ਸਲਵਾਹਨ ਕੌਣ ਸੀ ?

(੪) ਜੇ ਕਿਸੇ ਸੰਮਤ ਦਾ ਮੁੱਢ ਸਾਕਿਆਂ ਤੇ ਫ਼ਤਹਿ ਪਾਣ ਦੇ ਪਿਛੋਂ ਰਖਿਆ ਗਿਆ ਸੀ, ਤਾਂ ਉਹ ਕੇਹੜਾ ਸੰਮਤ ਸੀ ?

(੫) ਰਸਾਲੂ ਕੌਣ ਸੀ ?



Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਪ੍ਰਸ਼ਨਾਂ ਦੇ ਢੁਕਦੇ ਉੱਤਰ ਅਸੀਂ ਪੁਰਾਣੇ ਖੋਜੀਆਂ ਦੀਆਂ ਖੋਜਾਂ ਤੋਂ ਪ੍ਰਚੋਲ ਕੇ ਦਿੰਦੇ ਹਾਂ। ਪਰ ਇਨ੍ਹਾਂ ਨੂੰ ਪੱਕੇ ਆਖਣਾ ਮੁਸ਼ਕਲ ਹੈ, ਕਿਉਂ ਜੋ ਦੋ ਹਜ਼ਾਰ ਵਰ੍ਹਿਆਂ ਦੀਆਂ ਹੋ ਬੀਤੀਆਂ ਗਲਾਂ ਦੀ ਪੜਤਾਲ, ਹੁਣ (੧੯੩੧ ਵਿਚ) ਕਰਕੇ, ਕਿਸੇ ਪੱਕੇ ਸਿੱਟੇ ਤੇ ਪੁਜਣਾ ਕੋਈ ਸੌਖੀ ਗਲ ਨਹੀਂ। ਔਕੜ ਇਹ, ਕਿ ਨਾ ਤੇ ਸਾਕਿਆਂ ਨੇ ਤੇ ਨਾ ਹੀ ਹਿੰਦੂਆਂ ਨੇ ਕੋਈ ਇਤਿਹਾਸ ਲਿਖਿਆ। ਇਸ ਗਲ ਦਾ ਦੇਵਤਿਆਂ ਨੂੰ ਖ਼ਿਆਲ ਈ ਨਹੀਂ ਸੀ। ਹੁਣ ਸਾਰੀ ਖੋਜ ਦਾ ਨਿਰਭਰ ਹੈ ਪੁਰਾਣੇ ਉਖਣ ਲੇਖਾਂ, ਪੁਰਾਣੇ ਸਿਕਿਆਂ (Coins) ਤੇ, ਜਾਂ ਹੋਰਨਾਂ ਦੇਸਾਂ (ਯੂਨਾਨ, ਚੀਨ, ਈਰਾਨ) ਦੇ ਇਤਿਹਾਸਾਂ ਤੇ, ਜਿਨ੍ਹਾਂ ਵਿਚ ਕਿਧਰੇ ਕਿਧਰੇ ਹਿੰਦੁਸਤਾਨ ਦਾ ਜ਼ਿਕਰ ਹੈ, ਚਾਹੇ ਲੜਾਈ ਦੇ, ਚਾਹੇ ਧਰਮ ਦੇ, ਚਾਹੇ ਬਿਉਪਾਰ ਦੇ ਤੇ ਚਾਹੇ ਨਿਰਾ ਸੈਰ ਦੇ ਸਬੰਧ ਕਰਕੇ ਈ ਸਹੀ।

ਤੇ ਕਿਧਰੇ ਕਿਧਰੇ ਹਿੰਦੂਆਂ ਦੀਆਂ ਧਾਰਮਕ ਪੁਸਤਕਾਂ ਪੁਰਾਣਾਂ ਆਦਿਕਾਂ ਤੋਂ ਕੁਝ ਸੈਨਤਾਂ ਮਿਲਦੀਆਂ ਹੈਨ। ਪਰ ਦੇਵ ਲੜੀ (Mythology) ਵਿਚ ਅਜਿਹੀਆਂ ਪਰੋਈਆਂ, ਕਿ ਸਚ ਝੂਠ ਦਾ ਪਤਾ ਨਹੀਂ ਲਗਦਾ।

## ਸਾਕੇ ਕਦ ਆਏ ?

ਸਾਕਿਆਂ ਨੂੰ ਪਛਮੀ ਇਤਿਹਾਸਕਾਰ, ਸਿਥੀਅਨ (Scythian) ਆਖਦੇ ਹੈਨ, ਤੇ ਉਨ੍ਹਾਂ ਸਾਰੀਆਂ ਕੌਮਾਂ ਨੂੰ ਵੀ ਜਿਨ੍ਹਾਂ ਨੂੰ ਫੇਰ ਪ੍ਰਚੋਲੀ "ਯੂਕੀ" ਜਾ "ਕੁਸ਼ਨ" ਤੇ ਕਦੀ ਕਦੀ "ਪਾਰਥੀਅਨ" (Parthian) ਵੀ ਆਖਦੇ ਨੇ, ਏਸੇ ਨਾਂ ਨਾਲ ਲਿਖਦੇ ਨੇ।

ਸਾਕਾ ਸੰਸਕ੍ਰਿਤ ਦਾ ਪਦ ਜਾਪਦਾ ਹੈ। ਤੇ ਏਸੇ ਤੋਂ ਸਾਕਿਸਤਾਨ ਤੇ ਸਾਕਾ ਦ੍ਵੀਪ ਬਣੇ ਸਨ।

ਅੰਗਰੇਜ਼ੀ ਇਤਿਹਾਸਕਾਰ ਤੇ ਲਿਖਦੇ ਨੇ ਕਿ ਸੰ: ੧੭੪ ਤੋਂ ੧੬੫ ਬੀ. ਸੀ. ਵਿਚ ਮੰਗੋਲੀਆ ਦੀ ਇਕ ਕੌਮ ਨੇ ਯੂਕੀਆਂ ਨੂੰ ਪਛਮੀ ਮੰਗੋਲੀਆ ਤੋਂ ਕਢ ਕੇ ਤੁਰਿਕਸਤਾਨ ਵਲ ਧੱਕਾ ਦਿਤਾ ਤੇ ਯੂਕੀਆਂ ਨੇ ਸਾਕਿਆਂ ਨੂੰ ਲੜ ਭਿੜ ਕੇ ਕਢਿਆ ਤੇ ਸਾਕੇ ਹਰਾਤ ਦੇ ਰਾਹ ਸੀਸਤਾਨ (ਈਰਾਨ) ਵਲ ਗਏ ਤੇ ਦਰਿਆ ਹਲਮੰਦ ਦੇ ਕੰਢੇ ਤੇ ਵਸਤੀ ਪਾ ਬੈਠੇ। ਸੀਸਤਾਨ ਨੂੰ ਪੁਰਾਣੇ ਗ੍ਰੰਥਾਂ ਵਿਚ ਸਾਕਿਸਤਾਨ ਲਿਖਿਆ ਹੈ। ਈਰਾਨੋਂ ਸਾਕੇ ਸਿੰਧ ਵਲ ਗਏ, ਜਿਸ ਦਾ ਨਾਂ ਸਾਕਾ ਦ੍ਵੀਪ ਪੈ ਗਿਆ, ਤੇ ਓਥੋਂ ਕੁਝ ਉਤਰ ਨੂੰ ਸਿੰਧ ਸਾਗਰ ਦੁਆਬ ਵਲ ਚੜ੍ਹਾਈ ਕਰਦੇ ਗਏ ਤੇ ਕੁਝ ਪੂਰਬ ਨੂੰ ਮਾਲਵੇ ਤੇ ਗੁਜਰਾਤ ਵਲ। ਹੁਣ ਇਸ ਖਿਆਲ ਨਾਲ ਕਿ ਸਾਕੇ ਆਪਣੇ ਘਰੋਂ ੧੭੪ ਬੀ. ਸੀ. ਤੋਂ ਬਾਹਰ ਨਿਕਲੇ, ਤਾਂ ਸਾਕਿਆਂ ਦਾ ਪੰਜਾਬ ਵਿਚ ਆਉਣਾ ਹੌਲੀ ਹੌਲੀ ਕਈ ਸਦੀਆਂ

Sri Satguru Jagjit Singh Ji Elibrary NamdhariElibrary@gmail.com

ਪਿਛੋਂ ਈ ਹੋ ਸਕਦਾ* ਹੈ। ਕਿਉਂਕਿ ਉਨ੍ਹਾਂ ਸਮਿਆਂ, ਵਿਚ ਇਹ ਕੋਈ ਫੌਜੀ ਚੜ੍ਹਾਈ ਵਾਂਙ ਥੋੜੇ ਆਉਂਦੇ ਸਨ। ਇਸ ਹਿਸਾਬ ਨਾਲ ਸਾਕੇ ਪੰਜਾਬ ਵਿਚ, ਮਸੀਹ ਦੀ ਦੂਜੀ ਤੀਜੀ ਸਦੀ ਤਕ ਮਸਾਂ ਆਉਂਦੇ। ਸਾਡੇ ਖਿਆਲ ਵਿਚ ਸਾਕਿਆਂ ਦਾ ਸੰ: ੧੭੪-੧੬੫ ਬੀ. ਸੀ. ਵਿਚ ਤੁਰਕਿਸਤਾਨੋ ਨਿਕਲਣਾ, ਇਨ੍ਹਾਂ ਦਾ ਦੂਜਾ ਰੇੜ੍ਹ ਸੀ; ਜੀਕਣ ਆਰੀਆ ਕਈ ਸਦੀਆਂ ਤਕ ਹੌਲੀ ਹੌਲੀ ਵਧਦੇ ਰਹੇ। ਜਿਥੇ ਡੇਰੇ ਲਾਏ ਓਥੇ ਈ ਸਦੀਆਂ ਰਹੇ।†

ਏਸੇ ਤਰ੍ਹਾਂ ਈ ਸਾਕੇ ਵਧੇ ਹੋਣੇ ਨੇ। ਪਹਿਲੇ ਰੇੜ੍ਹ ਦੇ ਸਾਕੇ ਵੀ ਆਪਣਾ ਥਾਂ ਸੀਸਤਾਨ ਕੰਧਾਰ ਤੇ ਸਿੰਧ ਵਿਚ ਬਣਾ ਚੁਕੇ ਸਨ। ਉੱਤੋਂ ਹੋਰ ਆ ਗਏ, ਉਹ ਕਾਬਲ ਤੇ ਟੈਕਸਲਾ ਵਲ ਗਏ ਜਿਥੇ ਕਦਫੀਸਸ ਨੇ ਸੰਨ ੧੫ ਈ: ਵਿਚ ਆਪਣੇ ਆਪ ਨੂੰ ਯੂਕੀਆਂ ਦਾ ਬਾਦਸ਼ਾਹ ਥਾਪ ਦਿਤਾ। ਹੁਣ ਕਈ ਵਡੇ ਵਡੇ ਪਛਮੀ ਇਤਿਹਾਸਕਾਰ ਇਸ ਗਲ ਨੂੰ ਨਹੀਂ ਮੰਨਦੇ ਕਿ ਯੂਕੀ ਦਰਿਆ ਕਾਬਲ ਦੀ ਵਾਦੀ ਵਲੋਂ ਆਏ। ਤੇ ਉਨ੍ਹਾਂ ਦੇ ਇਸ ਖਿਆਲ ਦਾ ਨਿਰਭਰ ਹੈ ਏਸ ਗਲ ਤੇ ਕਿ ਕਾਬਲ ਦੀ ਸਾਰੀ ਵਾਦੀ ਵਿਚ ਕਦੀ ਕੋਈ ਯੂਕੀ ਜਾਂ ਸਾਕੇ ਰਾਜਿਆਂ ਦਾ ਸਿੱਕਾ ਨਹੀਂ ਲਭਾ। ਤੇ ਫੇਰ ਇਸ ਤੇ ਕਿ ਕਾਬਲ ਦੀ ਵਾਦੀ ਵਿਚ ਤਦੋਂ ਵੀ ਯੂਨਾਨੀ ਰਾਜਿਆਂ ਦਾ ਰਾਜ ਸੀ ਜਦੋਂ ਸਾਕਿਆਂ ਜਾਂ ਯੂਕੀਆਂ ਨੇ ਆਪਣਾ ਰਾਜ, ਖ਼ੈਬਰ ਦੇ ਪੂਰਬ ਵਲ ਕੈਮ ਕਰ ਲਿਤਾ ਸੀ। ਇਸ ਕਰਕੇ ਸਾਕੇ ਕਾਬਲ ਦੇ ਰਸਤਿਓਂ ਨਹੀਂ ਸਾ ਆਏ। ਇਸ ਤੋਂ ਪਹਿਲੋਂ, ਕਿ ਅਸੀਂ ਸਾਕਿਆਂ ਦੇ ਆਉਣ ਦੇ ਸਮੇਂ ਦਾ ਪਕ ਕਰੀਏ, ਅਸੀਂ ਪਛਮੀ ਇਤਿਹਾਸਕਾਰਾਂ ਦੀਆਂ ਉਪਰਲੀਆਂ ਦਲੀਲਾਂ ਦਾ ਪੋਲ ਖੋਲ੍ਹਦੇ ਹਾਂ।

ਸਿੱਕਿਆਂ (Coins) ਦਾ ਮਿਲਣਾ ਜਾਂ ਨਾ ਮਿਲਣਾ ਇਸ ਗਲ ਦੀ ਕਦੀ ਵੀ ਪੂਰੀ ਦਲੀਲ ਨਹੀਂ ਹੋ ਸਕਦੀ, ਕਿ ਸਿੱਕੇ ਉਤੇ ਲਿਖੇ ਰਾਜੇ ਦਾ ਰਾਜ ਓਸ ਥਾਂ ਤੇ ਜ਼ਰੂਰ ਸੀ। ਜੀਕਣ ਪੰਜਾਬ ਵਿਚ ਕਈਆਂ ਕੋਲ ਰੂਸੀ ਰੂਬਲ ਸਨ ਜੇਹੜੇ ਕਾਨੂਨਨ ਲੜਾਈ ਦੇ ਪਿੱਛੋਂ ਅੰਗਰੇਜ਼ੀ ਇਲਾਕੇ ਵਿਚ ਬੰਦ ਹੋ ਗਏ। ਭਲਾ ਜੇ ਕਿਸੇ ਨੇ ਕੁਝ ਰੂਬਲ ਦਬ ਛਡੇ ਹੋਣ, ਤੇ ਸਦੀਆਂ ਪਿੱਛੋਂ, ਖੋਲੇ-ਪੁਟਾਂ ਨੇ ਓਹ ਲਭੇ, ਤਾਂ ਕੀ ਓਹਨਾਂ ਰੂਬਲਾਂ ਦੇ ਲਭਣ ਤੋਂ ਇਹ ਸਿਧ ਹੋ ਜਾਏਗਾ, ਕਿ ਰੂਸ ਦਾ ਰਾਜ ਪੰਜਾਬ ਵਿਚ ਸੀ? ਜੀਕਣ ਇਹ ਨਹੀਂ ਹੋ ਸਕਦਾ, ਏਸੇ ਤਰ੍ਹਾਂ ਸਿਕਿਆਂ ਦਾ ਨਾ ਮਿਲਣਾ ਵੀ ਕੋਈ ਸਬੂਤ ਨਹੀਂ ਕਿ ਓਥੇ ਫਲਾਣੇ ਰਾਜੇ ਦਾ ਰਾਜ ਨਹੀਂ ਸੀ।

---

*ਪਛਮੀ ਖੋਜੀ ਮੰਨਦੇ ਨੇ ਕਿ ਸਾਕਿਆਂ ਦੇ ਟਬਰ ਹੌਲੀ ਹੌਲੀ ਆਉਂਦੇ ਰਹੇ। ਸੀਸਤਾਨ ਵਿਚ ਸਦੀਆਂ ਰਹੇ, ਫੇਰ ਸਿੰਧ ਵਿਚ। ਜਦ ਅਸ਼ੋਕ ਦੀ ਔਲਾਦ ਮੌਰਿਆ ਖ਼ਾਨਦਾਨ ਦਾ ਰਾਜ ਨਿਰਬਲ ਹੋ ਗਿਆ ਤਾਂ ਇਨ੍ਹਾਂ ਹਿੰਦ ਵਲ ਟੁਰਨਾ ਸ਼ੁਰੂ ਕੀਤਾ।

†ਆਰੀਆ ਦੇ ਪਿਛੇ ਨਾਗ ਜਾਂ ਤਛਕ ਕੌਮ ਆਈ। ਪਰ ਉਹ ਪੰਜਾਬੋਂ ਅਗੇ ਗੰਗਾ ਵਲ ਨਹੀਂ ਵਧੀ, ਕਿਉਂ ਜੋ ਓਥੇ ਆਰੀਆਂ ਦਾ ਡੇਰਾ ਸੀ।

Sri Satguru Jagjit Singh Ji Elibrary NamdhariElibrary@gmail.com

ਫੇਰ ਯੂਨਾਨੀ ਨਸਲ ਦੇ ਰਾਜਿਆਂ ਦਾ ਕਾਬਲ ਵਿਚ ਰਾਜ ਹੋਣਾ ਵੀ, ਇਸ ਗਲ ਦਾ ਸਬੂਤ ਨਹੀਂ ਕਿ ਸਾਕੇ ਓਧਰੋਂ ਨਹੀਂ ਲੰਘੇ। ਜਦ ਅਸਲ ਯੂਨਾਨੀ ਰਾਜ ਦਾ ਨਾਸ ਮੌਰਿਆ ਟਬਰ ਦੇ ਵੇਲੇ ਹੋ ਚੁਕਾ ਸੀ, ਤਾਂ ਉਸ ਦੇ ਪਿਛੋਂ ਟਾਵੇਂ ਟਾਵੇਂ ਛੋਟੇ ਰਾਜੇ ਰਹਿ ਗਏ, ਜੀਕਣ ਅਜ ਕਲ ਦੀਆਂ ਰਿਆਸਤਾਂ। ਭਲਾ ਕਾਬਲ ਦੇ ਛੋਟੇ ਜਿਹੇ ਰਾਜੇ ਦੀ ਕੀ ਮਜਾਲ ਸੀ ਕਿ ਸਾਕਿਆਂ ਦੇ ਹੜ੍ਹ ਨੂੰ ਡੱਕਾ ਪਾਂਦਾ। ਵਿਚਾਰੇ ਨੇ ਈਨ ਮੰਨ ਕੇ ਆਪਣੀ ਜਾਨ ਬਚਾਈ ਹੋਣੀ ਏ । ਤੇ ਸਾਕਿਆਂ ਨੇ ਖ਼ੈਬਰ ਲੰਘ ਕੇ ਪਿਸ਼ਾਵਰ ਤੇ ਸਿੰਧ ਸਾਗਰ ਇਲਾਕੇ ਵਿਚ ਰਾਜ ਕਾਇਮ ਕਰ ਲਿਆ । ਇਹ ਯੂਕੀ ਕੌਮ, ਦੀ ਆਂਢਕ ਸੀ।

ਹੁਣ ਅਸੀਂ ਪਹਿਲੋਂ ਦਸ ਆਏ ਹਾਂ (ਵੇਖੋ ਸਫ਼ਾ ੬) ਕਿ ਸਾਕਿਆਂ ਦਾ ਜ਼ਿਕਰ ਦਾਰਾ ਦੀ ਫ਼ੌਜ ਵਿਚ ਵੀ ਆਉਂਦਾ ਹੈ (੫੧੨ ਬੀ. ਸੀ.) ਤੇ ਖਿਸਰੋ (Xcrexes) ਦੀ ਫ਼ੌਜ ਵਿਚ ਵੀ ਸਨ ਜਿਸ ਨੇ ਯੂਨਾਨ ਫ਼ਤਹਿ ਕੀਤਾ ਸੀ। ਇਹ ੪੮੦ ਬੀ. ਸੀ. ਦੀ ਗਲ ਹੈ। ਏਧਰ ਇਹ ਤੇ ਓਧਰ ਹਿੰਦੂ ਪੁਰਾਣਾਂ, ਤੇ ਮਹਾਂ ਭਾਰਥ ਵਿਚ ਸਾਕਿਆਂ ਦਾ ਨਾਉਂ ਆਉਂਦਾ ਹੈ। ਇਸ ਤੋਂ ਜ਼ਾਹਰ ਹੈ ਕਿ ਸਾਕੇ ਮਸੀਹ ਤੋਂ ਕਈ ਸਦੀਆਂ ਪਹਿਲੇ ਅਪਣੇ ਦੇਸ, ਕੈਸਪੀਆਨ ਸਮੁੰਦਰ ਦੇ ਪੂਰਬੀ ਕੰਢੇ ਤੋਂ ਟੁਰਕੇ ਦੇਸ਼ ਦਿਸ਼ਾਂਤਰੀਂ ਫੈਲ ਚੁਕੇ ਸਨ, ਅਗਨੀ ਪੁਰਾਣ* ਵਿਚ ਸਾਕਾ ਦ੍ਵੀਪ (ਸਿੰਧ) ਦਾ ਜ਼ਿਕਰ ਹੈ, ਜਿਸ ਦੇ ਵਸਨੀਕ ਭੂਪਾ ਦੀ ਔਲਾਦ ਸਨ ਤੇ ਸਾਕਾ ਈਸ਼ਵਰ ਅਖਾਂਦੇ ਸਨ। ਪੁਰਾਣੇ ਸਾਕੇ, ਮਿਥਰਾ ਦੇਵਤਾ ਜਾਂ ਸੂਰਜ ਦੀ ਪੂਜਾ ਕਰਦੇ ਸਨ। ਤੇ ਨਵੇਂ ਯੂਕੀ ਚੰਦਰਮਾਂਹ ਦੀ ਪੂਜਾ ਕਰਦੇ ਸਨ। ਏਸੇ ਕਰਕੇ ਪੁਰਾਣੇ ਸਾਕੇ ਸੂਰਜ-ਵੰਸੀ ਤੇ ਨਵੇਂ ਯੂਕੀ, ਯੂਤੀ ਜਾਂ ਜੀਤ, ਜਿਹੜੇ ਪਦ ਵਿਗੜ ਕੇ ਯਾਦੋ ਬਣ ਗਏ, ਚੰਦਰ ਵੰਸੀ ਅਖਾਏ।

ਪੁਰਾਣੇ ਹਿੰਦੂ ਗ੍ਰੰਥਾਂ ਵਿਚ ਇਹ ਵੀ ਲਿਖਿਆ ਹੈ ਕਿ ਸਾਕੇ, ਖਤ੍ਰੀ ਹੈਨ, ਪਰ ਨੀਵੇਂ ਦਰਜੇ ਦੇ। ਸਾਰੀਆਂ ਗੱਲਾਂ ਦਸਦੀਆਂ ਹੈਨ ਕਿ ਸਾਕੇ ਹੌਲੀ ਹੌਲੀ ਕਈ ਟਬਰਾਂ ਵਿੱਚੋ ਦੇਸੋਂ ਨਿਕਲਦੇ ਰਹੇ, ਤੇ ਯੂਕੀਆਂ ਦੇ ਵੇਲੇ ਉਨ੍ਹਾਂ ਦਾ ਹਿੰਦ ਵਲ ਆਖਰੀ ਰੇੜ੍ਹ ਸੀ। ਜੇ ਅਸੀਂ ਪਛਮੀ ਇਤਿਹਾਸਕਾਰਾਂ ਦੀ ਰਾਏ ਮੰਨੀਏ ਕਿ ਯੂਕੀ ਵੀ ਸੀਸਤਾਨ ਦੇ ਰਸਤਿਓਂ ਆਏ, ਇਕ ਹੋਰ ਔਖ ਪੈਂਦਾ ਹੈ। ਸਾਕੇ ਤੇ ਸੀਸਤਾਨ ਵਿਚ ਸਦੀਆਂ ਪਹਿਲੇ ਆਬਾਦ ਸਨ। ਯੂਕੀ ਉਨ੍ਹਾਂ ਦੇ ਵੈਰੀ ਸਨ।

ਭਲਾ ਆਪਣੇ ਵੈਰੀ ਯੂਕੀਆਂ ਨੂੰ ਸਾਕੇ ਸੀਸਤਾਨੋਂ ਬਿਨਾਂ ਲੜਾਈਓਂ ਕਦ ਲੰਘਣ ਦਿੰਦੇ ! ਪਰ ਅਜਿਹੀ ਲੜਾਈ ਦਾ ਕਿਧਰੇ ਵੀ ਜ਼ਿਕਰ ਨਹੀਂ। ਸਾਕਿਆਂ ਦਾ ਉਸ ਵੇਲੇ ਬੜਾ ਜ਼ੋਰ ਸੀ। ਅਸਲ ਗਲ ਇਹ ਜਾਪਦੀ ਹੈ ਕਿ ਯੂਕੀਆਂ ਨੇ ਰਹੇ ਖਹੇ ਸਾਕਿਆਂ ਦੇ ਟਬਰਾਂ ਨੂੰ ਤੁਰਕਿਸਤਾਨੋਂ ਕਢਿਆ ਤੇ ਫੇਰ ਦਰਿਆ ਸੈਹੂਣੋ ਪਾਰ ਹੋ ਕੇ

*ਵੇਖੋ ਰਾਂਜਿਸਥਾਨ (Tod's Rajasthan)

Sri Satguru Jagjit Singh Ji Elibrary NamdhariElibrary@gmail.com

ਹਿੰਦੂ–ਕੁਸ਼ ਟਪਕੇ ਕਾਬਲ ਦੇ ਰਾਜਾ ਨੂੰ ਈਨ ਮਨਾਕੇ ਪਸ਼ਾਵਰ ਤੇ ਸਿੰਧ ਦੀ ਵਾਦੀ ਵਿਚ ਰਾਜੇ ਬਣ ਬੈਠੇ। ਯੂਕੀਆਂ ਦਾ ਪੱਕਾ ਰਾਜ ਪਹਿਲੀ ਸਦੀ ਮਸੀਹ ਤੋਂ ਸ਼ੁਰੂ ਹੋਇਆ।

ਹੁਣ ਸਾਕਿਆਂ ਨੇ ਸੀਸਤਾਨ ਵਿਚ ਪੈਰ ਜਮਾਏ ਹੋਏ ਸਨ, ਤ ਪੂਰਬ ਵਲ ਵਧਕੇ ਸਿੰਧ ਵਿਚ ਫੈਲ ਗਏ ਸਨ। ਈਰਾਨੀ ਰਾਜ ਦਾ ਜ਼ੋਰ ਜਦ ਯੂਨਾਨੀਆਂ ਨੇ ਤੋੜ ਦਿਤਾ ਤੇ ਪਿੱਛੋਂ ਯੂਨਾਨੀ ਵੀ ਕਮਜ਼ੋਰ ਹੋ ਗਏ ਤਾਂ ਸਾਕਿਆਂ ਨੇ ਸਿੰਧ ਤੇ ਕੰਧਾਰ ਵਲ ਆਪਣਾ ਰਾਜ ਕੈਮ ਕੀਤਾ। ਸੀਸਤਾਨ ਇਹਨਾਂ ਦਾ ਬਾਦਸ਼ਾਹ ਯੋਨੂਣੀ (Vonones) ਤੇ ਸਿੰਧ ਵਿਚ ਮੁਆਈਸ (Maues) ਸੀ।

ਮੁਆਈਸ ਨੇ ਸਿੰਧ ਤੇ ੧੨੦ ਬੀ. ਸੀ. ਵਿਚ ਹਮਲਾ ਕੀਤਾ ਸੀ ਪਰ ਕੈਂਬਰਿਜ ਵਾਲੀ ਹਿਸਟਰੀ ਦਾ ਇਤਿਹਾਸਕਾਰ ਸੰਨ ੮੮ ਬੀ. ਸੀ. ਤੋਂ ਪਿਛੋਂ ਲਿਖਦਾ ਹੈ, ਜਦ ਮਿਥ੍ਰਾਦੀਤ ਦੂਜਾ ਮਰ ਚੁਕਾ ਸੀ। ਚਾਹੇ ਕੋਈ ਸੰਨ ਲੈ ਲਵੋ, ਇਹ ਸਾਬਤ ਹੈ ਕਿ ਯੂਕੀਆਂ ਦੇ ਪੰਜਾਬ ਆਉਣ ਤੋਂ ਪਹਿਲੋਂ, ਸਾਕਿਆਂ ਦਾ ਰਾਜ ਪੰਜਾਬ ਦੇ ਦਖਣ ਤੇ ਦਖਣ-ਪਛਮ (ਕੰਧਾਰ) ਵਲ ਹੋ ਚੁੱਕਾ ਸੀ। ਇਹ ਦੋਵੇਂ ਸਾਕਿਆਂ ਦੇ ਟਬਰ ਦਰਿਆ ਸਿੰਧ ਦੀ ਵਾਦੀ ਵਲ ਹੌਲੀ ਹੌਲੀ ਵਧਦੇ ਰਹੇ। ਇਸਤੋਂ ਇਹ ਸਾਬਤ ਹੈ ਕਿ ਸਾਕੇ ਮਸੀਹ ਤੋਂ ਇਕ-ਦੋ ਸਦੀਆਂ ਪਹਿਲੇ ਹੀ ਸਿੰਧ ਵਿਚ ਆ ਗਏ ਹੋਣੇ ਨੇਂ ਇਹੀ ਸੂਰਜਵੰਸੀ ਸਨ।

## ਪੰਜਾਬ ਦਾ ਹਾਲ ਮਸੀਹ ਤੋਂ ਸੌ ਵਰ੍ਹੇ ਪਹਿਲ

ਜਦ ਸਾਕਿਆਂ ਦਾ ਹੜ੍ਹ ਸਾਰੇ ਪਾਸਿਓਂ ਪੰਜਾਬ ਨੂੰ ਬੜਨ ਲਈ ਵਧ ਰਿਹਾ ਸੀ ਤਾਂ, ਪੰਜਾਬ ਵਿਚ ਵੀ ਤਾਂ ਅਫੜਾਤਫੜੀ ਪਈ ਹੋਣੀ ਏ। ਹੁਣ ਅਸੀਂ ਪੰਜਾਬ ਦੀ ਪਹਿਲੀ ਸਦੀ ਬੀ. ਸੀ. ਵਿਚ ਦੀ ਪੁਲਿਟੀਕਲ ਹਾਲਤ ਵਿਚ ਨਜ਼ਰ ਮਾਰਦੇ ਹਾਂ। ਸਕੰਦਰ ਦੇ ਵੇਲੇ ਵੀ ਅਸਲੀ ਪੰਜਾਬ ਜਿਥੇ ਰਾਠ ਤੇ ਬਹਾਦਰ ਪੰਜਾਬੀ ਵਸਦੇ ਸਨ ਦਰਿਆ ਜੇਹਲਮੋਂ ਪਾਰ (ਪੂਰਬ ਵਲ) ਸੀ। ਗੰਧਾਰਾ ਦਾ ਰਾਜ ਕਾਬਲ ਤੋਂ ਸਿੰਧ ਸਾਗਰ ਵਿਚ ਸੀ। ਟੈਕਸਲਾ ਓਸ ਦੀ ਰਾਜਧਾਨੀ ਸੀ। ਟੈਕਸਲਾ ਦੇ ਰਾਜਾ ਨੇ ਤੇ ਸਕੰਦਰ ਦੀ ਈਨ ਮੰਨਕੇ, ਪੰਜਾਬ ਦੇ ਰਾਜਾ ਪੋਰੂ ਦੇ ਵਿਰੁਧ ਮਦਤ ਦਿਤੀ ਸੀ। ਗਲ ਕੀ ਸਕੰਦਰ ਦੀ ਲੜਾਈ ਅਸਲ ਪੰਜਾਬੀਆਂ ਨਾਲ ਹੋਈ। ਤੇ ਪੰਜਾਬੀਆਂ ਨੇ ਯੂਨਾਨੀਆਂ ਦੇ ਦੰਦ ਜਿਹੇ ਖੱਟੇ ਕੀਤੇ ਕਿ ਵਿਚਾਰਿਆਂ ਨੇ ਸਤਲੁਜੋਂ ਪਾਰ ਲੰਘਣੋਂ, ਕੰਨ ਤੇ ਹਥ ਧਰੇ। ਇਸ ਗਲ ਦਾ ਇਤਿਹਾਸ ਗਵਾਹ ਹੈ, ਕਿ ਸਕਦਰ ਦੀ ਇਕ ਹੋਰ ਲੜਾਈ, ਜਿਹਲਮ ਦੇ ਪਿਛੋਂ, ਵਟਾਲੇ ਕੋਲ ਜਾਂ ਦੁਆਬਾ ਬਿਸਤ ਜਾਲੰਧਰ, ਵਿਚ ਕਿਧਰੇ ਹੋਈ ਸੀ, ਜਿਸ ਵਿਚ ਫ਼ਤਹਿ ਤੇ ਸਕੰਦਰ ਦੀ ਹੋਣੀ ਲਿਖੀ ਹੈ, ਕਿਉਂ ਜੋ ਇਤਿਹਾਸਕਾਰ ਯੂਨਾਨੀ ਸਨ, ਪਰ ਫ਼ੌਜ ਨੇ ਅਗੇ ਵਧਣੋਂ ਇਕੋ ਨਨਾ ਪੜ੍ਹਿਆ। ਅੰਤ ਸਕੰਦਰ ਨੂੰ ਮੁੜਨਾ ਪਿਆ। ਯੂਨਾਨ ਦਾ ਹੜ੍ਹ ਪੰਜਾਬੀਆਂ ਨੇ ਆਪਣੀਆਂ ਲੋਥਾਂ ਨਾਲ ਬੰਨ੍ਹ ਮਾਰਕੇ, ਰੋਕ ਲਿੱਤਾ। ਵਾਹ ! ਪੰਜਾਬੀਓ ! ਜਦ ਸਕੰਦਰ ਮੁੜਿਆ, ਤਾਂ ਸਾਕਲੇ ਕੋਲ ਫੇਰ ਸਖ਼ਤ ਲੜਾਈ ਹੋਈ। ਉਸਦੇ ਪਿਛੋਂ ਪੰਜ-ਨਦ ਕੋਲ। ਇਕ ਵਾਰੀ ਤੇ

Sri Satguru Jagjit Singh Ji Elibrary NamdhariElibrary@gmail.com

ਸਕੰਦਰ ਮੁਸ਼ਕਲ ਨਾਲ ਜਾਨੋਂ ਬਚਿਆ। ਸਕੰਦਰ ਨੇ ਡੇਰਾ ਪਾਕੇ, ਇਹਨਾਂ ਪੰਜਾਬੀ ਕੌਮਾਂ ਨਾਲ ਲੜਾਈਆਂ ਕੀਤੀਆਂ ਤੇ ਭਾਂਜ ਦੇ ਕੇ ਦਖਣ ਨੂੰ ਸਿੰਧ ਵਲ ਚਲਾ ਗਿਆ। ਗਲ ਕੀ—ਸਕੰਦਰ ਨੂੰ, ਜਿੰਨਾ ਚਿਰ ਓਹ ਸਿੰਧ ਵਿਚ ਨਾ ਪੁਜਿਆ, ਆਰਾਮ ਨਾ ਮਿਲਿਆ।

ਪੰਜ ਬ ਦਾ ਇਲਾਕਾ ਹਮੇਸ਼ਾਂ ਆਜ਼ਾਦ ਈ ਰਿਹਾ। ਨਾ ਸਕੰਦਰ ਨੇ ਈ ਪੂਰਾ ਫ਼ਤਹਿ ਕੀਤਾ, ਤੇ ਨਾ ਚੰਦਰ ਗੁਪਤ ੧ ਨੇ। ਇਹ ਇਕ ਕਿਸਮ ਦਾ (Protected Territory) ਈ ਰਹਿਆ। ਅਸਲੀ ਹਾਲਤ ਏਸ ਦੀ ਸਰਹੱਦੀ ਖ਼ੁਦ-ਮੁਖ਼ਤਾਰ ਇਲਾਕੇ ਵਾਂਙੂ ਸੀ। ਇਸਦੇ ਅੰਦਰਲੇ ਪ੍ਰਬੰਧ ਵਿਚ ਭਾਰਤ ਦਾ ਮਹਾਰਾਜਾ ਦਖਲ ਨਹੀਂ ਸੀ ਦਿੰਦਾ।

ਪੰਜਾਬ ਵਿਚ ਆਰੀਆਂ ਦੇ ਪਿੱਛੋਂ *ਨਾਗ ਕੌਮ ਦੀ ਵਸੋਂ ਸੀ, ਏਸੇ ਕੌਮ ਦੇ ਕਈ ਫ਼ਿਰਕੇ ਸਕੰਦਰ ਨਾਲ ਲੜੇ ਸਨ। ਆਰੀਆ ਤੇ ਸਤਲੁਜੋਂ ਪਾਰ ਹੋ ਕੇ ਜਮਨਾ ਗੰਗਾ ਦੀਆਂ ਵਾਦੀਆਂ ਵਿਚ ਜਾ ਵਸੇ ਸਾਨ, ਨਾਗ ਪੰਜਾਬ ਵਿਚ ਈ ਰਹੇ। ਇਨ੍ਹਾਂ ਨੂੰ ਤਛਕ, ਟਕਾ ਆਖਦੇ ਸਾਨ।

ਸਕੰਦਰ ਨਾਲ ਜੇਹੜਾ ਪੋਰੂ ਲੜਿਆ, ਉਹ ਵੀ ਨਾਗ ਈ ਸੀ। ਕਈ ਥਾਂਵਾਂ ਤੇ ਲਿਖਿਆ ਹੈ ਕਿ ਸਲਵਾਹਨ ਵੀ ਨਾਗ ਸੀ। ਇਹ ਵੀ ਰਵੈਤ ਹੈ ਕਿ ਉਹ ਸ਼ੇਸ਼ਨਾਗ ਦਾ ਪੁਤਰ ਸੀ। ਇਹ ਗਲ ਦਸਦੀ ਏ ਕਿ ਉਹ ਨਾਗ ਨਸਲ ਦਾ ਸੀ, ਚਾਹੇ ਉਸਦੀ ਮਾਂ ਆਰੀਆ ਖਤਰਾਨੀ ਈ ਹੋਵੇ।

ਪਹਿਲੀ ਸਦੀ ਬੀ. ਸੀ. ਵਿਚ ਸਾਕੇ ਪਛਮੋਂ ਤੇ ਦਖਣੋਂ ਪੰਜਾਬ ਵਲ ਵਧ ਰਹੇ ਸਾਨ। ਸਿੰਧ ਉਹਨਾਂ ਨੇ ਲੈ ਲਿਤਾ ਸੀ। ਗੰਧਾਰਾ ਵਿਚ ਵੀ ਰਾਜ ਬਣਾ ਲਿਤਾ ਸੀ। ਤੇ ਏਧਰ ਪੰਜਾਬੀ ਉਨ੍ਹਾਂ ਨਾਲ ਲੜਦੇ ਭਿੜਦੇ ਸਾਨ। ਇਨ੍ਹਾਂ ਲੜਾਕੇ ਪੰਜਾਬੀਆਂ ਦਾ ਸਰਦਾਰ ਸਲਵਾਹਨ ਸੀ, ਜੇਹੜਾ ਇਨ੍ਹਾਂ ਨੂੰ ਟੈਕਸਲਾ ਵਿਚ ਵੀ ਤੰਗ ਕਰਦਾ ਸੀ। ਤੇ ਆਖਰ ਸਾਰੇ ਪੰਜਾਬੀ ਟਬਰਾਂ ਨੂੰ ਕਠਾ ਕਰਕੇ ਸਾਕਿਆਂ ਨੂੰ ਡੱਕਾ ਪਾਣ ਲਈ ਮੁਲਤਾਨੋਂ ਦਖਣ ਵਲ ਵਧਿਆ। ਸਾਕੇ ਉਪਰ ਨੂੰ ਆਉਂਦੇ ਸ ਨ। ਬਸ ਮੁਲਤਾਨੋਂ ਦਖਣ ਵਲ ਕਰੋਰ ਦੇ ਕੋਲ ਬੜੀ ਲੜਾਈ ਹੋਈ ਜਿਸ ਵਿਚ ਸਾਕਿਆਂ ਨੂੰ ਬੜੀ ਭਾਰੀ ਸ਼ਕਸਤ ਹੋਈ, ਤੇ ਇਸ ਫ਼ਤਹਿ ਦੀ ਯਾਦ ਵਿਚ ਇਕ ਸੰਮਤ ਦੀ ਨੀਂਹ ਰਖੀ ਗਈ। ਉਹ ਕਿਹੜਾ ਸੰਮਤ ਸੀ, ਇਸਦਾ ਹੁਣ ਨਿਰਨਾ ਕਰਨਾ ਹੈ॥

ਲੜਾਈ ਦੀ ਤਾਰੀਖ ਉਹੀ, ਜੇਹੜੀ ਸੰਮਤ ਦੀ। ਹੁਣ ਸਾਡੇ ਪਾਸ ਦੋ ਸੰਮਤ ਹੈਨ ; ਇਕ ਜਿਸਨੂੰ ਬਿਕ੍ਰਮੀ ਆਖਦੇ ਨੇ, ਜੇਹੜਾ ੫੭-੫੮ ਵਰ੍ਹੇ ਮਸੀਹ ਤੋਂ ਪਹਿਲੋਂ

*ਨਾਗ ਕੌਮ ਵੀ ਆਰੀਆਂ ਵਾਂਗੂੰ ਮਧਯ : ਏਸ਼ੀਆ ਵਿਚੋਂ, ਪਰ ਆਰੀਆਂ ਦੇ ਪਿਛੋਂ, ਓਸੇ ਰਸਤੇ ਹਿੰਦ ਵਿਚ ਆਈ। ਜਿਉਂ ਜਿਉਂ ਆਰੀਆ ਪੂਰਬ ਵਲ ਵਧਦੇ ਗਏ; ਉਹਨਾਂ ਦੀ ਥਾਂ ਨਾਗਿਆਂ ਮਲ ਲਿਤੀ। ਪਾਂਡੂਆਂ ਦੀਆਂ ਲੜਾਈਆਂ ਨਾਗਿਆਂ ਨਾਲ ਹੁੰਦੀਆਂ ਰਹੀਆਂ।

Sri Satguru Jagjit Singh Ji Elibrary NamdhariElibrary@gmail.com

ਸ਼ੁਰੂ ਹੁੰਦਾ ਹੈ। ਦੂਜਾ ਸਾਕਾ, ਜੇਹੜਾ ਮਸੀਹ ਤੋਂ ੭੮ ਵਰ੍ਹੇ ਪਿਛੋਂ ਸ਼ੁਰੂ ਹੈ। ਦੋਵੇਂ ਈ ਸੰਮਤ ਲੜਾਈ ਦੀ ਫ਼ਤਹਿ ਦੀ ਯਾਦ ਵਿਚ ਥਾਪੇ ਆਖੇ ਜਾਂਦੇ ਨੇ। ਪਰ ਅਸਲੀ ਕੇਹੜਾ ਸੰਮਤ ਸਾਕਿਆਂ ਦੀ ਭਾਂਜ ਦੀ ਯਾਦ ਵਿਚ ਹੈ ? ਜੇਹੜਾ ਸੰਮਤ ਸਾਕਿਆਂ ਦੀ ਭਾਂਜ ਦਾ ਸੀ, ਓਸ ਸੰਮਤ ਨੂੰ ਜ਼ਰੂਰ ਸਾਕੇ ਰਾਜਿਆਂ ਨੇ ਨਹੀਂ ਵਰਤਿਆ ਹੋਣਾ। ਹੁਣ ਉਖਣ ਲੇਖਾਂ ਤੋਂ ਸਾਬਤ ਹੈ ਕਿ "ਬਿਕ੍ਰਮੀ" ਸੰਮਤ ਨੂੰ ਓਹ ਨਹੀਂ ਸਾਨ ਵਰਤਦੇ। ਵਡੇ ਵਡੇ ਖੋਜੀਆਂ ਦੀ ਰਾਇ ਹੈ ਕਿ ਰਾਜਾ ਕਨਸ਼ਕ ਤੇ ਹੋਰ ਕੁਸ਼ਾਨ ਖ਼ਾਨਦਾਨ ਦੇ ਉਖਣ ਲੇਖਾਂ ਦੀਆਂ ਤਾਰੀਖਾਂ ਸਾਕਾ ਸੰਮਤ ਵਿਚ ਹੈਨ। ਜਾਂ ਉਸ ਸੰਮਤ ਵਿਚ ਜੇਹੜਾ ਸੰਨ ੭੮ ਈ: ਵਿਚ ਸ਼ੁਰੂ ਹੋਇਆ। ਇਸ ਕਰਕੇ ਇਹ (ਸਾਕਾ) ਸੰਮਤ ਕਦੀ ਵੀ ਸਾਕਿਆਂ ਦੀ ਭਾਂਜ ਦਾ ਸੰਮਤ ਨਹੀਂ ਹੋ ਸਕਦਾ, ਕਿਉਂਕਿ ਕਦੀ ਵੀ ਇਕ ਰਾਜ ਭਾਗ ਵਾਲੀ ਕੌਮ ਆਪਣੀ ਈ ਭਾਂਜ ਦੀ ਨਿਸ਼ਾਨੀ ਹਮੇਸ਼ਾਂ ਵਰਤੋਂ ਵਿਚ ਨਹੀਂ ਲਿਆ ਸਕਦੀ ॥

ਇਸ ਕਰਕੇ ਲੜਾਈ ਦੀ ਯਾਦਗਾਰ ਦਾ ਓਹੀ ਸੰਮਤ ਹੈ ਜਿਹੜਾ ਮਸੀਹ ਤੋਂ ੫੭ ਵਰ੍ਹੇ ਪਹਿਲੋਂ ਸ਼ੁਰੂ ਹੋਇਆ ਤੇ ਜਿਸ ਨੂੰ ਸਾਕਿਆਂ ਨੇ ਅਪਣੇ ਰਾਜ ਦੇ ਵੇਲੇ ਦੇਸ-ਨਿਕਾਲਾ ਦਿਤਾ ਸੀ। ਤੇ ਜੇਹੜਾ ਸੰਮਤ ਚੰਦ੍ਰਗੁਪਤਾ ਦੂਜੇ ਨੇ ਮੁੜ ਵਰਤੋਂ ਵਿਚ ਲਿਆਂਦਾ, ਪਰ ਨਾਲ ਵਿਕ੍ਰਮਾਜੀਤ ਲਾ ਦਿਤਾ। ਜੇ ਕੋਈ ਆਖੇ ਪਈ ਚੰਦ੍ਰ ਗੁਪਤਾ ਨੇ ਪੁਰਾਣਾ ਸੰਮਤ ਕਿਉਂ ਲਿਤਾ। ਉਹ ਇਸ ਕਰਕੇ ਕਿ ਇਹ ਸੰਮਤ ਸਾਕਿਆਂ ਦੀ ਪਹਿਲੀ ਭਾਂਜ ਦੀ ਯਾਦਗਾਰ ਸੀ, ਪਰ ਉਸ ਦੇ ਪਿੱਛੋਂ ਸਾਕਿਆਂ ਦਾ ਰਾਜ ਹਿੰਦ ਤੇ ਹੋ ਗਿਆ ਸੀ, ਤੇ ਫੇਰ ਦੂਜੀ ਵਾਰੀ ਚੰਦ੍ਰਗੁਪਤਾ ਨੇ ਉਤ੍ਰੀ ਹਿੰਦ ਤੋਂ ਸਾਕਿਆਂ ਨੂੰ, ਜੇਹੜੇ ਬੋਧੀ ਹੋ ਗਏ ਸਾਨ, ਕਢਿਆ ਸੀ। ਇਸ ਕਰਕੇ ਇਕ ਪੁਰਾਤਨ ਸੰਮਤ ਨੂੰ ਈ ਵਰਤੋਂ ਵਿਚ ਲਿਆ ਕੇ, ਸਾਕਿਆਂ ਦੀ ਭਾਂਜ ਨੂੰ ਢੇਰ ਪੁਰਾਣਾ ਕਰ ਦਿਤਾ।

ਪਰ ਚੰਦ੍ਰ ਗੁਪਤਾ ਸਾਕਿਆਂ ਨੂੰ ਦਖਣ ਤੇ ਰਾਜਪੂਤਾਨੇ ਵਿਚੋਂ ਨਹੀਂ ਕਢ ਸਕਿਆ। ਰਾਜਪੂਤਾਨੇ ਵਿਚ ਉਨ੍ਹਾਂ ਦੀਆਂ ਕਈ ਰਿਆਸਤਾਂ ਬਣ ਗਈਆਂ ਸਨ ਜੇਹੜੀਆਂ ਕਦੀ ਹਿੰਦ ਦੇ ਮਹਾਰਾਜ ਅਧੀਰਾਜ ਦੀ ਈਨ ਹੇਠਾਂ ਤੇ ਕਦੀ ਸੁਤੰਤ੍ਰ ਹੁੰਦੀਆਂ ਸਾਨ।

ਜਦ ਬੁਧ ਧਰਮ, ਉਤ੍ਰੀ ਹਿੰਦ ਵਿਚ ਪੰਜਵੀਂ ਸਦੀ ਈ: ਦੇ ਕੋਲ ਕੋਲ, ਹਮੇਸ਼ ਲਈ ਧੱਕਾ ਖਾ ਚੁਕਾ ਸੀ, ਤਾਂ ਸਾਕੇ ਰਾਜੇ ਵੀ ਬਾਹਮਣ ਜਾਂ ਹਿੰਦੂ ਬਣ ਗਏ ਸਾਨ। ਗਲ ਕੀ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਹਿੰਦੂ ਵਰਨਾਸ਼੍ਰਮ ਵਿਚ ਪਕੀ ਥਾਂ ਦੇ ਦਿਤੀ ਸੀ।

ਅਸੀਂ ਪਹਿਲੋਂ ਦਸ ਆਏ ਹਾਂ, ਕਿ ਸਾਕਿਆਂ ਦੇ ਦੋ ਟਬਰ ਸਾਨ, ਇਕ ਸੂਰਜ ਪੂਜਿਕ ਤੇ ਇਕ ਚੰਦਰ ਮਾਂਹ ਦੇ ਉਪਾਸ਼ਕ। ਸੁ ਪਹਿਲੇ ਸੂਰਜ ਬੰਸੀ ਤੇ ਪਿਛਲੇ ਚੰਦ੍ਰ ਬੰਸੀ ਬਣ ਗਏ। ਯੂਕੀ, ਜੀਤ ਕੌਮ ਨੂੰ ਯਾਦੋ ਵੀ ਆਖਦੇ ਸਾਨ। ਏਸੇ ਤਰ੍ਹਾਂ ਰਾਜਪੂਤਾਨੇ ਦੀਆਂ ਰਿਆਸਤਾਂ, ਜਦ ਮੁੜ ਬ੍ਰਾਹਮਣੀ ਧਰਮ ਦਾ ਪ੍ਰਚਾਰ ਹੋਇਆ, ਤਾਂ

Sri Satguru Jagjit Singh Ji Elibrary NamdhariElibrary@gmail.com

ਸੂਰਜ ਤੇ ਚੰਦ੍ਰ ਬੰਸੀ ਬਣ ਗਈਆਂ। ਅਤੇ ਬ੍ਰਾਹਮਣਾਂ ਨੇ ਇਨ੍ਹਾਂ ਦੀ ਪ੍ਰਣਾਲੀ ਰਾਮ ਤੇ ਕ੍ਰਿਸ਼ਨ ਨਾਲ ਜੋੜ ਦਿਤੀ। ਇਹ ਵੀ ਪੁਰਾਤਨ ਲਿਖਤਾਂ ਤੋਂ ਸਿਧ ਹੈ ਕਿ ਜਟ ਕੌਮ ਵੀ ਪੁਰਾਣੇ ਸਾਕਿਆਂ ਦੀ ਅੰਸ ਹੈ ਅਤੇ ਰਾਜਪੂਤਾਂ ਤੇ ਜੱਟਾਂ ਦੀਆਂ ਕਈ ਥਾਈਂ ਗੋਤਾਂ ਤੇ ਰਵਾਇਤਾਂ ਮਿਲਦੀਆਂ ਹੈਨ, ਜੀਕਣ, ਭਟੀ ਰਾਜਪੂਤ, ਸਿਧੂ ਤੇ ਸਾਂਸੀ ਜਟਾਂ ਦੀਆਂ। ਅਸਲ ਵਿਚ ਇਹ ਦੋਵੇਂ ਇਕੋ ਸੋਮੇ ਦੀਆਂ ਨਦੀਆਂ ਹੈਨ। ਜਦ ਸਾਕਿਆਂ ਦਾ ਰਾਜ ਗਿਆ ਤਾਂ ਉਹ ਰਾਜ ਭਾਗ ਵਾਲੇ ਸਾਕੇ ਜਿਨ੍ਹਾਂ ਨੇ ਰਿਆਸਤਾਂ ਕੇਮ ਕਰ ਲਿਤੀਆਂ ਸਾਨ, ਰਾਜਪੂਤ ਬਣ ਗਏ। ਦੂਜੇ ਜੇਹੜੇ ਜ਼ਿਮੀਆਂ ਵਾਂਹਦੇ ਸਾਨ, ਉਹ ਜਟ ਅਖਾਏ। ਪਹਿਲੋਂ ਤਾਂ ਇਕੋ ਮਿਕੋ ਰਹੇ, ਪਰ ਹੁੰਦਿਆਂ ਹੁੰਦਿਆਂ ਵਿਥ ਪੈਂਦੀ ਗਈ। ਰਾਜ ਕਰਨ ਵਾਲਿਆਂ ਟੱਬਰਾਂ ਨੇ ਆਪਣੇ ਹਲਵਾਹੂ ਭਰਾਵਾਂ ਨੂੰ ਵਖਰਾ ਕਰ ਦਿਤਾ ਤੇ ਨੀਵਾਂ ਜਾਤਾ।

—o—

ਅਸੀ ਕੋਰੋਰ ਦੀ ਲੜਾਈ ਦਾ ਸਮਾ ਤੇ ਜਿਥੋਂ ਤੀਕ ਖੋਜ ਦਸਦੀ ਹੈ, ਬੰਨ੍ਹ ਆਏ ਹਾਂ; ਹੁਣ ਵੇਖਣਾ ਇਹ ਹੈ ਕਿ ਸਾਕਿਆਂ ਨੂੰ ਭਾਂਜ ਕਿਸ ਨੇ ਦਿਤੀ। ਕੋਈ ਸਲਵਾਹਨ, ਕੋਈ ਬਿਕ੍ਰਮਾਜੀਤ ਆਖਦਾ ਹੈ। ਅਸੀਂ ਦਸ ਆਏ ਹਾਂ, ਬਿਕ੍ਰਮਾਜੀਤ ਕੇਵਲ ਇਕ ਲਕਬ ਜਾਂ ਵਡਿਆਈ ਦਾ ਨਾਂ ਈ ਹੈ, ਜੀਕਣ: "ਸ਼ਾਹ ਜਹਾਨ"; ਤੇ ਇਹ ਲਕਬ ਕਈਆਂ ਰਾਜਿਆਂ ਨੇ ਆਪਣੇ ਨਾਂ ਨਾਲ ਲਾਇਆ। ਇਕ ਜਗ੍ਹਾ ਕਨਿੰਘਮ ਨੇ ਸਲਵਾਹਨ ਦੇ ਪੁਤ੍ਰ ਰਸਾਲੂ ਨੂੰ ਵੀ ਬਿਕ੍ਰਮਾਜੀਤ ਆਖਿਆ ਹੈ। ਹੁਣ ਸਲਵਾਹਨ ਨੇ ਜਦ ਸਾਕਿਆਂ ਨੂੰ ਭਾਂਜ ਦਿਤੀ, ਤਾਂ ਉਹ ਦੇਸ ਦਾ ਵੱਡਾ ਬਹਾਦਰ ਰਾਜਾ ਹੋ ਗਿਆ ਹੋਣਾ ਏ, ਤਾਂ ਉਸ ਨੇ ਆਪਣੇ ਨਾਂ ਨਾਲ ਵਿਕ੍ਰਮ ਆਦਿਤਯ: (ਬਹਾਦਰੀ ਦਾ ਸੂਰਜ) ਜਾਂ ਯੋਧਿਆਂ ਦਾ ਸੂਰਜ ਦਾ ਲਕਬ ਆਪਣੇ ਨਾਂ ਨਾਲ ਲਾ ਲਿਆ ਹੋਣਾ ਏ। ਇਸ ਕਰਕੇ ਸਾਕਿਆਂ ਦੇ ਬਿਜੇਈ ਨੂੰ ਕੋਈ ਸਲਵਾਹਨ ਤੇ ਕੋਈ ਬਿਕ੍ਰਮਾਦਿਤਯ: ਆਖਣ ਲਗ ਪਿਆ।

ਇਸ ਉਪਰਲੀ ਵਿਚਾਰ ਤੋਂ ਅਸੀਂ ਏਸ ਸਿੱਟੇ ਤੇ ਪੁੱਜੇ ਹਾਂ ਕਿ :—

(੧) ਸਾਕਿਆਂ ਦਾ ਹਿੰਦ ਵਿਚ ਆਉਣ ਜਾਣ ਚਾਰ ਪੰਜ ਸੌ ਵਰ੍ਹੇ ਮਸੀਹ ਤੋਂ ਪਹਿਲੇ ਤੋਂ ਸੀ। ਇਨ੍ਹਾਂ ਦੇ ਕਈ ਟਬਰ ਹਿੰਦ ਵਿਚ ਆਉਂਦੇ ਰਹੇ। ਕੋਈ ਈਰਾਨੋਂ ਸਿੰਧ; ਤੇ ਸਿੰਧੋਂ ਉਤ੍ਰ ਵਲ ਪੰਜਾਬ ਵਿਚ: ਕੋਈ ਈਰਾਨੋਂ ਕੰਧਾਰ, ਤੇ ਕੰਧਾਰੋਂ, ਦਰਿਆ ਅਟਕ ਦੇ ਕੰਢੇ ਤੇ। ਕੋਈ ਮਧਯ: ਏਸ਼ੀਆ ਵਿਚੋਂ ਹਿੰਦੂ ਕੁਸ਼ ਲੰਘਕੇ ਦਰਿਆ ਕਾਬਲ ਦੇ ਨਾਲ ਨਾਲ ਆਏ। ਇਹ ਆਉ-ਜਾਈ ਲਗੀ ਈ ਰਹੀ, ਜਦ ਤਕ ਸਾਕਿਆਂ ਦੇ ਰਾਜ ਦਰਿਆ ਸਿੰਧ ਦੇ ਕੰਢੇ ਤੇ ਕੈਮ ਨਹੀਂ ਹੋ ਗਏ।

(੨) ਕੋਰੋਰ ਦੀ ਲੜਾਈ ਸੰਨ ਮਸੀਹ ਤੋਂ ੫੭-੫੮ ਵਰ੍ਹੇ ਪਹਿਲੋਂ ਹੋਈ, ਤੇ ਰਾਜਾ ਸਲਵਾਹਨ ਨੇ ਪੰਜਾਬ ਦੀਆਂ ਹੋਰਨਾਂ ਕੌਮਾਂ ਦੀ ਸਹਾਇਤਾ ਨਾਲ ਸਾਕਿਆਂ ਨੂੰ ਭਾਂਜ ਦਿਤੀ।

Sri Satguru Jagjit Singh Ji Elibrary NamdhariElibrary@gmail.com

(੩) ਸਲਵਾਹਨ ਸੋ ਵਿਸਵਾ ਨਾਗਾ ਕੌਮ ਦਾ ਸਰਦਾਰ ਜਾਂ ਰਾਜਾ ਸੀ, ਜਿਸ ਦੀ ਰਾਜਧਾਨੀ ਸਿਆਲਕੋਟ (ਸਾਕਲਾ) ਸੀ। ਇਹ ਰਾਜਾ ਸਾਕਿਆਂ ਨਾਲ ਲੜਦਾ ਰਿਹਾ ਤੇ ਲੜਦਾ ਲੜਦਾ ਈ ਮਰ ਗਿਆ। ਸਾਕਿਆਂ ਦੇ ਹਮਲੇ ਪੰਜਾਬ ਉਤੇ ਕੁਝ ਦਖਣ ਵਲੋਂ ਤੇ ਕੁਝ ਪਛਮ ਵਲੋਂ ਹੁੰਦੇ ਸਨ। ਅੰਤ ਸਾਕਿਆਂ ਨੇ ਪੰਜਾਬ ਫਤਹਿ ਕਰਕੇ ਹੜੱਪ ਕਰ ਲਿਤਾ: ਤੇ ਪੰਜਾਬ ਦੀ ਆਜ਼ਾਦੀ ਗਈ ਚਲੀ। ਪਰ ਸਾਕਿਆਂ ਦੇ ਪਿਛੋਂ ਪੰਜਾਬੀ ਬਹਾਦਰਾਂ ਨੇ ਫੇਰ ਸਿਰ ਚੁੱਕ ਲਿਆ, ਤੇ ਚੰਦ੍ਰਗੁਪਤਾ ਦੂਜੇ ਦੇ ਵੇਲੇ ਨਾਂ ਧ੍ਰੀਕ ਈ ਮਾਤਹਿਤ ਸਾਨ।

(੪) ਜਿਸ ਸੰਮਤ ਦਾ ਮੁੱਢ ਸਾਕਿਆਂ ਦੀ ਭਾਂਜ ਦੇ ਪਿਛੋਂ ਰਖਿਆ ਗਿਆ ਸੀ ਉਹ ਓਹੀ ਸੰਮਤ ਸੀ ਜਿਸ ਨੂੰ ਹੁਣ ਬਿਕ੍ਰਮੀ ਆਖਦੇ ਨੇਂ।

---

## ਰਸਾਲੂ ਕੌਣ ਸੀ ?

ਰਾਜਾ ਸਲਵਾਹਨ ਦਾ ਪਤਾ ਤੇ ਇਤਿਹਾਸਕ ਖੋਜ ਤੋਂ ਜਿੰਨਾ ਲੱਗਾ ਪਾਠਕਾਂ ਦੇ ਸਾਹਮਣੇ ਆ ਗਿਆ ਹੈ, ਪਰ ਰਸਾਲੂ ਦਾ ਪੂਰਾ ਥੋਹ-ਪਤਾ ਅਜੇ ਨਹੀਂ ਲਗਾ। ਟੈਂਪਲ ਸਾਹਿਬ ਤੇ ਕਾਬਲ ਦਾ ਪਾਤਸ਼ਾਹ ੭੦੦ ਈ: ਵਿਚ ਦਸਦਾ ਹੈ, ਗਖੜ ਰਵੈਤਾਂ, ਹੋਡੀ ਦਾ ਸਮਕਾਲੀ ਤੇ ੪੦੦ ਈ: ਵਿਚ ਦਸਦੀਆਂ ਹੈਨ। ਕੋਈ ੨੦੦ ਈ: ਤਕ ਲੈ ਜਾਂਦੀਆਂ ਹੈਨ। ਪਰ ਦੇਸੀ ਰਵੈਤਾਂ, ਰਾਜਪੂਤ ਤੇ ਸਾਂਸੀ ਜੱਟਾਂ ਦੀਆਂ ਰਵਾਇਤਾਂ ਰਸਾਲੂ ਨੂੰ ਰਾਜਾ ਸਲਵਾਹਨ ਦਾ ਪੁੱਤਰ ਦਸਦੀਆਂ ਹੈਨ। ਇਹ ਦੋਵੇਂ ਗੱਲਾਂ ਆਪਸ ਵਿਚ ਢੁਕਦੀਆਂ ਨਹੀਂ। ਸਲਵਾਹਨ ਜੇ ਮਸੀਹ ਤੋਂ ਪਹਿਲੇ ਹੋਇਆ ਤਾਂ ਉਸਦਾ ਪੁੱਤਰ ਦੂਜੀ ਸਦੀ ਵਿਚ ਨਹੀਂ ਹੋ ਸਕਦਾ। ਸੁ ਅਸੀਂ ਪਹਿਲੇ ਦਸ ਆਏ ਹਾਂ ਕਿ ਭੱਟੀ ਰਾਜਪੂਤਾਂ ਦਾ ਵੱਡਾ ਸਲਵਾਹਨ ਹੋਰ ਸੀ ਜਿਹੜਾ ਰਾਜਾ ਗਜ ਦੀ ਔਲਾਦ ਵਿਚੋਂ ਸੀ।

ਹੁਣ ਰਸਾਲੂ ਦੇ ਕਾਰਨਾਮਿਆਂ ਵਲ ਨਜ਼ਰ ਮਾਰੀਏ ਤਾਂ ਮੁਸਲਮਾਨਾਂ ਦੇ ਹਮਲੇ ਦੇ ਸਮੇਂ ਨਾਲ ਨਹੀਂ ਢੁਕਦੇ। ਸਰਕੱਪ ਨੂੰ ਫ਼ਤਿਹ ਕਰਨਾ, ਸਤਾਂ ਦੇਵਾਂ ਨੂੰ ਮਾਰਨਾ, ਰਾਣੀਆਂ ਹਰਨਾਂ, ਇਹ ਸਭ ਖੇਡਾਂ ਦੁਆਬਾ ਸਿੰਧ ਸਾਗਰ ਦੀਆਂ ਹੈਨ। ਜਾਂ ਗੰਧਾਰਾ ਦੇ ਰਾਜ ਵਿਚ ਰਸਾਲੂ ਬਿਜਲੀ ਵਾਂਙੂ ਕੁਦਦਾ ਰਿਹਾ; ਕਦੀ ਐਥੇ ਪਿਆ ਕਦੀ ਔਥੇ।

ਹੁਣ ਟੈਕਸਲਾ ਦੇ ਖੋਲਿਆਂ ਵਿਚ ਸਿਰਕੱਪ ਤੇ ਸਿਰਸੁਖ ਦੇ ਵੀ ਖੋਲੇ ਹੈਨ। ਇਸ ਤੋਂ ਜ਼ਾਹਿਰ ਹੈ ਕਿ ਇਹ ਰਾਜੇ ਟੈਕਸਲਾ ਵਿੱਚ ਕਦੀ ਰਾਜ ਕਰਦੇ ਸਾਨ। ਇਹ ਵੀ ਮਸ਼ਹੂਰ ਹੈ ਕਿ ਰਸਾਲੂ ਨੇ ਸਿਰਕੱਪ ਨੂੰ ਜਿੱਤਿਆ ਤੇ ਉਸ ਦੀ ਧੀ ਵਿਆਹੀ। ਫੇਰ ਸੱਤਾਂ ਦੇਵਾਂ ਵਿਚ ਸਿਰਸੁਖ ਦਾ ਨਾਂ ਵੀ ਆਉਂਦਾ ਹੈ। ਸਿਰਕੱਪ ਤੇ ਸਿਰਸੁਖ ਦੇ ਖੋਲੇ ਪਹਿਲੀ ਦੂਜੀ ਸਦੀ ਜਾਂ ਉਸ ਤੋਂ ਵੀ ਪੁਰਾਣੇ ਹੈਨ। ਇਸ ਕਰਕੇ ਰਸਾਲੂ ਸਤਵੀਂ ਸਦੀ ਵਿਚ ਨਹੀਂ ਹੋਇਆ। ਰਾਜਾ ਹੋਡੀ ਵੀ ਅਟਕ ਦਾ ਰਾਜਾ ਸੀ। ਇਹਨਾਂ ਸਭਨਾਂ ਗੱਲਾਂ

Sri Satguru Jagjit Singh Ji Elibrary NamdhariElibrary@gmail.com

ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਸਿੰਧ ਸਾਗਰ ਦੁਆਬੇ ਵਿਚ ਛੋਟਿਆਂ ਛੋਟਿਆਂ ਸਾਕਿਆਂ ਦੀਆਂ ਟਬਰੀਆਂ ਸਨ, ਜਿਨ੍ਹਾਂ ਨੇ ਅਡ ਅਡ ਰਾਜ ਥਾਪੇ ਹੋਏ ਸਾਨ ਤੇ ਪੰਜਾਬੀ ਜਾਂ *ਸਾਕਲੇ ਦੇ ਰਾਜੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਸਨ। ਸਲਵਾਹਨ ਨੇ ਦੱਖਣੋਂ ਉਪਰ ਆਉਂਦੇ ਸਾਕਿਆਂ ਨੂੰ ਤਾਂ ਰੋਕਿਆ, ਪਰ ਪਛਮੀ ਹੜ ਵਧਦਾ ਈ ਗਿਆ। ਤੇ ਸਲਵਾਹਨ ਮਰ ਗਿਆ, ਉਸਦੇ ਪਿਛੋਂ ਰਿਸਾਲੂ ਦੀ ਸਾਰੀ ਉਮਰ ਇਹਨਾਂ ਨਾਲ ਲੜਦਿਆਂ ਈ ਲੰਘੀ। ਰਿਸਾਲੂ (Gorilla Warfare) ਲੁਕ ਛਿਪਕੇ ਲੜਦਾ ਸੀ। ਫ਼ੌਜਾਂ ਦਾ ਆਮ੍ਹੋ-ਸਾਹਮਣੇ ਟਾਕਰਾ ਨਹੀਂ ਸੀ ਹੁੰਦਾ। ਅੰਤ ਵਿਚਾਰਾ ਬੁਢੇਪੇ ਵਿਚ ਲੜਦਾ ਲੜਦਾ ਹਾਰ ਗਿਆ ਤੇ ਅਪਣੀ ਧੀ ਦੇਕੇ ਖਲਾਸੀ ਕਰਾਈ। ਉਸਦੇ ਪਿਛੋਂ ਉਸ ਦਾ ਰਾਜ ਉਸ ਦੀ ਦੋਹਤ੍ਰੇ ਕਰਮ, ਜੇਹੜਾ ਹੋਡੀ ਦਾ ਪੁੱਤਰ ਸੀ (ਸਾਕਾ ਤੇ ਬੋਧੀ), ਦੇ ਹਥ ਆਇਆ ਤੇ ਹਿੰਦੂ ਰਾਜ ਦਾ ਖ਼ਾਤਮਾ ਹੋ ਗਿਆ। ਅਸੀਂ ਦਸ ਆਏ ਹਾਂ ਕਿ ਸੁੱਚ ਇਤਿਹਾਸ ਵਿਚ ਨਾ ਰਸਾਲੂ, ਨਾ ਹੋਡੀ। ਰਵੈਤਾਂ ਤੋਂ ਇਹੀ ਸਿੱਟਾ ਨਿਕਲਦਾ ਹੈ ਜੋ ਉਪਰ ਦਸਿਆ ਹੈ। ਪਰ ਸਮੇਂ ਦਾ ਪੱਕਾ ਪਤਾ ਨਹੀਂ। ਰਸਾਲੂ ਚਾਹੇ ਕਦ ਹੋਇਆ, ਪਰ ਹੈ ਸੀ ਉਹ ਵੱਡਾ ਪੰਜਾਬੀ ਹੀਰੋ। ਡਰ ਭਉ, ਉਸਦੇ ਨੇੜੇ ਨਹੀਂ ਸੀ ਢੁਕਦਾ। ਜਿੰਨਾ ਖ਼ਤਰਾ ਢੇਰ, ਉਨਾਂ ਈ ਰਸਾਲੂ ਤਿਆਰ ਬਰ-ਤਿਆਰ। ਰਾਜ-ਕੁਮਾਰੀਆਂ ਉਸ ਤੇ ਮੋਹਤ ਹੁੰਦੀਆਂ ਸਾਨ, ਪਰ ਰਿਸ ਲੂ ਬੇ-ਪਰਵਾਹ। ਰਸਾਲੂ ਨੂੰ ਰਸੀਆ ਵੀ ਆਖਦੇ ਨੇ। ਪਰ ਹੈ ਸੀ ਨਿਰਮੋਹ। ਪਿਆਰ ਨੂੰ ਸਿਰੇ ਨਹੀਂ ਸੀ ਚੜ੍ਹਾਂਦਾ। ਕੁਮਾਰੀਆਂ ਦੇ ਹਿਰਦਿਆਂ ਨੂੰ ਵਿਨ੍ਹ ਕੇ ਘੈਲ ਕਰ ਦੇਣਾ, ਫੇਰ ਵਾਤ ਨਾ ਪੁਛਣੀ। ਜਿਥੇ ਗਿਆ ਨਵੀਂ ਨਿੰਹੁ, ਨਵਾਂ ਪਿਆਰ। ਪਰ ਪਿਛੇ ਚਾਹੇ ਘਰ ਖੁਵਾਰੀ ਈ ਹੋਵੇ। ਰਿਸਾਲੂ ਨੇ ਵੱਡੀ ਉਮਰ ਭੋਗੀ। ਅੰਤ ਬੁਢੇਪੇ ਵੇਲੇ ਕੁਝ ਤੇ ਸਾਕਿਆਂ ਦਾ ਜ਼ੋਰ ਵਧ ਗਿਆ, ਕੁਝ ਇਸਦੀਆਂ ਸਾਰੀਆਂ ਸ਼ਕਤੀਆਂ ਰਹਿ ਗਈਆਂ ਸਾਨ, ਤੇ ਕੋਕਿਲਾਂ ਦੇ ਧਰਮ ਹੀਨ ਹੋਣ ਤੇ ਮਰਨ ਦੇ ਪਿਛੋਂ ਰਸਾਲੂ ਬੜਾ ਈ ਦੁਖੀ ਤੇ ਨਿਰਾਸ ਰਹਿੰਦਾ ਸੀ। ਸ਼ੁਦਾਈਆਂ ਵਾਂਙੂ ਇਕੱਲਾ ਫਿਰਦਾ ਸੀ। ਰਾਜ ਪ੍ਰਬੰਧ ਲੋਕਾਂ ਗੋਚਰਾ। ਫ਼ੌਜ ਵੀ ਖਿੰਡ-ਪੁੰਡ ਗਈ। ਏਧਰ ਇਹ ਤੇ ਓਧਰ ਵੈਰੀ ਜ਼ੋਰਾਵਰ ਸੀ। ਰੋਜ਼ ਵਧਦਾ ਈ ਆਉਂਦਾ ਸੀ। ਅੰਤ ਸਿਆਲਕੋਟ ਵੀ ਗਿਆ, ਤੇ ਹਿੰਦੂਆਂ ਦਾ ਰਾਜ ਵੀ ਮੁੱਕਾ॥

————

ਇਤਿਹਾਸ ਵਿਚ ਚਾਹੇ ਰਸਾਲੂ ਦੀ ਥਾਂ ਪੱਕੀ ਨਹੀਂ ਲਭਦੀ ਪਰ ਬਿਲਾ-

*ਸਾਕਿਆਂ ਤੋਂ ਪਹਿਲਾਂ ਸ਼ੈਦ ਪੰਜਾਬੀਆਂ ਦਾ ਰਾਜ ਜੇਹਲਮੋਂ ਪਾਰ ਵੀ ਸੀ, ਜਦ ਸਾਕਿਆਂ ਨੇ ਪੰਜਾਬੀਆਂ ਨੂੰ ਮਾਰ ਪੂਰਬ ਵਲ ਧੱਕਾ ਦਿਤਾ ਤਦ ਸਲਵਾਹਨ ਨੇ ਸਲਵਾਹਨ ਪੁਰਾ ਬਨਾਇਆ। ਵੇਖੋ ਪੰਨਾ ੧੩।

Sri Satguru Jagjit Singh Ji Elibrary NamdhariElibrary@gmail.com

ਸ਼ਕ ਰਿਸਾਲੂ ਇਕ ਪੰਜਾਬੀ ਹੀਰੋ ਸੀ, ਜੋਹੜਾ ਸੋ ਵਿਸਵਾ ਸਲਵਾਹਨ ਦਾ ਪੁਤਰ ਸੀ ਅਤੇ ਪਹਿਲੀ ਸਦੀ ਮਸੀਹ ਦੇ ਕੋਲ ਕੋਲ ਉਹ ਸਾਕਿਆਂ ਦੇ ਵਧਦੇ ਹੜ ਨੂੰ ਬੰਨੀਆਂ ਮਾਰਦਾ ਮਾਰਦਾ ਮਰ ਗਿਆ। ਕਦੀ ਫ਼ਤਹਿ ਪਾਈ ਕਦੀ ਭਾਂਜ ਖਾਧੀ, ਅੰਤ ਸਾਕਿਆਂ ਨੇ ਹਿੰਦੂ ਰਾਜ ਨੂੰ ਨਾਸ ਕਰਕੇ ਅਪਨਾ ਕੰਮ ਕਰ ਲਿਤਾ।

———

## ਭਾਗ ਦੂਜਾ

### ਰਾਜਾ ਰਸਾਲੂ ਕਹਾਣੀਆਂ ਤੇ ਵਾਰਾਂ ਦਾ ਹੀਰੋ

ਕਿੱਸੇ ਕਹਾਣੀਆਂ ਇਕ ਸੁਣੀਆਂ ਸੁਣਾਈਆਂ ਗੱਲਾਂ ਹੁੰਦੀਆਂ ਨੇ, ਤੇ ਇਹ ਜ਼ਬਾਨੋਂ ਜ਼ਬਾਨੀ ਚਲਦੀਆਂ ਰਹਿੰਦੀਆਂ ਨੇ। ਜਦ ਪੰਜਾਬ ਦੀ ਕਹਾਣੀ ਜਮਨਾ ਪਾਰ ਪੁੱਜੀ ਤਾਂ ਓਥੋਂ ਦੇ ਲੋਕਾਂ ਨੇ ਉਸ ਨੂੰ ਕੁਝ ਦੇਸੀ ਰੰਙਣ ਦੇ ਦਿਤੀ, ਤੇ ਅਪਣੇ ਦੇਸ ਦੀ ਕੋਈ ਹੋਰ ਉਸੇ ਤਰ੍ਹਾਂ ਦੀ ਰਵੈਤ ਹੋਈ ਤਾਂ ਨਾਲ ਮਿਲਾ ਦਿਤੀ। ਇਸੇ ਤਰ੍ਹਾਂ ਸਦੀਆਂ ਪਿਛੋਂ ਜੋ ਕਹਾਣੀ ਤੇ ਵਾਰਤਾ ਸਾਡੇ ਕੋਲ ਪੁੱਜਦੀ ਹੈ ਓਹ ਨਿਰੋਲ ਇਤਿਹਾਸ ਨਹੀਂ ਹੁੰਦੀ, ਉਹ ਮਨ-ਘੜਤ ਕਹਾਣੀਆਂ ਤੇ ਰਵੈਤਾਂ ਦੇ ਭੋਹ ਜਾਂ ਪ੍ਰਾਲੀ ਦਾ ਇਕ ਬੋਹਲ ਹੁੰਦਾ ਹੈ, ਜਿਸ ਵਿਚ ਸੱਚੇ ਇਤਿਹਾਸ ਦੇ ਕੁਝ ਦਾਣੇ ਰਲੇ ਮਿਲੇ ਜ਼ਰੂਰ ਹੁੰਦੇ ਨੇਂ। ਹੁਣ ਇਸ ਢੇਰ ਪੁਰਾਣੀ ਧੜ ਵਿਚੋਂ ਨਿਕਲੇ ਦਾਣੇ ਤੋਂ ਪਤਾ ਲਾਓਣਾ ਕਿ ਉਹ ਕਿਸ ਪੈਲੀ ਦਾ ਦਾਨਾ ਜਾਂ ਕਿਸ ਫ਼ਲਸ ਦਾ ਦਾਨਾ ਹੈ ਬੜਾ ਔਖਾ ਕੰਮ ਹੈ। ਕਹਾਣੀਆਂ ਤੇ ਰਵੈਤਾਂ ਇਕ ਦੇਸ ਤੋਂ ਦੂਜੇ ਦੇਸ ਸਫ਼ਰ ਕਰਦੀਆਂ ਰਹਿੰਦੀਆਂ ਹੈਨ, ਕਿਉਂ ਜੋ ਕਹਾਣੀਆਂ ਦਾ ਕੰਨ-ਰਸ ਸਭਨਾਂ ਨੂੰ ਹੈ। ਚਾਹੇ ਉਹ ਪਛਮ ਦੇ ਚਾਹੇ ਪੂਰਬ ਦੇ। ਚਾਹੇ ਰੋਮਨ, ਚਾਹੇ ਅਰਬ; ਚਾਹੇ ਈਰਾਨੀ, ਚਾਹੇ ਹਿੰਦੀ। ਪਿਛਲੇ ਸਮਿਆਂ ਵਿਚ ਢੇਰ, ਤੇ ਹੁਣ ਵੀ ਬਥੇਰਾ ਰਵਾਜ ਹੈ ਕਿ ਰਾਤ ਨੂੰ ਜਦ ਕੰਮ ਧੰਧੇ ਤੋਂ ਵੇਹਲੇ ਹੋਏ, ਲਗੇ ਕਹਾਣੀਆਂ ਨਾਲ ਦਿਲ ਪਰਚਾਉਣ। ਇਹ ਨੀਂਦਰ ਦੀ ਗੁੜ੍ਹਤੀ ਕਹੀ ਜਾਂਦੀ ਹੈ। ਹੁਣ ਵੀ ਘਰ ਘਰ ਬਾਲ ਕਹਾਣੀਆਂ ਦੇ ਪਿਆਰੇ ਹੁੰਦੇ ਨੇਂ। ਏਸੇ ਤਰ੍ਹਾਂ ਜਦ ਪਿਛਲੇ ਸਮਿਆਂ ਵਿਚ ਲੋਕ ਕਾਫ਼ਲਿਆਂ (ਸੰਗਾਂ) ਵਿਚ ਹੌਲੀ ਹੌਲੀ ਇਕ ਦੇਸੋਂ ਦੂਜੇ ਦੇਸ ਸਫ਼ਰ ਕਰਨ ਜਾਂਦੇ ਸਨ, ਤਦ ਅਪਣੇ ਦੇਸ ਦੇ ਮਾਲ ਅਸਬਾਬ ਦੇ ਨਾਲ ਆਪਣੇ ਦੇਸ ਦੀਆਂ ਕਹਾਣੀਆਂ ਰਵੈਤਾਂ ਵੀ ਵਟਾਂਦਰੇ ਲਈ ਲੈ ਜਾਂਦੇ ਸਨ। ਏਸੇ ਤਰ੍ਹਾਂ ਜਦ ਇਕ ਕੌਮ ਦੂਜੇ ਨੂੰ ਫ਼ਤਹਿ ਕਰਦੀ ਸੀ ਤੇ ਕੁਝ ਚਿਰ ਲਈ ਓਥੇ ਰਾਜ ਕਰਦੀ ਸੀ ਤਾਂ, ਦੋਹਾਂ ਕੌਮਾਂ ਦੀਆਂ ਕਹਾਣੀਆਂ ਤੇ ਰਵੈਤਾਂ ਦਾ ਵਟਾਂਦਰਾ ਹੋ ਜਾਂਦਾ ਸੀ।

ਸੰਸਕ੍ਰਿਤ ਦੀਆਂ ਕਈ ਕਹਾਣੀਆਂ ਦਾ ਅਰਬੀ, ਫੇਰ ਫ਼ਾਰਸੀ ਵਿਚ ਉਲਥਾ



Sri Satguru Jagjit Singh Ji Elibrary NamdhariElibrary@gmail.com

ਹੋਇਆ। ਜੀਤਣ: ਕਲੇਲਾ ਦਮਨਾ, ਅਨੁਵਾਰ ਸੁਹੇਲੀ, ਹਿਤੁ ਉਪਦੇਸ। ਰਾਮਾਇਣ ਦੀ ਕਹਾਣੀ ਨਵੇਂ ਰੰਗ ਵਿਚ ਯੂਨਾਨ ਦੇ ਹੋਮਰ ਦੀ ਕਵਿਤਾ ਦਾ ਸ਼ਿੰਗਾਰ ਬਣੀ। ਹੀਰ ਰਾਂਝੇ ਦੀ ਕਹਾਣੀ ਦੀ ਪਛਮੀ ਭੈਣ ਔਰਲੀਐਂਡਰ ਤੇ......ਦੀ ਕਹਾਣੀ ਹੈ, ਅਲਫ਼ ਲੈਲਾਂ ਦੀਆਂ ਕਹਾਣੀਆਂ, ਹਾਤਮਤਾਈ ਦੀਆਂ ਕਹਾਣੀਆਂ, ਤੋਤਾ ਕਹਾਣੀਆਂ ਆਦਿ ਸਭ ਰਲੇ ਮਿਲੇ ਦੇਸਾਂ ਦੀਆਂ ਕਹਾਣੀਆਂ ਤੇ ਰਵੈਤਾਂ ਦਾ ਕੱਠ ਹੈ। ਇਸ ਕਰ ਕੇ ਰਾਜਾ ਰਸਾਲੂ ਦੀਆਂ ਕਹਾਣੀਆਂ ਨਿਰੋਲ ਰਸਾਲੂ ਦੀਆਂ ਕਹਾਣੀਆਂ ਨਹੀਂ ਜਾਨਣੀਆਂ ਚਾਹੀਏ। ਖਬਰੇ ਕਿਥੋਂ ਕਿਥੋਂ ਦੇ ਖੋਲਿਆਂ ਦੀਆਂ ਇਟਾਂ ਨਾਲ ਇਹ ਉਸਾਰੀ ਬਣੀ ਹੈ। ਦੂਰ ਨ ਜਾਉ, ਰਿਸਾਲੂ ਦੀ ਇਕ ਮਸ਼ਹੂਰ ਕਹਾਣੀ "ਸ਼ੀਲਾ ਦੇਦੀ" ਦੀਆਂ ਅਡ ਅਡ ਕਥਾ ਹੈਨ।

ਇਕ ਵਿਚ ਸ਼ੀਲਾ ਦੇਦੀ ਮਹਿਤੇ ਮਹਾਜਨ ਦੀ ਵਹੁਟੀ ਸੀ ਜਿਹੜਾ ਅਗ੍ਰੋਹੇ ਦਾ ਬਾਣੀਆ ਸੀ, ਤੇ ਦੂਜੀ ਵਿਚ ਮਹਿਤਾ ਚੋਪੜਾ ਖਤਰੀ ਬਣਾਇਆ ਤੇ ਰਾਣੀ ਦਾ ਨਾਂ ਚਾਂਦਨੀ ਰਖ ਦਿਤਾ (ਵੇਖੋ Legends of Punjab No. IX P.p. 35-40) ਤੇ ਸ੍ਵਿਨੂਟਨ ਇਸ ਕਹਾਣੀ ਦਾ ਜ਼ਿਕਰ ਨਹੀਂ ਕਰਦਾ।

ਫੇਰ ਰਸਾਲੂ ਦੀਆਂ ਵਾਰਾਂ ਜਿਹੜੀਆਂ ਪ੍ਰਚਲਤ ਹੈਨ ਉਹ ਸੌ ਦੋ ਸੌ ਵਰ੍ਹਿਆਂ ਤੋਂ ਪੁਰਾਣੀਆਂ ਨਹੀਂ। ਇਸ ਕਰਕੇ ਨਾਂ ਤੇ ਕਹਾਣੀਆਂ ਈ ਤੇ ਨਾਂ ਈ ਵਾਰਾਂ, ਇਤਿਹਾਸ ਦੇ ਤੁਲ ਹੈਨ।

ਰਸਾਲੂ ਦੀਆਂ ਵਾਰਾਂ ਤੇ ਕਹਾਣੀਆਂ ਸਾਡੇ ਕੋਲ ਦੋ ਪ੍ਰਸਿਧ ਕਹਾਣੀ ਵਿਦਿਆ ਦੇ ਖੋਜੀਆਂ ਦੀ ਰਾਹੀਂ ਪੁਜੀਆਂ ਨੇ :—

(੧) ਸਰ ਰਿਚੂਡ ਟੈਂਪਲ (Sir Richard Temple-Legends of the Punjab)

(੨) ਪਾਦਰੀ ਸ੍ਵਿਨੂਟਨ (Revd. C. Swynnerton, F. S. A. Romantic Tales from the Punjab).

ਸਰ ਰਿਚਰਡ ਟੈਂਪਲ ਦੀ ਵਡਿਆਈ ਇਸ ਗਲ ਵਿਚ ਹੈ, ਕਿ ਉਸ ਨੇ ਪ੍ਰਚਲਤ ਵਾਰਾਂ ਤੇ ਕਹਾਣੀਆਂ ਅਸਲੀ ਜ਼ਬਾਨ ਵਿਚ ਕੱਠੀਆਂ ਕਰਕੇ, ਉਨ੍ਹਾਂ ਦੇ ਅੰਗਰੇਜ਼ੀ ਉਲੱਥੇ ਨਾਲ ਦੇ ਦਿਤੇ ਨੇ। ਤੇ ਸ੍ਵਿਨੂਟਨ ਸਾਹਿਬ ਨੇ ਸਿਰਫ਼ ਅਪਣੀ ਜ਼ਬਾਨ ਅੰਗਰੇਜ਼ੀ ਵਿਚ ਈ ਕਹਾਣੀਆਂ ਦਿਤੀਆਂ ਹੈਨ ਇਸ ਕਰਕੇ ਅਸਲ ਤੇ ਉਲੱਥੇ ਦਾ ਮੁਕਾਬਲਾ ਨਹੀਂ ਹੋ ਸਕਦਾ। ਅਸੀਂ ਪਹਿਲੇ ਟੈਂਪਲ ਸਾਹਿਬ ਦੀਆਂ ਕਹਾਣੀਆਂ ਤੇ ਵਾਰਾਂ ਦਾ ਈ ਹਾਲ ਲਿਖਦੇ ਹਾਂ। ਸ੍ਵਿਨੂਟਨ ਦੀਆਂ ਦਿਤੀਆਂ ਕਹਾਣੀਆਂ ਦੀ ਪੜਤਾਲ ਇਸ ਤੋਂ ਪਿਛੋਂ ਕੀਤੀ ਜਾਵੇਗੀ।

Sri Satguru Jagjit Singh Ji Elibrary NamdhariElibrary@gmail.com

## ਰਸਾਲੂ--ਟੈਂਪਲ ਸਾਹਿਬ ਦੀ ਖੋਜ ਦਾ ਸਿੱਟਾ

ਮੁੱਦਤਾਂ ਗੁਜ਼ਰ ਗਈਆਂ, ਸਿਆਲਕੋਟ ਵਿਚ ਇਕ ਰਾਜਾ ਸਲਵਾਹਨ ਸੀ, ਜਿਸ ਦਾ ਸਾਕਾ ਸੰਮਤ ਮਸੀਹ ਤੋਂ ੭੯ ਵਰ੍ਹੇ ਪਿਛੇ ਟਰਿਆ। ਸਲਵਾਹਨ ਦੀਆਂ ਦੋ ਰਾਣੀਆਂ ਸਨ, ਇਕ ਇਛਰਾਂ ਜਿਸ ਦਾ ਪੁੱਤਰ ਪੂਰਨ ਸੀ, ਜਿਹੜਾ ਪਿਛੋਂ ਮਸ਼ਹੂਰ ਜੋਗੀ ਪੂਰਨ ਭਗਤ ਬਣਿਆ। ਤੇ ਦੂਜੀ ਲੂਣਾਂ। ਲੂਣਾਂ ਰਾਜੇ ਨੇ ਬੁਢੇਪੇ ਵੇਲੇ ਵਿਆਹੀ ਸੀ। ਜਦ ਪੂਰਨ ਜੁਆਨ ਹੋਇਆ ਤੇ ਲੂਣਾਂ ਦੇ ਮਹੱਲੀਂ ਦਰਸ਼ਨਾਂ ਨੂੰ ਆਇਆ ਤਾਂ ਲੂਣਾਂ ਉਸ ਤੇ ਆਸ਼ਕ ਹੋ ਗਈ, ਅਤੇ ਪੂਰਨ ਨੂੰ ਬਥੇਰਾ ਆਖਿਆ ਕਿ ਉਸ ਨਾਲ ਮੰਦਾ ਕੰਮ ਕਰੇ, ਪਰ ਰਬ ਦੇ ਪਿਆਰੇ ਪੂਰਨ ਨੇ ਨਾ ਮੰਨਿਆ ਤੇ ਪੱਲਾ ਛੁਡਾ ਕੇ ਮਹੱਲੋਂ ਹੇਠਾਂ ਨਠ ਆਇਆ। ਲੂਣਾਂ ਨੇ ਮਕਰ ਜਗਾਇਆ, ਤੇ ਰਾਜੇ ਨੂੰ ਕੂੜ ਬਤਾਇਆ ਕਿ ਪੂਰਨ ਨੇ ਮੈਨੂੰ ਛੇੜ ਕੇ ਬੇ-ਪਤੀ ਕੀਤੀ ਹੈ। ਸਲਵਾਹਨ ਲੂਣਾਂ ਦੇ ਰੂਪ ਦਾ ਮਤਾ ਸੀ। ਬਸ ਉਸ ਦੀ ਸ਼ਿਕਾਇਤ ਨੂੰ ਸਚੀ ਜਾਣ, ਪੂਰਨ ਵਿਚਾਰੇ ਬੇਦੋਸੇ ਦੇ ਹਥ ਪੈਰ ਵਢ ਕੇ ਖੂਹ ਵਿਚ ਸੁਟਾ ਦਿਤਾ। ਹਨੇਰ !

ਰਬ ਦਾ ਭਾਣਾ ਗੁਰੂ ਗੋਰਖ ਨਾਥ ਦਾ ਟੋਲਾ ਓਧਰ ਆ ਨਿਕਲਿਆ, ਜੋਗੀ ਪਾਣੀ ਭਰਨ ਗਏ ਤਾਂ ਵਿਚੋਂ ਪੂਰਨ ਦੀ ਅਵਾਜ਼ ਆਈ, ਡਰ ਕੇ ਗੁਰੂ ਕੋਲ ਆਏ, ਤੇ ਖੂਹ ਵਿਚ ਕੋਈ ਚੁੜੇਲ ਭੂਤਨਾ ਦਸਿਆ। ਵੇਖਿਆ ਤੇ ਮਰਦ-ਬੱਚਾ। ਗੁਰੂ ਨੇ ਕਢਣ ਦਾ ਹੁਕਮ ਦਿਤਾ। ਕਢ ਲਿਆਏ। ਰੂਪ ਵੇਖ ਹੈਰਾਨ। ਗੁਰੂ ਗੋਰਖ ਨਾਥ ਨੇ, ਸਾਬਤ ਕਲਬੂਤ ਕਰ ਕੇ, ਆਪਣਾ ਚੇਲਾ ਬਣਾਇਆ, ਕੰਨ ਪਾੜ ਮੁੰਦਰਾਂ ਪਾ ਜੋਗੀ ਸਜਾਇਆ। ਏਧਰ ਏਹ ਤੇ ਓਧਰ ਰਾਣੀ ਇਛਰਾਂ ਨੇ ਰੋ ਰੋ ਕੇ ਆਪਣੀਆਂ ਅਖੀਆਂ ਦੀ ਲੋ ਵੰਞਾ ਦਿਤੀ। ਲੂਣਾਂ ਵਰ੍ਹਿਆਂ ਬਧੀ ਬੇ-ਔਲਾਦ ਰਹੀ। ਰਾਜਾ ਸਲਵਾਹਨ ਪਛਤਾਵੇ, "ਫਿਰ ਪਛਤਾਏ ਕਿਆ ਹੋਇ, ਜਬ ਚਿੜੀਆਂ ਚੁਗ ਗਈਂ ਖੇਤ"। ਮੁਦਤਾਂ ਪਿਛੋਂ ਪੂਰਨ ਨੇ ਗੁਰੂ ਦੇ ਹੁਕਮ ਨਾਲ, ਆਪਣੇ ਦੇਸ ਫੇਰਾ ਪਾਇਆ, ਰਾਜੇ ਦੇ ਸੁਕੇ ਬਾਗ਼ ਵਿਚ ਡੇਰਾ ਲਾਇਆ। ਸੁਕੇ ਰੁਖਾਂ ਬੂਟਿਆਂ ਤੇ ਜਲ ਛਿਣਕਿਆ ਤਾਂ ਸਭ ਹਰੇ ਹੋ ਗਏ। ਸਾਰੇ ਸ਼ਹਿਰ ਜੋਗੀ ਦੀ ਧੁੰਮ ਪੈ ਗਈ, ਰਾਜੇ ਤੇ ਰਾਣੀਆਂ ਨੂੰ ਖ਼ਬਰ ਹੋਈ। ਰਾਜਾ ਤੇ ਲੂਣਾਂ ਜੋਗੀ ਕੋਲੋਂ ਪੁੱਤ ਦੀ ਦਾਤ ਮੰਗਣ ਗਏ। ਹਥ ਜੋੜ ਕੇ ਬੇਨਤੀ ਕਰਨ ਲਗੇ। ਪੂਰਨ ਆਖਿਆ: "ਹੇ ਰਾਜਾ ਤੇਰਾ ਇਕ ਪੁਤ ਅਗੇ ਸੀ, ਉਹ ਕਿਥੇ ਹੈ ? ਤੇਰੀ ਇਕ ਹੋਰ ਰਾਣੀ ਹੈ, ਉਹ ਕਿਥੇ ਹੈ ? ਬੁਲਾਉ" ਰਾਜੇ ਆਪਣੀ ਛੁਟੜ ਰਾਣੀ ਇਛਰਾਂ ਨੂੰ ਬੁਲਾਇਆ। ਰਾਣੀ ਅੰਨ੍ਹੀ ਸੀ। ਪੂਰਨ ਨੇ ਫੇਰ ਪੁਛਿਆ ਦਸੋ ਰਾਜਾ ਜੀ, ਤੇ ਦਸ ਰਾਣੀ ਲੂਣਾਂ, ਸਚੋ ਸਚ, ਕਿ ਪਹਿਲੇ ਪੁੱਤਰ ਨਾਲ ਕੀ ਹੋਇਆ ? ਰਾਣੀ ਲੂਣਾਂ ਨੇ ਪੁੱਤ ਦਾ ਵਰ ਲੈਣ ਦੀ ਖਾਹਸ਼ ਵਿਚ ਸਭ ਹਾਲ ਸਚੋ ਸਚ ਦਸ ਦਿਤਾ। ਰਾਣੀ ਇਛਰਾਂ ਤੇ ਰਾਜਾ ਸਲਵਾਹਨ ਨੇ ਸੁਣਿਆ। ਪੂਰਨ ਖੁਸ਼ ਹੋਇਆ। ਉਸ ਨੇ ਰਾਣੀ

Sri Satguru Jagjit Singh Ji Elibrary NamdhariElibrary@gmail.com

ਇਛਰਾਂ ਦੇ ਨੇਤਰ ਫੇਰ ਰੌਸ਼ਨ ਹੋਣ ਲਈ ਪ੍ਰਾਰਥਨਾ ਕੀਤੀ, ਰਬ ਦਾ ਭਾਣਾ ਰਾਣੀ ਦੇ ਨੈਣ ਨੌ-ਬਰਨੌ ਹੋ ਗਏ। ਸਭ ਜੋਗੀ ਦੀ ਵਾਹ ਵਾ ਕਰਨ। ਪੂਰਨ ਨੇ ਆਖਿਆ : ਵੇਖ ਮਾਤਾ, ਤੇਰਾ ਗੁਆਚਾ ਪੁਤਰ, ਪੂਰਨ ਤੇਰੇ ਸ ਹਮਣੇ ਬੈਠਾ ਹੈ। ਰਾਣੀ ਵੇਖ ਖੁਸ਼ੀ ਹੋਈ, ਨੇਤਰਾਂ ਵਿਚ ਜਲ, ਥਣਾਂ ਤੋਂ ਬੱਤੀ ਧਾਰਾਂ ਛੁਟ ਪਈਆਂ। ਪੁੱਤਰ ਨੂੰ ਗਲ ਲਾਇਆ। ਰਾਜੇ ਵੀ ਹਿਕ ਨਾਲ ਲਾਇਆ। ਲੂਣਾਂ ਪਸ਼ੇਮਾਨ ਭਲਾਂ ਬਖਸ਼ਾਏ। ਪੂਰਨ ਨੇ ਆਖਿਆ ਰਬ ਨੇ ਬਖਸ਼ਣਾਂ ਹੈ। ਰਾਜੇ ਸਲਵਾਹਨ ਤੇ ਇਛਰਾਂ ਨੇ ਘਰ ਚਲਣ ਲਈ ਬਥੇਰਾ ਆਖਿਆ ਪਰ ਪੂਰਨ ਨਾ ਮੰਨਿਆ। ਅੰਤ ਉਸ ਨੇ ਚਾਉਲਾਂ ਦਾ ਦਾਣਾ ਲੂਣਾਂ ਨੂੰ ਦਿੱਤਾ ਤੇ ਆਖਿਆ ਮਾਤਾ ਤੇਰੀ ਕੁਖੋਂ ਇਕ ਬਹਾਦਰ ਪੁਤਰ ਜੰਮੇਗਾ। ਕੁਲ ਦਾ ਨਾਂ ਕਢੇਗਾ। ਪਰ ਤੇਰੇ ਕੋਲ ਨਹੀਂ ਰਹੇਗਾ। ਤੂੰ ਵੀ ਉਸ ਦੇ ਦਰਸ਼ਨ ਤੋਂ ਉਵੇਂ ਈ ਤਰਸੇਂਗੀ ਜੀਕਣ ਰਾਣੀ ਇਛਰਾਂ ਤਰਸਦੀ ਰਹੀ। ਪੂਰਨ ਵਰ ਦੇਕੇ ਰਮ ਗਿਆ। ਚਿਰਾਂ ਪਿਛੋਂ ਲੂਣਾਂ ਦੇ ਘਰ ਪੁਤ ਜੰਮਿਆ ਜਦ ਰਾਣੀ ਗਰਭ ਵਤੀ ਸੀ ਤਾਂ ਜੋਗੀ ਉਸ ਦੇ ਦੁਆਰੇ ਆਏ ਤੇ ਅਲਖ ਜਗਾਈ। ਰਾਣੀ ਲੂਣਾਂ ਪੁਛਿਆ ਦਸੋ ਮੇਰੇ ਘਰ ਕੀ ਜੰਮੇਗਾ। ਜੋਗੀ ਨੇ ਆਖਿਆ, ਤੇਰੇ ਘਰ ਪੁਤ ਜੰਮੇਗਾ ਬੜਾ ਬਹਾਦਰ। ਪਰ ਮਾਤਾ ਪਿਤਾ ਨੇ ਬਾਰਾਂ ਵਰ੍ਹੇ ਮੂੰਹ ਨਹੀਂ ਲਗਣਾ, ਜੇ ਮੂੰਹ ਲਗੇ ਤਾਂ ਮੌਤ ਹੋ ਜਾਵੇਗੀ। ਰਾਣੀ ਨੇ ਰਾਜੇ ਨੂੰ ਅਖਾ ਘਲਿਆ, ਰਾਜਾ ਨੇ ਜੋਗੀਆਂ ਨੂੰ ਦਰਬਾਰ ਬੁਲਾਇਆ ਤੇ ਇਕ ਗਰਭ ਵਾਲੀ ਬਕਰੀ ਵਿਖਾ ਕੇ ਪੁਛਿਆ ਇਸ ਦੇ ਪੇਟ ਵਿਚ ਬੱਚਾ ਨਰ ਹੈ ਜਾਂ ਮਾਦਾ ? ਜੋਗੀ ਨੇ ਆਖਿਆ ਨਰ। ਤਾਂ ਰਾਜੇ ਨੇ ਬੱਕਰੀ ਦਾ ਪੇਟ ਚਿਰਵਾ ਕੇ ਪ੍ਰੀਖਿਆ ਕੀਤੀ, ਸਚ ਪਾਇਆ। ਜੋਗੀ ਨੂੰ ਮੱਥਾ ਟੇਕਿਆ। ਭੇਟਾ ਦੇਕੇ ਵਿਦਿਆ ਕੀਤੇ।

ਅਗਲੇ ਮੰਗਲਵਾਰ ਰਾਣੀ ਲੂਣਾਂ ਦੇ ਘਰ ਪੁਤਰ ਜੰਮਿਆ। ਜਿਸ ਦੀ ਖ਼ਬਰ ਗੋਲੀ ਨੇ ਰਾਜੇ ਨੂੰ ਪੁਚਾਈ। ਲੜਕਾ ਬੜਾ ਈ ਸੁਹਣਾ ਸੀ, ਗੋਲੀ ਨੇ ਰਾਜੇ ਨੂੰ ਆਖਿਆ :—

ਵਿਚ ਕਚਹਿਰੀ ਬੈਠਿਆਂ, ਘਰ ਆਏ ਜਜਮਾਨ।
ਅਵਲ ਘੀਉ ਗੁੜ ਮੰਗਦੇ ਫਿਰ ਦੋ ਬਕਰੇ ਅਲਵਾਨ।
ਨਾਂ ਅਲਵਾਨੇਂ ਪਸਲੀਆਂ, ਨਾ ਮਹਿਮਾਨਾ ਦੰਦ।
ਇਹ ਬੁਝਾਰਤ ਬੁਝਕੇ, ਘਰ ਆਉ ਜਲਦ ਚਲ ਬੰਦ।

ਰਾਜੇ ਨੇ ਆਖਿਆ :—

ਰੰਗ ਬੱਗੇ ਮੂੰਹ ਸਾਂਵਲੇ, ਜੰਮਨ ਪਾੜ ਸਰੀਰ।
ਇਹ ਬੁਝਾਰਤ ਬੁਝ ਲੈ, ਜਾਕੇ ਦਿਉ ਖੰਡ ਤੇ ਖੀਰ।

ਇਹ ਖ਼ਬਰ ਸੁਣ ਕੇ ਰਾਜੇ ਨੇ ਆਪਣੇ ਸਿਆਣੇ ਵਜ਼ੀਰ ਨੂੰ ਬੁਲਾਇਆ। ਤੇ ਹੁਕਮ ਦਿਤਾ ਨਵੇਂ ਜੰਮੇ ਕੁਮਾਰ ਨੂੰ ਇਕ ਭੋਰੇ ਪਾਉ। ਦੁਧ ਪਿਲਾਣ ਲਈ ਤੇ ਉਸ ਦੇ ਪਾਲਣ ਨੂੰ ਦਾਈਆਂ। ਤੇ ਅਜ ਦੇ ਜੰਮੇ ਵਛੇਰੇ ਨੂੰ ਵੀ ਨਾਲ ਈ ਰੱਖੋ। ਖੁਰਾਕ, ਕਪੜੇ

Sri Satguru Jagjit Singh Ji Elibrary NamdhariElibrary@gmail.com

ਜਿਸਦੀ ਲੋੜ ਹੋਵੇ ਭੋਰੇ ਵਿਚ ਪੁਚਾਉ। ਇਕ ਤੋਤਾ ਬਾਲ ਦਾ ਦਿਲ ਪਰਚਾਵਾ ਘੱਲਿਆ। ਭੋਰਾ ਕਾਹਦਾ ਸੀ ਇਕ ਵਖਰਾ ਕਿਲ੍ਹਾ ਸੀ। ਵਜ਼ੀਰ ਨੇ ਹੁਕਮ ਮੰਨਿਆ। ਯਾਰਾਂ ਵਰਿਹਾਂ ਵਿਚ ਰਸਾਲੂ ਤਕੜਾ ਹੋ ਗਿਆ ਅਰ ਉਸਨੇ ਮਹੱਲੀਂ ਜਾਕੇ ਮਾਤਾ ਪਿਤਾ ਦੇ ਦਰਸ਼ਨ ਕਰਨੇ ਚਾਹੇ, ਪਰ ਜੋਤਸ਼ੀਆਂ ਨੇ ਆਖਿਆ ਇਕ ਵਰ੍ਹਾ ਹੋਰ, ਭੋਰੇ ਵਿਚ ਈ ਰਖੋ। ਰਸਾਲੂ ਮੰਨੇ ਨਹੀਂ, ਹੁਣ ਹੋਸ਼ ਸੰਭਾਲ ਚੁਕਾ ਸੀ, ਭਲਾ ਪਿੰਜਰੇ ਵਿਚ ਰਸਾਲੂ ਜਿਹਾ ਪੰਛੀ ਕਿਥੇ ਰਹਵੇ। ਘੋੜਾ ਵੀ ਜੁਆਨ ਤਿਆਰ ਸੀ। ਬਸ ਇਕ ਦਿਨ ਬਾਹਰ ਜਾਣ ਨੂੰ ਤਿਆਰ ਹੋ ਪਿਆ। ਪਰ ਗੋਲੀ ਨੇ ਅਰਜ਼ ਕੀਤੀ ਕਿ ਬਾਹਰ ਜਾਣ ਤੋਂ ਪਹਿਲੇ ਫਲਾਣੇ ਦਰਿਆ ਵਿਚ ਇਸ਼ਨਾਨ ਕਰਨਾ, ਫੇਰ ਜਾਣਾ। ਰਸਾਲੂ ਨੇ ਮੰਨ ਲਿਆ।

ਭਟ ਗਾਉਂਦੇ ਨੇ ਕਿ ਜਿਸ ਦਿਨ ਰਸਾਲੂ ਜੰਮਿਆ ਸੀ ਤੇ ਉਸ ਨੂੰ ਭੋਰੇ ਵਿਚ ਬੰਦ ਕੀਤਾ ਸੀ, ਉਸ ਦਿਨ ਕਿਸੇ ਠਾਜੇ ਦੀ ਬੇਟੀ ਨੇ ਪ੍ਰੱਣ ਕੀਤਾ ਸੀ ਕਿ ਜੇ ਵਿਆਹ ਕਰਾਂਗੀ ਤਾਂ ਰਸਾਲੂ ਨਾਲ ਕਰਾਂਗੀ, ਇਸ ਕਰਕੇ ਉਸ ਨੇ ਇਕ ਧਉਲਰ ਉਸ ਰਾਹ ਦੇ ਲਾਗੇ ਬਣਾਇਆ ਜਿਹੜਾ ਰਸਤਾ ਭੋਰੇ ਤੋਂ ਦਰਿਆ ਵਲ ਜਾਂਦਾ ਸੀ। ਅਤੇ ਉਸਨੇ ਸੌਂਹ ਖਾਧੀ ਸੀ ਕਿ ਉਹ ਬਾਰਾਂ ਵਰ੍ਹੇ ਓਸੇ ਧਉਲਰ ਵਿਚ ਰਹਵੇਗੀ। ਹੁਣ ਜਦ ਉਸ ਦੀ ਉਡੀਕ ਦੇ ਦਿਹਾੜੇ ਮੁਕਣ ਤੇ ਆਏ, ਤੇ ਰਸਾਲੂ ਦਰਿਆ ਨ੍ਹਾਉਣ ਚਲਿਆ ਤਾਂ ਰਾਜ ਕੁਮਾਰੀ ਨੇ ਘੋੜੇ ਤੇ ਸਵਾਰ ਰਾਜਕੁਮਾਰ ਨੂੰ ਵੇਖ ਕੇ ਆਖਿਆ :—

ਜਿਸ ਦਿਨ ਤੂੰ ਜੰਮਿਆ, ਮੈਂ ਬੈਠੀ ਧਉਲਰ ਪਾ।
ਜੇ ਤੂੰ ਰਾਜਪੂਤ ਹੈਂ, ਤਾਂ ਮੈਨੂੰ ਮੂੰਹ ਦਿਖਾ।

ਨੋਟ—ਰਸਾਲੂ ਨੂੰ ਮਨ੍ਹਾਂ ਸੀ ਕਿ ਇਸ਼ਨਾਨ ਕੀਤੇ ਬਿਨਾ ਕਿਸੇ ਨੂੰ ਮੂੰਹ ਨਾ ਵਿਖਾਦੀਂ। ਰਾਜਾ ਚੁਪ ਰਿਹਾ ਤੇ ਦਰਿਆ ਵਲ ਟੁਰਿਆ ਗਿਆ। ਰਾਜ ਕੁਮਾਰੀ ਨੇ ਅਪਣਾ ਰੂਪ ਚੀਲ ਦਾ ਵਟਾਇਆ ਤੇ ਰਾਜੇ ਦੇ ਘੋੜੇ ਉਪਰ ਉਡਦੀ, ਅਪਣੇ ਪਰਾਂ ਦੀ ਛਤ੍ਰ ਛਾਇਆ ਕਰਦੀ ਰਹੀ, ਧੁਪ ਤੋਂ ਰਾਜੇ ਨੂੰ ਬਚਾਂਦੀ ਰਹੀ। ਫੇਰ ਰਾਜਾ ਨੇ ਵੇਖਕੇ ਆਖਿਆ :—

---

ਨੋਟ :—ਉਪਰਲੀ ਵਾਰਤਾ ਵਿਚ ਜੋ ਛੰਦਾਂ ਦੀਆਂ ਕਲੀਆਂ ਹੈਨ ਉਹ ਅਸਾਂ ਟੈਂਪਲ ਸਾਹਿਬ ਦੀ ਕਿਤਾਬ (Legends of the Punjab) ਸਫ਼ੇ ੧ ਤੋਂ ੬੫ ਤਕ ਵਿਚੋਂ ਲਈਆਂ। ਇਸ ਕਵਿਤਾ ਦੀ ਜ਼ਬਾਨ ਜ਼ਰੂਰ ਸੋਧੀ ਹੈ। ਕਿਉਂ ਜੋ ਇਨ੍ਹਾਂ ਕਲੀਆਂ ਦੀ ਜ਼ਬਾਨ ਠੇਠ ਪੰਜਾਬੀ ਨਹੀਂ। ਭੱਟਾਂ ਤੇ ਢਾਢੀਆਂ ਦੀਆਂ ਜ਼ਬਾਨਾਂ ਵਿਚੋਂ ਨਿਕਲਦੀ ਅਦਲ ਬਦਲ ਗਈ। ਇਸ ਕਹਾਣੀ ਨੂੰ ਕਵਿਤਾ ਸਮੇਤ ਰਾਵਲਪਿੰਡੀ ਦੇ ਇਲਾਕੇ ਦੇ ਕਿਸੇ ਪਟਵਾਰੀ ਨੇ ੧੮੬੯ ਵਿਚ ਕਿਸੇ ਮਰਾਸੀ ਜਾਂ ਢਾਢੀ ਕੋਲੋਂ ਸੁਣਕੇ ਲਿਖਿਆ ਸੀ।

Sri Satguru Jagjit Singh Ji Elibrary NamdhariElibrary@gmail.com

ਇਲੇਂ ਗਗਨ ਭਵੇਂਦੀਏ, *ਬਨੇਟੀ ਆਦਮ ਲੇਟ।
ਤਰਕਸ਼ੋਂ ਕਢਾਂ ਮੈਂ ਕਾਨੀਆਂ, ਚੀਰਾਂ ਤੇਰਾ ਪੇਟ।
ਤੂੰ ਆਵੇਂ ਮੇਰਿਆਂ ਪੈਰਾਂ ਦੇ ਹੇਠ।

ਨੋਟ—"ਬਨੇਟੀ ਆਦਮ ਲੇਟ" ਦਾ ਅਰਥ ਟੈਂਪਲ ਸਾਹਿਬ ਕਰਦੇ "ਤੇਰੇ ਹੇਠਾਂ ਇਕ ਮਨੁਖ ਹੈ"। ਲੇਟ ਦੀ ਥਾਂ ਹੇਠ ਚਾਹੀਏ। ਬਨੇਟੀ-ਲਾੜੀਏ।

ਚੀਲ (ਰਾਜ ਕੁਮਾਰੀ) ਨੇ ਉਤਰ ਦਿਤਾ—

ਟਮਨ ਮਾਰਨ ਟਾਮਨੀਂ, ਸ਼ਾਹ ਪਰੀਆਂ ਦੇ ਅਸਵਾਰ।
ਇਤਨਿਆਂ ਰਾਜਿਆਂ ਨਾ ਮਾਰਿਆ, ਤੂੰ ਕਿਉਂ ਕਰ ਮਾਰਨਹਾਰ।

ਰਾਜਾ ਦਰਿਆ ਦੇ ਕੰਢੇ ਤੇ ਜਾ ਪੁਜਾ ਤੇ ਨ੍ਹਾ ਧੋਕੇ ਕਪੜੇ ਧੋਂਦਾ ਸੀ। ਚੀਲ ਨੇ ਫੇਰ ਰਾਜ ਕੁਮਾਰੀ ਦਾ ਰੂਪ ਵਟਾਇਆ, ਤੇ ਕੋਲ ਆ ਦਰਸ਼ਨ ਪਾ ਆਖਣ ਲਗੀ :—

ਧੋਬੀਆ, ਕਪੜੇ ਧੋਂਦਿਆ, ਧੋਈਂ ਧੋਤੀ, ਜਾਮਾ ਪਗ।
†ਚੀਚੀ ਉਂਗਲੀ ਪਾਣੀ ਮੈਂ ਭਰਾਂ, ਤੂੰ ਮੇਰੇ ਗਲ ਲਗ।

ਰਸਾਲੂ ਨੇ ਉਤਰ ਦਿਤਾ :—

ਜੂਹ ਪਰਾਈ, ਭੂਮ ਓਪਰੀ, ਅਤੇ ਤੂੰ ਬਿਗਾਨੀ ਧੀ।
ਮੈਂ ਪਰਦੇਸੀ ਨੂੰ ਵਲ ਪਵੇ, ਤਾਂ ਕੌਣ ਛੁਡਾਵੇ ਜੀ ?

ਰਸਾਲੂ ਨੇ ਸਚ ਆਖਿਆ, ਪਰਾਏ ਦੇਸ ਵਿਚ ਮੈਂ ਕਿਧਰੇ ਕਿਸੇ ਧੋਖੇ ਵਿਚ ਨਾ ਫਸ ਜਾਵਾਂ।

ਰਾਜ ਕੁਮਾਰੀ ਨੇ ਉਤਰ ਦਿਤਾ, ਕਿ ਜੇ ਧੋਖਾ ਹੋਇਆ ਤਾਂ ਮੈਂ ਤੇਰੇ ਕੋਲ ਈ ਸੜ ਮਰਸਾਂ।

ਚੰਦਨ ਚੀਰਾਂ, ਰਾਜਿਆ ਚਿਖਾ ਬਨਾਵਾਂ, ਜਗ ਨੂੰ ਲਾਵਾਂ ਅਗ।
ਜੇ ਤੈਂ ਪ੍ਰਦੇਸੀ ਨੂੰ ਵਲ ਪਵੇ, ਤਾਂ ਸੜ ਮਰਾਂ ਤੇਰੇ ††ਲਗ।

ਪਰ ਰਾਜਾ ਨਾ ਮੰਨਿਆ, ਤੇ ਜਦ ਕਪੜੇ ਧੋ ਚੁਕਾ ਤਾਂ ਉਸਨੇ ਅਪਣੇ ਸ਼ਹਿਰ ਦਾ ਰਾਹ ਪੁਛਿਆ ਤੇ ਕੁਮਾਰੀ ਨੇ ਉਤਰ ਦਿਤਾ :—

ਬਾਹਾਂ ਉਲਾਰਾਂ ਤਨ ਦਿਸੇ, ਮੂੰਹ ਬੋਲਾਂ ਤਾਂ ਦੰਦ।
ਔਹ ਜੁ ਰੁਖ ਨੇ ਦਿਸਦੇ, ਉਹੀ ਮਾਵਾਂ ਦੇ ਪਿੰਡ।

ਕੁਮਾਰੀ ਰਸਾਲੂ ਦੇ ਸੁੱਕੇ ਜੁਆਬ ਤੋਂ ਪਰੇਸ਼ਾਨ ਸੀ। ਰਸਾਲੂ ਨੂੰ ਵੀ ਸੁੱਕਾ ਉਤਰ ਦਿਤਾ। ਪਰਾਏ ਮਾਨੁਖ ਨੂੰ ਨਾ ਤਨ ਵਿਖਾਣਾ, ਨਾ ਦੰਦ ਈ ਵਿਖਾਣੇ ਠੀਕ

---

*ਇਹ ਗਲਤ ਜਾਪਦਾ ਹੈ।

†ਤੇਰੀ ਨੌਕਰੀ ਹੋ ਰਹਾਂ। ††ਕੋਲ।

Sri Satguru Jagjit Singh Ji Elibrary NamdhariElibrary@gmail.com

ਜਾਤੇ। ਰਾਜਾ ਰਸਾਲੂ ਓਥੋਂ ਟੁਰਕੇ ਸਿਆਲਕੋਟ ਪੁਜਾ। ਸ਼ਹਿਰ ਦੇ ਬਾਹਰ ਖੂਹ ਤੇ ਤ੍ਰੀਮਤਾਂ ਪਾਣੀ ਭਰਦੀਆਂ ਸਨ ਤੇ ਰਸਾਲੂ ਨੇ ਖੇਡ ਨਾਲ ਇਟਾਂ ਰੋੜੇ ਮਾਰ ਕੇ ਵਿਚਾਰੀਆਂ ਦੇ ਘੜੇ ਤੋੜ ਦਿਤੇ। ਰਾਜਾ ਸਲਵਾਹਨ ਪਾਸ ਸ਼ਕੈਤ ਹੋਈ। ਉਸ ਨੇ ਉਨ੍ਹਾਂ ਨੂੰ ਲੋਹੇ ਪਿਤਲ ਦੀਆਂ ਗਾਗਰਾਂ ਲੈ ਦਿਤੀਆਂ, ਪਰ ਰਸਾਲੂ ਨੇ ਤੀਰਾਂ ਨਾਲ ਲੋਹੇ ਦੀਆਂ ਗਾਗਰਾਂ ਵੀ ਛੁੰਡ ਦਿਤੀਆਂ। ਰਾਜਾ ਨੇ ਘਰ ਘਰ ਖੂਹੇ ਲਵਾਏ। ਫੇਰ ਰਾਜਾ ਸਲਵਾਹਨ ਨੇ ਇਸ ਗਲ ਤੋਂ ਡਰਦਿਆਂ ਕੇ ਰਸਾਲੂ ਮਹੱਲੀਂ ਨਾ ਆ ਵੜੇ, ਇਕ ਖੜੀ ਬਹਾਰੀ, ਤੇ ਲਕੜ ਦੀਆਂ ਜੁਤੀਆਂ ਦਰਵਾਜ਼ੇ ਤੇ ਟੰਗਾ ਦਿਤੀਆਂ ਕਿ ਰਸਾਲੂ ਨੂੰ ਪਤਾ ਲਗ ਜਾਏ ਕਿ ਉਸ ਨੇ ਅੰਦਰ ਨਹੀਂ ਵੜਨਾ, ਕਿਉਂਕਿ ਰਾਜਾ ਇਕ ਵਰ੍ਹਾ ਹੋਰ, ਜੋਗੀਆਂ ਦੇ ਆਖੇ ਮੂਜਬ, ਰਸਾਲੂ ਦੇ ਮੂੰਹ ਨਹੀਂ ਸੀ ਲਗਣਾ ਚਾਹੁੰਦਾ। ਪਰ ਰਸਾਲੂ ਮਹਲਾਂ ਵਿਚ ਜਾ ਵੜਿਆ। ਰਾਜਾ ਸਲਵਾਹਨ ਪਿਠ ਕਰਕੇ ਬੈਠ ਗਿਆ। ਰਸਾਲੂ ਨੇ ਆਖਿਆ :—

ਮੈਂ ਆਇਆ ਸਾਂ ਸਲਾਮ ਨੂੰ, ਤੂੰ ਬੈਠੋਂ ਪਿਠ ਮਰੋੜ।
ਮੈਂ ਨਹੀਂ ਤੇਰਾ ਰਾਜ ਵੰਡਾਉਣਾ, ਮੈਨੂੰ ਨਹੀਂ ਰਾਜ ਦੀ ਲੋੜ।

ਪਰ ਰਾਜਾ ਸਲਵਾਹਨ ਚੁਪ ਰਿਹਾ। ਸੁ ਰਸਾਲੂ ਸਲਵਾਹਨ ਦੇ ਮਹਿਲਾਂ ਨੂੰ ਛਡਕੇ ਆਪਣੀ ਮਾਤਾ ਲੂਣਾਂ ਦੀ ਬਾਰੀ ਹੇਠੋਂ ਲੰਘਿਆ, ਤੇ ਮਾਂ ਨੂੰ ਵੇਖ, ਬੋਲਦਾ ਹੈ:—

ਮਹਿਲਾਂ ਦੇ ਵਿਚ ਬੈਠੀਏ, ਤੂੰ ਰੋ ਰੋ ਨਾ ਸੁਣਾ।
ਜੇ ਤੂੰ ਮੇਰੀ ਮਾਓਂ ਹੈਂ, ਕੋਈ ਮਤ ਦਵਾ।

ਰਾਣੀ ਲੂਣਾਂ ਬੋਲਦੀ ਏ :—

ਮੱਤਾਂ ਦਿੰਦੀ ਏ ਮਾਂ ਤੇਨੂੰ ਪੁਤਰ, ਗਿਣ ਗਿਣ ਝੋਲੀ ਘਤ।
ਚਾਰੇ ਕੂੰਟਾਂ ਤੂੰ ਰਾਜ ਕਰੇਂ, ਪਰ ਚੰਗਾ ਰੱਖੀਂ ਸੱਤ।

ਨੋਟ—ਲੂਣਾਂ ਪੁਤ ਨੂੰ ਸਤ ਰਖਣ ਦਾ ਉਪਦੇਸ਼ ਦਿੰਦੀ ਹੈ। ਜਿਹੜਾ ਆਪ ਨਹੀਂ ਸੀ ਰਖ ਸਕਦੀ : ਪਸ਼ੇਮਾਨੀ!

ਰਸਾਲੂ ਮਾਂ ਦੀ ਆਗਿਆ ਪਾ ਟੁਰ ਆਇਆ। ਸ਼ੋਕ! ਬਾਰਾਂ ਵਰ੍ਹੇ ਪੂਰੇ ਨਾ ਹੋਣ ਕਰਕੇ, ਨਾ ਮਾਂ ਈ ਮਿਲੀ ਨਾ ਪਿਉ। ਵਿਚਾਰੇ ਰਸਾਲੂ, ਇਕ ਯਾਰਾਂ ਵਰ੍ਹਿਆਂ ਦੇ ਮੁੰਡੇ ਨੂੰ ਵਾਟਾਂ ਝਾਗਣੀਆਂ ਪਈਆਂ। ਪੈਰ ਵਿਚ ਵਿਧਾਤਾ ਨੇ ਚਕਰ ਰਖਿਆ, ਟਿਕ ਕੇ ਕਿਥੋਂ ਬੈਠਦਾ!

ਰਸਾਲੂ ਅਪਣੀ ਮਾਤਾ ਤੋਂ ਆਗਿਆ ਲੈਕੇ ਟੁਰ ਪਿਆ। ਨਾਲ ਅਪਣੇ ਦੋ ਯਾਰ ਵੀ ਲੈ ਲਏ। ਇਕ ਸੁਨਿਆਰੇ ਦਾ ਪੁਤਰ ਤੇ ਦੂਜਾ ਤਰਖਾਣਾਂ ਦਾ ਪੁਤਰ, ਅਤੇ ਅਪਣੇ ਤੋਤੇ ਨੂੰ ਵੀ ਨਾਲ ਲੈ ਲਿਆ। ਬਾਹਰ ਨਿਕਲਦਿਆਂ ਨੂੰ ਮਾਂ ਨੇ ਵੇਖਿਆ, ਤੇ ਲਗੀ ਹਾਉਕੇ ਭਰਨ। ਵਿਜੋਗ!

Sri Satguru Jagjit Singh Ji Elibrary NamdhariElibrary@gmail.com

ਥੋੜਾ ਥੋੜਾ ਬੇਟਾ ਤੂੰ ਦਿੱਸੇਂ, ਤੇ ਬਹੁਤੀ ਦਿੱਸੇ ਧੂੜ ।
ਪੁਤਰ ਜਿਨ੍ਹਾਂ ਦੇ ਤੁਰ ਚੱਲੇ, ਤੇ ਮਾਵਾਂ ਚਿਕਨਾਚੂਰ ।

ਟੁਰਦੇ ਟੁਰਦੇ, ਰਾਜਾ ਰਸਾਲੂ ਤੇ ਉਸਦੇ ਯਾਰ ਇਕ ਵੈਰਾਨ ਜੰਗਲ ਵਿਚ ਆ ਪੁਜੇ । ਓਥੇ ਡੇਰਾ ਕੀਤਾ, ਤਿੰਨਾਂ ਨੇ ਵਾਰੋ ਵਾਰੀ ਪਹਿਰੇ ਤੇ ਖੜੋਣਾ ਕਬੂਲ ਕੀਤਾ । ਪਹਲੀ ਰਾਤ ਤਰਖਾਣ ਬੇਟੇ ਦਾ ਪਹਿਰਾ ਸੀ, ਦੋ ਸੌਣ ਲੱਗੇ ਤਾਂ ਤਰਖਾਣ ਬੇਟੇ ਨੇ ਆਖਿਆ :—

ਅਗੇ ਸੌਂਵੇਂ ਲੇਫ ਨਿਹਾਲੀਆਂ, ਅਜ ਸੁੱਤਾ ਸਥਰ ਘਾ ।
ਸੁਖੀ ਵਸੇਂ ਇਸ ਦੇਸ ਚਿ, ਜਿਥੇ ਆਈ ਅਜ ਦੀ ਰਾਤ ।

ਰਾਜਾ ਤੇ ਸੁਨਰੇਟਾ ਸੁੱਤੇ ਤੇ ਤਰਖੇਟਾ ਪਹਿਰਾ ਦਿੰਦਾ ਸੀ । ਕੁਝ ਚਿਰ ਪਿਛੋਂ ਸਰਪ ਜੰਗਲ ਵਿਚੋਂ ਨਿਕਲਿਆ ਤੇ ਰਸਾਲੂ ਵਲ ਚਲਿਆ, ਤਰਖੇਟੇ ਪੁਛਿਆ ਤੂੰ ਕੌਣ ਹੈਂ ਤੇ ਰਸਾਲੂ ਵਲ ਕਿਉਂ ਚਲਿਆ ਹੈਂ ? ਸਪ ਨੇ ਉਤਰ ਦਿਤਾ ਕਿ ਮੈਂ ਤੇ ਬਾਰਾਂ ਬਾਰਾਂ ਕੋਹ ਦੀ ਉਜਾੜ ਕਰ ਚੁਕਾ ਹਾਂ, ਤੁਸੀਂ ਏਥੇ ਆਉਣ ਵਾਲੇ ਕੌਣ ਹੋ ? ਫੇਰ ਸਪ ਤੇ ਤਰਖੇਟੇ ਦੀ ਲੜਾਈ ਹੋਈ ਤੇ ਤਰਖੇਟੇ ਨੇ ਸਪ ਨੂੰ ਮਾਰਕੇ ਆਪਣੀ ਢਾਲ ਹੇਠਾਂ ਲੁਕਾ ਦਿਤਾ ।

ਇਸ ਦੇ ਪਿਛੋਂ ਰਸਾਲੂ ਦੇ ਪਹਿਰੇ ਦੀ ਵਾਰੀ ਆਈ । ਤੇ ਤਰਖੇਟਾ ਸਪ ਦੀ ਗਲ ਕਰਨੇ ਬਿਣਾਂ, ਸੌਂ ਗਿਆ ।

ਜਦ ਰਸਾਲੂ ਪਹਿਰਾ ਦਿੰਦਾ ਸੀ ਤਾਂ ਉਸ ਨੂੰ ਇਕ ਬਲਾ ਨਜ਼ਰ ਪਈ। ਰਸਾਲੂ ਨੇ ਉਸ ਨੂੰ ਪੁਛਿਆ ਤੂੰ ਕੌਣ ਹੈਂ ? ਉਸ ਨੇ ਉਤਰ ਦਿਤਾ ! ਮੈਂ ਤੇ ਇਸ ਜੰਗਲ ਵਿਚ ਚਾਲੀ ਚਾਲੀ ਕੋਹ ਉਜਾੜ ਕੀਤਾ ਹੈ । ਤੁਸੀਂ ਏਥੇ ਆਉਣ ਵਾਲੇ ਕੌਣ ਓ ? ਰਾਜਾ ਨੇ ਉਸ ਬਲਾ ਨੂੰ ਤੀਰ ਮਾਰਿਆ ਪਰ ਉਹ ਨਠ ਕੇ ਇਕ ਗੁਫਾ ਵਿਚ ਜਾ ਵੜੀ, ਤੇ ਰਸਾਲੂ ਪਿਛੇ ਗਿਆ, ਆਖਰ ਲੜ ਕੇ ਬਲਾ ਨੂੰ ਮਾਰ ਦਿਤਾ ਤੇ ਵਾਪਸ ਮੁੜ ਆਇਆ ।

ਸਵੇਰੇ ਵੇਲੇ ਉਸ ਨੇ ਅਪਣੇ ਯਾਰਾਂ ਨੂੰ ਉਠਾਇਆ । ਮੋਏ ਸਪ ਨੂੰ ਵੇਖ ਕੇ ਕਹਿਣ ਲਗਾ ਕਿ ਇਹ ਤੇ ਛੋਟਾ ਜਿਹਾ ਹੈ, ਵੇਖੋ ਮੈਂ ਕਿਡੀ ਬਲਾ ਮਾਰੀ । ਸਭਨਾਂ ਜਾ ਕੇ ਵੇਖਿਆ ਤੇ ਭੈ ਭੀਤ ਹੋਏ । ਉਨ੍ਹਾਂ ਆਖਿਆ ਕਿ ਤੁਸੀਂ ਤੇ ਰਾਜੇ ਹੋਏ । ਤਾਂ ਈ ਐਡੀਆਂ ਐਡੀਆਂ ਬਲਾਵਾਂ ਨਾਲ ਲੜ ਸਕਦੇ ਹੋ । ਅਸੀਂ ਗ਼ਰੀਬ ਆਦਮੀ, ਮਤਾਂ ਤੁਹਾਡੇ ਪਿਛੇ ਮਾਰੇ ਈ ਨਾ ਜਾਈਏ, ਸਾਨੂੰ ਰੁਖਸਤ ਦੇਵੋ । ਸੋ ਉਹ ਘਰਾਂ ਨੂੰ ਮੁੜ ਪਏ, ਤੇ ਰਸਾਲੂ ਨੇ ਆਖਿਆ :—

ਸਦਾ ਨਾ ਫੁਲੇ ਤੋਰੀਆ, ਨਫਰਾ, ਸਦਾ ਨਾ ਸਾਵਨ ਹੋਇ ।
ਸਦਾ ਨਾ ਜੋਬਨ ਥਿਰ ਰਹੇ; ਸਦਾ ਨਾ ਜੀਵੇ ਕੋਇ ।

Sri Satguru Jagjit Singh Ji Elibrary NamdhariElibrary@gmail.com

ਸਦਾ ਨਾ ਰਾਜਿਆਂ ਹਾਕਮੀ, ਸਦਾ ਨਾ ਰਾਜਿਆਂ ਦੇਸ।
ਸਦਾ ਨਾ ਹੋਵੇ ਘਰ ਆਪਣਾ, ਨਫ਼ਰਾ, ਭੱਠ ਪਿਆ ਪ੍ਰਦੇਸ।

ਇਹ ਆਖ ਰਸਾਲੂ ਅਗੇ ਨੂੰ ਟੁਰ ਪਿਆ ਤੇ ਉਸ ਦੇ ਯਾਰ ਪਿਛੇ ਨੂੰ ਮੁੜ ਗਏ। ਤੁਰਦਿਆਂ ਤੁਰਦਿਆਂ ਇਕ ਚੰਨਣ ਦੇ ਰੁੱਖ ਕੋਲ ਪੁਜੇ, ਜਿਹੜਾ ਸੜਦਾ ਸੀ। ਰਸਾਲੂ ਨੇ ਤੋਤੇ ਨੂੰ ਪੁਛਿਆ ! ਇਹ ਕੀ ਗਲ ਏ ? ਤਾਂ ਤੋਤੇ ਆਖਿਆ ਕਿ ਇਸ ਰੁਖ ਨੂੰ ਨਾਗ ਲੜ ਗਿਆ ਹੈ। ਉਸ ਰੁੱਖ ਵਿਚੋਂ ਇਕ ਸੜਦਾ ਹੰਸ ਨਿਕਲਿਆ ਤੇ ਰਾਜੇ ਕੋਲ ਆਇਆ। ਰਾਜੇ ਆਖਿਆ, ਤੂੰ ਪੰਛੀ ਹੈਂ। ਤੂੰ ਕਿਉਂ ਸੜਨ ਲਗੋਂ, ਉਡ ਕਿਉਂ ਨਾ ਗਿਓਂ। ਹੰਸ ਨੇ ਉੱਤਰ ਦਿਤਾ :—

ਮਿਠਾ ਮੇਵਾ ਖਾਧਾ, ਠੰਡੀ ਮਾਣੀ ਛਾਉਂ।
ਜੇ ਬਣੇ ਸਿਰ ਉਸ ਦੇ, ਛਡ ਕੇ ਕਿਧਰ ਜਾਉਂ।

ਸੋਹਣਾਂ ਉਪਦੇਸ਼, ਪਰ ਚੰਨਣ ਦੇ ਬੂਟੇ ਨੂੰ ਫਲ ਨਹੀਂ ਲਗਦੇ। ਨਾ ਈ ਹੰਸ ਚੰਨਣ ਤੇ ਰਹਿੰਦੇ ਨੇ, ਚੰਨਣ ਗਰਮ ਮੁਲਕ ਦਾ ਬੂਟਾ ਹੈ। ਤੇ ਹੰਸ ਠੰਡੇ ਦੇਸ਼ ਦੇ ਵਸਨੀਕ !

ਰਾਜੇ ਨੇ ਉੱਤਰ ਦਿਤਾ :—

ਮਿਠਾ ਖਾਧਾ ਈ ਮੇਵਾ ਹੰਸਾ, ਠੰਡੀ ਰਹੀਆ ਛਾਂ।
ਬਲਦੀ ਅੱਗ ਬੁਝੀ ਵੇਖੇਂ, ਜੇ ਰਬ ਸੁਣੇ ਮੇਰੀ ਬਿਨਾਂ।

ਰਾਜੇ ਦੀ ਪ੍ਰਾਥਨਾ ਸੁਣੀ ਗਈ, ਰੁੱਖ ਫੇਰ ਹਰਾ ਭੱਰਾ ਹੋ ਗਿਆ। ਹੰਸ ਉਡ ਕੇ ਰੁੱਖ ਵਿਚ ਵੜ ਗਿਆ, ਤੇ ਰਾਜਾ ਠੰਡੀ ਛਾਂ ਹੇਠ ਸੌਂ ਗਿਆ।

ਹੰਸ ਨੇ ਆਖਿਆ:—

ਇਕੇ ਭੋਰੇ ਪਲਿਓਂ ਰਾਜਾ, ਪਰੇਰੇ ਹੋ ਕੇ ਸੌਂ।
ਇਕ ਤੂੰ ਜਤੀ ਸਤੀ ਮਰਦ, ਇਕ ਹਕਾਨੀ ਪੀਰ।

ਰਾਜਾ ਸੁਣਕੇ ਉਠ ਬੈਠਾ ਤੇ ਚਾਰ ਕੋਹ ਹੋਰ ਸਫਰ ਕੀਤਾ। ਰਾਹ ਵਿਚ ਉਸਨੂੰ ਇਕ ਸਪ ਮਿਲਿਆ, ਜਿਸ ਦੀਆਂ ਅਖਾਂ ਹਨੇਰੀ ਵਿਚ ਰੇਤ ਨਾਲ ਭਰਕੇ ਅੰਨ੍ਹੀਆਂ ਹੋ ਗਈਆਂ ਸਨ। ਸਪ ਨੇ ਘੋੜੇ ਦੇ ਸੁਮਾਂ ਦਾ ਖੜਾਕ ਸੁਣ, ਬਿਨਤੀ ਕੀਤੀ :—

ਰਾਹ ਪੰਧੋਂ ਜਾਂਦਿਆ, ਭੋਜਨ ਸਾਡਾ ਖਾ।
ਅੱਖੀਓਂ ਕੰਕਰ ਕਢ ਜਾ, ਧਰਮੀ ਲਗੇਂ ਭਰਾ।
ਸੋਹੇ ਚੋਲੇ ਬਾਸਕ* ਨਾਗਣੀ, ਖੜੀ ਵੇਖਦੀ ਰਾਹ।

---

ਨੋਟ*ਨਾਗ ਇਕ ਕੌਮ ਸੀ ਜਿਹੜੀ ਪਛਮ ਵਲੋਂ ਆ ਕੇ ਪੰਜਾਬ ਤੇ ਮਧ ਹਿੰਦ ਦੇਸ ਵਿਚ ਆਬਾਦ ਹੋਈ ਸੀ, ਅਤੇ ਉਨ੍ਹਾਂ ਦੀਆਂ ਲੜਾਈਆਂ ਆਰੀਆਂ ਨਾਲ ਵੀ ਹੋਈਆਂ। ਉਨ੍ਹਾਂ ਨੂੰ ਸਪ ਆਖਣਾ ਕਵੀਆਂ ਦਾ ਜਾਂ ਬਿਜੈਈ ਆਰੀਆਂ ਦਾ ਧ੍ਰੋਹ ਹੈ; ਪਰ

Sri Satguru Jagjit Singh Ji Elibrary NamdhariElibrary@gmail.com

ਰਸਾਲੂ ਨੇ ਤੋਤੇ ਨੂੰ ਪੁਛਿਆ ਕਿ ਮੈਂ ਕੀ ਕਰਾਂ ? ਇਹ ਸਪ ਤੇ ਮਾਨੁਖ ਜਾਤੀ ਦਾ ਵੈਰੀ ਹੈ। ਪਰ ਤੋਤੇ ਉੱਤਰ ਦਿਤਾ, ਭਲਾਈ ਦਾ ਫਲ ਹਮੇਸ਼ ਭਲਾ ਈ ਹੁੰਦਾ ਹੈ। ਰਾਜੇ ਨੇ ਸੱਪ ਦੀਆਂ ਅਖਾਂ ਵਿਚੋਂ ਕੰਕਰ ਕਢਕੇ ਸਾਫ਼ ਕਰ ਦਿਤੀਆਂ। ਤੇ ਸਵਾਰ ਹੋਕੇ ਟੁਰਨ ਲੱਗਾ, ਤਾਂ ਨਾਗ ਨੇ ਰਾਹ ਰੋਕ ਲਿਆ। ਰਾਜੇ ਨੇ ਗੁਸੇ ਨਾਲ ਆਖਿਆ : ਕੀ ਇਹੀ ਤੇਰੇ ਨਾਲ ਭਲਾਈ ਦਾ ਫਲ ਹੈ ? ਪਰ ਨਾਗ ਨੇ ਸਿਰ ਨਿਵਾ ਕੇ ਆਖਿਆ ਕਿ ਕਿਰਪਾ ਕਰਕੇ ਅਜ ਰਾਤ ਮੇਰੀ ਕੁਟੀਆ ਵਿਚ ਰਵ੍ਹੋ। ਸੋ ਰਾਜਾ ਉਸ ਦੇ ਨਾਲ ਉਸਦੀ ਗੁਫ਼ਾ ਵਿਚ ਗਿਆ। ਪਰ ਬੂਹੇ ਕੋਲ ਜਾਕੇ, ਨਾਗ ਰਾਜੇ ਨੂੰ ਬਾਹਰ ਖੜਾ ਕਰਕੇ ਆਪ ਆਪਣੀ ਬਾਸਕ ਨਾਗਨੀ ਕੋਲ ਅੰਦਰ ਗਿਆ ਤੇ ਸਾਰਾ ਹਾਲ ਦਸਿਆ। ਫੇਰ ਰਸਾਲੂ ਅੰਦਰ ਗਿਆ, ਬੜੀ ਖਾਤਰ ਹੋਈ ਤੇ ਰਾਤੀ ਨਾਗ ਦੇ ਨਾਲ ਇਕੋ ਪਲੰਘ ਤੇ ਸੁਤੇ। ਸਵੇਰੇ ਉਠਕੇ ਰਸਾਲੂ ਨੇ ਰਸਤਾ ਪੁਛਿਆ, ਤੇ ਨਾਗ ਨੇ ਆਖਿਆ ਮਹਾਰਾਜ ਤੁਹਾਡਾ ਰਸਤਾ ਔਹ ਤੇ ਮੇਰਾ ਇਹ ਹੈ। ਰਸਾਲੂ ਹੈਰਾਨ। ਉਸਨੇ ਆਖਿਆ ਮੈਂ ਪਰਦੇਸੀ ਹਾਂ, ਘਰੋਂ ਨਿਕਲ ਕੇ ਜੰਗਲਾਂ ਵਿਚ ਭੌਂਦਾ ਹਾਂ। ਪਰ ਦਸੋ ਕਿ ਤੁਹਾਡਾ ਰਾਹ ਔਧਰ ਕਿਉਂ ਦੇ ? ਨਾਗ ਨੇ ਕਹਿਆ ਮੈਨੂੰ ਇਥੋਂ ਖਾਣ ਨੂੰ ਕੁਝ ਨਹੀਂ ਮਿਲਦਾ। ਮੈਂ ਓਧਰ ਜਾ ਕੇ ਕਿਸੇ ਆਦਮੀਂ ਨੂੰ ਡੰਗ ਮਾਰਾਂਗਾ ਤੇ ਉਸ ਦਾ ਮਾਸ ਖਾਵਾਂਗਾ। ਇਹ ਕਹਿਕੇ ਸਪ ਘਾ ਵਿਚ ਗੁੰਮ ਹੋ ਗਿਆ। ਤੇ ਰਸਾਲੂ ਦੇ ਮਨ ਆਈ, ਚਲੋ ਹੁਣ ਬਾਸਕ ਨਾਗਣੀ ਵੇਖੀਏ ਕਿ ਕਿਹੀ ਕੁ ਸੋਹਣੀ ਏ। ਪਰ ਜਦ ਅੰਦਰ ਗਿਆ ਤਾਂ ਬਾਸਕ ਨਾਗਣੀ ਇਕ ਸੁੰਦਰ ਸੋਨੇ ਦੀ ਛੇਜਾ ਤੇ ਸੁੱਤੀ ਸੀ, ਤੇ ਉਸਦੇ ਨਾਲ ਇਕ ਕਿਰਲਾ ਸੁਤਾ ਸੀ। ਇਹ ਵੇਖ ਕੇ ਰਾਜਾ ਨੂੰ ਬੜਾ ਕਰੋਧ ਆਇਆ, ਕਿ ਸੁੰਦਰ ਨਾਗਣੀ ਅਪਨੇ ਪਤੀ ਦੇ ਪਿਛੋਂ ਇਕ ਭੈੜੀ ਸ਼ਕਲ ਵਾਲੇ ਕਿਰਲੇ ਨਾਲ ਸੌਂਦੀ ਸੀ। ਉਸਨੇ ਤਲਵਾਰ ਦਾ ਵਾਰ ਕਿਰਲੇ ਤੇ ਕੀਤਾ, ਪਰ ਓਛਾ ਪਿਆ, ਨਾਗਣੀ ਨੇ ਕਿਰਲੇ ਨੂੰ ਆਪਣੀ ਪੂਛ ਨਾਲ ਬਚਾਉਣਾ ਚਾਹਿਆ ਤੇ ਨਾਗਣੀ ਦੀ ਪੂਛ ਨੂੰ ਵੀ ਸੱਟ ਲਗੀ ਤੇ ਕਿਰਲਾ ਵੀ ਜ਼ਖਮੀ ਹੋਕੇ ਖੁਡ ਵਿਚ ਵੜ ਗਿਆ। ਰਸਾਲੂ ਬੜਾ ਸ਼ੋਕਾਤੁਰ ਹੋਇਆ ਕਿ ਉਸਨੇ ਤੇ ਭਲਾ ਕਰਨਾ ਚਾਹਿਆ ਸੀ, ਵਿਚੋਂ ਬੁਰਾ ਨਿਕਲ ਆਇਆ। ਉਸਨੇ ਆਪਣੇ ਘੋੜੇ, ਭੌਰ ਅਰਾਕੀ ਤੇ ਚੜ੍ਹਕੇ ਆਖਿਆ ਕਿ ਉਡ ਚਲ। ਘੋੜਾ ਪੌਈਏ ਪੈ ਗਿਆ। ਬਾਰਾਂ ਕੋਹ ਜਾ ਕੇ ਰਾਜਾ ਥਕ ਗਿਆ ਤੇ ਇਕ ਟਾਹਲੀ ਦੇ ਰੁਖ ਹੇਠਾਂ ਘੂਕ ਸੌਂ ਗਿਆ ਐਨੇ ਚਿਰ ਨੂੰ ਨਾਗ ਮੁੜਕੇ

---

ਉਹ ਕੌਮ ਰਵੈਤਾਂ ਮੂਜਬ ਕਦੀ ਮਨੁਖ ਕਦੀ ਸਪ ਬਣ ਜਾਂਦੀ ਸੀ। ਪਛਮੀ ਇਤਿਹਾਸਕਾਰ ਇਸ ਕੌਮ ਨੂੰ ਟਕਾ ਜਾ ਤਕਸ਼ਕ ਵੀ ਆਖਦੇ ਨੇ। ਬਾਸਕ ਤੇ ਤੱਛਕ ਨਾਗ ਪੁਰਾਣਾਂ ਵਿਚ ਮਸ਼ਾਹੂਰ ਨੇ। ਜਿਨ੍ਹਾਂ ਨੇ ਰਾਜਾ ਪ੍ਰੀਛਤ ਨੂੰ ਮਾਰਿਆ ਸੀ ਤੇ ਫੇਰ ਰਾਜੇ ਜਨਮੇਜਾ ਨੇ ਨਾਗਾਂ ਦੀ ਕੁਲ ਦਾ ਨਾਸ ਕਰ ਦਿਤਾ ਸੀ। ਪਰ ਬਾਸਕ ਤੇ ਤਛਕ ਨਾਗ ਬਚ ਗਏ ਸਨ। ਨਾਗਾਂ ਦੀ ਪੂਜਾ ਹੁੰਦੀ ਹੈ, ਤੇ ਹੁਣ ਸਚ ਮੁਚ ਈ ਲੋਕਾਂ ਸਪ ਬਣਾ ਦਿਤੇ। ਜੀਕਣ ਗੁਗਾ ਇਕ ਬਹਾਦਰ ਰਾਜਪੂਤ ਸੀ, ਪਰ ਹੁਣ ਗੁਗਾ ਪੀਰ ਹੋ ਕੇ ਸਪ ਬਣ ਗਿਆ।

Sri Satguru Jagjit Singh Ji Elibrary NamdhariElibrary@gmail.com

ਘਰ ਆਇਆ ਤੇ ਨਾਗਣੀ ਨੇ ਰੋ ਕੇ ਸ਼ਕੈਤ ਕੀਤੀ ॥

ਰਾਹ ਮੁਸਾਫ਼ਰ ਜਾਂਦੇ, ਘਰ ਵਿਚ ਡੇਰਾ ਦੇਣਾ ਚਾਹੇ ।
ਡੇਰੇ ਆਣਕੇ ਔਤਰਾ ਮੰਗਣ ਲਗਾ ਸੇਜ ।
ਸੇਜ ਨਾ ਦਿਤੀ ਮੰਗਵੀਂ, ਮੇਰੀ ਦੁਮ ਚਲਾਈ ਤੇਗ ॥

ਨਾਗ ਨੇ ਸੁਣ ਕੇ ਪੁਛਿਆ ਕਿ ਰਾਹੀ ਕਦ ਆਇਆ ਸੀ ? ਉਸਨੇ ਆਖਿਆ ਅਧੀ ਰਾਤੀਂ । ਨਾਗ ਨੇ ਅਖਿਆ: ਤੂੰ ਕੂੜੀ ਹੈਂ, ਉਹ ਸਾਰੀ ਰਾਤ ਮੇਰੇ ਨਾਲ ਸੁੱਤਾ ਰਿਹਾ, ਤੇ ਉਹ ਸਚ ਮੁਚ ਸਾਧੂ ਆਦਮੀ ਹੈ । ਪਰ ਨਾਗਣੀ ਨੇ ਜ਼ਿਦ ਕੀਤੀ, ਤੇ ਨਾਗ ਰਸਾਲੂ ਦੇ ਪਿਛੇ ਗਿਆ । ਅਗੇ ਜਾਕੇ ਰਾਜੇ ਨੂੰ ਟਾਹਲੀ ਦੇ ਰੁਖ ਹੇਠਾਂ ਸੁੱਤਾ ਵੇਖਿਆ । ਤੋਤਾ ਘੋੜੇ ਦੀ ਕਾਠੀ ਤੇ ਬੈਠਾ ਸੀ, ਨਾਗ ਨੇ ਕਿਹਾ ਮੈਂ ਅਜੇ ਰਾਜੇ ਨੂੰ ਡੰਗਦਾ ਨਹੀਂ । ਮੈਂ ਰਾਜੇ ਦੀ *ਜੁਤੀ ਵਿਚ ਬੈਠਦਾ ਹਾਂ । ਜਦ ਰਾਜਾ ਜੁੱਤੀ ਪਾਵਸੀ ਮੈਂ ਥੋੜ੍ਹਾ ਡੰਗ ਮਾਰਾਂਗ । ਜੇ ਰਾਜੇ ਸੱਚ ਦਸਿਆ ਤਾਂ ਛਡ ਦੇਵਾਂਗਾ, ਤੇ ਜੇ ਝੂਠ ਬੋਲਿਆ ਤਾਂ ਦੂਆ ਡੰਗ ਮਾਰ ਕੇ ਮਾਰ ਦੇਵਾਂਗਾ । ਰਾਜਾ ਜਦ ਉਠਿਆ ਤੇ ਜੁਤੀ ਪਾਉਣ ਲਗਾ ਤਾਂ ਤੋਤਾ ਬੋਲਿਆ :—

ਦੂਰੋਂ ਆਇਆ ਚਲਕੇ, ਜੋੜੇ ਵੜਿਆ ਆਇ ।
ਝਾੜ ਕੇ ਜੋੜਾ ਤੂੰ ਪਾਂਈਂ, ਅਣ ਝਾੜੇ ਬੜਾ ਗੁਨਾਹ ॥

ਰਸਾਲੂ ਦੂਰ ਅਗੇ ਜਾਕੇ ਕੀ ਵੇਖਦਾ ਏ ਕਿ ਇਕ ਸ਼ਿਕਾਰੀ ਨੇ ਆਪਣੇ ਆਲੇ ਦੁਆਲੇ ਛਿਛਰੇ ਦੇ ਪੱਤਰ ਲਪੇਟੇ ਹੋਏ ਨੇ, ਤੇ ਮੂੰਹ ਨਾਲ ਪੀਪਨੀ ਬੀਨ ਵਜਾਂਦਾ ਏ । ਇਕ ਕਾਲਾ ਹਰਨ ਤੇ ਹਰਨੀ ਕੋਲ ਆਏ, ਹਰਨ ਸੁਰੀਲੀ ਅਵਾਜ਼ ਤੇ ਮੋਹਤ ਹੋ ਖਲੋ ਗਿਆ । ਹਰਨੀ ਆਲੇ ਦੁਆਲੇ ਫਿਰੀ । ਉਹ ਸ਼ਿਕਾਰੀ ਇਕ ਦੋ ਕਦਮ ਅਗੇ ਵਧਿਆ । ਹਰਣੀ ਧੋਖਾ ਪਛਾਣ ਗਈ । ਉਸ ਨੇ ਹਰਨ ਨੂੰ ਆਖਿਆ ਇਹ ਛਿਛਰੇ ਦਾ ਬੂਟਾ ਨਹੀਂ, ਸ਼ਿਕਾਰੀ ਵੈਰੀ ਹੈ, ਦੌੜ, ਨਠ ॥

---

ਨੋਟ *ਕਿਤਾਬ ਵਿਚ ਮੌਜ਼ਾ ਲਿਖਿਆ ਹੈ । ਜਿਹੜਾ ਗਲਤ ਹੈ, ਮੌਜ਼ਾ ਜੁਰਾਬ ਨੂੰ ਆਖਦੇ ਨੇ । ਜਦ ਸਪ ਨੇ ਸੁਣਿਆਂ ਤਾਂ ਜੁਤੀ ਵਿਚੋਂ ਬਾਹਰ ਨਿਕਲ ਕੇ, ਰਾਜੇ ਨੂੰ ਪੁਛਿਆ ਕਿ ਹੇ ਰਾਜਾ, ਮੈਂ ਤੇਰੀ ਐਨੀ ਖਾਤਰ ਕੀਤੀ, ਫੇਰ ਤੂੰ ਮੇਰੀ ਨਾਗਣੀ ਕੋਲ ਕਿਉ ਗਿਉਂ ? ਰਾਜਾ ਨੇ ਆਖਿਆ ਮੈਂ ਕੋਈ ਮੰਦਾ ਨਹੀਂ ਕੀਤਾ । ਮੇਰੀ ਸੁਣ ਲੈ, ਜੇ ਫੇਰ ਤੂੰ ਜਾਣੇਂ ਕਿ ਮੈਂ ਮਾੜਾ ਕੀਤਾ ਤਾਂ ਮੈਨੂੰ ਬੇਸ਼ਕ ਮਾਰ ਦੇਵੀਂ । ਰਾਜੇ ਨੇ ਸਾਰੀ ਕਹਾਣੀ ਸੁਣਾਈ, ਨਾਗ ਨੇ ਆਖਿਆ ਤੂੰ ਕਿਰਲੇ ਨੂੰ ਮਾਰ ਈ ਕਿਉਂ ਨਾ ਦਿਤਾ । ਰਾਜੇ ਆਖਿਆ ਉਹ ਖੁਡੇ ਵੜ ਗਿਆ ਸੀ ਤੇ ਸਟ ਉਸ ਦੇ ਚਿਤੜਾਂ ਤੇ ਲਗੀ । ਨਾਗ ਨੇ ਕਹਿਆ ਭਈ ਸਚ ਆਖਿਆ ਈ । ਮੈਂ ਵੀ ਕਿਰਲੇ ਨੂੰ ਨਾਗਣੀ ਨਾਲ ਖੇਡਦਿਆਂ ਵੇਖਿਆ ਸੀ । ਨਾਗ ਮੁੜ ਗਿਆ ਤੇ ਰਾਜਾ ਅਪਣੇ ਰਾਹ ਪਿਆ ।

Sri Satguru Jagjit Singh Ji Elibrary NamdhariElibrary@gmail.com

ਜੰਗਲ ਜ਼ੰਮੀ ਬਨ ਪਲੀ, ਤੇ ਬਨ ਵਿਚ ਮੇਰਾ ਵਾਸ ।
ਅਜਬ ਤਮਾਸ਼ਾ ਵੇਖਿਆ; ਜੇ ਪੈਰੀਂ ਚਲਣ ਪਲਾਸ* ।

ਪਰ ਹਰਨ ਨਾ ਮੰਨਿਆ, ਉੱਤਰ ਦਿਤੋ ਸੂ :—

ਜੰਗਲ ਜੰਮੀ ਤੇ ਬਨ ਪਲੀ, ਤੇ ਬਨ ਵਿਚ ਤੇਰਾ ਵਾਸ।
ਡਿਠੇ ਬਾਝ ਨਾ ਹਿਲਸਾਂ, ਤੋੜੇ ਸੀਖਾਂ ਚੜ੍ਹਨ ਕਬਾਬ।

ਗਲ ਕੀ ਸ਼ਿਕਾਰੀ ਨ ਸ਼ਿਸਤ ਬੰਨ੍ਹ ਤੀਰ ਮਾਰਿਆ । ਕਾਲਾ ਹਰਨ ਫਟੜ ਹੋ ਢਹਿ ਪਿਆ । ਸ਼ਿਕਾਰੀ ਨੇ ਝਟ ਦੌੜ ਕੇ ਛੁਰੀ ਕਢ ਹਲਾਲ ਕਰਨਾ ਸ਼ੁਰੂ ਕੀਤਾ । ਤੇਜ਼ ਛੁਰੀ ਗਲ ਤੇ ਫਿਰਦੀ ਦੇਖ, ਹਰਨ ਬੋਲਦਾ ਏ :-

ਤ੍ਰਿਖੀ ਛੁਰੀ ਚਲਾਂਦਿਆਂ ਰਾਜਾ, ਖੁੰਢੀ ਛੁਰੀ ਚਲਾ ।
ਜਬ ਲਗ ਸਾਂਸ ਕੁਰੰਗ† ਮੈਂ, ਤਬ ਲਗ ਬੀਨ ਵਜਾ ।

ਹਰਨ ਨੂੰ ਹਲਾਲ ਕਰਕੇ ਜਦ ਸ਼ਿਕਾਰੀ ਨੇ ਛੁਰੀ ਜ਼ਮੀਨ ਤੇ ਰਖੀ ਤਾਂ ਉਥੇ ਇਕ ਸਪ ਲੇਟਿਆ ਸੀ, ਛੁਰੀ ਓਸ ਦੇ ਲਗੀ । ਸਪ ਨੇ ਡੰਗ ਮਾਰਿਆ । ਸ਼ਿਕਾਰੀ ਤੜਫ ਕੇ ਮਰ ਗਿਆ । ਜਦ ਹਰਨੀ ਨੇ ਵੇਖਿਆ ਕਿ ਉਸਦਾ ਪਤੀ ਮਰ ਗਿਆ ਤਾਂ ਓਹ ਦੌੜ ਕੇ ਉਸ ਦੇ ਸਿੰਗਾਂ ਤੇ ਡਿਗੀ ਤੇ ਓਥੇ ਈ ਪੇਟ ਪਾੜ, ਮਰ ਗਈ; ਰਾਜਾ ਨੇ ਆਖਿਆ, ਹੁਣ ਚਲੀਏ । ਪਰ ਤੋਤੇ ਆਖਿਆ ਹੋਰ ਕੌਤਕ ਵੇਖ । ਖਲੋਤਿਆਂ ੨ ਇਕ ਗਿਦੜ ਤੇ ਗਿਦੜੀ ਆਏ, ਮੁਰਦਿਆਂ ਦੇ ਕੋਲ ਖੜੋ ਲਗੇ ਸੋਚਣ । ਇਹ ਮੋਏ ਨੇ ਕਿ ਜੀਉਂਦੇ, ਇਰਦ ਗਿਰਦ ਫਿਰੇ । ਆਖਰ ਕਮਾਨ ਨੂੰ ਵੇਖ ਬੜੇ ਖੁਸ਼ ਹੋਏ । ਗਿਦੜ ਨੇ ਆਖਿਆ ਪਹਿਲੇ ਇਹ ਖਾਈਏ । ਪਿਛੋਂ ਹੋਰਾਂ ਨੂੰ । ਕਮਾਨ ਦਾ ਇਕ ਸਿਰਾ ਪ੍ਥਰ ਹੇਠ ਦੇ ਕੇ ਦੂਜਾ ਸਿਰ ਕੋਲ ਰਖ ਜਿਉਂ ਤੰਦੀ ਨੂੰ ਚਕ ਨਾਲ ਤੋੜਿਆ, ਕਮਾਨ ਦਾ ਸਿਰ ਉਲਟ ਗਿਦੜ ਦੇ ਸਿਰ ਤੇ ਲਗਾ, ਤਾਂ ਸਿਰ ਫਟ ਗਿਆ ਤੇ ਉਹ ਮਰ ਗਿਆ । ਗਿਦੜੀ ਨੇ ਦੂਸਰੇ ਪਾਸੇ ਤੇ ਡਿਗ ਕੇ ਅਪਣਾ ਢਿਡ ਪਾੜ ਦਿਤਾ ਛੇਏ ਮਰ ਗਏ । ਰਬ ਦਾ ਕੌਤਕ ਵੇਖ ਸ਼ਹਿਰ ਨੂੰ ਟੁਰੇ । ਬਾਜ਼ਾਰ ਵਿਚ ਇਕ ਸੁੰਦਰ ਇਸਤ੍ਰੀ ਕਸਾਈ ਦੀ ਹਟੀ ਤੇ ਮਾਸ ਲੈਣ ਜਾਂਦੀ ਵੇਖੀ । ਉਸ ਨੂੰ ਪੁਛਿਆ ਤੂੰ ਕੌਣ ਏਂ ? ਤਾਂ ਉਸ ਨੇ ਦਸਿਆ ਮੇਰਾ ਘਰ ਵਾਲਾ ਸ਼ਿਕਾਰੀ ਏ, ਸ਼ਿਕਾਰ ਮਾਰ ਕੇ ਲਿਆਵੇਗਾ । ਮੈਂ ਉਸ ਲਈ ਮਾਸ ਪਕਾਕੇ ਰਖਾਂਗੀ । ਰਾਜੇ ਆਖਿਆ :—

ਵਿਚ ਬਾਜ਼ਾਰ ਫ਼ਿਰਿੰਦੀਏ, ਤੇਰੇ ਗਲ ਲਾਲਾਂ ਦੇ ਹਾਰ ।
ਨੀਝੇ ਛਿਛਰੇ ਵਾਲਾ, ਖਾਧਾ ਈ ਬਾਸ਼ਕ ਨਾਗ ।

ਇਹ ਸੁਣ ਕੇ ਤੀਂਵੀ ਵਿਆਕਲ ਹੋ ਗਈ ! ਆਖਿਓ ਸੁ ਮੈਨੂੰ ਜਗ੍ਹਾ ਦਸੋ ।

---

*ਛਿਛਰੇ ਦੀ ਝਾੜੀ
†ਦੇਹੀ ਵਿਚ ਸਾਹ ਹੈ ।

Sri Satguru Jagjit Singh Ji Elibrary NamdhariElibrary@gmail.com

ਰਾਜੇ ਨੇ ਜੰਗਲ ਵਿਚ ਲਿਜਾ ਕੇ ਮੋਇਆਂ ਦੀਆਂ ਲੋਥਾਂ ਦਸੀਆਂ । ਆਪਣੇ ਪਤੀ ਨੂੰ ਵੇਖ ਕੇ ਉਸਨੇ ਛੁਰੀ ਚੁਕ ਕੇ ਆਪਣਾ ਵੀ ਘਾਤ ਕਰ ਲਿਤਾ । ਇਸ ਤਰ੍ਹਾਂ ਸਤ ਮੋਏ, ਤੇ ਰਾਜੇ ਆਖਿਆ :—

ਇਕ ਮਰੇਂਦਿਆਂ ਦੋ ਮੂਏ, ਦੋ ਮਰਨੇ ਸੇ ਚਾਰ ।
ਚਾਰ ਮਰਨੇ ਸੇ ਸਤ ਮੂਏ, ਚਾਰ ਮਰਦ ਤਿੰਨ ਨਾਰ ।

ਰਾਜਾ ਇਸ ਜੰਗਲ ਤੋਂ ਟੁਰਕੇ* ਨੀਲੇ ਸ਼ਹਿਰ ਆਇਆ, ਜਿਥੇ ਉਸਨੇ ਇਕ ਬੁਢੀ ਵੇਖੀ ਜਿਹੜੀ ਕਦੀ ਹਸਦੀ ਤੇ ਕਦੀ ਰੋਂਦੀ ਸੀ । ਰਾਜੇ ਨੇ ਹੈਰਾਨ ਹੋ ਕੇ ਪੁਛਿਆ। ਮਾਈ ਨੇ ਆਖਿਆ ਬੱਚਾ ਨਾ ਪੁਛ, ਪਰ ਰਸਾਲੂ ਨੇ ਜ਼ਿਦ ਕੀਤੀ । ਮਾਈ ਨੇ ਦਸਿਆ ਕਿ ਏਥੇ ਦੇਵ ਏ, ਜੇਹੜਾ ਰੋਜ਼ ਇਕ ਆਦਮੀ ਖਾਂਦਾ ਏ, ਤੇ ਰਾਜਾ ਵਾਰੋ ਵਾਰੀ ਇਕ ਇਕ ਮਨੁਖ ਘਲਦਾ ਹੈ । ਮੇਰੇ ਸਤ ਪੁੱਤਰ ਸਨ, ਛੀ ਦੇਉ ਨੇ ਖਾ ਲਏ, ਇਕ ਬਾਕੀ ਹੈ, ਉਸ ਦੀ ਵਾਰੀ ਅਜ ਹੈ, ਮੈਂ ਇਨ੍ਹਾਂ ਰੋਟੀਆਂ ਨੂੰ ਨਾਲ ਆਪਣੇ ਪੁੱਤਰ ਨੂੰ ਦੇਉ ਦੀ ਖੁਰਾਕ ਲਈ ਘਲਾਂਗੀ । ਰਬ ਦੇ ਕਰਤਵ ਵੇਖ ਕਦੀ ਹਸਦੀ ਹਾਂ ਕਦੀ ਰੋਂਦੀ । ਰਾਜੇ ਸੁਣ ਕੇ ਆਖਿਆ :--

ਨਾ ਰੋ ਮਾਤਾ ਭੋਲੀਏ ਨਾ ਆਸੂੰ ਡਲਕਾਇ ।
ਤੇਰੇ ਪੁੱਤਰ ਦੀ ਥਾਂਉਂ ਮੈ ਸਿਰ ਦੇਸਾਂ ਚਾਇ ।

ਮਾਈ ਆਖਿਆ, ਕੌਣ ਕੋਈ ਦੂਜੇ ਦੀ ਥਾਂ ਅਪਣੀ ਜਾਨ ਦਿੰਦਾ ਹੈ । ਪਰ ਰਾਜੇ ਨੇ ਆਖਿਆ "ਮੈਂ ਧਰਮ ਨਾਲ ਪ੍ਰਣ ਕਰਦਾ ਹਾਂ, ਮੈਂ ਤੇਰੇ ਪੁੱਤਰ ਦੀ ਵਾਰੀ ਦੇਵਾਂਗਾ ।" ਇਹ ਆਖਕੇ ਓਹ ਘੋੜੇ ਤੋਂ ਉਤਰ ਕੇ ਮਾਈ ਦੀ ਮੰਜੀ ਤੇ ਬੈਠ ਗਿਆ । ਏਨੇ ਚਿਰ ਨੂੰ ਕੁਟਵਾਲ ਆਇਆ, ਮਾਈ ਨੇ ਰਸਾਲੂ ਨੂੰ ਆਖਿਆ :—

ਨੀਲੇ ਘੋੜੇ ਵਾਲਿਆ, ਰਾਜਾ, ਮੂੰਹ ਦਾੜ੍ਹੀ ਸਿਰ ਪੱਗ ।
ਓਹ ਜੁ ਵੇਖੇ ਆਉਂਦੇ, ਇਨ੍ਹਾਂ ਖਾਧਾ ਸਾਰਾ ਜੱਗ ।

ਰਾਜੇ ਨੇ ਕੁਟਵਾਲ ਨੂੰ ਆਖਿਆ ਮਾਈ ਦੇ ਪੁੱਤਰ ਨੂੰ ਕੁਝ ਨਾ ਆਖੋ, ਉਸਦੀ ਜਗ੍ਹਾ ਮੈਂ ਜਾਵਾਂਗਾ । ਪਰ ਸਿਪਾਹੀ ਮਾਈ ਦੇ ਪੁੱਤਰ ਤੇ ਮਾਈ ਨੂੰ ਧਮਕਾਣ ਲਗੇ । ਰਾਜਾ ਨੇ ਅੱਖਾਂ ਵਖਾਈਆਂ ਤਾਂ ਦੂਰ ਹੋਏ । ਰਾਜਾ ਘੋੜੇ ਤੇ ਚੜ੍ਹ ਜੰਗਲ ਵਲ ਗਿਆ ਤੇ ਨਾਲ ਰੋਟੀਆਂ ਤੇ ਸੰਢਾ ਓਥੇ ਲੈ ਗਏ। ਰਾਜੇ ਨੇ ਆਖਿਆ ਸੰਢੇ ਨੂੰ ਸਿਧੀ ਸੜਕ ਲੈ ਜਾਉ ਤੇ ਉਹ ਆਪ ਦੇਵਾਂ ਦੇ ਘਰਾਂ ਵਲ ਚਲਿਆ । ਅਗੇ ਦੇਉ ਪਾਣੀ ਭਰਨ ਆਉਂਦਾ ਸੀ, ਉਹ ਸੰਢਾ, ਰਾਜਾ, ਤੇ ਘੋੜਾ ਵੇਖ ਬੜਾ ਖੁਸ਼ ਹੋਇਆ, ਕਿ ਅਜ ਸਾਨੂੰ ਘੋੜਾ ਵਖਰਾ

*ਨੀਲਾ ਸੋ ਵਿਸਵਾ ਸੀਲਾ ਹੋਣਾ ਏ । ਤੇ ਅਟਕੋਂ ਦਖਣ ਪਾਸੇ ਬਾਘ ਨੀਲਾਬ ਦੇ ਪਤਨ ਦੇ ਕੋਲ ਹੋਣਾ ਏ । ਵੇਖੋ ਸੁੰਦਰੀ ਛਲਨਾਟਕ, ਉਸ ਵਿਚ ਵੀ ਦੇਵਾਂ ਦੇ ਮਾਰਨ ਦਾ ਸੀਨ ਹੈ ।।

Sri Satguru Jagjit Singh Ji Elibrary NamdhariElibrary@gmail.com

ਮਿਲੇਗਾ ਤੇ ਮੈਨੂੰ ਮੌਜ ਹੋਵੇਗੀ, ਉਸ ਨੇ ਅਗੇ ਵਧ ਕੇ ਘੋੜੇ ਤੇ ਹਥ ਪਾਇਆ ਤਾਂ ਰਾਜਾ ਰਸਾਲੂ ਨੇ ਤਲਵਾਰ ਨਾਲ ਉਸ ਦਾ ਹਕ ਕਟ ਦਿਤਾ। ਉਹ ਚੀਕਦਾ ੨ ਘਰ ਨੂੰ ਦੌੜਿਆ। ਅਗੋਂ ਭੈਣ ਨੇ ਪੁਛਿਆ ਕੀ ਹੋਇਆ, ਤਾਂ ਦੇਉ ਨੇ ਆਖਿਆ ਰਾਜਾ ਰਸਾਲੂ ਘੋੜੇ ਤੇ ਮੇਰੇ ਪਿਛੇ ਹੈ, ਵੇਖ ਉਸ ਨੇ ਮੇਰਾ ਹਥ ਵਢ ਦਿਤਾ। ਬਸ ਦੇਊਨੀ ਵੀ ਡਰਦੀ ਨਸੀ, ਤੇ ਭਰਾਵਾਂ ਨੂੰ ਆਖਦੀ ਏ, ਨਸੋ ਰਾਜਾ ਰਸਾਲੂ ਪਿਛੇ ਆ ਗਿਆ ਹੈ।

ਨਸੋ, ਭਜੋ, ਭਾਈਓ ! ਦੇਖੋ ਕੋਈ ਗਲੀ।
ਜੇਹੜੀ ਅਗ ਧੁਖਦੀ ਸੀ, ਸੋ ਸਿਰ ਤੇ ਆਨ ਬਲੀ।
ਸੁਝਨਹਾਰੀ ਸੁਝ ਗਈ, ਹੁਣ ਲਹਿੰਦੇ ਚੜ੍ਹਦੇ ਜਾਇ।
ਜਿਥੇ ਸਾਨੂੰ ਸੁਖ ਮਿਲੇ ਸੋ ਝਟ ਪਟ ਕਰੋ ਉਪਾਏ।

ਦੇਉ ਨਸ ਕੇ ਜੋਤਸ਼ੀ ਕੋਲ ਗਏ, ਵੇਖੋ, ਰਸਾਲੂ ਸਚ ਮੁਚ ਜੰਮ ਪਿਆ ਹੈ। ਰਾਜਾ ਅਗੇ ਹੋ ਕੇ ਆਖਣ ਲਗਾ ਮੈਂ ਰਸਾਲੂ ਹਾਂ, ਰਾਜਾ ਸਲਵਾਹਨ ਦਾ ਪੁੱਤਰ। ਇਕ ਦੇਉ ਨੇ ਆਖਿਆ, ਮੈਂ ਤੇਰੇ ਜਿਹੇ ਸੈਂਕੜੇ ਰਸਾਲੂ ਖਾ ਚੁਕਾ ਹਾਂ। ਬੜ੍ਹਕ ਕੇ ਬੋਲਿਆ:—

ਐਸਾ ਮਾਰੂੰ ਗੁਰਜਨਾ ਖੰਡ ਖੰਡ ਕਰੂੰ ਮੈਂ ਚਾਇ।
ਐਸਾ ਸਟੂੰ ਵਾਹੇ ਕੇ, ਕੁਥਾਇ ਪਵੇਂ ਤੂੰ ਜਾਏ।

ਫੇਰ ਦੇਵਾਂ ਆਖਿਆ ਰਸਾਲੂ ਦੀਆਂ ਨਿਸ਼ਾਨੀਆਂ ਇਹ ਹੈਨ-ਉਸ ਦੇ ਘੋੜੇ ਦੀ ਪਛਾੜੀ ਦੀ ਰਸੀ ਦੇਵਾਂ ਨੂੰ ਬੰਨ੍ਹ ਲਵੇਗੀ, ਤੇ ਉਸ ਦੀ ਤਲਵਾਰ ਆਪ-ਮੁਹਾਰੀ ਦੇਵਾਂ ਨੂੰ ਵਟੇਗੀ। ਇਹ ਸੁਣ ਕੇ ਰਾਜਾ ਰਸਾਲੂ ਨੇ ਆਪਣੇ ਘੋੜੇ ਦੀ ਪਛਾੜੀ ਦੀ ਰਸੀ ਜ਼ਮੀਨ ਤੇ ਸੁਟ ਦਿਤੀ ਤੇ ਰਸੀ ਨੇ ਸਾਰੇ ਦੇਵ ਬੰਨ੍ਹ ਲਏ। ਤਲਵਾਰ ਨੂੰ ਹਥੋਂ ਛਡਿਆ ਤਾਂ ਉਹ ਦੇਵਾਂ ਨੂੰ ਵਟਨ ਲਗ ਪਈ। ਦੇਵਾਂ ਨੇ ਫੇਰ ਕਿਹਾ ਕਿ ਹੋਰ ਨਿਸ਼ਾਨੀ ਇਹ ਹੈ ਕਿ ਰਸਾਲੂ ਦਾ ਤੀਰ, ਲੋਹੇ ਦੇ ਸਤਾਂ ਕੜਾਹਿਆਂ ਨੂੰ ਵਿਨ੍ਹ ਕੇ ਪਾਰ ਹੋ ਜਾਏਗਾ। ਰਸਾਲੂ ਨੇ ਕਿਹਾ ਅਜ਼ਮਾ ਵੇਖੋ। ਮੋਟੇ ਮੋਟੇ ਲੋਹੇ ਦੇ ਸਤ ਕੜਾਹੇ ਇਕ ਦੂਜੇ ਦੇ ਪਿਛੇ ਖੜੇ ਰਖ ਦਿਤੇ ਅਤੇ ਉਨ੍ਹਾਂ ਦੇ ਪਿਛੇ ਸਤ ਦੇਵ ਖੜੇ ਕੀਤੇ। ਰਾਜੇ ਦੇ ਤੀਰ ਨੇ ਸਭ ਵਿਨ੍ਹ ਦਿਤੇ। ਫੇਰ ਰਾਜੇ ਨੇ ਸਤਾਂ ਦੇ ਸਿਰ ਵਢ ਲਿਤੇ। ਪਰ ਉਨ੍ਹਾਂ ਦੀ ਭੈਣ ਬਚ ਨਿਕਲੀ, ਤੇ ਦੌੜ ਕੇ ਗੰਦ ਗੜ੍ਹ ਦੀ ਇਕ ਗੁਫ਼ਾ ਵਿਚ ਜਾ ਲੁਕੀ, ਤੇ ਰਸਾਲੂ ਉਸ ਦੇ ਪਿਛੇ ਗਿਆ। ਪਰ ਗੁਫ਼ਾ ਦੇ ਮੂੰਹ ਅਗੇ ਆਪਣਾ ਬੁਤ ਖੜਾ ਕਰ ਆਇਆ, ਜਿਸ ਤੋਂ ਡਰਦੀ ਦੇਵਨੀ ਅਜ ਤਕ ਬਾਹਰ ਨਹੀਂ ਨਿਕਲੀ।

ਦੇਵਾਂ ਨੂੰ ਮਾਰਨ ਨਾਲ ਰਾਜੇ ਰਸਾਲੂ ਦੀ ਧੁੰਮ ਪੈ ਗਈ। ਤੇ ਉਸ ਨੇ ਰਾਜਾ ਹਰੀ ਚੰਦ ਦੇ ਬਾਗ ਵਿਚ ਆਕੇ ਡੇਰਾ ਲਾਇਆ। (ਰਾਜਾ ਹਰੀ ਚੰਦ ਉਸ ਦੇਸ ਦੇ ਰਾਜਾ ਦਾ ਨਾਂ ਹੋਣਾ ਏ) ਸਾਰੇ ਸ਼ਹਿਰ ਦੇ ਲੋਕ ਰਸਾਲੂ ਦੇ ਦਰਸ਼ਨਾਂ ਨੂੰ ਤੇ ਧੰਨਵਾਦ ਕਰਨ ਨੂੰ ਆਏ।

ਜਦ ਰਾਤ ਪਈ ਤਾਂ ਰਾਜੇ ਦੀ ਬੇਟੀ ਕੁਮਾਰੀ ਸ਼ੰਕਣੀ ਸਠਾਂ ਸਹੇਲੀਆਂ

ਸਮੇਤ ਰਸਾਲੂ ਦੇ ਦਰਸ਼ਨਾਂ ਨੂੰ ਆਈ । ਵੇਖ ਕੇ ਮੋਹਤ ਹੋ ਗਈ। ਰਾਜੇ ਨੇ ਆਖਿਆ :—

ਰਾਤ ਹਨੇਰੀ ਜਲ ਘਣਾਂ, ਕੀ ਦਿਸੇ ਫੁਹਾਰ ।
ਅੰਬੇ ਹੇਠ ਖੜੋਤੀਏ, ਤੇਰੇ ਹਥ ਕੰਙਣ, ਗਲ ਹਾਰ ।
ਇਕੇ ਕੌਤੇ ਝਿੜਕੀਏ, ਇਕੇ ਪਈ ਆ ਮਾਰ ?

ਰਾਣੀ ਸ਼ੋਕਣੀ ਨੇ ਤੁਰਤ ਉੱਤਰ ਦਿਤਾ :—

ਰਾਤ ਹਨੇਰੀ, ਜਲ ਘਣਾਂ, ਮੇਰੇ ਹਥ ਕੰਙਣ ਗਲ ਹਾਰ ।
ਨਾ ਮੈਂ ਕੌਤੇ ਝਿੜਕੀਆਂ, ਨਾ ਦਿਤੀ ਧਿਤਕਾਰ ।
ਅਲੀਆਂ* ਦਲਚਾਂ ਘਰ ਪੱਕੀਆਂ ਰਾਜਾ ਜਾ ਕੇ ਮੌਜਾਂ ਮਾਣ ।
ਇਨ੍ਹਾਂ ਗਲੀਆਂ ਵਿਚ ਲਾਭ ਨਹੀਂ ਹੈ, ਲੋਕ ਹੁੰਦੇ ਹਨ ਖ੍ਵਾਰ ।

ਕੁਮਾਰੀ ਦਾ ਜੀ ਤੇ ਰਾਜਾ ਤੇ ਆਇਆ ਸੀ, ਪਰ ਉਤੋਂ ਰਾਜੇ ਨੂੰ ਝਾੜ ਦਿਤਾ । ਇਹ ਕਹਿ ਰਾਣੀ ਮੜ ਆਈ ਪਰ ਪਛਤਾਏ ਕਿ ਕਿਉਂ ਮੰਦੇ ਬਚਨ ਅਲਾਏ । ਸਵੇਰੇ ਰਾਜਾ ਇਕ ਤਾਲ ਤੇ ਕਪੜੇ ਧੋਣ ਗਿਆ । ਰਾਣੀ ਸ਼ੋਂਕਣੀ ਦੀ ਇਕ ਗੋਲੀ ਨੇ ਪਛਾਣ ਲਿਤਾ ਤੇ ਰਾਣੀ ਨੂੰ ਦਸਿਆ । ਰਾਣੀ ਗੋਲੀ ਦਾ ਭੇਸ ਵਟਾ, ਪਾਣੀ ਭਰਨ ਓਸ ਤਲਾ ਤੇ ਚਲੀ ਗਈ । ਜਦ ਪਾਣੀ ਭਰਦੀ ਸੀ ਤਾਂ ਉਸ ਨੇ ਰਾਜੇ ਵਲ ਤਕਿਆ ਤੇ ਰਾਜੇ ਨੇ ਉਸ ਵਲ । ਤੇ ਬੋਲੀ :—

ਸਿਰ ਪਰ ਕਪੜੇ ਧੋਂਦਿਆਂ ਰਾਜਾ, ਜਾਮਾਂ ਧੋਏਂ ਸੂਤੀ ਪਗ ।
ਫੂਈਂ ਘੜੋਲੀ ਮੈਂ ਭਰੀ, ਤੁਧ ਮੂਲ ਨਾ ਕੀਤੀ ਸੁਧ ।
ਮਾਨ ਕੀਤੋ ਅਪਨੇ ਰੂਪ ਦਾ, ਦੇਕਰ ਬੈਠੋਂ ਕੰਡ ।
ਸਚ ਮੂੰਹ ਥੀਂ ਬੋਲ, ਰਾਜਾ, ਤੂੰ ਸ਼ਾਹਿਦ ਫਿਰੇਂ ਕਿ ਠੱਗ ?

ਰਾਜਾ ਨੇ ਉੱਤਰ ਦਿਤਾ :—

ਦੇਸ ਬਿਗਾਨਾ ਭੂਮ ਓਪਰੀ, ਘਰ ਤੂੰ ਬੇਗਾਨੀ ਧੀਉ ।
ਜੇ ਪ੍ਰਦੇਸੀ ਦਾ ਦਿਲ† ਪਵੇ, ਤਾਂ ਕੌਣ ਛੁਡਾਵੇ ਜੀਉ ?

ਰਾਣੀ ਨੇ ਮੁੜ ਆਖਿਆ :—

ਚੰਨਣ ਚੀਰਾਂ, ਚਿਖ ਬਹਾਂ, ਫੂਕ ਲਗਾਵਾਂ ਅੱਗ ।
ਜੇ ਪਰਦੇਸੀ ਦਾ ਦਿਲ ਪਵੇ, ਤਾਂ ਮਰਾਂ ਮੈਂ ਤੇਰੇ ਗਲ ਲਗ ॥

---

*ਦਾਖ ॥

†ਦਿਲ ਪਵੇ, ਦਾ ਮੁਹਾਵਰਾ ਗਲਤ ਹੈ, ਪਹਿਲੇ ਟਪਿਆਂ ਵਿਚ "ਵਲ" ਪਵੇ ਸੀ । ਉਹ ਠੀਕ ਸੀ । ਵਲ ਪਵੇ=ਡਿੰਗ ਪਵੇ=ਧੋਖਾ ਹੋਵੇ । ਤੇ ਰਾਣੀ ਦਾ ਉਤਰ ਵੀ ਢੁਕਦਾ ਸੀ । ਹੁਣ ਉਤਰ ਢੁਕਦਾ ਨਹੀਂ ।

Sri Satguru Jagjit Singh Ji Elibrary NamdhariElibrary@gmail.com

ਰਾਜਾ ਨੇ ਉੱਤਰ ਦਿਤਾ :—

ਸਿੰਗ ਨਾ ਭਾਰੀ ਗਊਆਂ, ਫ਼ਲ ਨਾ ਭਾਰੀ ਰੁੱਖ ।
ਉਸ ਰੁਖ ਨੂੰ ਕਿਉਂ ਸੇਵੀਏ, ਜਿਸ ਦੀ ਛਾਂਓਂ ਨਾ ਧੁੱਪ ।

ਰਾਣੀ ਬੋਲੀ :—

ਪਾਣੀ ਭਰਸਾਂ ਧਰਮੀ ਰਾਜਾ, ਨੀਤੀ ਦੇਖ, ਨਾ ਭੁੱਲ ।
ਜਿਹਾ ਮੇਰਾ ਘਰ ਕੌਂਤ ਹੈ, ਉਸ ਦੀ ਬਾਂਹ ਦਾ ਨਹੀਂ ਮੁੱਲ ।

ਰਾਜਾ ਨੇ ਉੱਤਰ ਦਿਤਾ :—

ਆਪਣਾ ਆਪ ਸਲਾਹਿਓ ਈ ਰਾਣੀ, ਘਰ ਸਲਾਹਿਓ ਯਾਰ ।
ਘਰ ਜੁ ਛੋੜੀ ਇਸਤ੍ਰੀ, ਉਸ ਦੇ ਗਲ ਫੁਲਾਂ ਦੇ ਹਾਰ ।
ਜਿਸ ਰਾਣੀ ਦਾ ਬੇਟੜਾ, ਉਸ ਦੀਆਂ ਤੁਧ ਜਹੀਆਂ ਪਨਿਹਾਰ ।

ਅਗੋਂ ਰਾਣੀ ਬੋਲੀ :—

ਆਪਣਾ ਆਪ ਸਲਾਹਿਓ ਰਾਜਾ; ਘਰ ਸਲਾਹਿਓ ਜੋਇ ।
ਮੇਰੀ ਜਹੀ ਰਾਜਾ ਇਸਤ੍ਰੀ, ਜੰਗਲ-ਬੇਲੇ ਹਰਣੀ ਹੋਇ ।

ਰਾਜਾ ਬੋਲਿਆ :—

ਹਰਣੀ ਕਿਆ ਸਲਾਹਿਓ ਰਾਣੀ, ਜਿਹੜੀ ਦੰਦੀਂ ਖਾਵੇ ਘਾ ।
ਨਿਤ ਜੋ ਆਵਣ ਹੇੜੀਆ (ਜਾਂ ਸ਼ਿਕਾਰੀਆ) ਜੰਗਲ ਦਿਤੇ ਕੁੱਤੇ ਲਾ ।
ਤੁਧ ਜਹੀਆਂ ਕਈ ਛਡੀਆਂ, ਜਾ ਕੇ ਬਹਿਨ ਬਾਜ਼ਾਰ ।

ਰਾਣੀ ਰਾਜੇ ਦਾ ਝਘੜਾ ਹੁੰਦਾ ਈ ਸੀ, ਤਾਂ ਰਾਣੀ ਦੀਆਂ ਸਠ ਸਹੇਲੀਆਂ ਆ ਗਈਆਂ, ਤੇ ਰਾਜੇ ਨਾਲ ਝਗੜਨ ਲਗੀਆਂ ਕਿ ਤੂੰ ਏਥੇ ਕਪੜੇ ਕਿਉਂ ਧੋਨਾ ਏਂ । ਰਾਜੇ ਕਿਹਾ ਮੈਂ ਪਰਦੇਸੀ ਹਾਂ, ਮੈਨੂੰ ਨਹੀਂ ਸੀ ਪਤਾ ਕਿ ਇਹ ਕੁਮਾਰੀ ਹੈ। ਹੁਣ ਮੈਂ ਆਪਣੇ ਕਪੜੇ ਧੋ ਚੁਕਾ ਹਾਂ, ਮੈਂ ਚਲਾ ਜਾਨਾ ਹਾਂ । ਜਦ ਘੋੜੇ ਤੇ ਚੜ੍ਹਿਆ ਤਾਂ ਉਸ ਨੇ ਰਾਣੀ ਨੂੰ ਸਹੇਲੀਆਂ ਸਮੇਤ ਨ੍ਹਾਉਂਦਿਆਂ ਵੇਖਿਆ ਤਾਂ ਬੋਲਿਆ :—

ਉਚੀ ਲੰਮੀ ਰਾਣੀਏ, ਤੇਰੇ ਤਿਲੀਅਰ ਕੇਸ ਪਵੰਤ ।
ਦਸ, ਕੀਹਾਂ ਮੈਥੋਂ ਵਰਤੜੀ, ਭੋਲੇ ਪਾਨੀ ਦੇ *ਚਲੰਤ ।
ਬਾਹਾਂ ਉਲਾਰੇਂ, ਕਛ ਨੰਗੀ, ਮੂੰਹ ਤੋਂ ਹੌਲੇ, †ਦੰਤ ।

---

*ਪਾਣੀ ਭਰਨ ਦੇ ਬਹਾਨੇ ।

† ਟੈਂਪਲ ਸਾਹਿਬ ਤਾਂ ਉਲਥਾ ਕਰਦੇ ਨੇ, ਚਿਥ ਚਿਥ ਕੇ ਗਲਾਂ ਕਰਦੀਏ (Speak mincingly) ਸਾਡੇ ਖ਼ਿਆਲ ਵਿਚ ਹੌਲੇ ਦੀ ਥਾਂ ਬੋਲੇਂ ਚਾਹੀਏ ਜੇ ਮੂੰਹੋਂ ਬੋਲੀ ਤਾਂ ਸੁੰਦਰ ਦੰਦ ਦਿਖਾਏ ।

Sri Satguru Jagjit Singh Ji Elibrary NamdhariElibrary@gmail.com

ਦੋ ਜੋ ਦਿਸਨ *ਰੁਖੜੇ, ਭੋਲੇ ਪਾਣੀ ਦੇ ਚਲੰਤ।

ਫੇਰ ਰਾਣੀ ਤੋਂ ਹੋਡੀ ਨਗਰ ਦਾ ਰਾਹ ਪੁਛ ਕੇ ਟੁਰ ਪਿਆ।

ਨੋਟ—ਉਪਰਲੇ ਪ੍ਰਸੰਗ ਦੇ ਸਵਾਲ ਜਵਾਬ ਕਿਸੇ ਹੋਰ ਜਗ੍ਹਾ, ਰਾਣੀ ਕੋਕਲਾਂ ਤੇ ਰਾਜਾ ਹੋਡੀ ਦੇ ਸਵਾਲ ਜਵਾਬ ਦਿਤੇ ਹੈਨ। ਧੋਬੀ ਤੇ ਰਾਣੀ ਦੇ ਸਵਾਲ ਜਵਾਬ ਅਦਲ ਬਦਲ ਕੇ ਓਹੀ ਜੋ ਸ਼ੁਰੂ ਵਿਚ ਦਿਤੇ ਨੇ। ਇਹ ਕਵਿਤਾ ਦੇ ਬੰਦ ਢਾਡੀਆਂ, ਮਰਾਸੀਆਂ ਦੇ ਯਾਦ ਹੁੰਦੇ ਨੇ। ਜਿਥੇ ਜੀ ਚਾਹਿਆ ਜੜ ਦਿਤੇ। ਇਨ੍ਹਾਂ ਦੀ ਜ਼ਬਾਨ ਵੀ ਵਟਦੀ ਰਹਿੰਦੀ ਹੈ। ਪੂਰਬ ਦੇ ਇਲਾਕੇ ਵਾਲਿਆਂ ਨੇ ਹਿੰਦੀ ਭੇਸ ਦੇ ਦਿਤਾ। ਇਸ ਕਰਕੇ ਜੋ ਜ਼ਬਾਨ ਕਵਿਤਾ ਦੀ ਲਿਖੀ ਹੈ, ਉਹ ਅਸਾਂ ਵੀ ਵਧ ਘਟ ਕਰਕੇ ਲਿਖੀ ਹੈ।

---

ਓਥੋਂ ਤੁਰਕੇ ਰਸਾਲੂ† ਹੋਡੀ ਨਗਰ ਆਇਆ। ਓਥੇ ਉਸ ਨੇ ਰਾਹ ਦੇ ਵਿਚ-ਕਾਰ ਦੋ ਉਚੇ ਵਾਂਸ ਗੱਡੇ ਵੇਖੇ। ਲੋਕਾਂ ਤੋਂ ਪੁਛਿਓ ਸੂ ਕਿ ਇਨ੍ਹਾਂ ਵਾਂਸਾਂ ਦਾ ਕੀ ਮਤਲਬ ਹੈ? ਲੋਕਾਂ ਨੇ ਦਸਿਆ ਕਿ ਰਾਜਾ ਨੇ ਇਹ ਵਾਂਸ ਇਸ ਵਾਸਤੇ ਗੱਡੇ ਨੇ ਕਿ ਜਦ ਸਲਵਾਹਨ ਦਾ ਬੇਟਾ ਰਸਾਲੂ ਆਵੇਗਾ, ਤਾਂ ਉਹ ਇਨ੍ਹਾਂ ਨੂੰ ਢੁੰਡੇਗਾ। ਅਗੇ ਕਈ ਰਾਜੇ ਆਏ ਪਰ ਕਿਸੇ ਤੋਂ ਵੀ ਵਾਂਸਾਂ ਉਪਰਲੇ ਕਟੋਰੇ ਨਹੀਂ ਢੁੰਡੇ ਗਏ। ਰਾਜਾ ਰਸਾਲੂ ਨੇ ਤੀਰ ਮਾਰਕੇ ਦੋਵੇਂ ਵਾਂਸਾਂ ਉਤੇ ਟੰਗੇ ਸੋਨੇ ਦੇ ਕਟੋਰਿਆਂ ਦੇ ਨਸ਼ਾਨੇ ਢੁੰਡੇ ਤੇ ਕਟੋਰੇ ਡਿੱਗ ਪਏ। ਇਕ ਮੁੰਡਾ ਇਕ ਕਟੋਰਾ ਚੁਕ ਕੇ ਰਾਜਾ ਹਰੀਚੰਦ ਕੋਲ ਲੈ ਗਿਆ, ਤੇ ਰਾਜਾ ਹਰੀਚੰਦ ਨੇ ਪੁਛਿਆ ਕਿ ਇਹ ਕਿਸ ਨੇ ਢੁੰਡੇ? ਮੁੰਡੇ ਨੇ ਦਸਿਆ ਕਿ ਮੈਂ ਤੇ ਬਜ਼ਾਰ ਵਿਚ ਕਟੋਰੇ ਢਠੇ ਡਿਠੇ ਨੇ ਤੇ ਇਕ ਤੀਰ ਸੜਕ ਵਿਚ ਗਡਿਆ ਸੀ। ਮੈਂ ਆਪ ਕਿਸੇ ਆਦਮੀ ਨੂੰ ਢੁੰਡਦਿਆਂ ਨਹੀਂ ਡਿੱਠਾ। ਰਾਜਾ ਨੇ ਸੋਚਿਆ ਕਿ ਸ਼ੈਦ ਰਸਾਲੂ ਆ ਗਿਆ ਹੋਵੇ। ਸੋ ਉਸਨੇ ਆਦਮੀ ਲੱਭਣ ਲਈ ਘੱਲੇ। ਰਸਾਲੂ ਰਾਜਾ ਹਰੀ ਚੰਦ ਦੇ ਬਾਗ਼ ਵਿਚ ਸੁਤਾ ਪਿਆ ਸੀ। ਰਾਜੇ ਨੇ ਆਖਿਆ ਕਿ ਇਕ ਹੋਰ ਨਸ਼ਾਨੀ ਰਸਾਲੂ ਦੀ ਇਹ ਹੈ, ਕਿ ਬਾਗ਼ ਵਿਚ ਜਿਹੜਾ ਫਲਾਨਾ ਬੂਟਾ ਅੰਬ ਦਾ ਹੈ ਉਸ ਨਾਲ ਦੋ ਅੰਬ ਵਰ੍ਹਿਆਂ ਬੱਧੀ ਲੱਗੇ ਹੈਨ। ਨਿਤ ਹਰੇ ਤੇ ਤਾਜ਼ੇ ਰਹਿੰਦੇ ਨੇ। ਜੋਤਸ਼ੀ ਆਖਿਆ ਹੈ ਕਿ ਜਦ ਰਸਾਲੂ ਆਵੇਗਾ, ਉਹੀ ਉਹ ਅੰਬ ਤੋੜੇਗਾ, ਹੋਰ ਕੋਈ ਨਾ ਤੋੜ ਸਕੇਗਾ। ਨਫ਼ਰਾਂ ਘਲਿਉ ਸੁ, ਕਿ ਜਾਕੇ ਵੇਖੋ। ਉਨ੍ਹਾਂ ਨੇ ਜਾ ਕੇ ਡਿੱਠਾ, ਤਾਂ ਇਕ ਅੰਬ ਸੁਤੇ ਹੋਏ ਰਾਜਾ ਦੇ ਪੱਲੇ ਤੇ ਪਿਆ ਸੀ, ਤੇ ਦੂਜਾ ਅੱਧਾ ਖਾਧਾ ਹੋਇਆ ਪਿਆ ਸੀ। ਨਫ਼ਰਾਂ ਨੇ ਅੱਧਾ ਖਾਧਾ ਹੋਇਆ ਅੰਬ ਚੁਕ

---

*ਛਾਤੀ ਵਲ ਇਸ਼ਾਰਾ ਹੈ।

†ਟੈਂਪਲ ਸਾਹਿਬ ਦੇ ਖਿਆਲ ਵਿਚ ਇਹ ਥਾਂ, ਰਾਣੀ ਥੌਂਢ, ਚਿਟਰ ਪਹਾੜ ਵਾਲੀ ਹੋਣੀ ਏ। ਜਿਹੜੀ ਅਟਕੋਂ ਹੇਠਾਂ ਹੈ।

Sri Satguru Jagjit Singh Ji Elibrary NamdhariElibrary@gmail.com

ਕੇ ਰਾਜੇ ਕੋਲ ਲੈ ਆਂਦਾ। ਰਾਜੇ ਨੂੰ ਵੇਖ ਕੇ ਪ੍ਰਤੀਤ ਹੋ ਗਈ ਕਿ ਰਾਜਾ ਰਸਾਲੂ ਆ ਗਿਆ ਹੈ। ਉਸ ਨੇ ਆਪਣੀ ਕੁਮਾਰੀ ਸ਼ੌਂਕਣੀ ਦਾ ਵਿਆਹ ਰਸਾਲੂ ਨਾਲ ਕਰਨਾ ਸੀ। ਉਸ ਨੇ ਰਸਾਲੂ ਨੂੰ ਬੁਲਾਇਆ, ਆਦਰ ਕੀਤਾ, ਤੇ ਕੁੜਮਾਈ ਦਾ ਸ਼ਗਨ ਲਾ ਦਿਤਾ ਫੇਰ ਜੋਤਸ਼ੀਆਂ ਨੂੰ ਬੁਲਾਕੇ ਵਿਆਹ ਦਾ ਮਹੂਰਤ ਪੁਛਣ ਲਗਾ। ਪਰ ਕੋਈ ਲਗਨ ਨਾ ਬਣੇ, ਰਾਜਾ ਹੈਰਾਨ। ਇਕ ਗਰੀਬ ਬ੍ਰਾਹਮਣ ਜੋਤਸ਼ੀ ਨੇ ਹੱਥ ਬੰਨ੍ਹਕੇ ਅਰਜ਼ ਕੀਤੀ ਕਿ ਜੇ ਜਾਨ ਬਖਸ਼ੀ ਕਰੋ ਤਾਂ ਮੈਂ ਸਚ ਸਚ ਦਸਾਂ। ਰਾਜਾ ਨੇ ਹੁਕਮ ਦਿੱਤਾ ਕਿ ਨਿਡਰ ਕਹੋ। ਉਸਨੇ ਆਖਿਆ, ਮਹਾਰਾਜ, ਰਾਣੀ ਸ਼ੌਂਕਣੀ ਦਾ ਸੰਬੰਧ ਰਸਾਲੂ ਨਾਲ ਨਹੀਂ, ਇਸ ਦਾ ਜੋੜ ਤਾਂ ਕਿਸੇ ਸੁਨਿਆਰੇ ਬੇਟੜੇ ਨਾਲ ਹੈ। ਬਾਹਮਣ ਬੜੇ ਗੁੱਸੇ ਹੋਏ ਤੇ ਵਿਚਾਰੇ ਗ਼ਰੀਬ ਬਾਹਮਣ ਨੂੰ ਮਾਰਿਆ ਕੁਟਿਆ। ਰਾਜੇ ਨੇ ਇਸ ਖ਼ਿਆਲ ਨਾਲ ਕਿ ਬਾਹਮਣ ਦੀ ਗਲ ਸਚ ਈ ਨਾ ਹੋਵੇ, ਸਾਰੇ ਸੁਨਿਆਰੇ ਸ਼ਹਿਰੋਂ ਬਾਹਰ ਕਢ ਦਿਤੇ, ਤੇ ਰਸਾਲੂ ਨਾਲ ਵਿਆਹ ਕਰਨ ਦੀਆਂ ਤਿਆਰੀਆਂ ਕੀਤੀਆਂ। ਕੁਝ ਚਿਰ ਪਿਛੋਂ, ਦੋਹਮਣ ।ਪਿੰਡ ਦਾ ਇਕ ਸੁਨਿਆਰਾ ਸ਼ਹਿਰ ਵਿਚ ਆ ਗਿਆ। ਫੜ ਕੇ ਰਾਜਾ ਪਾਸ ਲੈ ਗਏ। ਸੁਨਿਆਰਾ ਬੁੱਢਾ ਸੀ, ਤੇ ਰਾਜੇ ਗਹਿਣੇ ਵਿਆਹ ਲਈ ਘੜਾਣੇ ਸਨ। ਉਸ ਨੂੰ ਰਹਿਣ ਦੀ ਆਗਿਆ ਦਿਤੀ ਤੇ ਗਹਿਣੇ ਘੜਨੇ ਪਾ ਦਿਤੇ। ਸੁਨਿਆਰਾ ਇਕ ਵਖਰੇ ਘਰ ਵਿਚ ਗਹਿਣੇ ਘੜਦਾ ਰਿਹਾ।

ਕਈ ਮਹੀਨੇ ਬੀਤ ਗਏ। ਸੁਨਿਆਰਾ ਆਪਣੇ ਘਰ ਨਾ ਮੁੜਿਆ, ਤੇ ਉਸ ਦੇ ਪਿੰਡ ਉਸ ਦੀ ਵਹੁਟੀ ਗ਼ਮ ਵਿਚ ਰੋਂਦੀ ਰਹਿੰਦੀ ਸੀ। ਸੁਨਿਆਰੇ ਦੇ ਪੁੱਤਰ ਨੇ ਮਾਂ ਨੂੰ ਪੁਛਿਆ ਤੂੰ ਰੋਂਦੀ ਕਿਉਂ ਹੈਂ? ਉਸਨੇ ਦਸਿਆ ਕਿ ਤੇਰਾ ਪਿਤਾ ਤੁਰਦੀ ਵਾਰੀ ਆਖ ਗਿਆ ਸੀ ਕਿ ਜੇ ਮੈਂ ਪੰਦਰਾਂ ਦਿਨਾਂ ਵਿਚ ਨ ਮੁੜਿਆ, ਤਾਂ ਮੈਨੂੰ ਮਰ ਗਿਆ ਸਮਝੀਂ, ਹੁਣ ਉਸ ਨੂੰ ਦੋ ਮਹੀਨੇ ਹੋ ਗਏ ਨੇ। ਵਿਚਾਰਾ ਕਿਧਰੇ ਮਰ ਗਿਆ ਹੋਣਾ ਏ। ਪੁੱਤਰ ਨੇ ਹੌਂਸਲਾ ਦਿਤਾ ਕਿ ਨਹੀਂ। ਮੈਂ ਲਭ ਕੇ ਲਿਆਉਂਦਾ ਹਾਂ। ਤੇ ਉਹ ਸੁਦਾਗਰ ਬੱਚੇ ਦਾ ਭੇਸ ਵਟਾ, ਹੋਡੀ ਨਗਰ ਨੂੰ ਟੁਰ ਪਿਆ। ਸੁਨਿਆਰਾ ਬੇਟਾ, ਸ਼ਕਲ ਰੂਪ ਦਾ ਪਰ ਖਰਾ ਸੀ। ਜਦ ਹੋਡੀ ਨਗਰ ਪੁੱਜਾ ਤੇ ਅਗੋਂ ਉਸ ਤੇ ਸੱਠਾਂ ਸਹੇਲੀਆਂ ਸਮੇਤ ਬਾਗ਼ ਵਿਚ ਸੈਲ ਕਰਦੀ ਰਾਣੀ ਸ਼ੌਂਕਣੀ ਦੀ ਨਜ਼ਰ ਪੈ ਗਈ। ਜਦ ਰਾਣੀ ਨੇ ਇਸ ਸੋਹਣੇ ਮੁੰਡੇ ਨੂੰ ਵੇਖਿਆ ਤਾਂ ਪੁਛਿਓ ਸੂ, ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ? ਉਸ ਨੇ ਕਿਹਾ ਕਿ ਮੈਂ ਪਰਦੇਸੀ ਹਾਂ, ਤੇ ਅਪਣੇ ਪਿਉ ਨੂੰ ਲਭਣ ਆਇਆ ਹਾਂ। ਰਾਣੀ ਸੂਰਤ ਵੇਖ ਮੂਰਤ ਹੋ ਗਈ। ਸੁਨਿਆਰੇ ਬੇਟੜੇ ਨੂੰ ਕਹਿਓਸੁ ਤੂੰ ਏਥੇ ਠਹਿਰ ਮੈਂ ਤੇਰੇ ਪਿਉ ਦਾ ਪਤਾ ਕੱਢਾਂਗੀ। ਉਹ ਨੱਢਾ ਓਥੇ ਸੀ ਰਿਹਾ। ਕੁਝ ਚਿਰ ਪਿਛੋਂ ਰਾਣੀ ਮੁੜੀ ਤੇ ਨੱਢੇ ਨੂੰ ਕਹਿਓਸੂ, ਮੇਰੇ ਨਾਲ ਆ ਜਾ, ਤੇ ਉਸ ਨੂੰ ਬਾਜ਼ਾਰ ਵਿਚ

---

ਨੋਟ—ਤਦੋਹਮਣ ਦੀ ਥਾਂ ਬਾਘਨੀਲਾਬ ਦੇ ਪਤਨ ਕੋਲ ਸੀ, ਤੇ ਸ਼ਾਇਦ ਦੂਮਲ ਪਿੰਡ ਉਸੇ ਦੀ ਥਾਂ ਹੋਵੇ।

Sri Satguru Jagjit Singh Ji Elibrary NamdhariElibrary@gmail.com

ਉਸ ਦੇ ਪਿਉ ਦਾ ਘਰ ਦਸਿਆ, ਤੇ ਉਹ ਉਧਰ ਜਾਕੇ ਪਿਤਾ ਨੂੰ ਮਿਲਿਆ, ਪਿਉ ਨੇ ਅਗੋਂ ਰੋਕੇ ਆਖਿਆ ਹੇ ਬੇਟਾ ਤੂੰ ਏਥੇ ਕਿਉਂ ਆਇਓਂ ? ਇਥੇ ਤਾਂ ਕਿਸੇ ਸੁਨਿਆਰੇ ਨੂੰ ਰਹਿਣ ਦਾ ਹੁਕਮ ਨਹੀਂ । ਸਾਡੀ ਜਾਨ ਇਸ ਸ਼ਹਿਰ ਵਿਚ ਜੋਖੋਂ ਵਿਚ ਹੈ। ਏਨੇ ਚਿਰ ਨੂੰ ਰਾਣੀ ਸ਼ੌਂਕਣੀ ਉਧਰ ਆ ਗਈ, ਤੇ ਸੁਨਿਆਰੇ ਨੂੰ ਹੌਂਸਲਾ ਦਿਤਾ ਕਿ ਫਿਕਰ ਨਾ ਕਰ, ਤੈਨੂੰ ਆਂਚ ਨਹੀਂ ਲਗਦੀ। ਇਹ ਕਹਿ ਉਹ ਸੁਨਿਆਰੇ ਬੇਟੜੇ ਨੂੰ ਅਪਣੇ ਮਹਿਲੀਂ ਲੈ ਗਈ। ਓਥੇ ਜਾ ਕ ਉਸ ਨੂੰ ਰੁਪਿਆ ਦਿਤਾ ਕਿ ਚੰਗੇ ਕਪੜੇ ਬਨਵਾ, ਘੋੜਾ ਲੈ ਤੇ ਅਮੀਰਾਂ ਵਾਙੂੰ ਰਹਿਣੀ ਬਹਿਣੀ ਕਰ ਲੈ। ਸੁਨਿਆਰਾ ਬੇਟੜਾ ਅਪਣੇ ਪਿਉ ਨੂੰ ਮਿਲਿਆ। ਰਾਣੀ ਨੇ ਸੁਨਿਆਰ ਬੇਟੜੇ ਲਈ ਵਖਰਾ ਘਰ ਲੈ ਦਿਤਾ। ਤੇ ਉਹਨੂੰ ਸਮਝਾਇਆ ਕਿ ਦਿਨ ਨੂੰ ਤੂੰ ਪਿਉ ਕੋਲ ਰਿਹਾ ਕਰ ਤੇ ਰਾਤ ਨੂੰ ਉਸ ਘਰ ਵਿਚ ਸਵਿਆਂ ਕਰ ਤੇ ਬਾਗ ਵਿਚ ਜਾਕੇ ਰਾਜਾ ਰਸਾਲੂ ਨਾਲ ਚੌਪੜ ਖੇਡਿਆ ਕਰ। ਸੁ ਉਹ ਬਾਗ਼ ਵਿਚ ਰਾਜਾ ਰਸਾਲੂ ਨਾਲ ਚੌਪੜ ਖੇਡਣ ਲਗ ਪਿਆ। ਰਾਣੀ ਅਪਣੇ ਮਹਿਲਾਂ ਦੀ ਬਾਰੀ ਵਿਚੋਂ ਵੇਖਦੀ ਰਹੀ। ਉਸ ਦੇ ਕੰਗਣਾਂ ਦੀ ਆਵਾਜ਼ ਸੁਨਕੇ ਸੁਨਿਆਰਾ ਬੇਟੜਾ ਬਾਰੀ ਵਲ ਤਕਣ ਲਗਾ। ਰਾਜੇ ਦੀ ਬਾਰੀ ਵਲ ਕੰਡ ਸੀ, ਮੁੜਕੇ ਵੇਖਿਆ, ਤੇ ਹੈਰਾਨ ਕਿ ਇਸ ਮੁੰਡੇ ਨੇ ਰਾਣੀ ਦੀ ਬਾਰੀ ਵਲ ਕਿਉਂ ਤਕਿਆ। ਪਰ ਰਾਣੀ ਨੇ ਬਾਰੀ ਬੰਦ ਕਰ ਲਈ ਸੀ। ਰਾਜਾ ਰਸਾਲੂ ਚੁਪ ਰਿਹਾ । ਪਰ ਇਕ ਪਾਣੀ ਦਾ ਪਿਆਲਾ ਭਰ ਕੇ ਕੋਲ ਰਖ ਲਿਆ, ਤੇ ਚੌਪੜ ਖੇਡਦਾ ਰਿਹਾ। ਰਾਣੀ ਨੇ ਫੇਰ ਬਾਰੀ ਖੋਲ੍ਹੀ ਤੇ ਸੁਨਿਆਰੇ ਬੇਟੜੇ *(ਦੋਹਮਨ) ਵਲ ਤਕਦੀ ਰਹੀ। ਰਾਜਾ ਪਿਆਲੇ ਵਿਚੋਂ ਸਭ ਵੇਖਦਾ ਰਿਹਾ। ਰਾਜੇ ਨੇ ਦੋਹਾ ਪੜ੍ਹਿਆ :—

ਬਾਹੂਬੰਦ ਲਟਕਾਂਦੜੀ, ਸੋਨੇ ਰੁਪੇ ਨਾਲ ।
ਕਰ ਤਸਲੀਮ ਚਲ ਗਈ, ਕਿਸ ਕੌਂਤ ਦੀ ਨਾਰ ।

ਦੋਹਮਨ ਨੇ ਕਿਹਾ :—

ਰਾਤ ਹਨੇਰੀ ਰਾਜਿਆ, ਮੇਰੇ ਕਪੜੇ ਭਿਜਨ ਹਾਰ ।
ਸੂਈਆਂ ਵੇਚ ਕਰ ਖ਼ਾਂਵਦੇ, ਰਹੀਓ ਅਸਾਡੀ ਕਾਰ ।
ਕਰ ਤਸਲੀਮ ਚਲ ਗਈ, ਕੀ ਜਾਣਾ ਕਿਸ ਕੌਂਤ ਦੀ ਨਾਰ।

ਰਾਣੀ ਸ਼ੌਂਕਣੀ ਨੂੰ ਪਤਾ ਲਗ ਗਿਆ, ਕਿ ਰਸਾਲੂ ਨੂੰ ਭੇਤ ਦੀ ਸੂੰਹ ਲਗ ਗਈਏ ਤੇ ਕੁਝ ਗੁੱਸੇ ਹੈ। ਤਾਂ ਰਾਣੀ ਨੇ ਦੋਹਮਨ ਨੂੰ ਆਖਿਆ ਕਿ ਹੁਣ ਤੂੰ ਰਾਜਾ ਰਸਾਲੂ ਕੋਲੋਂ ਚਲਿਆ ਜਾ, ਨਹੀਂ ਤੇ ਤੇਰੇ ਸਿਰ ਦੀ ਖੈਰ ਨਹੀਂ। ਰਸਾਲੂ ਨੂੰ ਛਡਕੇ ਉਹ ਅਪਣੇ ਪਿਉ ਕੋਲ ਆ ਗਿਆ ਤੇ ਆਕੇ ਰਸਾਲੂ ਦੀ ਸ਼ਕੈਤ ਕੀਤੀ । ਸ਼ੌਂਕਣੀ ਨੇ ਆਖਿਆ ਮੈਂ ਤੈਨੂੰ ਰਸਾਲੂ ਤੋਂ ਬਦਲਾ ਲੈ ਦਿਆਂਗੀ, ਤੂੰ ਅਜ ਰਾਤੀਂ ਦਸ ਵਜੇ ਇਸ ਲੁੰਡੇ ਪਿਪਲ ਹੇਠਾਂ ਆਕੇ ਬੈਠੀਂ, ਮੈਂ ਤੇਰੇ ਕੋਲ ਆਵਾਂਗੀ। ਦੋਹਮਨ ਘਰ ਆਕੇ ਖਾ

*ਸੁਨਿਆਰੇ ਬੇਟੜੇ ਦਾ ਕਵੀ ਨੇ "ਦੋਹਮਨ" ਈ ਨਾਉਂ ਰਖ ਦਿਤਾ।

Sri Satguru Jagjit Singh Ji Elibrary NamdhariElibrary@gmail.com

ਪੀ ਕੇ ਤਿਆਰ ਹੋਇਆ, ਪਰ ਚੋਤ ਦਾ ਮੀਂਹ ਵਸ ਪਿਆ ਤੇ ਓਹ ਓਥੇ ਈ ਸੌਂ ਗਿਆ। ਗਿਆ ਨਾਂ।

ਓਧਰ ਰਾਣੀ ਨੇ ਸਹੇਲੀਆਂ ਨੂੰ ਪੁਛਿਆ ਕਿ ਜਾਈਏ ਕਿ ਨਾਂ ? ਉਨ੍ਹਾਂ ਸਲਾਹ ਦਿਤੀ, ਇਕਰਾਰ ਪੂਰਾ ਕਰਨਾ ਚਾਹੀਏ; ਹਿੰਮਤ ਕਰ। ਉਹ ਮੀਂਹ ਵਸਦੇ ਵਿਚ ਟੁਰ ਪਈ, ਬਾਜ਼ੀਆਂ ਸਹੇਲੀਆਂ ਨੇ ਆਖਿਆ ਵੀ, ਇਹ ਰਾਤ ਕਾਲੀ ਬੋਲੀ, ਮੀਂਹ ਹਨੇਰੀ ਵਿਚ ਕੁਵਾਰੀਆਂ ਦਾ ਘਰੋਂ ਬਾਹਰ ਜਾਣ ਦਾ ਸਮਾਂ ਨਹੀਂ। ਪਰ ਸ਼ੌ ਕਣੀ ਨੇ ਇਕ ਨਾ ਸੁਣੀ, ਤੁਰੀ ਗਈ। ਜਦ ਪਿਪਲ ਕੋਲ ਪੁਜੀ—ਓਥੇ ਕੋਈ ਨਾ। ਦੋਹਮਨ, ਕਰਕੇ ਵਾਜਾਂ ਮਾਰੀਆਂ, ਪਰ ਬੋਲੇ ਕੋਣ ? ਓਥੇ ਇਕ ਜਟ-ਵੱਬੜ ਨਾਂ ਦਾ ਸੁੱਤਾ ਪਿਆ ਸੀ, ਸਹੇਲੀਆਂ ਜਾਤਾ ਇਹੀ ਦੋਹਮਨ ਹੋਣਾ ਏ, ਮੀਂਹ ਠੰਡ ਕਰਕੇ ਸੌਂ ਗਿਆ ਏ। ਉਹਨੂੰ ਉਠਾਇਓ ਨੇ, ਤੇ ਜੋ ਚੰਗੇ ਚੰਗੇ ਪਕਵਾਨ ਭੋਜਨ ਬਣਾ ਕੇ ਲਿਆਈਆਂ ਸਨ, ਖਵਾਇਉ ਨੇ। ਜਦ ਸਭ ਖਾ ਗਿਆ, ਹੋਰ ਮੰਗੇ। ਸਭ ਥਾਲ ਚਟਮ ਕਰ ਗਿਆ, ਸਹੇਲੀਆਂ ਨੇ ਆਕੇ ਆਖਿਆ ਕਿ ਦੋਹਮਨ ਦਸ ਬਾਰਾਂ ਸੇਰ ਚੀਜ਼ ਖਾ ਗਿਆ। ਰਾਣੀ ਆਖਿਆ, ਤਦ ਇਹ ਦੋਹਮਨ ਨਹੀਂ। ਜਦ ਹਾਂਡੀ ਵਿਚੋਂ ਦੀਵਾ ਕਢਕੇ ਮੂੰਹ ਵਖਿਆ ਤਾਂ ਉਹ ਵੱਬੜ ਜਟ ਨਿਕਲਿਆ। ਰਾਣੀ ਨੂੰ ਬੜੀ ਨਿਰਾਸਤਾ ਹੋਈ। ਆਖਣ ਲਗੀ। ਇਹ ਦੋਹਮਨ ਚੰਗਾ ਕੌਂਤ ਬਣਸੀ, ਅਕ ਕੇ ਪਿਪਲ ਅਗੇ ਹਾੜੇ ਕਰਦੀ ਏ :—

ਮੈਂ ਪੁਛੇਂਦੀ ਪਿਪਲਾ, ਤੇਰੀ ਡਾਲੀ ਭਰੀ ਕਪੂਰ।
ਸਚ ਮੂੰਹੋਂ ਬੋਲ, ਕਿਥੇ ਵੇ ਦੋਹਮਨ ? ਸ਼ਹਿਰ ਕਿ ਦੂਰ ?

ਏਨੇ ਚਿਰ ਵਿਚ ਰਾਜਾ ਰਸਾਲੂ ਦਾ ਤੋਤਾ ਪਿਪਲ ਤੇ ਆ ਬੈਠਾ। ਤੇ ਰਾਣੀ ਨੂੰ ਜਵਾਬ ਦਿੰਦਾ ਹੈ :—

ਤਨ ਮਨ ਜੀਉੜਾ ਕੰਬਿਆ, ਰਾਣੀ, ਛੁਟੀ ਦਖਣ ਦੀ ਵਾਉ।
ਜੇ ਹਟਾਇ ਪਾਲੜਾ, ਤਾਂ ਦੋਹਮਨ ਦਿਆਂ ਮਿਲਾਏ।

ਰਾਣੀ ਆਖਿਆ ਆ ਮੇਰੀ ਬੁਕਲ ਵਿਚ ਨਿਘਾ ਹੋ, ਤੋਤਾ ਰਾਣੀ ਦੀ ਬੁਕਲ ਵਿਚ ਵੜ ਗਿਆ, ਤੇ ਪਿਆਰ ਕਰਨ ਲਗਾ, ਤੇ ਰਾਣੀ ਨੂੰ ਸੁਨਿਆਰੇ ਦੇ ਘਰ ਲੈ ਗਿਆ। ਰਾਣੀ ਓਥੇ ਦੋਹਮਨ ਕੋਲ ਈ ਰਾਤ ਰਹੀ। ਸਵੇਰ ਹੋਈ ਤਾਂ ਤੋਤੇ ਨੇ ਰਾਣੀ ਨੂੰ ਕਿਹਾ :—

ਸੂਰਜ ਰਸ਼ਮਾਂ ਛੋੜੀਆਂ, ਲਗੇ ਉੜਦੂ ਬਾਜ਼ਾਰ।
ਹੁਣ ਕੰਮ ਔਖਾ ਹੋ ਗਿਆ, ਜਾਸੀਂ ਕਿਉਂ ਕਰ ਘਾਰ।

ਤੇ ਦੋਹਮਨ ਨੇ ਤੋਤੇ ਨੂੰ ਉੱਤਰ ਦਿਤਾ :—

ਸੂਰਜ ਰਸ਼ਮਾਂ ਛੋੜੀਆਂ, ਲਗੇ ਉੜਦੂ ਬਾਜ਼ਾਰ।
ਪਹਿਨ ਹਮਾਰੇ ਕਪੜੇ, ਲਕ ਬੰਨ੍ਹ ਕੇ ਹਥਿਆਰ।
ਵਿਚ ਬਾਜ਼ਾਰ ਜਾਸੀਆ ਵੇਖੇਂ ਕੁਲ ਸੰਸਾਰ।

Sri Satguru Jagjit Singh Ji Elibrary NamdhariElibrary@gmail.com

ਦੋਹਮਨ ਨੇ ਬਾਜ਼ਾਰੋਂ ਜਾਕੇ ਕਪੜੇ ਤੇ ਸੋਟੀਆਂ ਲੇ ਆਂਦੀਆਂ ਤੇ ਸਭਨਾਂ ਨੇ ਮਰਦਾਂ ਦੇ ਭੇਸ ਵਟਾਏ, ਬਾਜ਼ਾਰ ਵਿਚ ਆ ਗਈਆਂ. ਅਗੋਂ ਰਸਾਲੂ ਮਿਲ ਪਿਆ ਤੇ ਪੁਛਿਉਸੂ, ਤੁਹਾਡੇ ਵਿਚੋਂ ਕਿਨੀਆਂ ਅਬਲਾ ਤੇ ਕਿਨੇ ਗਭਰੂ ਨੇਂ ?

ਛੇਲ ਛਬੀਲਿਆ ਗਭਰੂਆ, *ਸਜਾ ਕਦਮ ਸੰਭਾਲ ।
ਦਿਲ ਦਾ ਭੇਦ ਦਸ ਖਾਂ, ਤੂੰ ਮਰਦ ਹੈ ਕਿ ਨਾਰ ?

ਅਗੋਂ ਰਾਣੀ ਸ਼ੌਂਕਣੀ ਬੋਲੀ :—

†ਦੰਦ ਖੜਾਏ ਪਹਾੜੀਆਂ ਹਤੋੜੀਆਂ ਕੂਕ ਪਈ ਸੀ ਦੇਸ ।
††ਗਾਵਾਂ ਢੂੰਡਣ ਮੈਂ ਗਈ, ਕਰ ਮਰਦਾਂ ਦਾ ਭੇਸ ।

ਫੇਰ ਰਾਜੇ ਪੁਛਿਆ ਤੂੰ ਕੌਣ ਹੈਂ ਤੇ ਕਿਥੋਂ ਆਈ ਏਂ ? ਉਤਰ ਦਿਤਾਸੂ, ਅਸੀਂ ਬਲੋਚ ਹਾਂ, ਝਨਾਂ ਦੇ ਕੰਢੇ ਤੇ ਡੰਗਰ ਚਾਰਦੇ ਸਾਂ, ਅਸੀਂ ਅਪਨੇ ਗੁਆਚੇ §ਊਠ ਲਭਣ ਆਏ ਹਾਂ । ਰਾਜੇ ਕਹਿਆ, ਕਿ ਊਠਾਂ ਦਾ ਬਾਜ਼ਾਰਾਂ ਵਿਚ ਕੀ ਕੰਮ ?

ਉਨ੍ਹਾਂ ਨੇ ਉਤਰ ਦਿਤਾ ਅਸੀਂ ਰਾਤ ਏਥੇ ਰਹੇ ਸਾਂ, ਹੁਣ ਜੰਗਲ ਵਿਚ ਊਠ ਲਭਣ ਚਲੇ ਹਾਂ । ਰਾਜੇ ਆਖਿਆ ਮੇਰੀ ਵਹੁਟੀ ਗਵਾਚ ਗਈ ਹੈ । ਚਲੋ ਮੈਂ ਵੀ ਤੁਹਾਡੇ ਨਾਲ ਚਲਦਾ ਹਾਂ । ਹੁੰਦਿਆਂ, ਹੁੰਦਿਆਂ ਸਾਰੇ ਜਣੇ ਰਾਜਾ ਹਰੀ ਚੰਦ ਦੇ ਸਾਹਮਣਿਓਂ ਲੰਘੇ, ਤੇ ਰਾਜਾ ਰਸਾਲੂ ਨੇ ਪੁਛਿਆ :—

ਹੇ ਰਾਜਾ ਇਨ੍ਹਾਂ ਸਾਰਿਆਂ ਵਿਚੋਂ ਤੇਰੇ ਕਿੰਨੇ ਆਦਮੀ ਨੇ ? ਰਾਜੇ ਆਖਿਆ ਕੋਈ ਵੀ ਨਹੀਂ ।

ਰਾਜਾ ਰਸਾਲੂ ਨੇ ਚਾਰ ਕਾਠੀਆਂ ਜੋੜਕੇ ਵੇਦੀ ਬਣਾਈ ਤੇ ਦੋਹਮਨ ਤੇ ਸ਼ੌਂਕਣੀ ਦੇ ਵਿਆਹ ਦੀ ਤਿਆਰੀ ਕੀਤੀ । ਰਾਜਾ ਹਰੀ ਚੰਦ ਨੇ ਹੈਰਾਨ ਹੋਕੇ ਪੁਛਿਆ ਕਿ ਰਸਾਲੂ ਕੀ ਕਰਦਾ ਹੈ ? ਦੋ ਮੁੰਡਿਆਂ ਦਾ ਵਿਆਹ ਕਰਨ ਲਗਾ ਹੈ ? ਰਸਾਲੂ ਨੇ

---

*ਆਖਦੇ ਨੇ ਤ੍ਰੀਮਤ ਟੁਰਦਿਆਂ ਪਹਿਲੋਂ ਸਜਾ ਪੈਰ ਚੁਕਦੀ ਹੈ ਤੇ ਮਰਦ ਖਬਾ । ਸ਼ੌਂਕਣੀ ਨੇ ਭੇਸ ਤੇ ਮਰਦਾਨਾ ਕੀਤਾ ਸੀ ਪਰ ਟੋਰ ਜ਼ਨਾਨੀ ਹੀ । ਰਸਾਲੂ ਨੇ ਵੇਖ ਕੇ ਟਿਚਕਰ ਕੀਤੀ ਸੀ ॥

†ਪਰ ਟੈਂਪਲ ਸਾਹਿਬ ਨੇ ਲਿਖਿਆ ਹੈ, "ਦੰਦ ਘੜਾਏ ਪਹਾੜੀਆਂ" ਤੇ ਅਰਥ ਕੀਤੇ ਮੇਰੇ ਦੰਦ ਪਥਰਾਂ ਨਾਲੋਂ ਸਖ਼ਤ ਹੈਨ । ਮੇਰੇ ਹਥੋੜਿਆਂ ਦੀਆਂ ਸਟਾਂ ਦੀ ਜਗ ਵਿਚ ਕੂਕ ਹੈ । (ਮੈਂ ਮਸ਼ਹੂਰ ਹਾਂ) ਇਹ ਅਰਥ ਢੁਕਦੇ ਨਹੀਂ ।

††ਹੁਣ ਬਲਦਾਂ, ਗਊਆਂ ਦੇ ਊਠ ਬਣ ਗਏ । ਲਿਖਨ ਵਾਲੇ ਜਾਂ ਕਹਿਣ ਵਾਲੇ ਦੀ ਭੁਲ ।

§ਏਥੇ ਤੁਕ ਗਲਤ ਜਾਪਦੀ ਹੈ । ਅਰਥ ਇਹ ਜਾਪਦੇ ਨੇ ਕਿ ਪਹਾੜੀਏ ਮਾਲ ਡੰਗਰ ਚੁਰਾ ਕੇ ਲੈ ਗਏ ਤੇ ਉਨ੍ਹਾਂ ਦੀ ਮਾਰ ਧਾੜ ਦੀ ਡੰਡ ਦੇਸ ਵਿਚ ਪਈ ਸੀ ।

Sri Satguru Jagjit Singh Ji Elibrary NamdhariElibrary@gmail.com

ਕਿਹਾ, ਨਹੀਂ ਇਹ ਦੋਹਮਨ ਸੁਨਿਆਰੇ ਦਾ ਬੇਟੜਾ ਹੈ, ਤੇ ਇਹ ਤੇਰੀ ਬੇਟੀ ਸ਼ੌਂਕਣੀ ਹੈ। ਰਾਜਾ ਹਰੀ ਚੰਦ ਲਾਲ ਪੀਲਾ ਹੋਇਆ। ਪਰ ਰਸਾਲੂ ਨੇ ਠੰਡਾ ਕੀਤਾ, ਕਿ ਰਾਣੀ ਸ਼ੌਂਕਣੀ ਮੇਰੀ ਹੈ। ਤੂੰ ਮੇਰੇ ਨਾਲ ਕੁੜਮਾਈ ਕਰ ਚੁਕਿਆ ਹੈਂ, ਮੈਂ ਅਪਣੀ ਖੁਸ਼ੀ ਨਾਲ ਸੁਨਿਆਰੇ ਨੂੰ ਦਿੰਦਾ ਹਾਂ। ਬਸ ਸ਼ੌਂਕਣੀ ਦਾ ਵਿਆਹ ਕਰਕੇ ਉਹ ਫੇਰ ਪਿਛਾਂ ਮੁੜ ਹੋਡੀ ਨਗਰ ਨੂੰ ਆਇਆ।

ਨੋਟ—ਫੇਰ ਵਾਰਤਾ ਸੁਨਾਣ ਵਾਲੇ ਦੀ ਭੁਲ। ਹੋਡੀ ਨਗਰ ਤੇ ਉਹ ਹੈ ਸੀ ਈ। ਅਗੇ ਪੂਰਨ ਤੇ ਰਾਣੀ ਸੁੰਦਰਾਂ ਦਾ ਪ੍ਰਸੰਗ ਇਸ ਵਾਰਤਾ ਵਿਚ ਲਿਆ ਵਾੜਿਆ। ਪੂਰਨ ਦਾ ਸੁੰਦਰਾਂ ਦੇ ਦੁਆਰੇ ਭੀਖ ਮੰਗਣੀ, ਉਸ ਦਾ ਜਵਾਹਰਾਤ ਦਾ ਥਾਲ ਦੇਣਾ, ਗੁਰੂ ਦਾ ਮੁੜਨਾ। ਪੂਰਨ ਦਾ ਫੇਰ ਜਾ ਕੇ ਅਲਖ ਜਗਾਨਾ। ਉਸ ਮੋੜਕੇ ਵੰਨ ਸੁਵੰਨੇ ਮਠਾਈ ਦੇ ਭੋਜਨ ਘਲਨੇ, ਗੁਰੂ ਦਾ ਫੇਰ ਗੁਸੇ ਹੋਣਾ ਤੇ ਕੜਕਣਾ, ਸੁੰਦਰਾਂ ਦਾ ਆਪ ਗੁਰੂ ਪਾਸ ਆਉਣਾ; ਇਹ ਤੇ ਉਹੀ ਵਾਰਤਾ। ਅਗੇ ਭੇਦ ਹੈ। ਲਿਖਿਆ ਹੈ, ਰਸਾਲੂ ਨਠ ਗਿਆ ਜਾਂ ਲੁਕ ਗਿਆ। ਸੁੰਦਰਾਂ ਗੁਰੂ ਨੂੰ ਪੁਛਦੀ ਏ ਕਿ ਰਸਾਲੂ ਕਿਥੇ ਵੇ? ਗੁਰੂ ਨੇ ਆਖਿਆ: ਮੈਂ ਭੁਖਾ ਸਾਂ, ਉਸ ਨੂੰ ਭੁਨ ਕੇ ਖਾ ਗਿਆ। ਸੁੰਦਰਾਂ ਨੇ ਬਲਦੀ ਧੂਣੀ ਵਿਚ ਛਾਲ ਮਾਰੀ ਤੇ ਸੜ ਕੇ ਸਤੀ ਹੋ ਗਈ। ਇਸ ਪ੍ਰਸੰਗ ਨੂੰ ਅਸੀਂ ਨਹੀਂ ਲਿਖਦੇ। ਸਿਰਫ ਕਵਿਤਾ ਦੇ ਬੰਦ ਸਵਾਦਲੇ ਹੋਣ ਕਰਕੇ ਲਿਖ ਦਿੰਦੇ ਹਾਂ:—

ਜੋਗੀ ਸੁੰਦਰਾਂ ਦੇ ਦਰ ਤੇ ਅਲਖ ਜਗਾਉਂਦਾ ਏ:—
ਜਾਏ ਬੂਹੇ ਤੇ ਕਿਲਕਿਆ, ਲਿਆ ਨਾਮ ਖੁਦਾਇ।
ਦੂਰੋਂ ਚਲ ਕੇ ਰਾਣੀ ਸੁੰਦਰਾਂ ਤੇਰਾ ਨਾਂਇ।
ਜੇ ਰਾਣੀ ਤੂੰ ਸਖੀ ਹੈਂ, ਖੈਰ ਫ਼ਕੀਰਾਂ ਪਾ।

ਰਾਣੀ ਨੇ ਭਿਛਾ ਦਿੰਦਿਆਂ ਆਖਿਆ:—
ਕਦ ਦੀਆਂ ਪਾਈਆਂ ਮੁੰਦਰਾਂ, ਕਦ ਦਾ ਹੋਇਆ ਫਕੀਰ?
ਕਿਸ ਘਾਟੇ ਮਾਰਿਓਂ, ਕਿਸ ਦਾ ਲਗਾ ਤੀਰ?
ਕੇਤੇ *ਮਾਈਂ ਮੰਗੀਆਂ? ਮੇਰੇ ਘਰ ਕੀ ਮੰਗੇ ਭਿਖ!

ਜੋਗੀ—ਕਲ ਕੀ ਪਾਈਆਂ ਮੁੰਦਰਾਂ, ਕਲ ਕਾ ਹੋਇਆ ਫਕੀਰ।
ਨਾ ਘਟ, ਮਾਈਆਂ, ਮਾਨੀਆਂ, ਕਲ ਕਾ ਲਗਾ ਤੀਰ।
ਕੁਝ ਨਹੀਂ ਮੈਂ ਮੰਗਿਆ, ਕੇਵਲ ਤੇਰੇ ਘਰ ਕੀ ਭਿਖ।

ਰਾਣੀ—ਤਰਗਸ †ਜੜਿਆ ਤੀਰ ਮੋਤੀਆਂ, ਲਾਲਾਂ ਜੜੀ ਕਮਾਨ।
ਪਿੰਡੇ ਭਸਮ ਲਗਾਇਆ ਇਨ੍ਹਾਂ ਨੈਣਾਂ ਹੋਰ ਰੰਗ।
ਜਿਸ ਭਿਛਿਆ ਕਾ ਲਬ ਹਈ, ਤੂੰ ਓਹੀ ਭਿਛਿਆ ਮੰਗ॥

---

*(ਘਰ ਨਾ ਮਾਈਆਂ ਮੰਗੀਆਂ ਨੀ)।

†ਤੁਕ ਗਲਤ ਵੇ। ਜੜਿਆ ਦੀ ਥਾਂ ਭਰਿਆ ਸ਼ਬਦ ਠੀਕ ਹੁੰਦਾ।

Sri Satguru Jagjit Singh Ji Elibrary NamdhariElibrary@gmail.com

ਜੋਗੀ—ਤਰਗਸ ਜੜਿਆ ਮੇਰਾ ਮੋਤੀਆਂ, ਲਾਲਾਂ ਜੜੀ ਕਮਾਨ।
ਲਾਲ ਨਾ ਜਾਣਾਂ ਵੇਚਣੇ, ਮੋਤੀ ਵੀ ਵਟਾ।
ਮੋਤੀ ਅਪਣੇ ਮੋੜ ਲੈ, ਸਾਨੂੰ ਪਕਾ *ਤਾਮ ਦੁਆ।
ਰਾਣੀ—ਕਹਾਂ ਤੁਮਾਰੀ ਨਗਰੀ, ਕਹਾਂ ਤੁਮਾਰਾ ਥਾਂਉ।
ਕਿਸ ਰਾਜੇ ਕਾ ਬੇਟੜਾ, ਜੋਗੀ, ਕਿਆਂ ਤੁਮਾਰਾ ਨਾਂਓ?
ਜੋਗੀ – ਸਿਆਲਕੋਟ ਹਮਰੀ ਨਗਰੀ, ਓਹੀ ਹਮਾਰਾ ਥਾਉਂ।
ਰਾਜਾ ਸਲਵਾਹਨ ਦਾ ਮੈਂ ਬੇਟੜਾ, ਲੂਣਾ ਪਰੀ ਮੇਰੀ ਮਾਂਉ।
ਪਿੰਡੇ ਭਸਮ ਲਗਾਇ ਵੇਖਾਂ ਤੇਰੀ ਜਾਉ।
ਤੈਨੂੰ ਵੇਖ ਕੇ ਚਲਿਆ, ਰਾਜਾ †ਰਸਾਲੂ ਮੇਰਾ ਨਾਉਂ।

ਇਸ ਦੇ ਪਿਛੋਂ ਰਸਾਲੂ ਦਾ ਜੀ ਚਾਹਿਆ ਕਿ ਰਾਜਾ ਬਣ ਕੇ ਵੀ ਵੇਖੀਏ। ਸੋ ਉਸ ਨੇ ਰਾਜਾ ਹਰੀ ਚੰਦ ਕੋਲੋਂ ਰਾਜ ਖੋਹ ਲਿਤਾ, ਤੇ ਰਾਜ ਗਦੀ ਤੇ ਬੈਠਾ। ਇਕ ਦਿਨ ਕਿਸੇ ਨੇ ਕਿਹਾ ਹੇ ਰਾਜਨ ਅਪਣਾ ਵਜ਼ੀਰ ਮੁਕਰਰ ਕਰੋ। ਤੇ ਰਾਜੇ ਨੇ ਮਹਿਤੇ ਚੋਪੜੇ ਨੂੰ ਅਪਣਾ ਵਜ਼ੀਰ ਬਣਾਇਆ।

ਇਕ ਦਿਨ ਰਸਾਲੂ ਨੇ ਵਜ਼ੀਰ ਤੋਂ ਪੁਛਿਆ, ਮਹਿਤਾ ਜੀ ਦਸੋ, ਜਗ ਵਿਚ ਕੇਹੜੀਆਂ ਤਿੰਨ ਵਸਤਾਂ ਵਡਿਆਈ ਜੋਗ ਨੇ। ਮਹਿਤਾ ਜਾਣਦਾ ਤੇ ਸੀ ਕਿ ਤਿੰਨ ਵਸਤਾਂ ਇਹ ਹੈਨ :—

(੧) ਮੂਰਖਤਾ, (੨) ਜੁਆਨੀ (੩) ਬਲ। ਪਰ ਉਸ ਨੇ ਇਹ ਸੋਚ ਕੇ ਕਿ ਸ਼ੈਦ ਰਾਜਾ ਇਹ ਪੰਸਦ ਨਾ ਕਰੇ, ਆਪਣੀ ਵਹੁਟੀ ਦੀ ਵਡਿਆਈ ਦੇ ਪੁਲ ਬੰਨ੍ਹ ਦਿਤੇ ਕਿ ਮਹਾਰਾਜ ਜਗ ਵਿਚ ਮੇਰੀ ਵਹੁਟੀ ਰਾਣੀ ਚਾਂਦਣੀ ਜਿਹੀ ਕੋਈ ਵਸਤ ਨਹੀਂ। ਰਾਜੇ ਸੋਚਿਆ ਕਿ ਇਹ ਆਪਣੀ ਵਹੁਟੀ ਬਿਨਾ ਕਿਸੇ ਦੀ ਵਡਿਆਈ ਈ ਨਹੀਂ ਕਰਦਾ ਤਾਂ ਇਸ ਨੂੰ ਉਤਰ ਕੀ ਦਈਏ? ਇਕ ਮਹੀਨੇ ਪਿਛੋਂ ਫੇਰ ਰਾਜੇ ਨੇ ਉਹੀ ਪ੍ਰਸ਼ਨ ਕੀਤਾ, ਤੇ ਉਹੀ ਉਤਰ ਮਹਿਤੇ ਨੇ ਦਿਤਾ। ਇਹ ਸੁਣਕੇ ਰਾਜੇ ਦੇ ਜੀ ਵਿਚ ਖਿਆਲ ਹੋਇਆ ਕਿ ਰਾਣੀ ਚਾਂਦਣੀ ਦਾ ਰੂਪ ਵੇਖੀਏ ਤੇ ਉਸ ਦਾ ਸਤ ਪਰਖੀਏ। ਇਹ ਸੋਚ ਕੇ ਉਸ ਨੇ ਆਪਣੇ ਵਜ਼ੀਰ ਮਹਿਤੇ ਚੋਪੜੇ ਨੂੰ ਦੂਰ ਦੇਸ ਕਿਸੇ ਕੰਮ ਘਲ ਦਿਤਾ॥††

ਰਾਜਾ ਭੇਸ ਵਟਾ ਕੇ ਮਹਿਤੇ ਚੋਪੜੇ ਦੇ ਘਰ ਰਾਤ ਨੂੰ ਜਾ ਪਹੁੰਚਿਆ। ਅਗੇ

---

*ਭੰਜਨ॥

†ਰਾਣੀ ਸੁੰਦਰਾਂ ਦੇ ਮਹਿਲੀਂ ਪੂਰਣ ਮੰਗਣ ਗਿਆ ਸੀ ਰਸਾਲੂ ਨਹੀਂ ਰਸਾਲੂ ਤੇ ਜੋਗੀ ਨਹੀਂ ਸੀ ਬਣਿਆ।

††ਨੋਟ—ਇਸ ਪ੍ਰਸੰਗ ਦਾ ਟਾਕਰਾ ਕਰੋ ਰਾਣੀ ਸ਼ੀਲਾ ਦੇਈ ਦੇ ਪ੍ਰਸੰਗ ਨਾਲ। ਜਿਹੜਾ ਅਗੇ ਦਿਤਾ ਹੈ॥

Sri Satguru Jagjit Singh Ji Elibrary NamdhariElibrary@gmail.com

ਸਤਾਂ ਦਰਵਾਜ਼ਿਆਂ ਨੂੰ ਜੰਦਰੇ ਲਗੇ ਸਨ ਤੇ ਇਕ ਅੰਨ੍ਹਾਂ ਪਹਿਰੇ ਤੇ ਬੈਠਾ ਸੀ । ਰਾਜੇ ਨੇ ਅੰਨ੍ਹੇ ਕੋਲੋਂ ਕੁੰਜੀਆਂ ਮੰਗੀਆਂ । ਪਰ ਉਸ ਆਖਿਆ ਕਿ ਕੁੰਜੀਆਂ ਮਹਿਤਾ ਨਾਲ ਲੈ ਗਿਆ ਏ । ਰਾਜਾ ਨੇ ਆਪਣੀ ਸ਼ਕਤੀ ਨਾਲ ਸਤੇ ਜੰਦਰੇ ਖੋਲ੍ਹ ਲਏ । ਅਗੇ ਅਠਵਾਂ ਦਰਵਾਜ਼ਾ ਅੰਦਰੋਂ ਰਾਣੀ ਚਾਂਦਨੀ ਨੇ ਆਪ ਬੰਦ ਕੀਤਾ ਹੋਇਆ ਸੀ, ਤੇ ਉਹ ਸੁਤੀ ਪਈ ਸੀ । ਰਾਜਾ ਉਹ ਨਾਂ ਖੋਲ੍ਹ ਸਕਿਆ । ਤੇ ਬਾਹਰੋਂ ਖਲੋ ਕੇ ਮਹਿਤੇ ਵਾਂਗ ਆਵਾਜ਼ ਦਿਤੀ :-

ਰਾਤ ਅੰਧੇਰੀ, ਰਿਮ ਝਿਮਿਆਂ ਕੀ ਬਰਸੇ ਤ੍ਰੇਲ ।
ਤ੍ਰੇਲੋਂ ਭਿਜੇ ਕਪੜੇ, ਸਿਰ ਤੇ ਚੀਰਾ ਡੇਢ ਹਜ਼ਾਰ ।
ਕੋਰੇ ਕਾਗ਼ਜ਼ ਭਿਝ ਗਏ, ਤੇ ਲੇਖਾ ਬੇ ਸ਼ੁਮਾਰ ।
ਉਠ ਖਾਂ ਰਾਣੀ ਸੁਤੀਏ, ਬੂਹਾ ਲਾਹ ਕਮਜ਼ਾਤ ।

ਰਾਣੀ ਬੂਹਾ ਖੋਲ੍ਹਣ ਲਈ ਉਠੀ ਪਰ ਮਹਿਤੇ ਦੇ ਕੁਤੇ ਭੌਂਕਣ ਲਗੇ । ਪਰ ਰਾਣੀ ਨੇ ਡਰਦਿਆਂ ਬੂਹਾ ਖੋਲ੍ਹਿਆ । ਰਾਜਾ ਰਸਾਲੂ ਅੰਦਰ ਵੜ ਗਿਆ । ਰਾਜੇ ਨੂੰ ਵੇਖ ਕੇ ਰਾਣੀ ਹੈਰਾਨ ਪਰ ਭੌਂਕਦੇ ਕੁਤਿਆਂ ਨੂੰ ਇੰਵ ਬੋਲ ਕੇ ਚੁਪ ਕਰਾਂਦੀ ਏ :—

ਚੁਪ ਕਰ ਰਹੁ ਵੇ ਸਾਗਰਾ ਬਾਗਰਾ ਹੋ (ਰਹੋ) *ਛੰਦੀਤ ।
ਉਹ ਨਗਰੀ ਕੀਕਨ ਵਸੇ, ਜਿਸ ਦਾ ਰਾਜਾ ਹੋਇਆ ਬਦਨੀਤ ।

ਨੋਟ—ਰਾਜੇ ਦੇ ਗਿਟੇ ਲਾਈ ਪਰ ਰਾਜਾ ਵੀ ਪੱਕਾ ਹੋ ਕੇ ਆਇਆ ਸੀ, ਪਰਾਏ ਘਰ ਗਿਆ ਸੀ, ਵਧ ਘਟ ਤੇ ਸੁਨਣੀਆਂ ਈ ਸਾ ਸੂ ।

ਰਾਜੇ ਨੇ ਰਾਣੀ ਨੂੰ ਆਖਿਆ ਦੀਵਾ ਬਾਲ । ਜਦ ਦੀਵਾ ਬਲਿਆ ਤਾਂ ਉਹ ਰਾਣੀ ਦੀ ਛੇਜਾ ਤੇ ਬੈਠ ਗਿਆ । ਤੇ ਰਾਣੀ ਨੂੰ ਆਪਣੇ ਕੋਲ ਬੈਠਣ ਲਈ ਆਖਉਸੁ ਪਰ ਰਾਣੀ ਹੇਠਾਂ ਪੀੜ੍ਹੀ ਤੇ ਘੁੰਡ ਕਢ ਕੇ ਬੈਠ ਗਈ । ਤੇ ਰਾਜੇ ਨੇ ਆਖਿਆ :—

ਸ਼ਾਰਕ ਬੋਲੇ ਵਿਚ ਆਹਣੀ, ਰਾਣੀ, ਤੋਤਾ ਬੋਲੇ ਬਨ-ਖੰਡ ।
ਆਵੰਦਿਆ ਸਜਨਾਂ ਪਰਦੇਸੀਆਂ, ਰਾਣੀ ਦੇਹ ਨਾ ਬਹੀਏ ਘੁੰਡ ।
ਮੂੰਹ ਤੋਂ ਮਿਠਾ ਬੋਲੀਏ, ਰਾਣੀ, ਜੋ ਸਰੇ ਸੁ ਖਾਈਦੇ ਵੰਡ ।

ਰਾਣੀ ਨੇ ਘੁੰਡ ਚਕ ਦਿਤਾ । ਰਾਜਾ ਉਸ ਦਾ ਸੋਹਣਾ ਰੂਪ ਵੇਖਕੇ ਹੋਰ ਵੀ ਮੋਹਤ ਹੋ ਗਿਆ । ਆਖਣ ਲਗਾ ਆ ਮੇਰੇ ਪਲੰਘ ਤੇ ਆਕੇ ਮੈਨੂੰ ਘੁਟ । ਰਾਣੀ ਨੇ ਉਤਰ ਦਿਤਾ ਮੈਂ ਪਤਿਬ੍ਰਤਾ ਇਸਤ੍ਰੀ ਹਾਂ, ਤੇ ਕਿਸੇ ਪਰਾਏ ਮਰਦ ਨੂੰ ਨਹੀਂ ਛੁਹ ਸਕਦੀ । ਰਾਜਾ ਨੇ ਬੜਾ ਈ ਜ਼ੋਰ ਲਾਇਆ ਪਰ ਨਾਂ ਮੰਨੀ, ਤੇ ਨਿਰਾਸ ਹੋ ਕੇ ਅਰਜ਼ ਕਰਦੀ ਏ :—

ਥਾਲ ਜੇ ਭਰਿਆ ਮੁੰਗੀ ਚਾਉਲਾਂ, ਰਾਜਾ, ਛੰਨਾ ਭਰਿਆ ਘਿਉ ।
ਮੱਨਾਂ ਮੁਰਸ਼ਦ ਆਪਣਾ, ਤੂੰ ਬਾਬਲ ਮੈਂ ਧਿਉ ।

---

*ਸਬਰ ਕਰ ।

Sri Satguru Jagjit Singh Ji Elibrary NamdhariElibrary@gmail.com

ਰਾਜੇ ਉਤਰ ਦਿਤਾ :—

ਔਝੜ ਰਾਤੀਂ ਮੈਂ ਤੁਰਿਆ, ਵੇਖਕੇ ਤੁਰਸਾਂ ਰਾਹ।
ਵੇਖ ਅਜ਼ੀਜ਼ ਦਾ ਬੇਟੜਾ ਰਾਣੀ, ਧੀਉ ਦੇਸਾਂ ਪਰਨਾਹ।

ਤੇ ਫੇਰ ਕਹਿਓ ਸੁ, ਆ ਮੇਰੇ ਕੋਲ ਮੰਜੇ ਤੇ, ਰਤੀ ਘੁਟ ਤੇ ਸਹੀ।

ਰਾਣੀ ਮੂੰਹ ਵਿਚ ਘਾਹ ਦੀ ਤ੍ਰਿੜ ਲੈਕੇ ਬੋਲੀ :—

ਵਿਚ ਉਜਾੜੀਂ ਮੈਂ ਵਸਾਂ ਲੈ ਕਰ ਤੇਰਾ ਨਾਉਂ।
ਮਨਾਂ ਮੁਰਸ਼ਦ ਅਪਣਾ ਰਾਜਾ, ਤੂੰ ਬਾਹਮਨ ਮੈਂ ਗਊ।

ਰਾਜੇ ਉਤਰ ਦਿਤਾ :—

ਜਿਨ੍ਹਾਂ ਦਿਨਾਂ ਦੀ ਜੰਮੀਓਂ ਰਾਣੀ, ਮੈਂ ਸੁਣਦਾ ਤੇਰੀ ਸੋ।
ਅੱਗੋਂ ਪਿਛੋਂ ਜੂੜ ਕੇ ਰਾਣੀ, ਗਊਆਂ ਵੀ ਲੈਸਾਂ ਚੋ।

ਰਾਣੀ ਬੜੀ ਵਿਆਕਲ ! ਕੁਝ ਸੁਝਦਾ ਨਹੀਂ, ਹੁਣ ਰਾਜਾ ਮੰਨਕੇ, ਰਾਜਾ ਨੂੰ ਅਪੀਲ ਕਰਦੀ ਏ :—

ਤੂੰ ਹੈਂ ਮੇਰਾ ਰਾਜੜਾ, ਤੂੰ ਹੈਂ ਮੇਰਾ ਮਾਨ।
ਮੈਂ ਤੇਰੀ ਹਾਂ ਬ੍ਾਹਮਣੀ, ਤੂੰ ਮੇਰਾ ਜਜਮਾਨ।
ਉਹ ਕੀ ਰਾਜਾ ਸਲਾਹੀਏ, ਜੋ ਜੂਠ ਬਿਗਾਨੀ ਖਾਨ।

ਪਿਛਲੀ ਕਲੀ ਵਿਚ ਰਾਜਾ ਨੂੰ ਘ੍ਰਿਣਤਾ ਦਵਾਦੀ। ਜੀਕਨ ਇਕ ਕਵੀ ਦੀ ਵਹੁਟੀ ਨੇ ਅਕਬਰ ਨੂੰ ਫਿਟਕਾਰਿਆ ਸੀ।

ਪਰ ਰਾਜਾ ਨਾ ਮੰਨਿਆ, ਰਾਣੀ ਨੂੰ ਖਿਚ ਕੇ ਪਲੰਘ ਤੇ ਬਿਠਾਇਆ ਤੇ ਰਾਣੀ ਵੀਚਾਰੀ ਡਰਦੀ ਘੁਟਣ ਲਗ ਪਈ। ਰਾਜਾ ਨੇ ਪਾਸੇ ਪਰਤਦਿਆਂ ਅਪਣੀ ਮੁੰਦਰੀ ਪਲੰਘ ਹੇਠਾਂ ਲੁਕਾ ਦਿਤੀ। ਫੇਰ ਰਾਜਾ ਨੇ ਆਖਿਆ ਰਾਣੀ ਘੁਟਣਾ ਬਸ ਕਰ, ਤੇ ਜਾ ਕੁਝ ਖਾਣ ਨੂੰ ਦੇਹ। ਰਾਣੀ ਨੇ ਚਾਉਲ ਤੇ ਪਾਣੀ ਮਿਲਾਕੇ ਇਕ ਦੋਚਕੇ ਵਿਚ ਪਾਏ, ਰਾਜੇ ਆਖਿਆ ਇਹ ਦੋਚਕਾ ਅਪਣੀ ਛਾਤੀ ਤੇ ਰਖ। ਵੇਖੋ ਰਾਜੇ ਦੀ ਕਰਾਮਾਤ, ਚਾਉਲ ਓਥੇ ਹੀ ਉਬਲ ਗਏ। ਰਾਣੀ ਨੇ ਘਿਉ ਖੰਡ ਮਿਲਾਕੇ ਥਾਲ ਰਾਜੇ ਅਗੇ ਰਖਿਆ। ਹਥ ਧੋਣ ਲਈ ਰਾਜੇ ਨੇ ਇਕ ਪਥਰ ਚੁਕਿਆ ਤਾਂ ਓਥੋਂ ਪਾਣੀ ਨਿਕਲ ਆਇਆ। ਹਥ ਮੂੰਹ ਧੋ, ਚਾਉਲ ਖਾਧੇ। ਰਾਜੇ ਆਖਿਆ, ਤੂੰ ਮੇਰੀ ਧਰਮ ਦੀ ਭੈਣ ਹੈਂ। ਜਦ ਮਹਿਤਾ ਆਵੇਗਾ ਤਦ ਮੈਂ ਤੈਨੂੰ ਬੁਲਾਵਾਂਗਾ ਤੂੰ ਬੇਖੌਫ਼ ਆ ਜਾਂਵੀ, ਸਿਰ ਤੋਂ ਪੈਰ ਤਕ ਚਦਰ ਲਪੇਟ ਕੇ ਆਂਵੀ। ਇਹ ਕਹਿ ਕੇ ਰਾਜਾ ਅਪਣੇ ਮਹਿਲਾਂ ਨੂੰ ਮੁੜ ਗਿਆ। ਪਿਛੋਂ ਮਹਿਤਾ ਮੁੜ ਘਰ ਆਇਆ, ਤੇ ਓਸੇ ਪਲੰਘ ਤੇ ਲੇਟਿਆ, ਤੇ ਰਾਣੀ ਨੂੰ ਆਖਿਉਸੁ ਆਕੇ ਮੇਰੀਆਂ ਲੱਤਾਂ ਘੁਟ। ਪਾਸਾ ਪਰਤਦਿਆਂ ਉਸ ਨੂੰ ਚਦਰ ਹੇਠੋਂ ਮੁੰਦਰੀ ਲਭੀ। ਵੇਖ ਕੇ ਗਸ਼ ਖਾ ਗਿਆ। ਰਾਣੀ ਨੇ ਸਾਂਵਧਾਨ ਕਰਕੇ ਪਲੰਘ ਤੇ ਬਿਠਾਇਆ। ਘੜੀ ਪਹਿਰ ਪਿਛੋਂ ਫੇਰ ਗਸ਼ ਆਈ, ਫੇਰ ਹੋਸ਼ ਵਿਚ ਆਇਆ ਤਾਂ ਰਾਣੀ ਪੁਛਿਆ,

Sri Satguru Jagjit Singh Ji Elibrary NamdhariElibrary@gmail.com

ਪਤੀ ਜੀ ਤੁਹਾਨੂੰ ਕੀ ਹੋਇਆ ? ਉਸ ਨੇ ਮੁੰਦਰੀ ਵਿਖਾ ਕੇ ਆਖਿਆ ਤੂੰ ਜਾਦੂ ਗਰਨੀ ਹੈਂ, ਜਿਸ ਨੇ ਮੈਨੂੰ ਬੇ-ਹੋਸ਼ ਕੀਤਾ । ਇਹ ਤੇਰਾ ਜਾਦੂ ਹੈ । ਰਾਣੀ ਨੇ ਆਖਿਆ, ਮੈਨੂੰ ਮੁੰਦਰੀ ਦਾ ਕੁਝ ਪਤਾ ਨਹੀਂ ਤੁਸੀਂ ਈ ਰਖੀ ਹੋਣੀ ਏ । ਉਸ ਨੇ ਆਖਿਆ, ਮੈਂ ਤੇ ਇਹ ਮੁੰਦਰੀ ਰਾਜਾ ਰਸਾਲੂ ਨੂੰ ਦਿਤੀ ਸੀ, ਜਦ ਮੈਂ ਘੋੜੇ ਖਰੀਦਣ ਗਿਆ ਸਾਂ । ਓਸ ਬਿਨਾ ਹੋਰ ਕਿਸੇ ਨੇ ਇਹ ਮੁੰਦਰੀ ਏਥੇ ਨਹੀਂ ਰਖੀ । ਸਚ ਦਸ ! ਰਾਣੀ ਚੁਪ । ਸਵੇਰੇ ਉਠਕੇ ਮਹਿਤੇ ਗੁਸੇ ਤੇ ਗਮ ਦੇ ਭਰੇ ਨੇ ਸਾਰੇ ਕਾਗ਼ਜ਼ ਰਾਜੇ ਅਗੇ ਜਾ ਰਖੇ ਤੇ ਆਖਿਆ : ਬਸ ਮਹਾਰਾਜ ! ਰਾਜੇ ਪੁਛਿਆ : ਮਹਿਤਾ ਜੀ ਕੀ ਕਾਰਨ ਹੈ ? ਤੁਹਾਨੂੰ ਤਾਂ ਘੋੜੇ ਖਰੀਦਨ ਘਲਿਆ ਸੀ, ਤੁਸੀਂ ਮੁੜ ਕੀਕਣ ਆਏ ? ਮਹਿਤੇ ਮੁੰਦਰੀ ਰਾਜੇ ਅਗੇ ਰਖੀ, ਤੇ ਅਰਜ਼ ਕੀਤੀ, ਮੈਂ ਤੇ ਭੁਲਿਆ ਰਿਹਾ, ਨਾ ਤੁਸੀਂ ਈ ਜਤੀ ਓ, ਨਾ ਮੇਰੀ ਰਾਣੀ ਸਤੀ ਹੈ । ਰਾਜੇ ਝਿੜਕਿਆ ਤੇ ਆਖਿਆ : ਗਲਾਂ ਨਾਲ ਜਤ ਸਤ ਨਹੀਂ ਟੁਟਦਾ । ਪਰ ਮਹਿਤਾ ਨਾ ਮੰਨੇ । ਮਹਿਤੇ ਨੇ ਕਹਿਆ, ਜੇ ਚਾਂਦਨੀ ਸਚੀ ਹੈ, ਤਾਂ ਉਹ ਅਪਣੇ ਸਤ ਨਾਲ ਸੂਤਰ ਕਤੇ, ਤੇ ਉਸ ਸੂਤਰ ਦੀ ਕਚੀ ਤੰਦ ਨਾਲ ਕਚੇ ਘੜੇ ਵਿਚ ਖੂਹ ਤੋਂ ਪਾਣੀ ਖਿਚੇ । ਰਾਜੇ ਕਹਿਆ, ਚੰਗਾ । ਬੁਲਾਵੋ ਰਾਣੀ ਚਾਂਦਨੀ ਨੂੰ । ਰਾਣੀ ਆਈ ਉਸ ਨੇ ਕਚੇ ਧਾਗੇ ਨਾਲ ਕਚੇ ਘੜੇ ਨੂੰ ਖੂਹ ਵਿਚ ਲਮਕਾ ਕੇ ਖੂਹ ਵਿਚੋਂ ਪਾਣੀ ਕਢ ਲਿਤਾ । ਮਹਿਤੇ ਨੂੰ ਯਕੀਨ ਆਇਆ ਕਿ ਰਾਜਾ ਜਤੀ ਹੈ ਤੇ ਉਸ ਦੀ ਅਪਣੀ ਵਹੁਟੀ ਸਤੀ । ਰਾਜੇ ਨੇ ਆਖਿਆ : ਤੈਨੂੰ ਪਹਿਲੋਂ ਕਿਉਂ ਨਾ ਇਤਬਾਰ ਆਇਆ ? ਮਹਿਤੇ ਨੇ ਉਤਰ ਦਿਤਾ : ਕਿ ਮਰਦ ਹਮੇਸ਼ਾ ਤ੍ਰੀਮਤਾਂ ਤੇ ਸ਼ਕ ਈ ਕਰਦੇ ਨੇਂ । ਰਾਜੇ ਆਖਿਆ : ਤੈਨੂੰ ਅਪਣੀ ਵਹੁਟੀ ਦੀ ਕਚਹਿਰੀ ਵਿਚ ਵਡਿਆਈ ਕਰਦਿਆਂ ਸ਼ਰਮ ਨਾਂ ਆਈ ? ਇਸ ਦੇ ਪਿਛੋਂ ਰਾਜਾ ਫੇਰ ਰਾਜ ਛਡ ਕੇ ਪੈਂਡੇ ਪੈ ਗਿਆ ਤੇ ਰਾਜਾ ਸਿਰਕਪ ਦੇ ਰਾਜ ਵਲ ਮੂੰਹ ਕੀਤਾ ॥

ਨੋਟ—ਰਾਜਾ ਸਿਰਕਪ ਦੀ ਨਗਰੀ ਬਾਬਤ ਸਰ ਰਿਚਰਡ ਦਾ ਖਿਆਲ ਹੈ, ਇਹ ਉਹੀ ਥਾਂ ਹੈ ਜਿਥੇ ਕੋਟ ਬਿਠੋਰ ਹੈ, ਅਟਕ ਦੇ ਕੋਲ ਦਰਿਆ ਦੇ ਕੰਢੇ ਪਹਾੜੀ ਤੇ ।

## ਸਿਰਕਪ

ਜਦ ਰਾਜੇ ਸਿਰਕਪ ਦੀ ਨਗਰੀ ਕੋਲ ਪੁੱਜਾ ਤਾਂ ਰਸਾਲੂ ਨੂੰ ਰਾਤ ਪੈ ਗਈ । ਕਬਰਸਿਤਾਨ ਵਿਚੋਂ ਲੰਘਦਿਆਂ ਉਸ ਦੇ ਘੋੜੇ ਦਾ ਸੁੱਮ ਇਕ ਮੁਰਦੇ ਨਾਲ ਠਕਰਾਇਆ ਰਸਾਲੂ ਨੇ ਉਤਰ ਕੇ ਡਿਠਾ ਤਾਂ ਮੁਰਦਾ ਤਾਜ਼ਾ ਈ ਕਤਲ ਹੋਇਆ ਮਰਦ ਸੀ । ਰਾਜੇ ਆਖਿਆ :—

ਬਾੜੇ ਅੰਦਰ ਪਿਆ *ਕਰੰਗਲਾ, ਨਾ ਇਸ ਸੀਸ ਨਾ ਮਾਸ ।
ਜੇ ਮੌਲਾ ਇਸ ਨੂੰ ਜ਼ਿੰਦਾ ਕਰੇ, ਦੋ ਬਾਤਾਂ ਕਰੇ ਹਮਾਰੇ ਸਾਥ ।

*ਪਿੰਜਰ ॥

Sri Satguru Jagjit Singh Ji Elibrary NamdhariElibrary@gmail.com

ਰਬ ਨੇ ਮੁਰਦਾ ਜਿਵਾ ਦਿਤਾ ਤੇ ਰਾਜੇ ਨੇ ਮਰਦ ਨੂੰ ਆਖਿਆ :—

ਲਹਿੰਦਓਂ ਚੜ੍ਹੀ ਬਦਲੀ, *ਹਾਠਾਂ ਪਾਇਆ ਜ਼ੋਰ ॥
ਕਿਹੇ ਅਮਲ ਕਮਾਇਓ, ਜਿ ਝਲਦੀ ਨਾਹੀ ਗੋਰ ?

ਮੁਰਦਾ ਬੋਲਿਆ ;—

ਅਸੀਂ ਭੀ ਕਦੀ ਦੁਨੀਆਂ ਤੇ ਇਨਸਾਨ ਥੇ ॥
ਰਾਜਾ ! ਵਲ ਡਿੰਗੜੀਆਂ ਪੰਗਾਂ ਬੰਨ੍ਹਦੇ ।
ਟੁਰਦੇ ਪੱਬਾਂ ਭਾਰ ।
†ਆਉਂਦੇ ਤਰਾ ਨਚਾਂਉਦੇ ਤਰਾਂ, ਹਾਂਕੇ ਅਸਵਾਰ ।
ਜ਼ਰਾ ਨਾ ਮਿੱਟੀ ਝੱਲਦੀ, ਰਾਜਾ ਹੁਣ ਸੌ ਮਣ ਦਾ ਭਾਰ ।

ਨੋਟ—ਪਹਿਲੀ ਕਲੀ ਇਕ ਉਰਦੂ ਦੀ ਮਸ਼ਹੂਰ ਗਜ਼ਲ ਦੀ ਹੈ ਪਰ ਕਲੀ ਦੀ ਮਿਟੀ ਪਲੀਤ ਹੈ, ਕਿਸੇ ਭਟ ਮਿਰਾਸੀ ਨੇ ਵਿਗਾੜ ਕੇ ਵਿਚ ਆ ਵਾੜੀ ।

ਰਾਤੀ ਰਾਜੇ ਬਿਸ਼ਰਾਮ ਕੀਤਾ । ਸਵੇਰੇ ਉਠਿਆ, ਤੇ ਸੁਰਜੀਤ ਕੀਤੇ ਮਰਦ ਨੇ ਧੰਨਵਾਦ ਕੀਤਾ ਤੇ ਪੁਛਿਆ: ਰਾਜਾ ਤੂੰ ਕੌਣ ਹੈਂ ? ਕਿਥੋਂ ਆਇਆ ਹੈਂ ? ਰਾਜੇ ਨੇ ਆਖਿਆ: ਮੈਂ ਸਿਆਲਕੋਟੋਂ ਰਾਜੇ ਸਿਰਕਪ ਨਾਲ ਚੌਪੜ ਖੇਡਣ ਲਈ ਆਇਆ ਹਾਂ । ਮੁਰਦੇ ਨੇ ਮੰਨ੍ਹੇ ਕੀਤਾ ਕਿ ਇਸ ਇਰਾਦੇ ਨੂੰ ਛਡ ਦੇ, ਸਿਰਕਪ ਜ਼ਾਲਮ ਤੇ ਧੋਖੇ ਬਾਜ਼ ਹੈ । ਬਾਜ਼ੀ ਜਿਤ ਕੇ ਸਿਰ ਕੱਪ ਲੈਂਦਾ ਹੈ । ਵੇਖ ਏਹ ਕਬਰਾਂ ਓਸੇ ਦੇ ਮਾਰੇ ਮਨੁਖਾਂ ਦੀਆਂ ਈ ਹੈਣ ਪਰ ਰਸਾਲੂ ਨੇ ਆਖਿਆ ਮੈਂ ਜ਼ਰੂਰ ਚੌਪੜ ਖੇਡਨਾ ਹੈ । ਤਾਂ ਮਰਦ ਨੇ ਆਖਿਆ: ਜੇ ਜ਼ਰੂਰ ਖੇਡਣਾ ਈ ਤਾਂ ਇਸ ਕਬਰਸਿਤਾਨ ਵਿਚੋਂ ਹੱਡੀਆਂ ਲੈ ਜਾ ਤੇ ਉਸਦੇ ਪਾਸੇ ਬਣਵਾ ਲੈ ਤਦ ਜਿਤੇਂਗਾ ਨਹੀਂ ਤੇ ਨਹੀਂ । ਰਾਜੇ ਕੁਝ ਹੱਡੀਆਂ ਚੁੱਕ ਲਈਆਂ । ਅੱਗੇ ਜਾਕੇ ਇਕ ਨਾਲੇ ਦੇ ਕੰਢੇ ਤੇ ਪੁਜਿਆ । ਉਸ ਨਾਲੇ ਵਿਚ ਇਕ ਝਾੜ-ਚੂਹਾ (ਕੰਡਿਆਲਾ) ਰੁੜ੍ਹਿਆ ਜਾਂਦਾ ਸੀ । ਜਿਸ ਨੇ ਰਾਜੇ ਨੂੰ ਆਖਿਆ :—

ਝ ਈ ਆਂਦੀ ਵਿਆਇਕੇ, ਆਂਦੀ ਡੋਲੀ ਪਾਇ ।
ਝਾਈ ਮੰਗਿਆ ਪਾਣੀ, ਤੇ ਮੈਂ ਗਇਆ ਸ਼ਰਮਾਇ ।
ਲੈਕੇ ਲੋਟਾ ਚਲਿਆ, ਜਾ ਪਹੁੰਚਾ ਖ੍ਵਾਜੇ ਦਰਿਆਇ ।
ਇਕ ਭਰਿਆ, ਇਕ ਵੀਟਿਆ, ਦੂਜਾ ਲਿਆ ਵਹਾਵਿ ।
ਢੰਦ ਕਥੇ, ਮੈਂ ਢਹਿ ਪਿਆ, ਰੁੜ ਪਿਆ ਦਰ੍ਹਿਆਇ ।
ਵਾਸਤਾ ਸ੍ਰੀ ਨਿਰੰਕਾਰ ਦਾ, ਝਾਹ ਨੂੰ ਲਈਂ ਬਚਾਇ ।

ਰਾਜੇ ਨੇ ਸੁਣਕੇ, ਝਾੜ-ਚੂਹੇ ਨੂੰ ਦਰਿਆ ਵਿਚੋਂ ਅਪਣੀ ਕਮਾਨ ਦੇ ਸਿਰੇ ਨਾਲ

---

*ਤੂਫ਼ਾਨ ।

† ਤੁਕਾਂ ਗ਼ਲਤ ਦਿਤੀਆਂ ਜਾਪਦੀਆਂ ਹੈਨ, ਅਰਥ ਇਹ ਫਬਦਾ ਹੈ, ਅਸੀਂ ਬਾਂਕੇ ਅਸਵਾਰ ਗ਼ਰੂਰ ਨਾਲ ਆਉਂਦੇ ਤੇ ਘੋੜੇ ਨਚਾਂਉਦੇ ਸਾਂ ਹਾਂਕੇ ਦੀ ਥਾਂ ਬਾਂਕੇ ਚਾਹੀਏ ॥

Sri Satguru Jagjit Singh Ji Elibrary NamdhariElibrary@gmail.com

ਕਢਕੇ ਇਕ ਝਾੜੀ ਵਿਚ ਸਟ ਦਿਤਾ।

ਫੇਰ ਝਾਊ ਬੋਲਦਾ ਹੈ :—

ਹਿਕੇ ਹਨੇਰਿਓਂ ਕਢਿਓ ਈ; ਦੂਜੇ ਦਿਤੋ ਈ ਪਾਇ।
ਲੜਕੇ ਆਵਣ ਸ਼ਹਿਰ ਦੇ, ਖਿਲ ਡੋਰੀ ਲੈਣ ਬਣਾਇ।
ਮਾਰੇ ਮਾਰੇ ਜਿੰਦ ਕਢਨ, ਛੋੜਨ ਜਾਨੋਂ ਜਾਂਇ।
ਵਾਸਤਾ ਤੈਨੂੰ ਰਬ ਦਾ ਰਾਜਾ, ਲੈ ਚਲ ਸਾਨੂੰ ਭਗਾਇ।

ਸੁਣ ਕੇ ਰਾਜੇ, ਝਾਊ ਨੂੰ ਘੋੜੇ ਦੇ ਤੋਬਰੇ ਵਿਚ ਪਾ ਲਿਤਾ। ਟੁਰਦੇ ਟੁਰਦੇ ਇਕ ਜੰਗਲ ਵਿਚ ਪੁਜੇ, ਜਿਥੇ ਝਾੜੀਆਂ ਨੂੰ ਅਗ ਲਗੀ ਸੀ ਤੇ ਉਸ ਘਾ ਵਿਚ ਇਕ ਟਿਡਾ ਸੀ, ਜਿਸ ਨੂੰ ਸੜ ਜਾਣ ਦਾ ਖਤਰਾ ਸੀ। ਰਾਜਾ ਨੇ ਤ੍ਰੇਸ ਨੂੰ ਬਚਾਇਆ। ਉਸ ਨੇ ਰਾਜੇ ਨੂੰ ਅਪਣੀ ਮੁੜ ਦਾ ਵਾਲ ਦਿਤਾ ਤੇ ਆਖਿਓਸੂ, ਜਦ ਲੋੜ ਪਵੇ ਇਸ ਵਾਲ ਨੂੰ ਸੇਕੀਂ, ਮੈਂ ਫੌਰਨ ਹਾਜ਼ਰ ਹੋਸਾਂ। ਰਾਜੇ ਨੇ ਵਾਲ ਸੰਭਾਲ ਕੇ ਰਖ ਲਿਆ।

ਅਗੇ ਜਾਂਦੇ, ਰਾਜਾ ਇਕ ਹੋਰ ਦਰਿਆ ਦੇ ਕੰਢੇ ਤੇ ਪੁਜਾ, ਜਿਥੇ ਰਾਣੀ ਚੋਡਲ, ਰਾਜੇ ਸਿਰਕਪ ਦੀ ਧੀ ਬੈਠੀ ਸੀ। ਰਾਣੀ ਨੇ ਪੁਛਿਆ ਤੂੰ ਕਿਥੋਂ ਆਇਆਂ ਏ ਤੇ ਤੇਰਾ ਕੀ ਕੰਮ ਹੈ ? ਰਾਜੇ ਨੇ ਉਤਰ ਦਿਤਾ : ਪਿਆਰੀ ਮੈਂ ਰਾਜੇ ਸਿਰਕਪ ਨਾਲ ਚੌਪਟ ਖੇਡਣ ਆਇਆਂ ਹਾਂ। ਰਾਣੀ ਆਖਿਆ : ਤੂੰ ਪਹਿਲਾਂ ਮਰੇ ਨਾਲ ਖੇਡ ਲੈ, ਫੇਰ ਜਾਕੇ ਰਾਜਾ ਸਿਰਕਪ ਨਾਲ ਖੇਡੀਂ। ਰਾਜੇ ਆਖਿਆ : ਮੈ ਜਤੀ ਆਦਮੀ ਹਾਂ, ਇਸ ਕਰਕੇ ਤੀਵੀਂ ਨਾਲ ਚੌਪਟ ਨਹੀਂ ਖੇਡ ਸਕਦਾ। ਤਾਂ ਰਾਣੀ ਆਖਿਆ, ਚੰਗਾ ਤੂੰ ਮੇਰੀ ਬੁਝਾਰਤ ਬੁਝ, ਜੇ ਤੂੰ ਨਾ ਬੁਝੀ ਤਾਂ ਮੁੰਡੀ ਵਡ ਲਵਾਂਗੀ। ਰਾਜੇ ਪੁਛਿਆ, ਤੂੰ ਅਗੇ ਵੀ ਕਿਸੇ ਦੀ ਮੁੰਡੀ ਵਢੀ ਏ, ਕਿ ਮੈਂ ਪਹਿਲਾ ਈ ਮਨੁਖ ਇਸ ਕੰਮ ਲਈ ਚੁਣਿਆ ਈ ? ਉਸਨੇ ਆਖਿਆ, ਮੇਰਾ ਪਿਤਾ ਰਾਜਾ ਸਿਰਕਪ ਤਾਂ ਇਕ ਮੁੰਡੀ ਰੋਜ਼ ਵਡਦਾ ਹੈ, ਤੇ ਮੈਂ ਦਸ ਮੁੰਡੀਆਂ ਵਢਦੀ ਹਾਂ। ਰਾਜੇ ਕਿਹਾ, ਚੰਗਾ, ਪਾ ਆਪਣੀ ਬੁਝਾਰਤ। ਰਾਣੀ ਬੋਲੀ :—

ਅਠ ਪਤਨ, ਨੌ ਬੇੜੀਆਂ ਚੌਦਾਂ ਘੁੰਮਣ ਘੇਰ।
ਜੇ ਤੂੰ ਰਾਜਾ ਜਤੀ ਸਤੀ ਹੈਂ ਤਾਂ ਪਾਣੀ ਕਿਤਨੇ ਸੇਰ ?

ਰਾਜ ਉਤਰ ਦਿਤਾ:—

ਅਠ ਪਤਨ, ਨੌਂ ਬੇੜੀਆਂ, ਚੌਦਾਂ ਘੁੰਮਣ ਘੇਰ।
ਅੰਬਰ ਤਾਰੇ ਗਿਣ ਦਸੀਂ, ਮੈਂ ਦਸਾਂ ਪਾਣੀ ਉਤਨੇ ਸੇਰ।
ਜਿਨੇ ਬਨ ਬਨ ਪਤਰ ਲਕੜੀਂ ਪਾਣੀ ਇਤਨੇ ਸੇਰ।

ਰਾਣੀ ਸੁਣਕੇ ਜੁਆਬ ਨਿਰੁਤ੍ਰ ਹੋ ਗਈ। ਰਾਜਾ ਟੁਰਕੇ ਸਿਰਕਪ ਦੀ ਨਗਰੀ ਪੁਜਾ। ਜਿਥੇ ਉਸ ਨੂੰ ਸਿਰਕਪ ਦੀਆਂ ਹੋਰ ਧੀਆਂ ਮਿਲੀਆਂ। ਉਨ੍ਹਾਂ ਨੇ ਰਸਾਲੂ ਨੂੰ ਵਖਕੇ ਆਖਿਆ :—

Sri Satguru Jagjit Singh Ji Elibrary NamdhariElibrary@gmail.com

ਨੀਲੇ ਘੋੜੇ ਵਾਲਿਆਂ ਰਾਜਾ, ਨੀਵੇਂ ਨੇੜੇ ਆ।
ਅਗੇ ਰਾਜਾ ਸਿਰਕਪ ਹੈ, ਸਿਰ ਲੈਸੀ ਉਹ ਲਾਹ।
ਭਲਾ ਚਾਹੇਂ ਜੇ ਆਪਣਾ, ਤਾਂ ਪਿਛੇ ਮੁੜ ਜਾ!

ਰਾਜਾ ਰਸਾਲੂ ਬੋਲਿਆ :—

ਦੂਰੋਂ ਬੀੜਾ ਚੁਕਿਆ ਇਥੇ ਪਹੁੰਚਾ ਆਦਿ।
ਸਿਰਕਪ ਦਾ ਸਿਰ ਕਟਕੇ ਟੋਟੇ ਕਰਸਾਂ ਚਾਰ।
ਤੈਨੂੰ ਬਨਾਸਾਂ ਵਹੁਟੜੀ ਮੈ ਬਣਸਾਂ ਮਹਾਰਾਜ।

ਇਹ ਸੁਣ ਕੁਮਾਰੀ ਰਸਾਲੂ ਤੇ ਆਸ਼ਕ ਹੋ ਗਈ ਤੇ ਦੂਸਰੀਆਂ ਭੈਣਾਂ ਨੇ ਆਖਿਆ, ਕਿ ਰਾਜਾ ਜੇ ਤੂੰ ਇਸ ਨੂੰ ਵਹੁਟੀ ਬਨਾਣਾ ਈ, ਤਾਂ ਇਕ ਗਲ ਕਰ। ਰਾਜੇ ਪੁਛਿਆ, ਉਹ ਕੀ ? ਤਾਂ ਕੁੜੀਆਂ ਇਕ ਮਣ ਬਾਜਰਾ, ਤੇ ਇਕ ਮਣ ਰੇਤ ਰਲਾ ਦਿਤੀ ਤੇ ਆਖਿਉ ਨੇ, ਇਨ੍ਹਾਂ ਨੂੰ ਅੱਡ ਅੱਡ ਕਰ। ਰਾਜੇ ਨੂੰ ਬੜੀ ਮੁਸ਼ਕਲ ਪਈ। ਅੰਤ ਉਸ ਟਿਡੇ ਦੇ ਵਾਲ ਨੂੰ ਸੇਕ ਦਿਤਾ। ਟਿਡਾ ਹਾਜ਼ਰ ਹੋਇਆ। ਉਸਨੇ ਪੁਛਿਆ : ਕੀ ਭੀੜ ਬਣੀ ਏ ? ਰਾਜੇ ਦਸਿਆ ਕਿ ਬਾਜਰੇ ਤੇ ਰੇਤ ਨੂੰ ਵਖ ਵਖ ਕਰਨਾ ਏ ? ਟਿਡਾ ਬੋਲਿਆ : ਲੈ ਇਹ ਕੀ ਗਲ ਏ। ਉਠ ਗਿਆ ਤੇ ਆਪਣੇ ਲਖਾਂ ਟਿਡਿਆਂ ਨੂੰ ਲੈ ਆਇਆ। ਟਿਡਿਆਂ ਨੇ ਆਕੇ ਬਾਜਰੇ ਦਾ ਦਾਣਾ ਦਾਣਾ ਚੁਣਕੇ, ਰੇਤ ਬਾਜਰਾ ਅੱਡ ਅੱਡ ਕਰ ਦਿਤਾ। ਫੇਰ ਚਲੇ ਗਏ। ਕੁੜੀਆਂ ਨੇ ਮੰਨ ਲਿਆ। ਪਰ ਫੇਰ ਕਹਿਆ : ਸਾਨੂੰ ਸਾਰੀਆਂ ਨੂੰ ਪੀਂਘ ਦੇ ਝੂਟੇ ਦੇ। ਰਾਜੇ ਆਖਿਆ, ਤੁਸੀਂ ੭੦ ਸੱਤਰ ਜਣੀਆਂ ਹੋ ਤੁਸੀਂ ਸਾਰੀਆਂ ਇਕ ਪੀਂਘ ਵਿਚ ਬੈਠ ਜਾਓ। ਮੈਂ ਤੁਹਾਨੂੰ ਇਕਠੀਆਂ ਨੂੰ ਝੂਟਾ ਦਿਆਂਗਾ। ਸਾਰੀਆਂ ਬੈਠ ਗਈਆਂ। ਉਸਨੇ ਬੜਾ ਉਚਾ ਹੂਟਾ ਦਿਤਾ। ਜਦ ਪੀਂਘ ਮੁੜੀ, ਉਸਨੇ ਤਲਵਾਰ ਨਾਲ ਰਸਾ ਵਢ ਦਿਤਾ। ਸਾਰੀਆਂ ਡਿਗ ਪਈਆਂ। ਸਭਨਾਂ ਨੂੰ ਸਟਾਂ ਲਗੀਆਂ, ਪਰ ਜੇਹੜੀ ਰਾਜਾ ਤੇ ਆਸ਼ਕ ਸੀ ਉਹ ਬਚ ਗਈ। ਰਾਜਾ ਦਸ ਪੰਦਰਾਂ ਕਦਮ ਅਗੇ ਗਿਆ, ਤਾਂ ਉਸਨੇ ਕੁਝ ਧੌਂਸੇ ਪਏ ਡਿਠੇ। ਲੋਕਾਂ ਤੋਂ ਪੁਛਿਆ ਇਹ ਕਿਹੇ ਨੇ ? ਤਾਂ ਉਨ੍ਹਾਂ ਦਸਿਆ ਕਿ ਜਿਸ ਰਾਜੇ ਨੇ ਰਾਜਾ ਸਿਰਕਪ ਨਾਲ ਚੌਪੜ ਖੇਡਣੀ ਹੋਵੇ, ਉਹ ਇਨ੍ਹਾਂ ਧੌਂਸਿਆਂ ਤੇ ਇਕ ਇਕ ਕਰਕੇ ਚੋਟ ਲਾਉਂਦਾ ਹੈ। ਰਾਜੇ ਸਿਰਕਪ ਨੂੰ ਪਤਾ ਲਗ ਜਾਂਦਾ ਏ, ਕਿ ਕੋਈ ਰਾਜਾ ਉਸ ਨਾਲ ਖੇਡਣ ਆਇਆ ਹੈ। ਰਸਾਲੂ ਨੇ ਸਭਨਾ ਧੌਂਸਿਆਂ ਤੇ ਇਸ ਜ਼ੋਰ ਨਾਲ ਚੋਟਾਂ ਮਾਰੀਆਂ ਕਿ ਸਾਰੇ ਪਾਟ ਗਏ॥

ਏਨੇਂ ਚਿਰ ਵਿਚ ਉਸ ਕੁੜੀ ਨੇ ਜੇਹੜੀ ਰਸਾਲੂ ਤੇ ਆਸ਼ਕ ਸੀ ਆਪਣੇ ਪਿਉ ਸਿਰਕਪ ਨੂੰ ਜਾਕੇ ਆਖਿਆ :—

ਇਕ ਜੁ ਆਇਆ ਰਾਜਪੂਤ, ਕਰਦਾ ਮਾਰੋ ਮਾਰ।
ਪਟਕੇ ਲਾਸਾਂ ਕਪੀਆਂ, ਸਿਟੀਆਂ ਸੀਨੇ ਭਾਰ।

ਧੜੀਂ ਧੜੀਂ *ਭੇਰੀਂ ਭਨੀਆਂ, ਅਰ ਭਨੇਂ ਘੜਿਆਲ।
ਤੈਨੂੰ ਰਾਜਾ ਮਾਰਸੀ, ਅਤੇ ਸਾਨੂੰ ਖੜਸੀ ਨਾਲ।

ਰਾਜਾ ਸਿਰਕਪ ਬੋਲਿਆ :—

ਛੋਟੀ ਨਗਰੀ ਦਾ ਵਸਨੀਕ, ਰਾਣੀ ਵਡੀ ਕਰੇ ਪੁਕਾਰ।
ਜਾਂ ਮੈਂ ਨਿਕਲਾਂ ਬਾਹਰ, ਤਾਂ ਮੇਰੀ ਤਨ ਨਚਾਵੇ ਢਾਲ।
ਫਜਰੇ ਰੋਟੀ ਤਾਂ ਖਾਸਾਂ, ਸਿਰ ਲੈਸਾਂ ਉਤਾਰ॥

ਰਸਾਲੂ ਸ਼ਹਿਰ ਵਿਚ ਜਾ ਕੇ ਇਕ ਬੁਢੀ ਦੇ ਘਰ ਰਿਹਾ। ਰਾਜਾ ਸਿਰਕਪ ਨੇ ਰਸਾਲੂ ਨੂੰ ਆਪਣੇ ਨੌਕਰਾਂ ਹਥ ਖਾਣਾ ਘਲਿਆ। ਪਰ ਜ਼ਹਿਰ ਮਿਲਾਕੇ। ਰਾਜਾ ਨੇ ਉਤਰ ਦਿਤਾ ਕਿ ਤੁਸੀਂ ਸਿਰਕਪ ਨੂੰ ਆਖ ਦਿਓ, ਮੇਰਾ ਸਿਰਕਪ ਨਾਲ ਕੋਈ ਕੰਮ ਨਹੀਂ, ਮੈਂ ਉਸਦਾ ਵੈਰੀ ਹਾਂ। ਪਰ ਚੰਗਾ ਜੇ ਤੁਸਾਂ ਖਾਣਾ ਲਿਆਂਦਾ ਹੈ, ਤਾਂ ਥਾਲ ਰਖ ਦੇਉ। ਰਾਜਾ ਨੇ ਖਾਣੇ ਦੀਆਂ ਕੁਝ ਗ੍ਰਾਹੀਆਂ ਕੁਤੇ ਨੂੰ ਪਾ ਦਿਤੀਆਂ ਤੇ ਕੁਤਾ ਤੜਪ ਕੇ ਮਰ ਗਿਆ। ਤਦ ਰਾਜੇ ਨੇ ਨੌਕਰਾਂ ਨੂੰ ਕਹਿਆ : ਇਹ ਧੋਖਾ ! ਕੀ, ਮੈਂ ਤੁਹਾਡਾ ਸਿਰ ਉਡਾ ਦਿਆਂ ? ਨੌਕਰ ਕੰਬੇ ! ਰਾਜੇ ਕਿਹਾ : ਜਾਉ, ਮੈਂ ਧਰਮੀ ਰਾਜਾ ਹਾਂ। ਜਾ ਕੇ ਆਪਣੇ ਰਾਜੇ ਨੂੰ ਆਖੋ ਜ਼ਹਿਰ ਦੇਣਾ ਕੋਈ ਬਹਾਦਰੀ ਦਾ ਕੰਮ ਨਹੀਂ। ਨੌਕਰ ਚਲੇ ਗਏ। ਤੇ ਰਸਾਲੂ ਨੇ ਰਾਤ ਅਰਾਮ ਕੀਤਾ। ਸਵੇਰੇ ਸਿਰਕਪ ਨੇ ਅਖਾ ਘਲਿਆ, ਮੈਂ ਅਜ ਰਾਜ਼ੀ ਨਹੀਂ ਇਸ ਕਰਕੇ ਲੌਢੇ ਵੇਲੇ ਚੌਪੜ ਖੇਡਾਂਗੇ ਤੇ ਨਾਲ ਈ ਉਸ ਨੇ ਬੁਢੀ ਨੂੰ ਅਖਾ ਘਲਿਆ ਕਿ ਜੇ ਤੂੰ ਮੇਰੀ ਪਰਜਾ ਹੈਂ, ਤਾਂ ਰਾਜੇ ਨੂੰ ਫਲਾਣੇ ਬਾਗ ਵਿਚ ਲੈ ਚਲੋ। ਉਥੇ ਉਸ ਨੂੰ ਇਕ ਜ਼ਹਿਰੀ ਸਪ ਲੜੇਗਾ ਤੇ ਉਹ ਮਰ ਜਾਏਗਾ। ਬੁਢੀ ਰਾਜੇ ਨੂੰ ਬਾਗ ਵਿਚ ਲੈ ਗਈ ਤੇ ਉਥੇ ਰਹਿਨ ਲਈ ਕੋਠਾ ਦਿਤਾ।

ਹੁਣ ਉਸ ਬਾਗ਼ ਵਿਚ ਦੋ ਬਲਾਵਾਂ ਰਹਿੰਦੀਆਂ ਸਨ ! ਇਕ ਤਲੀਰ ਸਪ ਤੇ ਦੂਜਾ ਕਲੀਰ, ਵਡਾ †ਠੂਆਂ। ਦੋਵੇਂ ਬੜੇ ਯਾਰ ਸਨ। ਤਲੀਰ ਕਿਸੇ ਮਾਨੁਖ ਨੂੰ ਡੰਗ ਮਾਰਕੇ ਮਾਰਦਾ ਸੀ ਤੇ ਕਲੀਰ ਉਸ ਮੁਰਦੇ ਦੀਆਂ ਅਖਾਂ ਕਢ ਕੇ ਖਾ ਜਾਂਦਾ ਸੀ। ਰਾਜਾ ਦੁਪਹਿਰ ਨੂੰ ਟਾਹਲੀ ਹੇਠਾਂ ਸੁਤਾ ਸੀ ਤੇ ਝਾਉ ਬਾਗ ਵਿਚ ਲਾਗੇ ਫਲ ਫੂਲ ਖਾਂਦਾ ਸੀ। ਦੋਵੇਂ ਤਲੀਰ ਤੇ ਕਲੀਰ ਘਰ ਆਏ ਤੇ ਕਲੀਰ ਨੇ ਤਲੀਰ ਨੂੰ ਆਖਿਆ :— ਕਿ ਜਾਹ ਅਹੁ ਮਨੁਖ ਡੰਗ. ਤਾਂ ਤਲੀਰ ਬੋਲਿਆ:—

ਤੇਰਾ ਮੇਰਾ ਝਗੜਾ, ਹੁਣ ਸਾਹਿਬ ਦੀ ਦਰਗਾਹ।
ਲੰਡੀ ਕਾਂਈ ਦਾ ਤੂੰ ਬੇਟੜਾ, ਕਲੀਰ ਤੇਰਾ ਨਾਉਂ।

ਕਲੀਰ ਬੋਲਿਆ—

ਗੋਹਨ ਤੇਰੀ ਮਾਂ ਸੀ ਕੋਰੜ ਕਿਰਕਲਾ ਤੇਰਾ ਪਿਓ।

---

*ਧੌਂਸੇ।

†ਬਾਜੀ ਥਾਂ ਕਾਂਉਂ ਲਿਖਿਆ ਹੈ।

Sri Satguru Jagjit Singh Ji Elibrary NamdhariElibrary@gmail.com

ਤੇਰਾ ਮੇਰਾ ਝਗੜਾ ਰਾਜਾ ਸਿਰਕਪ ਕੋਲ ਹੋਊ।

ਤਦ ਤਲੀਰ ਨੇ ਰਾਜਾ ਸਿਰਕਪ ਤੋਂ ਡਰਦਿਆਂ ਆਕੇ ਰਾਜਾ ਰਸਾਲੂ ਨੂੰ ਡੰਗਿਆ ਤੇ ਟਾਹਲੀ ਤੇ ਚੜ੍ਹ ਗਿਆ। ਐਨੇ ਚਿਰ ਨੂੰ ਕਲੀਰ ਨੇ ਆਪਣੇ ਸਾਥੀ ਠੂਹਿਆਂ ਨੂੰ ਵਾਜਾਂ ਮਾਰੀਆਂ ਕਿ ਆਉ ਮੁਰਦਾ ਖ਼ਾਈਏ । ਸਪ ਟਾਹਲੀ ਤੇ ਗਿਆ ਤਾਂ ਪੰਛੀਆਂ ਨੇ ਸ਼ੋਰ ਪਾਇਆ। ਝਾਊ ਨੇ ਸ਼ੋਰ ਸੁਣ ਕੇ ਰਾਜੇ ਵਲ ਫੇਰਾ ਪਾਇਆ ਤੇ ਸਾਰਾ ਕੌਤਕ ਵੇਖ ਕੇ ਉਸ ਸਪ ਦੇ ਜ਼ਖ਼ਮ ਤੇ ਜਾ ਬੈਠਾ। ਜਦ ਕਲੀਰ ਆਇਆ ਤਾਂ ਉਸ ਨੇ ਉਸ ਦੀ ਟੰਗ ਫੜ ਲਈ, ਲਗਾ ਕਲੀਰ ਕਰਨ ਕ੍ਰਾਂ ! ਕ੍ਰਾਂ !! ਉਤੋਂ ਤਲੀਰ ਨੇ ਪੁਛਿਆ ਕੀ ਹੋਇਆ ਤੂੰ ਤੇ ਦਿਸਦਾ ਈ ਨਹੀਂ ? ਝਾਊ ਨੇ ਉਸ ਨੂੰ ਪੁੱਠਾ ਕੀਤਾ ਤਾਂ ਪਤਾ ਲਗਾ ਕਿ ਉਹ ਝਾਊ ਦੇ ਮੂੰਹ ਫਾਥਾ ਹੈ। ਤਾਂ ਤਲੀਰ ਨੇ ਆਖਿਆ ਝਾਊ ਯਾਰ ! ਕਲੀਰ ਨੂੰ ਕੁਝ ਨਾ ਆਖ। ਝਾਊ ਬੋਲਿਆ :—

ਲਿਆਵਾਂ ਕੁਲ ਮੈਂ ਝਾ, ਕੁਲ ਝਾਵਾਂ ਦਾ ਸਰਦਾਰ।
ਕਲੀਰ ਮਾਰੂ ਏਥੇ, ਤਲੀਰ ਪਿਛੇ ਜਾਇ।
ਤਲੀਰ ਵੜਜੀ ਖੁਡ ਵਿਚ, ਦੇਸਾਂ ਝੋਕੇ ਪਾਇ।
ਕਦੀ ਤਾਂ ਆਉਜੀ ਬਾਹਰ, ਲੇ ਕੇ ਆਸਾਂ ਮੁਕਾਇ।

ਤਲੀਰ ਨੇ ਆਖਿਆ, ਤੂੰ ਕਲੀਰ ਨੂੰ ਛਡ ਦੇ। ਮੈਂ ਰਸਾਲੂ ਦਾ ਜ਼ਹਿਰ ਚੂਸ ਕੇ ਮੁੜ ਜਿਵਾ ਦਿੰਦਾ ਹਾਂ। ਉਸ ਨੇ ਕਿਹਾ, ਚੰਗਾ। ਤਲੀਰ ਰੁਖ ਤੋਂ ਹੇਠਾਂ ਉਤਰ ਆਇਆ ਤੇ ਰਸਾਲੂ ਦਾ ਜ਼ਹਿਰ ਚੂਸਨ ਲਗਾ। ਝਾਊ ਨੇ ਆਖਿਆ : ਮੈਂ ਕਲੀਰ ਨੂੰ ਬਾਗ ਲੈ ਜਾਂਦਾ ਹਾਂ, ਓਥੇ ਫਲ ਖਾਵੇ। ਕਲੀਰ ਨੂੰ ਝਾਊ ਘਸੀਟ ਘਸੀਟ ਕੰਡਿਆਂ ਵਿਚੋਂ ਲੈ ਗਿਆ ਤੇ ਕਲੀਰ ਓਥੇ ਈ ਮਰ ਗਿਆ ! ਮੁੜ ਆਇਆ ਤਾਂ ਤਲੀਰ ਨੇ ਸਭ ਜ਼ਹਿਰ ਚੂਸ ਲਿਤਾ ਸੀ ਤੇ ਰਾਜਾ ਹੋਸ਼ ਵਿਚ ਆ ਗਿਆ। ਤਾਂ ਝਾਊ ਨੇ ਰਾਜੇ ਨੂੰ ਆਖਿਆ, ਇਸ ਸਪ ਨੂੰ ਮਾਰ ਦੇ। ਰਾਜੇ ਨੇ ਸਪ ਨੂੰ ਮਾਰ ਦਿਤਾ। ਇਸ ਕੌਤਕ ਵਿਚ ਵੀ ਸ਼ਾਮ ਹੋ ਗਈ ਤੇ ਰਾਜਾ ਰਸਾਲੂ ਮੁੜ ਸ਼ਹਿਰ ਨੂੰ ਗਿਆ ਕਿ ਚਲ ਕੇ ਸਿਰਕਪ ਨਾਲ ਚੌਪੜ ਖੇਡੀਏ ॥

ਰਸਤੇ ਵਿਚ ਉਸ ਨੂੰ ਇਕ ਘੁਮਿਆਰ ਦੀ ਭੱਠੀ ਨਜ਼ਰ ਪਈ ਤੇ ਉਸਦੇ ਦੁਆਲੇ ਇਕ ਬਿੱਲੀ ਰੋਂਦੀ ਫਿਰਦੀ ਸੀ। ਰਾਜੇ ਪੁਛਿਆ, ਤੈਨੂੰ ਕੀ ਦੁਖ ਹੈ ? ਉਸ ਨੇ ਆਖਿਆ ਕਿ ਮੇਰੇ ਬਚੜੇ (ਬਲੂੰਗੜੇ) ਇਸ ਭਠੀ ਵਿਚ ਨੇਂ। ਧਰਮੀ ਰਾਜਾ, ਬਚਾ ਦੇ। ਰਾਜਾ ਨੇ ਘੁਮਿਆਰ ਨੂੰ ਸਦ ਕੇ ਸਾਰੀ ਭਠੀ ਦਾ ਮੁਲ ਦੇ ਕੇ ਬਲੂੰਗੜੇ ਬਚਾ ਲਏ। ਬਿਲੀ ਨੇ ਇਕ ਬਲੂੰਗੜਾ ਰਸਾਲੂ ਨੂੰ ਦ ਕੇ ਆਖਿਆ, ਨਾਲ ਲੈ ਜਾਉ। ਚੌਪੜ ਖੇਡਣ ਲਗਿਆਂ ਕੰਮ ਆਵੇਗਾ। ਰਾਜੇ ਨੇ ਬਲੂੰਗੜਾ ਲੈ ਲਿਆ ਤੇ ਰਾਜਾ ਸਿਰਕਪ ਦੇ ਮਹਲੀਂ ਗਿਆ। ਰਾਜਾ ਸਿਰਕਪ ਨ ਪਹਿਲੋਂ ਕੁਝ ਬੁਝਾਰਤਾਂ ਪੁਛੀਆਂ, ਜਿਸਦਾ ਉਤਰ ਰਸਾਲੂ ਨੇ ਦਿਤਾ। ਫੇਰ ਚੌਪੜ ਖੇਡਨ ਦੀਆਂ ਸ਼ਰਤਾਂ ਕੀਤੀਆਂ ਤੇ ਇਹ ਬਾਜ਼ੀਆਂ ਸਭਨਾਂ ਮਨਜ਼ੂਰ ਕੀਤੀਆਂ :—

Sri Satguru Jagjit Singh Ji Elibrary NamdhariElibrary@gmail.com

(੧) ਸਾਰਾ ਰਾਜ । (੨) ਦੁਨੀਆਂ ਦੀ ਦੌਲਤ (੩) ਅਪਨਾ ਸਿਰ । ਤੇ ਚੌਪੜ ਸ਼ੁਰੂ ਕੀਤੀ । ਪਹਿਲਾਂ ਪਾਸਾ ਰਾਜਾ ਰਸਾਲੂ ਨੇ ਢਾਲਿਆ, ਜਦ ਉਹ ਸਟਨ ਲਗਾ ਤਾਂ ਸਿਰਕਪ ਨੇ ਢੋਲ ਰਾਜਾ ਆਪਣਾ ਚੂਹਾ ਛਡ ਦਿਤਾ ਤੇ ਪਾਸਾ ਉਲਟ ਪਿਆ । ਰਸਾਲੂ ਬਾਜ਼ੀ ਹਾਰ ਗਿਆ, ਤੇ ਹੁਣ ਉਸ ਨੇ ਆਪਣੇ ਹਥਿਆਰ ਦੇ ਦਿਤੇ । ਦੂਸਰੀ ਬਾਜੀ ਵਿਚ ਰਸਾਲੂ ਨੇ ਆਪਨਾ ਘੋੜਾ ਹਾਰਿਆ, ਜਦ ਘੋੜੇ ਨੇ ਇਹ ਹਾਲ ਡਿਠਾ ਤਾਂ ਉਹ ਬੋਲਿਆ :—

ਸਖੀ, ਸਮੁੰਦਰ ਜੰਮਿਆਂ, ਰਾਜਾ ਲਿਉ ਮੋਲ ਜ਼ਰ ਮਾਇ ।
ਆਉ ਤੂ ਚੜੋ ਮੇਰੀ ਪਿਠ ਤੇ, ਕੋਟ ਤੁਧ ਖੜਾਂ ਟਪਾਇ ।
ਉਡਦੇ ਪੰਖੀ ਮੈਂ ਨਾ ਦਿਸਾਂ, ਜੋ ਦੌੜਾਂ ਲਖ ਕਰੋੜ ।
ਜੇ ਤੁਧ ਰਾਜਾ ਪਾਸਾ ਖੇਡਨਾ, ਜੇਬ ਹਥ ਤੇ ਪਾਏ ।

ਰਾਜਾ ਨੇ ਸੁਣ, ਨਫਰਾਂ ਨੂੰ ਆਖਿਆ ਇਸ ਨੂੰ ਲੈ ਜਾਓ, ਇਹ ਰਾਜੇ ਨੂੰ ਮਤ ਦਿੰਦਾ ਹੈ। ਜਦ ਘੋੜੇ ਨੂੰ ਲੈ ਜਾਣ ਲਗੇ, ਤਾਂ ਰਾਜਾ ਰੋਇਆ ਤੇ ਘੋੜ ਫੇਰ ਆਖਿਆ :—

ਨਾ ਰੋ ਰਾਜਾ ਭੋਲਿਆ, ਨਾ ਮੈਂ ਚਰਸਾਂ ਘਾ।
ਨਾ ਮੈਂ ਟੁਰਸਾਂ ਰਾਹ ।
ਦਾਹਣਾ ਦਸਤ ਉਠਾਇ ਕੇ ਜੇਬ ਦੇ ਵਿਚ ਪਾ ।

ਰਾਜਾ ਹੁਣ ਸਮਝਿਆ, ਘੋੜੇ ਨੂੰ ਨਫਰ ਲੈ ਗਿਆ, ਰਾਜਾ ਨੇ ਖੀਸੇ ਵਿਚ ਹਥ ਪਾਇਆ ਤਾਂ ਬਲੂੰਗੜਾ ਭੁੜਕਿਆ ਤੇ ਰਾਜੇ ਨੂੰ ਸਮਝ ਆਈ । ਉਸ ਨੇ ਆਖਿਆ, ਮੇਰਾ ਘੋੜਾ ਤੇ ਹਥਿਆਰ ਏਥੇ ਹੀ ਰਹਿਣ ਦਿਉ, ਜਦ ਤੂੰ ਮੇਰੇ ਸਿਰ ਨੂੰ ਜਿਤ ਲਏਂਗਾ ਤਾਂ ਘੋੜਾ ਵੀ ਲੈ ਜਾਈਂ, ਮੈਂ ਹੋਰ ਪਾਸਾ ਖੇਡਾਂਗਾ । ਸਿਰਕਪ ਨੇ ਆਖਿਆ ਚੰਗਾ । ਹੁਣ ਸਿਰਕਪ ਕੁਝ ਜੀ ਵਿਚ ਡਰਨ ਲਗਾ । ਉਸ ਨੇ ਮਹਿਲੋਂ ਸੋਹਣੀਆਂ ਰੰਨਾਂ ਬੁਲਾਈਆਂ, ਰਾਜੇ ਰਸਾਲੂ ਪਾਸ ਖੜੀਆਂ ਕੀਤੀਆਂ ਕਿ ਉਸ ਦਾ ਧਿਆਨ ਹੋਰ ਪਾਸੇ ਲਗ ਜਾਏ । ਪਰ ਰਾਜੇ ਨੇ ਰੰਨਾਂ ਦਾ ਧਿਆਨ ਨਾ ਕੀਤਾ । ਰਸਾਲੂ ਆਖਿਆ, ਹੁਣ ਮੈਂ ਆਪਣੇ ਪਾਸਿਆਂ ਨਾਲ ਖੇਡਾਂਗਾ । ਅਗੇ ਤੇਰਿਆਂ ਨਾਲ ਖੇਡਦਾ ਰਿਹਾ । ਸਿਰਕਪ ਨੂੰ ਮੰਨਣਾ ਈ ਪਿਆ । ਜਦ ਖੇਡਣ ਲਗੇ ਤਾਂ ਬਲੂੰਗੜਾ ਖੀਸੇ ਵਿਚੋਂ ਨਿਕਲ ਕੇ ਬਾਰੀ ਕੋਲ ਹੋ ਬੈਠਾ ।

ਰਾਜਾ ਬਾਜ਼ੀ ਜਿਤ ਗਿਆ, ਕਿਉਂਕਿ ਸਿਰਕਪ ਦਾ ਚੂਹਾ ਬਲੂੰਗੜੇ ਤੋਂ ਡਰਦਾ ਬਾਹਰ ਨਾ ਨਿਕਲਿਆ । ਰਸਾਲੂ ਨੇ ਆਪਣੇ ਹਥਿਆਰ ਵੀ ਮੁੜ ਜਿਤੇ, ਘੋੜਾ ਵੀ ਜਿਤ ਲਿਆ । ਰਾਜਾ ਢੋਲ ਨੂੰ ਬੁਲਾਏ, ਉਹ ਡਰਕੇ ਪਿਛੇ ਹਟ ਜਾਏ । ਢੋਲ ਦੀ ਮਾਂ ਵੀ ਆਈ, ਪਰ ਉਹ ਵੀ ਪਿਛੇ ਹੀ ਰਹੀ । ਰਾਜਾ ਸਿਰਕਪ ਹੈਰਾਨ । ਪਾਸਾ ਢਲਨ ਲਗਾ ਬੋਲਿਆ :—

ਢਲ ਵੇ ਪਾਸੇ ਢਾਲਵੇਂ, ਇਥੇ ਬਸੰਤਾ ਲੋਕ।
ਸਿਰਾਂ ਧੜਾਂ ਹੁਣ ਬਾਜ਼ੀਆਂ, ਜਿਹੜੀ ਸਿਰਕਪ ਕਰੇ ਸੁ ਹੋਵੇ।

ਰਾਜੇ ਰਸਾਲੂ ਨੇ ਪਾਸਾ ਸੁਟਿਆ ਤੇ ਆਖਿਆ :—

ਢਲ ਵੇ ਪਾਸੇ ਢਾਲਵੇਂ, ਇਥੇ ਬਸੰਤਾ ਲੋਕ।
ਸਿਰਾਂ ਧੜਾਂ ਦੀਆਂ ਬਾਜ਼ੀਆਂ, ਜੇਹੜੀ ਰਬ ਕਰੇ ਸੁ ਹੋਗ।

ਰਾਜਾ ਰਸਾਲੂ ਜਿਤਦਾ ਗਿਆ। ਸਭ ਤੋਂ ਪਹਿਲੇ ਸਿਰਕਪ ਦਾ ਰਾਜ ਜਿਤਿਆ, ਫੇਰ ਉਸ ਦਾ ਧਨ, ਤੇ ਅਖੀਰ ਸਿਰਕਪ ਦਾ ਸਿਰ ਵੀ ਰਸਾਲੂ ਨੇ ਜਿਤ ਲਿਆ।

ਜਿਸ ਵੇਲੇ ਸਿਰਕਪ ਨੇ ਆਖੀਰ ਸਿਰ ਦੀ ਬਾਜ਼ੀ ਹਾਰੀ ਤਾਂ ਪਹਿਲੋਂ ਇਕ ਨਫਰ ਨੇ ਆ ਕੇ ਵਧਾਈ ਦਿਤੀ, ਕਿ ਰਾਜਾ ਤੇਰੇ ਘਰ ਧੀ ਜੰਮੀ ਹੈ। ਸਿਰਕਪ ਨੇ ਕਿਹਾ ਉਸ ਨੂੰ ਮਾਰ ਦਿਓ ! ਉਹ ਬੜੀ ਭੈੜੀ ਘੜੀ ਜੰਮੀ ਏ, ਜਿਸ ਦੇ ਜੰਮਦਿਆਂ ਈ ਮੇਰੀ ਕਿਸਮਤ ਫਿਰ ਗਈ। ਭੈੜੀ ਹੋ ਗਈ।

ਰਾਜਾ ਰਸਾਲੂ ਨੇ ਸਿਰਕਪ ਨੂੰ ਕਿਹਾ—ਕਿ ਜੇ ਤੂੰ ਤਤੇ ਤਵੇ ਤੇ ਨਕ ਨਾਲ ਲਕੀਰਾਂ ਕੱਢੇਂ, ਤੇ ਅਗੋਂ ਲਾ ਕਿਸੇ ਨਾਲ ਜੂਆ ਨਾ ਖੇਡੇਂ ਤੇ ਨਵੀਂ ਜੰਮੀਂ ਧੀ ਮੈਨੂੰ ਦੇ ਦੇਵੇਂ, ਤਾਂ ਮੈਂ ਤੇਰਾ ਸਿਰ ਨਹੀਂ ਵਢਦਾ। ਸਿਰਕਪ ਨੇ ਮੰਨਣਾ ਈ ਸੀ, ਤਦ ਇਕ ਥਾਲ ਵਿਚ ਨਵੀਂ ਜੰਮੀਂ ਕੋਕਲਾਂ, ਤੇ ਇਕ ਅੰਬ ਦੀ ਟਾਹਣੀ ਰਖ ਕੇ ਰਸਾਲੂ ਦੀ ਨਜ਼ਰ ਕੀਤੀ। ਰਸਾਲੂ ਨੇ ਇਨ੍ਹਾਂ ਨੂੰ ਲੈ ਕੇ ਓਥੋਂ ਤੁਰਨ ਦੀ ਤਿਆਰੀ ਕੀਤੀ। ਜਦ ਤੁਰਨ ਲਗਾ, ਕੁਝ ਕੈਦੀਆਂ ਨੇ ਰੌਲਾ ਪਾਇਆ ਤੇ ਬੋਲੇ :—

ਹੋਰ ਰਾਜੇ ਮੁਰਗਾਬੀਆਂ, ਤੂੰ ਰਾਜਾ ਸ਼ਾਹਬਾਜ਼।
ਬੰਦੀਵਾਨਾਂ ਦੇ ਬੰਦ ਖਲਾਸ ਕਰ, ਉਮਰ ਤੇਰੀ ਦਰਾਜ਼।

ਰਾਜਾ ਰਸਾਲੂ ਨੇ ਹੁਕਮ ਦਿਤਾ ਕਿ ਇਨ੍ਹਾਂ ਕੈਦੀਆਂ ਨੂੰ ਛਡ ਦਿਓ। ਸਿਰਕਪ ਨੇ ਸਾਰੇ ਕੈਦੀ ਛਡ ਦਿਤੇ। ਰਾਜਾ ਓਥੋਂ ਤੁਰਕੇ ਮੁਰਤੀ ਪਹਾੜੀਆਂ ਵਿਚ ਆ ਗਿਆ : (ਮੁਰਤੀ ਪਹਾੜੀ ਰਾਵਲ ਪਿੰਡੀ ਦੇ ਕੋਲ ਹੈ) ਓਥੇ ਰਾਜਾ ਨੇ ਰਾਣੀ ਕੋਕਲਾਂ ਨੂੰ ਇਕ ਮਹੱਲ ਵਿਚ ਰਖਿਆ ਤੇ ਅੰਬ ਦੀ ਟਾਹਣੀ ਬੀਜ ਦਿਤੀ, ਕਿ ਜਦ ਅੰਬ ਨੂੰ ਬੂਰ ਪਵੇਗਾ ਤਾਂ ਰਾਣੀ ਕੋਕਲਾਂ ਭਰ ਜੁਆਨ ਹੋਵੇਗੀ। ਬਾਰਾਂ ਵਰ੍ਹਿਆਂ ਪਿਛੋਂ ਅੰਬ ਦਾ ਬੂਟਾ ਫੁਲਿਆ ਤੇ ਉਸ ਨੂੰ ਫ਼ਲ ਲਗੇ। ਰਾਣੀ ਜੁਆਨ ਹੋ ਗਈ।

ਇਕ ਦਿਨ ਰਾਣੀ ਕੋਕਿਲਾਂ ਨੇ ਰਾਜੇ ਨੂੰ ਆਖਿਆ, ਕਿ ਤੁਸੀਂ ਜਦ ਸ਼ਿਕਾਰ ਕਰਨ ਜਾਂਦੇ ਓ, ਤਾਂ ਕੀ ਕਰਦੇ ਓ ? ਰਾਜੇ ਆਖਿਆ, ਤੀਰ ਮਾਰ ਕੇ ਸ਼ਿਕਾਰ ਢਾਹ ਲਈਦਾ ਹੈ। ਰਾਜੇ ਕਿਹਾ ਮੇਰਾ ਤੀਰ ਖਾ ਕੇ ਸ਼ਿਕਾਰ ਮੇਰੇ ਵਲ ਸਤ ਕਦਮ ਦੌੜ ਕੇ ਢਹਿ ਪੈਂਦਾ ਹੈ ਤਾਂ ਰਾਣੀ ਆਖਿਆ ਮਾਰ ਕੇ ਵਿਖਾਓ।

ਦੂਜੇ ਦਿਨ ਰਾਜਾ ਤੇ ਰਾਣੀ ਸ਼ਿਕਾਰ ਨੂੰ ਚਲੇ, ਰਾਣੀ ਰਾਜੇ ਦੇ ਪਿਛੇ ਘੋੜੇ ਤੇ

ਚੜ੍ਹੀ। ਅੱਗੇ ਜਾ ਕੇ ਇਕ ਹਰਨ ਨੂੰ ਤੀਰ ਮਾਰਿਆ। ਤਾਂ ਹਿਰਨ ਸਤ ਕਦਮ ਪਿਛੇ ਹਟ ਕੇ ਡਿਗਿਆ। ਰਾਣੀ ਪੁਛਿਆ ਇਹ ਕੀ ? ਰਾਜੇ ਆਖਿਆ, ਮੇਰਾ ਸਤ ਖਰਾਬ ਹੋ ਗਿਆ, ਕਿਉਂ ਤੂੰ ਓਸੇ ਘੋੜੇ ਤੇ ਚੜ੍ਹੀ ਹੈਂ ਜਿਸ ਤੇ ਮੈਂ ਹਾਂ। ਰਾਣੀ ਨੇ ਆਖਿਆ ਵਾਹ ਰਾਜਾ ! ਮੈਂ ਹਿਰਨ ਆਪਣੇ ਹਥਾਂ ਨਾਲ ਫੜ ਦਿਆਂਗੀ। ਰਾਜੇ ਕਿਹਾ ਵੇਖਾਂ। ਸੋ ਰਾਣੀ ਨੇ ਆਪਣੇ ਅਤਰ ਭਿੰਨੇ ਕੇਸ ਖੋਲ੍ਹ ਦਿਤੇ। ਸਾਰੇ ਬਨ ਵਿਚ ਨਾਫ਼ੇ ਦੀ ਮੁਸ਼ਕ ਵਾਂਗੂ ਮੁਸ਼ਕ ਫੈਲ ਗਈ। ਤਾਂ ਹੀਰਾ ਤੇ ਨੀਲਾ ਮਿਰਗ ਮੁਸ਼ਕ ਦੀ ਖਿਚ ਨਾਲ ਰਾਣੀ ਕੋਲ ਆ ਗਏ। ਰਾਜਾ ਨੇ ਰਾਣੀ ਦੇ ਵਾਲਾਂ ਦੀ ਮੁਸ਼ਕ ਦੀ ਖਿਚ ਵੇਖਣ ਲਈ, ਕਮਾਨ ਵਿਚ ਤੀਰ ਰਖ ਕੇ ਕੜਕਾਇਆ। ਨੀਲਾ ਤਾਂ ਡਰਕੇ ਦੌੜ ਗਿਆ, ਪਰ ਹੀਰਾ ਮਸਤ ਬੁਤ ਬਣਿਆ ਖੜਾ ਰਿਹਾ। ਰਾਜੇ ਆਖਿਆ ਇਸ ਹੀਰੇ ਨੂੰ ਮਾਰਨਾ ਧਰਮ ਨਹੀਂ, ਜਿਹੜਾ ਮੇਰੀ ਇਸਤ੍ਰੀ ਤੇ ਮੋਹਿਤ ਹੈ। ਪਰ ਇਸ ਨੂੰ ਦਾਗ ਦਈਏ। ਸੋ ਉਸ ਨੇ ਹੀਰੇ ਦੀ ਪੂਛ ਤੇ ਕੰਨ ਵਢ ਦਿਤੇ। ਹੀਰਾ ਗੁਸੇ ਵਿਚ ਬੋਲਿਆ :—

ਨਾਂ ਮੈਂ ਖੇਤ ਉਜਾੜਿਆ ਨਾਂ ਮੈਂ ਭੰਨੀਂ ਵਾੜ।
ਕਿਉਂ ਤੈਂ ਪੂਛ ਕਟਾਈਉ, ਕੀਤਾ ਕੀ ਜ਼ਿਆਨ ?
ਮੈਂ ਵੀ ਹੀਰਾ ਹਰਨ ਹਾਂ ਕਾਲੀ ਧਾਰ ਦਾ, ਧੌਲਰ ਲਾਜਾਂ ਚੇਤ।

ਇਹ ਆਖਕੇ ਹੀਰਾ ਦੌੜ ਗਿਆ। ਜਦ ਆਪਣੀ ਡਾਰ ਵਿਚ ਗਿਆ ਤਾਂ ਡਾਰ ਨੇ ਪੂਛ ਤੇ ਕੰਨ ਵਢੇ ਨੂੰ ਵੜਨ ਨਾ ਦਿਤਾ। ਹੀਰਾ ਓਥੋਂ ਰਾਜਾ ਹੋਡੀ ਰਾਜਾ ਅਟਕੀ ਮਲ ਦੇ ਪੁਤਰ ਦੇ ਰਾਜ ਵਲ ਗਿਆ। ਹੀਰਾ ਆਪਣੀ ਡਾਰ ਸਮੇਤ ਰਾਜਾ ਹੋਡੀ ਦੇ ਬਾਗ ਵਿਚ ਜਾ ਪਿਆ, ਤੇ ਬਾਗ ਉਜਾੜ ਦਿਤਾ। ਰਾਜਾ ਹੋਡੀ ਮਾਰਨ ਲਈ ਆਇਆ। ਤਾਂ ਸਾਰੀ ਡਾਰ ਨਠ ਉਠੀ, ਪਰ ਹੀਰਾ ਲੁਕਿਆ ਰਿਹਾ। ਜਦ ਹੋਡੀ ਨੇੜੇ ਆਇਆ, ਤਾਂ ਚੁੰਗੀ ਮਾਰ ਕੇ ਉਠ ਦੌੜਿਆ, ਅਗੇ ਹੀਰਾ ਪਿਛੇ ਹੋਡੀ। ਉਹ ਦੌੜਦਾ ਦੌੜਦਾ ਮੁਰਤੀ ਪਹਾੜੀਆਂ ਵਿਚ, ਰਾਣੀ ਕੋਕਿਲਾਂ ਦੇ ਮਹੱਲ ਹੇਠ ਹੋਡੀ ਨੂੰ ਲੈ ਆਇਆ। ਤੇ ਖਲੋਕੇ ਰਾਜੇ ਨੂੰ ਆਖਣ ਲਗਾ, ਹੇ ਰਾਜਾ ! ਮੈਂ ਤੇਰਾ ਬਾਗ਼ ਇਸ ਵਾਸਤੇ ਉਜਾੜਿਆ ਸੀ, ਕਿ ਤੈਨੂੰ ਰਾਣੀ ਕੋਕਿਲਾਂ ਮਿਲਾਵਾਂ। ਉਸ ਨੇ ਪੁਛਿਆ : ਉਹ ਕਿਥੇ ਵੇ ? ਹੀਰੇ ਦਸਿਆ, ਔਹ ਉਪਰ ਝਰੋਖੇ ਵਿਚ ਬੈਠੀ ਹੈ। ਰਾਜੇ ਨੇ ਉਪਰ ਵੇਖਿਆ ਤੇ ਰਾਣੀ ਨਾਲ ਅਖਾਂ ਚਾਰ ਹੋਈਆਂ। ਤਾਂ ਆਪਸ ਵਿਚ ਗੱਲਾਂ ਹੋਣ ਲਗੀਆਂ। ਹੀਰਾ ਇਕ ਪਾਸੇ ਝਾੜੀਆਂ ਵਿਚ ਲੁਕ ਖਲੋਤਾ। ਰਾਣੀ ਬੋਲੀ :—

ਮਹਿਲਾਂ ਹੇਠ ਫਿਰੰਦਿਆ ਰਾਜਾ, ਸ਼ਾਹਦ ਫਿਰੇ ਕਿ ਚੋਰ।
ਇਕੇ ਰਾਜਾ ਮੇਰੇ ਦਾ ਵੈਰੀ ਹੈਂ, ਇਕੇ ਖੜਾਇ ਚੋਰ।

ਰਾਜੇ ਉਤਰ ਦਿਤਾ :—

ਚੋਰਾਂ ਮੈਲੇ ਕਪੜੇ ਰਾਣੀ, ਸ਼ਾਹਦ ਇਕ ਰੰਗ ਹੋਇ।
ਨਾ ਮੈਂ ਤੇਰੇ ਰਾਜਾ ਦਾ ਵੈਰੀ ਹਾਂ, ਨਾ ਮੈਂ ਖੜਾਇ ਚੋਰ।

Sri Satguru Jagjit Singh Ji Elibrary NamdhariElibrary@gmail.com

ਮੇਰਿਓਂ ਆਂਦਾ ਦੂਰ ਤੋਂ ਏਥੇ ਖੜਾਇ ਜ਼ੋਰ* ।

ਰਾਣੀ ਨੂੰ ਵੇਖਕੇ ਆਖਦਾ ਏ :—

ਬਦਲੋਂ ਢਠੀ ਝੜ ਬਦਲੀ, ਕਿਨ ਘੜੀ ਸੁਨਿਆਰ ।
ਨਕ ਤਲਵਾਰ ਦਾ ਪਿਪਲਾ, ਹੋਠ ਪਾਨਾਂ ਦੀ ਬੀੜ ।
ਕਿਸ ਰਾਜੇ ਦੀ ਬੇਟੜੀ ਕਿਸ ਰਾਜੇ ਦੀ ਨਾਰ ?
ਤੈਨੂੰ ਧੌਲਰ ਛੋੜ ਕੇ, ਕਿਥੇ ਗਿਆ ਗੁਵਾਰ ?

ਰਾਣੀ :— ਨਾਂ ਮੈਂ ਬਦਲੋਂ ਢਠੀਆਂ, ਰਾਜਾ, ਨਾ ਘੜੀ ਸੁਨਿਆਰ ।
ਨਕ ਤਲਵਾਰ ਦਾ ਪਿਪਲਾ, ਹੋਠ ਪਾਨਾਂ ਦੀ ਬੀੜ ।
ਰਾਜਾ ਸਿਰਕਪ ਦੀ ਮੈਂ ਬੇਟੜੀ, ਰਾਜਾ ਰਸਾਲੂ ਦੀ ਮੈਂ ਨਾਰ ।
ਮੈਂਨੂੰ ਧੌਲਰ ਛਡਕੇ, ਝੱਲ ਦੇ ਕਿਨਾਰੇ ਗਿਆ ਸ਼ਿਕਾਰ ॥

ਨਾਲੇ ਫੇਰ ਪੁਛਦੀ ਏ :--

ਕਿਥੇ ਤੁਹਾਡੀ ਨਗਰੀ, ਰਾਜਾ ਕਿਥੇ ਤੁਹਾਡਾ ਥਾਂਉਂ ।
ਕਿਸ ਰਾਜੇ ਦਾ ਬੇਟੜਾ, ਰਾਜਾ, ਕੀ ਤੁਹਾਡਾ ਨਾਂਉ ?

ਰਾਜਾ :— ਸਿੰਧ ਤੇ ਮੇਰੀ ਨਗਰੀ. ਰਾਣੀ ਅਟਕ ਹੈ ਮੇਰੋ ਥਾਂਉ ।
ਰਾਜਾ ਅਟਕੀ ਮਲ ਦਾ ਬੇਟੜਾ, ਰਾਜਾ ਹੋਡੀ ਮੇਰਾ ਨਾਉਂ ॥

ਰਾਣੀ :—ਅਲੀਆਂ ਦਾਖਾਂ ਪਕੀਆਂ, ਚੋ ਚੋ ਪੌਣ ਅਨਾਰ ।
ਐਸਾ ਕੋਈ ਨਾਂ ਜੰਮਿਆ, ਆਵੇ ਰਾਜਾ ਦੇ ਦਰਬਾਰ ॥

ਤਦ ਰਾਜੇ ਆਖਿਆ, ਰਾਣੀ ਦਸ ਮੈਂ ਉਪਰ ਕੀਕਨ ਆਵਾਂ ? ਰਾਣੀ ਆਖਿਆ, ਪੌੜੀਆਂ ਦੇ ਬੂਹੇ ਅਗੇ ਵਡੀ ਪਥਰ ਦੀ ਸਿਲ ਹੈ ਉਸ ਨੂੰ ਸਰਕਾ ਕੇ ਉਪਰ ਆ ਜਾ । ਰਾਜੇ ਬਥੇਰਾ ਜ਼ੋਰ ਲਾਇਆ, ਪਰ ਸ਼ਿਲ ਨਾ ਸਰਕੀ । ਅਤੇ ਹਫ ਕੇ ਬੋਲਦਾ ਏ :—

ਮੈਂ ਵਣਜਾਰਾ ਸਿੰਧ ਤੋਂ, ਵੇਚਾਂ ਕਾਲੀ ਕਪੂਰ ।
ਜੇ ਸੌਦਾ ਲੋੜੇਂ ਮਾਂਗਵਾਂ, ਤਾਂ ਸਦਕੇ ਲੈ ਹਜ਼ੂਰ ॥

ਤਦ ਰਾਣੀ ਨੇ ਇਕ ਹੋਰ ਪੌੜੀਆਂ ਦਸੀਆਂ, ਜਿਹੜੀਆਂ ਬੜੀਆਂ ਉਚੀਆਂ ਸਾਨ । ਰਾਜੇ ਕਿਹਾ, ਮੈਂ ਕੋਈ ਪੰਛੀ ਨਹੀਂ, ਜੁ ਉਡਕੇ ਆ ਜਾਵਾਂ । ਜੇ ਮੈਨੂੰ ਉਪਰ ਬੁਲਾਣਾ ਈ ਤਾਂ ਕਮੰਦ ਸਟ । ਸੋ ਰਾਣੀ ਨੇ ਕਮੰਦ ਸੁਟੀ ਤੇ ਰਾਜਾ ਉਪਰ ਚੜ੍ਹ ਗਿਆ । ਉਪਰ ਜਾ ਕੇ ਹੋਡੀ ਨੇ ਦੋ ਪਿੰਜਰੇ ਵੇਖੇ ਇਕ ਵਿਚ ਮੈਨਾ ਸੀ ਤੇ ਇਕ ਵਿਚ ਤੋਤਾ । ਜਦ ਤੋਤੇ ਨੇ ਹੋਡੀ ਵੇਖਿਆ ਤਾਂ ਆਪਣਾ ਸਿਰ ਪਰਾਂ ਵਿਚ ਲੁਕਾ ਲਿਤਾ, ਤੇ ਮੈਨਾਂ ਨੂੰ ਕਹਿਉਸੂ ਤੂੰ ਵੀ ਸਿਰ ਲੁਕਾ ਲੈ । ਪਰ ਜਦ ਰਾਜਾ ਪਹਿਲੀ ਪੌੜੀ ਤੇ ਆਇਆ, ਤਾਂ ਮੈਨਾ ਬੋਲੀ : —

*ਮੈਂ ਸ਼ਿਕਾਰ ਦੇ ਪਿਛੇ ਦੂਰੋਂ ਨੱਠਾ ਆਇਆ ਹਾਂ ਤੇ ਏਥੇ ਲੋੜ ਪਈ ਖੜੋ ਗਿਆ ।

Sri Satguru Jagjit Singh Ji Elibrary NamdhariElibrary@gmail.com

ਸੁਣ ਵੇ ਤੋਤੇ ਲਾਡਲੇ, ਸੁਣੇ ਅਸਾਡੀ ਬਾਤ।
ਓਥੇ ਨਾ ਵਸੀਏ ਤੋਤਿਆ, ਜਿਥੇ ਅੰਗ ਨਾ ਸਾਕ।
ਅਜਬ ਤਮਾਸ਼ਾ ਵੇਖਿਆ, ਕਾਂ ਖਾਵੇ ਰਾਜਾ ਦੀ ਦਾਖ।

ਤੋਤੇ ਆਖਿਆ, ਮੈਨਾਂ ਤੇਨੂੰ ਇਸ ਨਾਲ ਕੀ, ਤੂੰ ਆਪਣਾ ਸਿਰ ਲੁਕਾ ਕੇ ਬੈਠੀ ਰਹੋ। ਏਨੇ ਨੂੰ ਹੋਡੀ ਦੂਸਰੀ ਪੌੜੀ ਚੜ੍ਹ ਆਇਆ। ਮੈਨਾਂ ਫੇਰ ਬੋਲੀ :—

ਸੁਣ ਵੇ ਤੋਤੇ ਲਾਡਲੇ ਲਟਬਊਰੇ, ਸੁਣੀ ਅਸਾਡੀ ਬਾਤ।
ਓਥੇ ਨਾ ਵਸੀਏ ਤੋਤਿਆ, ਜਿਥੇ ਸਾਕ ਨਾ ਵੀਰ।
ਅਜਬ ਤਮਾਸ਼ਾ ਵੇਖਿਆ, ਕੁਤਾ ਖਾਵੇ ਖੀਰ।

ਪਰ ਤੋਤੇ ਨੇਂ ਮੈਨਾਂ ਨੂੰ ਫੇਰ ਡਰਾਇਆ ਕਿ ਚੁਪ ਕਰ ਰਹੋ। ਏਨੇ ਨੂੰ ਹੋਡੀ ਤੀਜੀ ਪੌੜੀ ਚੜ੍ਹ ਆਇਆ ਤੇ ਆਕੇ ਆਵਾਜ਼ ਮਾਰੀ। ਮੈਨਾਂ ਆਖਿਆ, ਕਿ ਵੇਖ ਚੋਰ ਉਪਰ ਚੜ੍ਹ ਆਇਆ ਹੈ ਤੇ ਆਕੇ ਵਾਜਾਂ ਮਾਰਦਾ ਹੈ। ਇਹ ਸੁਣ ਕੇ ਮੈਨੂੰ ਬੜਾ ਗੁਸਾ ਆਉਂਦਾ ਏ ਤੇ ਚੁਪ ਨਹੀਂ ਰਹਿਣ ਦਿੰਦਾ। ਰਾਜੇ ਨੇ ਆਉਂਦਿਆਂ ਈ ਪਾਣੀ ਮੰਗਿਆ, ਪਰ ਪਾਣੀ ਅਸਾਨੀ ਨਾਲ ਨਹੀਂ ਸੀ ਲਭਦਾ, ਸੋ ਦੋਹਾਂ ਰਲਕੇ ਰਾਜਾ ਰਸਾਲੂ ਦੇ ਖੂਹ ਦੀ ਮਣ ਤੋੜ ਕੇ ਪਾਣੀ ਕਢਿਆ। ਰਾਣੀ ਨੇ ਪਾਣੀ ਦਿਤਾ। ਰਾਜਾ ਦੋ ਤਿੰਨ ਘੰਟੇ ਠਹਿਰ ਕੇ ਮੁੜਨ ਲਈ ਆਖਣ ਲਗਾ। ਰਾਣੀ ਆਖਿਆ, ਸਾਰੀ ਰਾਤ ਇਥੇ ਈ ਰਹੋ, ਪਰ ਹੋਡੀ ਡਰਦਾ ਸੀ। ਕੋਕਿਲਾਂ ਰੋਣ ਲਗ ਪਈ। ਹੋਡੀ ਨੇ ਕਿਹਾ ਮੈਂ ਚੌਹਾਂ ਪੰਜਾਂ ਦਿਨਾਂ ਤਕ ਵਲ ਆਵਾਂਗਾ ਤੇ ਰਾਣੀ ਦੇ ਅਥਰੂ ਅਪਣੇ ਹਥਾਂ ਨਾਲ ਪੂੰਝੇ : ਰਾਣੀ ਦੀਆਂ ਅਖਾਂ ਦਾ ਕਜਲ ਰਾਜੇ ਦੇ ਹਥਾਂ ਨੂੰ ਲਗ ਗਿਆ। ਰਾਣੀ ਰੋਂਦੀ ਰਹੀ, ਰਾਜੇ ਆਖਿਆ : ਮੈਂ ਤੀਸਰੇ ਦਿਹਾੜੇ ਮੁੜ ਆਵਾਂਗਾ। ਪਰ ਰਾਣੀ ਆਖਿਆ ਤੂੰ ਮਹਿਲਾਂ ਵਿਚ ਜਾ ਕੇ ਆਪਣੀਆਂ ਰਾਣੀਆਂ ਨਾਲ ਰੁਝ ਜਾਵੇਂਗਾ, ਤੇ ਮੈਨੂੰ ਵਿਸਾਰ ਦੇਵੇਂਗਾ। ਫੇਰ ਰਾਜੇ ਸੌਂਹ ਖਾਧੀ ਕਿ ਮੈਂ ਇਸ ਕਜਲ ਭਰੇ ਹਥ ਨੂੰ ਨਾਂ ਧੋਵਾਂਗਾ। ਇਸ ਹਥ ਨਾਲ ਨਾ ਹੀ ਖਾਵਾਂਗਾ ਜਦ ਤਕ ਮੁੜ ਤੇਰੇ ਕੋਲ ਨਾਂ ਆਵਾਂ। ਇਹ ਆਖ ਕੇ, ਉਹ ਅਟਕ ਨੂੰ ਮੁੜ ਆਇਆ। ਇਕ ਦਰਿਆ ਦੇ ਕੰਢੇ ਤੇ ਉਸ ਨੂੰ ਤ੍ਰੇਹ ਲਗੀ ਤਾਂ ਨਿਊਂ ਕੇ ਮੂੰਹ ਨਾਲ ਪਾਣੀ ਪੀਤਾ। ਹਥ ਨਾ ਭਿਉਂਵੇਂ। ਦੂਸਰੇ ਕੰਢੇ ਤੇ ਇਕ ਧੋਬੀ ਕਪੜੇ ਧੋਂਦਾ ਸੀ। ਉਹ ਰਾਜਾ ਹੋਡੀ ਨੂੰ ਡੰਗਰਾਂ ਵਾਂਙੂ ਪਾਣੀ ਪੀਂਦਿਆਂ ਵੇਖ, ਬੋਲਿਆ। ਪਰ ਧੋਬਨ ਵਲ ਮੂੰਹ ਕਰਕੇ :—

ਸੁਣ ਨੀ ਧੋਬਨ ਲਾਡਲੀ, ਲਟਬਾਉਰੀ, ਸੁਣੀ ਅਸਾਡੀ ਬਾਤ।
ਪਾਰੋਂ ਆਇਆ ਰਾਜਪੂਤ, ਨਾ ਉਸ ਸੰਗ ਨਾ ਸਾਥ।
*ਮਿਰਿਓਂ ਵਾਂਗੂੰ ਪਾਣੀ ਪੀ ਗਿਆ, ਉਸਦੇ ਹਥਾਂ ਨੂੰ ਕੀ† ਕਾਜ॥

---

*ਮਿਰਗ-ਹਿਰਨ †ਕਜ-ਨੁਕਸ।

ਧੋਬਣ ਬੋਲੀ :—

ਸੁਣ ਦੇ ਧੋਬੀ ਲਾਡਲੇ, ਲਟਬਾਉਰੇ, ਸੁਣੀ ਅਸਾਡੀ ਬਾਤ ।
ਪਾਰੋਂ ਆਇਆ ਰਾਜਪੂਤ, ਨਾ ਉਸ ਸੰਗ ਨਾ ਸਾਥ ।
ਇਕ ਨਾਰ ਪਰਚਾਈਉਸੂ, ਸਾਰੀ ਰਾਤ ਉਹ ਰੋਈ,
ਇਸ ਪੂੰਝਿਆ ਕਜਲ ਹਥਾਂ ਸਾਥ ।

ਜਦ ਧੋਬਣ ਨੇ ਇਹ ਆਖਿਆ, ਤਾਂ ਧੋਬੀ ਨੇ ਉਸ ਨੂੰ ਕੁਟਿਆ । ਰਾਜੇ ਇਹ ਸਭ ਕਰਤਬ ਵੇਖਿਆ, ਜਦ ਪਾਰ ਲੰਘਿਆ ਤਾਂ ਉਸਨੇ ਧੋਬੀ ਨੂੰ ਝਿੜਕਿਆ । ਧੋਬੀ ਨੇ ਹਥ ਜੋੜੇ । ਰਾਜੇ ਨੇ ਕਿਹਾ, ਧੋਬਣੇ ਫ਼ੇਰ ਉਹੀ ਦੋਹਾ ਕਹੋ । ਧੋਬੀ ਭੁਲ ਬਖ਼ਸ਼ਾਈ, ਰਾਜੇ ਨੇ ਇਹ ਸੁਣਕੇ ਕਿ ਧੋਬਣ ਨੂੰ ਭੇਦ ਦਾ ਪਤਾ ਲਗ ਗਿਆ ਏ, ਬੋਲਿਆ, ਪਰ ਇਸ਼ਾਰੇ ਨਾਲ :—

ਇਕੋ ਤੇ ਮੰਨੀਓਂ ਧੋਬਣੇ, ਇਕੋ ਤੇ ਮੰਨੀਓਂ ਮਾਰ ।
ਉਹਦੀ ਕਿਉਂਕਰ ਗੁਜ਼ਰੇ ਧੋਬਣੇ, ਜਿਸ ਦੇ ਵਿਛੜੇ ਯਾਰ ।

ਧੋਬਣ ਬੋਲੀ :—

ਵੇ ਕਾਲੀਆਂ ਬਾਹਾਂ ਧੌਲੀਆਂ ਰਾਜਾ, ਮਲ ਕਰ ਧੋਦੀਂ ਹਾਥ ।
*ਹੰਸਾਂ ਸਿਰ ਕਿਤਨੇ ਰਾਜਾ ? ਜਵਾਨਾਂ ਨਾਰੀਂ ਲਖ ।

ਮਰਾਸੀ ਨੇ ਐਵੇਂ ਈ ਟਪੇ ਜੋੜ ਕੇ ਤੁਕਾਂ ਮਿਲਾ ਦਿਤੀਆਂ । ਧੋਬਣ ਦਾ ਮਤਲਬ ਇਹ ਸੀ ਕਿ ਰਾਜਾ ਤੂੰ ਇਕ ਨਾਰ ਪਿਛੇ ਐਵੇਂ ਨਾ ਮਰ ।

ਰਾਜਾ ਨੇ ਇਹ ਸੁਣਕੇ ਹਥ ਧੋ ਲਿਤੇ, ਏਨੇ ਚਿਰ ਨੂੰ ਰਾਜਾ ਰਸਾਲੂ ਮੁੜ ਆਪਣੇ ਧੌਲਰ ਆਇਆ, ਤੇ ਕੋਕਿਲਾਂ ਉਸਨੂੰ ਵੇਖਕੇ ਬੋਲਦੀ ਏ :—

ਨੀਲੇ ਘੋੜੇ ਵਾਲਿਆ ਰਾਜਾ, ਨੀਲੇ ਦੇ ਅਸਵਾਰ ।
ਤਰਕਸ਼ ਜੜਿਆ ਮੋਤੀਆਂ, ਲਾਲਾਂ ਜੜੀ ਕਮਾਨ ।
ਢਾਲ ਜੜੀ ਏ ਤੇਰੀ ਹੀਰਿਆਂ, ਖਾਸਾ ਸਣੇ ਰਮਾਲ ।
ਠੁਮਕੀ ਘੋੜਾ, ਦਸ ਜਾ, ਤੇਰੀ ਨਾਰ ਲਗਾਂ ਕਿ ਭੈਣ ?†

ਰਾਜਾ ਉਤਰ ਦਿੰਦਾ ਹੈ :—

ਪਾਸਾ ਜਿਤ ਕੇ ਆਂਦਾ ਸਾਈ, ਰਾਣੀ ਛੋੜੀ ਚਾਰ ।
ਬਾਗ ਲਵਾਇਆ ਤੇਰੇ ਸ਼ੌਂਕ ਨੂੰ, ਆੜੂ, ਅੰਬ, ਅਨਾਰ ।

---

*ਨੋਟ—ਜੇ ਇਹ ਅਰਥ ਕਰੀਏ ਕਿ ਹੰਸਨੀਆਂ ਦੇ ਕਿੰਨੇ ਕੌਂਤ ਹੁੰਦੇ ਨੇ ? ਜਵਾਨਾਂ ਨੂੰ ਲਖਾਂ ਨਾਰੀਆਂ । ਤਾਂ ਠੀਕ ਨਹੀਂ, ਕਿਉਂਕਿ ਹੰਸ ਹੰਸਨੀ ਜੋੜਿਆਂ ਵਿਚ ਈ ਰਹਿੰਦੇ ਹੈਨ ।

†ਨੋਟ—ਰਸਾਲੂ ਨੇ ਕੋਕਿਲਾਂ ਵਲ ਕਦੀ ਕੌਂਤਾਂ ਵਾਲਾ ਧਿਆਨ ਨਹੀਂ ਸੀ ਕੀਤਾ, ਵਿਚਾਰੀ ਜੁਆਨ ਹੋਕੇ ਵੀ ਅਕੱਲੀ ਪਾਵਿਆਂ ਦੇ ਗਲ ਈ ਲਗਦੀ ਸੀ । ਸੋ ਅਕਕੇ ਰਾਜੇ ਨੂੰ ਨਿਹੋਰਾ ਸੁਟਿਆ ਸੂ, ਕਿ ਦਸ ਮੈਂ ਤੇਰੀ ਨਾਰ ਹਾਂ ਕਿ ਭੈਣ ?

Sri Satguru Jagjit Singh Ji Elibrary NamdhariElibrary@gmail.com

ਖਾਕੇ ਮੇਵਾ ਪਲੀਓਂ ਰਾਣੀ, ਹੋਈਏਂ ਛੈਲ ਮੁਟਿਆਰ ।
ਮੈਂ ਰਾਜਾ ਰਸਾਲੂ ਤੇਰਾ ਬੰਨੜਾ, ਤੂੰ ਕੋਕਿਲਾਂ ਮੇਰੀ ਨਾਰ ।
ਇਸ ਗੁਣ ਰਖੀ, ਨਾ—ਗੁਣੀਂ, ਸੋ ਪਛਾਣੀ ਸਾਰ ।

ਇਹ ਕਹਿ ਰਾਜਾ ਘੋੜੇ ਤੋਂ ਉਤਰ ਮਹਿਲੀਂ ਗਿਆ । ਜਾਕੇ ਵੇਖਿਆ ਕਿ ਖੂਹੇ ਦੀ ਮਣ ਟੁਟੀ ਹੈ, ਤੇ ਕਿਸੇ ਆਦਮੀ ਦੇ ਪੈਰਾਂ ਦੇ ਨਿਸ਼ਾਨ ਧਰਤੀ ਤੇ ਹੈਨ । ਰਾਣੀ ਨੂੰ ਪੁਛਦਾ ਹੈ :—

ਕਿਨ ਮੇਰਾ ਖੂਹਾ ਗੇੜਿਆ, ਰਾਣੀ, ਕਿਨੇ ਭੰਨੀ ਨਿਸਾਰ ।
ਘੜਿਓਂ ਪਾਣੀ ਕਿਸ ਲਿਆ, ਕਿਸ ਸਟੇ ਖੰਘਾਰ ।
ਮਹਿਲ ਮੇਰਾ ਕਿਨ ਤੋੜਿਆ, ਮਹਿਲੀਂ ਪਿਆ ਧਸਕਾਰ ।
ਸੇਜ ਮੇਰੀ ਕੌਣ ਲੇਟਿਆ, ਢਿੱਲੀ ਪਈ ਨਵਾਰ ।

ਰਾਣੀ ਉਤਰ ਦਿਤਾ :—

ਮੈਂ ਈ ਖੂਹਾ ਗੇੜਿਆ, ਮੈਂ ਈ ਭੰਨੀ ਨਿਸਾਰ ।
ਘੜਿਓਂ ਪਾਣੀ ਮੈਂ ਲਿਆ, ਮੈਂ ਈ ਸੁਟੇ ਖੰਘਾਰ ।
ਮੈਨਾਂ ਬੋਦੀ ਖੋਹੀਆ, ਤੋਤੇ ਖੋਹਿਆ ਗਲੇ ਦਾ ਹਾਰ ।
ਛੁਡਾ ਕੇ ਰਾਜਾ ਮੈਂ ਨਠੀ, ਮਹਿਲਾਂ ਪਿਆ ਧਸਕਾਰ ।
ਸੂਲ ਮੇਰੇ ਢੀਂ, ਸੇਜ ਲੇਟੀਆਂ, ਢਿੱਲੀ ਪਈ ਨਵਾਰ ।

ਰਾਣੀ ਨੇ ਉਤਰ ਖੂਬ ਬਣਾਇਆ, ਰਾਜਾ ਪਰਚਾ ਈ ਲਿਆ । ਹੈ ਤੇ ਪਈ ਸੀ ਹੋਡੀ ਦੇ ਫ਼ਿਰਾਕ ਵਿਚ ਬੇਹਾਲ, ਸਿਰ ਦੇ ਵਾਲ ਖੁਲ੍ਹੇ ਸਨ, ਗਲ ਦਾ ਹਾਰ ਟੁਟਾ ਸੀ, ਪਰ ਜੜ ਦਿਤਾ ਕੂੜ ਮੈਨਾ ਤੇ ਤੋਤੇ ਦੇ ਸਿਰ ॥

ਰਾਜੇ ਨੇ ਤੋਤੇ ਨੂੰ ਕੁਟਿਆ, ਮੈਨਾ ਨੇ ਤੋਤੇ ਨੂੰ ਕਿਹਾ, ਵੇਖਿਆ, ਮੈਨੂੰ ਸਚ ਨਹੀਂ ਸੈਂ ਦਸਣ ਦਿੰਦਾ । ਕੁਟ ਪਈਓਈ ਨਾਂ ! ਰਾਜਾ ਰਾਤੀ ਸੌਂ ਗਿਆ ਤੇ ਸਵੇਰੇ ਦਿਨ ਚੜ੍ਹਨ ਤੋਂ ਪਹਿਲੇ ਫੇਰ ਸ਼ਿਕਾਰ ਨੂੰ ਤਿਆਰ ਹੋਇਆ, ਤਾਂ ਤੋਤੇ ਅਰਜ਼ ਕੀਤੀ ਕਿ ਰਾਜਾ, ਸਾਨੂੰ ਫੇਰ ਤੁਹਾਡੀ ਲੋੜ ਪਵੇ, ਤਾਂ ਤੁਹਾਨੂੰ ਕਿਥੇ ਲਭੀਏ ? ਰਾਜੇ ਕਿਹਾ, ਤਿੰਨ ਚਾਰ ਦਿਨ ਤਾਂ ਮੈਂ ਕਸ਼ਮੀਰ ਦੇ ਪਹਾੜਾਂ ਵਿਚ ਸ਼ਿਕਾਰ ਕਰਦਾ ਹੋਇਆ ਓਥੇ ਮਿਲਾਂਗਾ । ਇਹ ਆਖਕੇ ਰਾਜਾ ਟੁਰ ਗਿਆ ।

ਦੋ ਤਿੰਨਾਂ ਦਿਨਾਂ ਪਿਛੋਂ ਰਾਜਾ ਹੋਡੀ ਫੇਰ ਆਇਆ, ਤੇ ਰਾਣੀ ਕੋਕਿਲਾਂ ਤੇ ਉਹ ਹਸਦੇ ਖੇਡਦੇ ਰਹੇ । ਮੈਨਾਂ ਨੇ ਵੇਖਕੇ ਕਿਹਾ ਰਾਣੀ, ਵੇਖ ਤੂੰ ਪਹਿਲੀ ਵਾਰ ਸਾਡੀ ਸ਼ਕੈਤ ਰਾਜਾ ਰਸਾਲੂ ਕੋਲ ਕੀਤੀ । ਦਸ ਹੁਣ ਕੀ ਆਖੇਂਗੀ ? ਰਬ ਤੋਂ ਡਰ ਤੇ ਪਰਾਏ ਮਰਦ ਨਾਲ ਖੇਡਣਾ ਹਸਣਾ ਛਡ ਦੇ । ਪਰ ਰਾਣੀ ਬੜੀ ਗੁੱਸੇ ਵਿਚ ਬੋਲੀ :—

ਕੁਟ ਕੁਟ ਚੂਰੀ ਤੈਨੂੰ ਮੈਂ ਦਿਆਂ, ਮੈਨਾਂ ਤੂੰ ਬੈਠੀ ਅਡ ਖਾਉ ।

Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਗਲਾਂ ਨਾਲ ਤੇਰਾ ਕੀ ਵਾਸਤਾ, ਤੂੰ ਠੰਢਾ ਪਾਣੀ ਪੀਉ ।
ਇਹ ਪਰਦੇਸੀ ਦੂਰ ਦੇ, ਉਠ ਜਾਸਨ ਅਪਨੇ ਘਰ ।

ਮੈਨਾ ਬੋਲੀ :—

ਕੁਟ ਕੁਟ ਚੂਰੀਆਂ ਆਪੇ ਖਾ, ਰਾਣੀ, ਸਾਡੀ ਉਮੇਦ ਖੁਦਾਇ ।
ਰਾਜਾ ਮੇਰਾ ਆਉਸੀ, ਰਾਣੀ, ਕਰਸਾਂ ਲੂਣ ਹਲਾਲ ।

ਜਦ ਮੈਨਾ ਇਹ ਬੋਲੀ ਤਾਂ ਰਾਣੀ ਨੇ ਲਾਲ ਪੀਲੀ ਹੋ ਕੇ ਆਖਿਆ, ਨਿਮਕ ਹਰਾਮ ਮੈਨਾਂ ! ਤੂੰ ਮੇਰੇ ਹਥੋਂ ਖਾਕੇ ਮੇਰਾ ਨਿਮਕ ਹਰਾਮ ਕਰਦੀ ਏਂ ? ਰਾਜਾ ਜੰਗਲਾਂ ਵਿਚ ਫਿਰਦਾ ਏ, ਜਾ, ਆਖ, ਮੈਂ ਤੈਨੂੰ ਏਥੇ ਈ ਮਾਰ ਮੁਕਾਂਦੀ ਹਾਂ । ਮੈਨਾ ਦੀ ਗਿਚੀ ਮਰੋੜ ਪਰੇ ਸਟ ਦਿਤੀ । ਤੋਤੇ ਇਹ ਵੇਖ ਕੇ ਸੋਚਿਆ ਕਿ ਹੁਣ ਮੇਰੀ ਵਾਰੀ ਆਈ, ਸੋ ਅਗੋਂ ਈ ਰਾਣੀ ਨੂੰ ਆਖਦਾ ਏ :—

ਭਲਾ ਕੀਤਾ ਜੁ ਸ਼ਾਰਕ ਮਾਰੀਉਈ ਰਾਣੀ, ਐਸੀ ਚੁਗਲਖੋਰ ।
ਰੰਨਾਂ ਦਿਲ ਚਿੜਵਾਂ, ਅਸਾਂ ਮਰਦਾਂ ਦਿਲ ਦਰਆਇ ।
ਕਢ ਖਾਂ ਰਾਣੀ ਪਿੰਜਰਿਓਂ, ਮੈਂ ਵੇਖਾਂ ਰਾਜਾ ਦੇ ਰਾਜ ।

ਤੋਤਾ ਬੋਲ ਕੇ ਚੁਪ ਰਿਹਾ । ਰਾਣੀ ਸੋਚਿਆ ਕਿ ਤੋਤੇ ਕਦੀ ਅਜਿਹੀ ਨਹੀਂ ਕੀਤੀ, ਸਗੋਂ ਤੋਤਾ ਹਮੇਸ਼ਾ ਮੈਨਾ ਨੂੰ ਹੋੜਦਾ ਈ ਰਿਹਾ ਹੈ । ਇਸ ਕਰਕੇ ਉਸ ਨੇ ਤੋਤੇ ਨੂੰ ਪਿੰਜਰਿਓਂ ਕਢ ਦਿਤਾ । ਤੋਤੇ ਨੇ ਨਿਕਲ ਮੈਨਾ ਦੀ ਲੋਥ ਨੂੰ ਦੋ ਤਿੰਨ ਲੱਤਾਂ ਮਾਰੀਆਂ ਤੇ ਆਖਿਆ, ਇਹ ਚੁੜੇਲ ਹਮੇਸ਼ਾਂ ਮੈਨੂੰ ਦੁਖ ਦਿੰਦੀ ਸੀ । ਫੇਰ ਤੋਤੇ ਆਖਿਆ, ਮੈਂ ਮੁਰਦੇ ਨਾਲ ਛੁਹ ਗਿਆ ਹਾਂ । ਮੈਨੂੰ ਨਵ੍ਹਾ । ਰਾਣੀ ਹੁਣ ਤੋਤੇ ਤੇ ਬੜੀ ਖੁਸ਼ੀ ਸੀ । ਉਸ ਨੇ ਤੋਤੇ ਤੇ ਪਾਣੀ ਛਿੜਕਿਆ, ਤੇ ਤੋਤਾ ਭਿਜ ਗਿਆ । ਤੋਤੇ ਨੇ ਖਾਣਾ ਮੰਗਿਆ । ਰਾਣੀ ਨੇ ਖੰਡ, ਮੈਦਾ, ਘਿਉ ਕੁਟ ਕੇ ਖਾਣ ਨੂੰ ਦਿਤਾ । ਤੋਤੇ ਖਾਧਾ ਤੇ ਖੰਭ ਸੁਕਾਣ ਨੂੰ ਉਡਕੇ ਬੰਨੇ ਤੇ ਜਾ ਬੈਠਾ, ਤੇ ਰੋਣ ਲਗਾ । ਰਾਣੀ ਪੁਛਿਆ ਰੋਂਦਾ ਕਿਉਂ ਏਂ ? ਤੋਤੇ ਕਿਹਾ ਰਾਣੀਏ, ਤੂੰ ਮੇਰੀ ਮੈਨਾ ਮਾਰ ਦਿਤੀ । ਇਸ ਦਾ ਮੈਨੂੰ ਵੈਰਾਗ ਹੈ । ਮੈਂ ਜਾਨਾ ਹਾਂ ॥

ਰਾਣੀ ਬੋਲੀ :—

ਤੋਤਿਆ ਵੇ ਪੜੌਸੀਆ, ਨ ਜਾਈਂ ਬਾ ਜ਼ੋਰ ।
ਇਕ ਜੁ ਮੈਨਾਂ ਮੈਂ ਮਾਰੀ, ਦਸ ਮੈਨਾਂ ਦੇਸਾਂ ਹੋਰ ।
ਮੱਨੀਂ ਅਪਨੇ ਰਬ ਨੂੰ, ਮੁੜ ਆਵੀਂ ਮੇਰੇ ਕੋਲ ।
ਦੁਖ ਤੇਰਾ ਮੈਂ ਮਿਟਾਵਾਂਗੀ, ਤੂੰ ਮੰਦੇ ਬੋਲ ਨਾ ਬੋਲ ॥

ਪਰ ਤੋਤਾ ਨਾ ਮੰਨਿਆ ਤੇ ਉਡ ਗਿਆ । ਰਾਜਾ ਰਸਾਲੂ ਦੇ ਕੋਲ ਜੰਗਲ ਵਿਚ ਜਾ ਪੁਜਾ, ਰਾਜਾ ਰਸਾਲੂ ਕਿਕਰ ਹੇਠਾਂ ਸੁਤਾ ਸੀ । ਤੋਤੇ ਨੇ ਆਪਣੇ ਖੰਭ ਪਾਣੀ

ਨਾਲ ਭਿਉਂ ਕੇ ਰਾਜੇ ਦੇ ਮੂੰਹ ਤੇ ਛਿਣਕੇ, ਰਾਜੇ ਜਾਤਾ ਮੀਂਹ ਦੀਆਂ ਕਣੀਆਂ ਨੇ ਉਠ ਬੈਠਾ। ਤੋਤੇ ਨੇ ਉਸ ਨੂੰ ਆਖਿਆ :—

ਕਿਕਰ ਹੇਠਾਂ ਸੁਤਿਆ ਰਾਜਾ ਮੂੰਹ ਤੋਂ ਪਲਾ ਲਾਹ ।
ਰਾਣੀ ਹੱਟੀ ਖੋਲ੍ਹੀਆ, ਕਰਦੀ ਵਣਜ ਵਪਾਰ ।
ਇਕ ਜੁ ਆਇਆ ਰਾਜਪੂਤ, ਉਸ ਛਿਕ ਛਿਕ ਬੱਧੇ ਭਾਰ ॥

ਰਸਾਲੂ ਬੋਲਿਆ :—

ਅਠ ਮੈਨਾਂ ਦਸ ਸ਼ਾਰਕਾਂ, ਬਾਰੀ ਬਾਰੀ ਮੋਰ ।
ਏਨੇ ਸ਼ਾਹਿਦਾਂ ਹੁੰਦਿਆਂ, ਤੋਤਿਆ ਕਿਉਂ ਧੌਲਰ ਲਗੇ ਚੋਰ ?

ਰਾਜੇ ਝਟ ਘੋੜਾ ਪੀੜਿਆ, ਸਵਾਰ ਹੋ ਵਾਹੋ ਦਾਹੀ ਮੁਰਤੀ ਪਹਾੜ ਵਲ ਦੌੜਿਆ। ਜਦ ਮਰਗ਼ਾਲੇ ਦੇ ਕੋਲ ਪੁਜਾ ਤਾਂ ਉਸ ਦਾ ਘੋੜਾ ਰਹਿ ਗਿਆ। ਵਿਚਾਰਾ ਕਰਦਾ ਵੀ ਕੀ। ਰਾਜਾ ਅੱਡੀਆਂ ਮਾਰੇ ਪਰ ਘੋੜਾ ਨਾ ਟੁਰੇ । ਰਾਜਾ ਨੇ ਘੋੜੇ ਨੂੰ ਆਖਿਆ, ਮੇਰੇ ਭੌਰ ਇਰਾਕੀ, ਤੂੰ ਪੰਛੀ ਵਾਂਗੂ ਉਡਦਾ ਸੈਂ, ਜਦ ਮੇਰੇ ਵੈਰੀ ਮੇਰੇ ਘਰ ਤੇ ਧਾਵਾ ਕੀਤੀ ਬੈਠਾ ਹੈ, ਤੂੰ ਸੁਸਤ ਹੋ ਗਿਓਂ। ਚਲ ਹੁਣ ਮਦਤ ਦਾ ਵੇਲਾ ਹੈ।

ਘੋੜਾ ਬੋਲਿਆ :—

ਆਂਦਰਾਂ ਤੋੜੀਆਂ ਅਡੀਆਂ, ਰਾਜਾ ਮੇਰੇ ਤਨ ਤੇ ਚੋਟ ਨਾ ਮਾਰ।
ਜਿਸ ਰੋਜ਼ ਤੂੰ ਜੰਮਿਆ, ਮੇਰੀ ਲਖੀ ਸੂਈ ਮਾਦਿ।
ਜੇ ਤੂੰ ਭੋਰੇ ਪਾਲਿਆ, ਮੈਂ ਬਧੋਂ ਓਥੇ ਜਾਇ ।
ਜੇ ਤੂੰ ਨਿਕਲਿਓਂ ਹੈ ਬਾਹਰ, ਮੈਂ ਦਰ ਪਰ ਖਲਾ ਆਇ।
ਜੇ ਤੂੰ ਚੜ੍ਹਿਓਂ ਮੇਰੀ ਪਿਠ ਪਰ, ਨਾਹੀਂ ਦਿਤੀ ਬਾਜ਼ੀ ਹਾਰ।
ਜਿਨ੍ਹਾਂ ਇਹ ਸ਼ਹੁ ਗੰਦਲਾਂ ਤੋੜੀਆਂ, ਕਦੀ ਸਿਰ ਭੀ ਦੇਸਨ ਚਾਇ।

ਭੌਰ ਇਰਾਕੀ ਨੇ ਸੋਚ ਕੇ, ਕਿ ਰਾਜੇ ਨੂੰ ਭੀੜ ਹੈ, ਹਾਂ ਕੀਤੀ ਤੇ ਖੁਸ਼ੀ ਨਾਲ ਟੁਰ ਪਿਆ, ਤੇ ਛਲਾਂਗ ਮਾਰ ਦਰਿਆ ਟਪਿਆ (ਕੁਝ ਚਿਰ ਪਿਛੇ ਓਥੇ ਰਾਜਾ ਰਸਾਲੂ ਦੇ ਘੋੜੇ ਦੇ ਸੁੰਮਾਂ ਦੇ ਨਿਸ਼ਾਨ ਦਿਸਦੇ ਸਨ। ਪਰ ਹੁਣ ਨਿਸ਼ਾਨ ਕੋਈ ਨਹੀਂ। ਸੜਕ ਕਟਣ ਵਿਚ ਮਿਟ ਗਏ ॥)

ਪਲੋ ਪਲੀ ਰਾਜਾ ਆਪਣੇ ਧੌਲਰ ਪੁਜ ਗਿਆ। ਜਾਂ ਵੇਖੇ ਤਾਂ ਰਾਜਾ ਹੋਡੀ ਪੌੜੀਓਂ ਹੇਠਾਂ ਆ ਰਿਹਾ ਸੀ। ਅਧੀਆਂ ਈ ਪੌੜੀਆਂ ਉਤਰਿਆ ਸੀ, ਰਸਾਲੂ ਨੇ ਲਲਕਾਰਿਆ, ਉਥੇ ਈ ਖਲੋ ਜਾ ਤੂੰ ਮੇਰਾ ਵੈਰੀ ਹੈਂ। ਆ ਲੜ ਲੇ। ਪਹਿਲਾ ਵਾਰ ਤੂੰ ਈ ਕਰ। ਹੋਡੀ ਨੇ ਤੀਰ ਮਾਰਿਆ, ਪਰ ਰਸਾਲੂ ਨੇ ਬਚਾ ਕੇ ਤਲਵਾਰ ਨਾਲ ਉਸ ਦੇ ਦੋ ਟੁਕੜੇ ਕਰ ਦਿਤੇ। ਆਖਿਉਸੁ: ਲੈ ਹੁਣ ਮੇਰੀ ਵਾਰੀ ਸੰਭਾਲ। ਪਰ ਹੋਡੀ ਨੇ ਇਕ ਹੋਰ ਤੀਰ ਮਾਰਿਆ, ਰਾਜਾ ਰਸਾਲੂ ਨੇ ਉਹ ਵੀ ਢਾਲ ਤੇ ਬਚਾਇਆ। ਫੇਰ ਕਹਿਓਸੁ,

ਲੈ ਨਿਕਾ ਜਿਹਾ ਤੀਰ ਛਡਦਾ ਹਾਂ। ਆਪਣਾ ਆਪ ਬਚਾ ਲੈ, ਹੋਡੀ ਨੇ ਫੇਰ ਕਮਾਨ ਖਿਚੀ ਪਰ ਕਮਾਨ ਟੁਟ ਗਈ। ਹਥ ਜੋੜ ਕੇ ਰਸਾਲੂ ਨੂੰ ਆਖਦਾ ਹੈ :—

*ਠੁਮਨ ਨੇਜ਼ਾ ਮੇਰਾ ਘਰ ਰਿਹਾ, ਰਾਜਾ, ਘਰ ਰਹੀ ਤਲਵਾਰ।
ਸੌ ਪਗ ਦਾ ਸਰਦਾਰ ਹਾਂ, ਭਾਈ ਨੇ ਮੇਰੇ ਚਾਰ।
ਅਜ ਦਿਨ ਮੈਨੂੰ ਮੁਆਫ ਕਰ, ਫਿਰ ਨਾ ਆਵਾਂ ਤੇਰੇ ਦੁਆਰ।

ਰਸਾਲੂ ਕਿਹਾ ਆਵੇਂ ਬਦਮਾਸ਼ੀ ਕਰਨ, ਫੇਰ ਨਾਲ ਹਥਿਆਰ ਨਹੀਂ ਲਿਆਂਦਾ, ਲੈ ਸੰਭਲ। ਤੀਰ ਲੱਗਾ ਕਾਰੀ, ਹੋਡੀ ਮੂਧਾ ਹੋ ਡਿਗ ਪਿਆ। ਰਸਾਲੂ ਨੇਂ ਉਸ ਦਾ ਕਲੇਜਾ ਕਢ ਕੇ ਤੋਸ਼ੇ ਵਿਚ ਪਾ ਲਿਤਾ ਤੇ ਗਿਆ ਕੋਕਿਲਾਂ ਦੇ ਕੋਲ। ਸ਼ਿਕਾਰ ਦੇ ਕਬਾਬ ਕੋਕਿਲਾਂ ਨੇ ਬਣਾਏ, ਤੇ ਹੋਡੀ ਦੇ ਕਲੇਜੇ ਦੇ ਰਸਾਲੂ ਨੇ। ਫੇਰ ਖਾਣ ਲਗਿਆਂ ਤੋਸ਼ ਬਦਲ ਲਿਤੇ। ਕੋਕਿਲਾਂ ਖਾਏ ਹੋਡੀ ਦੇ ਕਬਾਬ। ਕੋਕਿਲਾਂ ਨੇ ਬੜੀ ਤਾਰੀਫ ਕੀਤੀ ਕਿ ਮਾਸ ਬੜਾ ਸੁਆਦ ਏ, ਤੇ ਰਾਜੇ ਆਖਿਆ :—

ਜਿਊਂਦਿਆਂ ਮੌਜਾਂ ਮਾਣੀਓਂ ਈ ਰਾਣੀ,
ਮੋਇਆਂ ਖਾਧੜੇ ਮਾਸ ।
ਜਿਨ੍ਹਾਂ ਨਾਲ ਜੁ ਮੌਜਾਂ ਮਾਣੀਆਂ,
ਉਨ੍ਹਾਂ ਦੇ ਮਾਸ ਕਿਉਂ ਨਾ ਦੇਵੇ ਸੁਆਦ ।

ਰਾਣੀ ਨੇ ਸੁਣ ਕੇ ਬਾਕੀ ਦਾ ਮਾਸ ਸਟ ਦਿਤਾ, ਤੇ ਕਾਹਲੀ ਨਾਲ ਬੋਲੀ, ਰਾਜਾ ਇਹ ਕੀ ਆਖਿਆ ਈ ? ਤਦ ਰਾਜਾ ਬਾਹੋਂ ਫੜਕੇ, ਕੋਕਿਲਾਂ ਨੂੰ ਹੋਡੀ ਦੀ ਲੋਥ ਕੋਲ ਲੈ ਗਿਆ। ਪਹਿਲੋਂ ਤੇ ਰਾਣੀ ਨਾ ਮੰਨੀ, ਪਰ ਫੇਰ ਪਿਆਰੇ ਦੀ ਲੋਥ ਵਲ ਵੇਖ ਮੁਕਰ ਨਾ ਸਕੀ ਬੋਲੀ :—

ਰਾਜਾ, ਬੈਠਿਆਂ ਦੇਸੀ ਮੇਹਨਿਆਂ, ਘਰ ਖਲਿਆਂ ਦੇਸੀ ਗਾਲ ।
ਜਿਨ੍ਹਾਂ ਦਾ ਸਾਨੂੰ ਮੇਅਨਾ ਹੈ, ਮਰਨਾ ਅਸਾਂ ਭੀ ਉਨ੍ਹਾਂ ਦੇ ਨਾਲ ।

ਬਸ ਮਹਿਲ ਤੇ ਚੜ੍ਹ ਬਾਰੀ ਵਿਚੋਂ ਛਾਲ ਮਾਰ ਦਿਤੀ। ਪਰ ਮੋਈ ਨਾਂ, ਡਾਢੀ ਘੈਲ ਹੋਈ। ਰਸਾਲੂ ਨੇ ਕੋਕਿਲਾਂ ਨੂੰ ਚਕ ਕੇ ਘੋੜੇ ਦੇ ਇਕ ਪਾਸੇ ਬੰਨ੍ਹ ਦਿਤਾ ਤੇ ਦੂਜੇ ਪਾਸੇ ਹੋਡੀ ਦੀ ਲੋਥ, ਤੇ ਘੋੜੇ ਨੂੰ ਆਕ ਵਲ ਤੋਰ ਦਿਤਾ।

ਇਸ ਦੇ ਪਿਛੋਂ ਰਸਾਲੂ ਸਿਆਲਕੋਟ ਮੁੜ ਆਇਆ। ਇਕ ਇਹ ਵੀ ਆਖਦੇ ਨੇ, ਕਿ ਫਟੜ ਕੋਕਿਲਾਂ ਨੂੰ ਕੋਈ ਝੀਊਰ ਲੈ ਗਿਆ ਤੇ ਜਦ ਰਾਜ਼ੀ ਹੋਈ ਤਾਂ ਉਸ ਨੇ ਵਿਆਹ ਲਿਤੀ। ਫੇਰ ਉਸ ਵਿਚੋਂ ਤਿੰਨ ਪੁਤਰ ਹੋਏ, ਜਿਨ੍ਹਾਂ ਦੀ ਔਲਾਦ ਹੁਣ ਝੀਊਰਾਂ ਦੀਆਂ ਤਿੰਨ ਗੋਤਾਂ ਸਬੀਰ, ਗਬੀਰ, ਤੇ ਸੀਰ ਹੈਨ ॥

———

*ਝੰਡੀ ਵਾਲਾ ਨੇਜ਼ਾ ॥

Sri Satguru Jagjit Singh Ji Elibrary NamdhariElibrary@gmail.com

ਉਪਰਲੀ ਕਥਾ ਸਰ ਰਿਚਰਡ ਟੈਂਪਲ ਦੇ ਕਠੇ ਕੀਤੇ ਪਰਸੰਗਾਂ ਦੇ ਅਧਾਰ ਤੇ ਹੈ। ਕਵਿਤਾ ਦੀ ਬੋਲੀ ਅਸਲ ਵਿਚ ਪੂਰਬੀ ਪੰਜਾਬ ਜਾਂ ਮੇਰਠ ਦੇ ਜਟਕੇ ਇਲਾਕੇ ਦੀ ਬੋਲੀ ਹੈ। ਜਿਥੇ ਰਸਾਲ ਦੀਆਂ ਵਾਰਾਂ, ਜਾਂ ਸੁਆਂਗ ਮਸ਼ਹੂਰ ਹੈਨ। ਓਧਰ ੧੦ ਮਹਿਲ ਰਸਾਲੂ ਦੇ ਮਸ਼ਹੂਰ ਹੈਨ, ਜਿਨ੍ਹਾਂ ਵਿਚੋਂ, ਰਾਣੀ ਅਧਕ ਅਨੂਪ ਦੇਈ ਤੇ ਸ਼ੀਲਾ ਦਈ ਦੇ *ਮਹਲ ਤੀਜੇ ਭਾਗ ਵਿਚ ਦਿਤੇ ਹੈਨ॥

---

*ਮਹਿਲ ਦਾ ਅਰਥ ਕਾਰਨਾਮੇ ਦਾ ਹੈ॥

———

Sri Satguru Jagjit Singh Ji Elibrary NamdhariElibrary@gmail.com

# ਰਸਾਲੂ ਦੀ ਕਹਾਣੀ

## *ਸਵਿਨਰਟਨ ਸਾਹਿਬ ਦੀ ਜ਼ਬਾਨੀ

ਸਵਿਨਰਟਨ ਸਾਹਿਬ (Charles Swyinnerton F. S. A.) ਇਕ ਪੱਛਮੀ ਜ਼ਿਲੇ ਦੇ ਵਡੇ ਚੈਪਲਨ ਸਨ ਤੇ ਅਟਕ-ਰਾਵਲ-ਪਿੰਡੀ ਦੇ ਇਲਾਕੇ ਵਿਚ ਫਿਰਦਿਆਂ ਫਿਰਦਿਆਂ ਇਨ੍ਹਾਂ ਨੇ ਕਈ ਪੰਜਾਬੀ ਕਹਾਣੀਆਂ ਤੇ ਵਾਰਾਂ ਲੋਕਾਂ ਕੋਲੋਂ ਸੁਣਕੇ ਲਿਖੀਆਂ। ਇਹ ਕੰਮ ਇਨ੍ਹਾਂ ਨੇ ਸੰਨ ੧੮੭੭ ਤੋਂ ੧੮੮੪ ਤਕ ਕੀਤਾ। ਕਹਾਣੀਆਂ ਢੇਰ ਸਾਰੀਆਂ ਅਟਕ ਦੇ ਕੰਢੇ ਤੇ ਗ਼ਾਜ਼ੀ ਪਿੰਡ ਵਿਚ ਲੋਕਾਂ ਦੇ ਮੂੰਹੋਂ ਸੁਣ ਕੇ ਲਿਖੀਆਂ, ਤੇ ਕੁਝ "ਤੋੜ ਬੇਲੇ" ਪਿੰਡ ਵਿਚ। ਪਰ ਇਨ੍ਹਾਂ ਦੇ ਕਠ ਵਿਚ ਨਾਂ ਤੇ ਕੋਈ ਖ਼ਾਸ ਤਰਤੀਬ ਹੈ ਤੇ ਨਾਂ ਵੰਡ। ਨਾਂ ਈ ਕਹਾਣੀ-ਵਿਦਿਆ (Science of folklore) ਨੂੰ ਕਹਾਣੀਆਂ ਦੀ ਪੜਤਾਲ ਵਿਚ ਵਰਤਿਆ ਹੈ ਤੇ ਨਾਂ ਈ ਕਹਾਣੀਆਂ ਦੇ ਮੁਖੀਆਂ ਦਾ ਇਤਿਹਾਸ ਨਾਲ ਮੁਕਾਬਲਾ ਕੀਤਾ। ਜੋ ਕਿਸੇ ਜਟ ਬੂਟ ਨੇ ਆਖਿਆ, ਇਨ੍ਹਾਂ ਮੰਨ ਲਿਤਾ। ਸਲਵਾਹਨ ਨੂੰ ਬਿਕਰਮਾਜੀਤ ਦੀ ਔਲਾਦ ਦਸਿਆ। ਹੀਰ ਨੂੰ ਈਸਾਈ ਤੇ ਰਸਾਲੂ ਨੂੰ ਮੁਸਲਮਾਨ ਬਣਾਇਆ। ਸਭ ਬੇ ਖੋਜੀਆਂ ਗਲਾਂ ਨੇ। ਜੇ ਸਵਿਨਰਟਨ ਸਾਹਿਬ ਦੀਆਂ ਕਹਾਣੀਆਂ ਦੇ ਕਠ ਦਾ ਮੁਕਾਬਲਾ ਕਰੀਏ ਸਰ ਰਿਚਰਡ ਟੈਂਪਲ ਦੇ ਲੀਜੰਡਜ਼ (Legends) ਨਾਲ ਤਾਂ ਇਕ ਅਵਰਾਊ ਉਲਥਾਕਾਰ ਤੇ ਵਿਦਵਾਨ ਖੋਜੀ ਦਾ ਫਰਕ ਮਲੂਮ ਹੁੰਦਾ ਹੈ॥

ਰਸਾਲੂ ਦੀਆਂ ਕਹਾਣੀਆਂ ਸਵਿਨਰਟਨ ਸਾਹਿਬ ਨੇ ਰਾਵਲਪਿੰਡੀ ਦੇ ਇਲਾਕੇ ਦੇ ਮਰਾਸੀਆਂ ਤੇ ਢਾਡੀਆਂ ਕੋਲੋਂ ਸੁਣ ਕੇ ਲਿਖੀਆਂ। ਅਸੀਂ ਇਸ ਦੀਆਂ ਕਹਾਣੀਆਂ ਦਾ ਸੰਖੇਪ ਨਿਚੋੜ ਈ ਦੇਵਾਂਗੇ, ਕਿਉਂਕਿ ਸਵਿਨਰਟਨ ਸਾਹਿਬ ਨੇ ਅਸਲੀ ਗੀਤ ਜਾਂ ਕਵਿਤਾ ਨਹੀਂ ਦਿਤੀ। ਸਿਰਫ ਉਲਥੇ ਈ ਦਿਤੇ ਨੇ। ਪਰ ਅਸਾਂ ਨੇ ਪਾਠਕਾਂ ਲਈ ਉਸ ਅੰਗ੍ਰੇਜ਼ੀ ਕਵਿਤਾ ਦਾ ਮੁੜ ਉਲਥਾ ਪੰਜਾਬੀ ਵਿਚ ਕੀਤਾ ਹੈ। ਪਰ ਉਸ ਅਸਲ ਤੁਲ

*ਵੇਖੋ Romantic Tales from the Punjab (1908)



Sri Satguru Jagjit Singh Ji Elibrary NamdhariElibrary@gmail.com

ਕਿਥੇ। ਢੇਰ ਸਾਰੇ ਦੋਹੜੇ ਤੇ ਓਹੀ ਹੈਨ ਜਿਹੜੇ ਟੈਂਪਲ ਸਾਹਿਬ ਦੇ ਲੀਜੰਡਜ਼ ਵਿਚ।

## ੧—ਰਸਾਲੂ ਦੀ ਬਾਲ ਅਵਸਥਾ

ਇਸ ਤੰਗ ਦੁਨੀਆਂ ਅੰਦਰ ਉਹ, ਜੀ ਮੰਗਲ ਵਾਰੇ ਆਇਆ।
ਹਸਦਾ ਹਸਦਾ ਵਾਰ ਛਨਿਛਰ ਏਥੋਂ ਉਹ ਸਿਧਾਇਆ।
ਮਹਾਂ ਬਲੀ ਰਾਜਾ ਵੋ ਪੈਦਾ ਦੁਨੀਆਂ ਅੰਦਰ ਹੋਇਆ;
ਜਿਸ ਦਿਨ ਜੰਮਿਆ ਆਣ ਰਸਾਲੂ, ਵਡਾ ਓਹੀ ਅਖਾਇਆ।

———

ਰਾਜਾ ਸਲਵਾਹਨ ਉਜੈਨ ਦੇ ਬਿਕਰਮਾਜੀਤ ਦੀ ਔਲਾਦ ਵਿੱਚੋਂ ਸੀ। ਉਸ ਦੀਆਂ ਦੋ ਰਾਣੀਆਂ ਸਨ। ਇਕ ਅਛਰਾਂ ਤੇ ਦੂਈ ਲੂਣਾਂ। ਲੂਣਾਂ ਚਮਿਆਰਾਂ ਦੀ ਧੀ ਸੀ, ਅਛਰਾਂ ਦਾ ਪੁਤਰ ਪੂਰਨ ਸੀ। ਪੂਰਨ ਜੁਆਨ ਹੋਇਆ ਤਾਂ ਲੂਣਾਂ ਉਸ ਤੇ ਆਸ਼ਕ ਹੋਈ। ਪੂਰਨ ਦੇ ਨਾ ਮੰਨਣ ਤੇ ਲੂਣਾਂ ਨੇ ਮਕਰ ਕਰਕੇ ਰਾਜਾ ਸਲਵਾਹਨ ਕੋਲ ਪੂਰਨ ਤੇ ਦੋਸ਼ ਲਾਇਆ ਤੇ ਪੂਰਨ ਨੂੰ ਦੇਸ ਨਿਕਾਲਾ ਤੇ ਮੌਤ ਦੀ ਸਜ਼ਾ ਦਿਵਾਈ। ਪਰ ਜਲਾਦਾਂ ਨੇ ਸਿਰਫ ਹਥ ਹੀ ਵਢ ਕੇ ਖੂਹ ਵਿਚ ਸਟ ਦਿਤਾ। ਗੁਰੂ ਗੋਰਖ ਨਾਥ ਨੇ ਆਕੇ ਬਚਾਇਆ ਤੇ ਫੇਰ ਸਾਵਧਾਨ ਕਰਕੇ ਜੋਗ ਦਿਤਾ। ਪੂਰਨ ਜੋਗੀ ਦੇ ਵਰ ਨਾਲ, ਲੂਣਾਂ ਦੇ ਘਰ ਪੁਤਰ ਜੰਮਿਆ, ਜਿਸ ਦਾ ਨਾਉਂ ਰਸਾਲੂ ਰਖਿਆ। ਅਗਲੇ ਹਾਲ ਦਾ ਵੇਰਵਾ ਪਹਿਲੇ ਦੇ ਚੁਕੇ ਹਾਂ। ਰਸਾਲੂ ਦਾ ਭੋਰੇ ਪੈਣਾ, ਭੋਰਿਓਂ ਨਿਕਲ ਕੇ ਜਦ ਸ਼ਹਿਰ ਆਉਣਾ ਤਾਂ ਖੇਡ ਨਾਲ ਪਾਣੀ ਭਰਨ ਵਾਲੀਆਂ ਦੇ ਘੜੇ ਫੁੰਡਕੇ ਪਿਤਲ ਦੇ ਘੜੇ ਤੀਰਾਂ ਨਾਲ ਵਿੰਨ੍ਹਣੇ। ਫੇਰ ਰਾਜਾ ਸਲਵਾਹਨ ਨੇ ਤੰਗ ਆਕੇ ਸ਼ਹਿਰ ਵਿਚ ਗਲੀ ਗਲੀ ਘਰ ਘਰ ਖੂਹ ਲਵਾ ਦਿਤੇ। ਪਰ ਰਸਾਲੂ ਉਚੇ ਬੁਰਜ ਤੇ ਚੜ੍ਹ ਕੇ ਤੀਰਾਂ ਨਾਲ ਵਿਚਾਰੀਆਂ ਕੁੜੀਆਂ ਦੀਆਂ ਗਾਗਰਾਂ ਵਿੰਨ੍ਹ ਦੇਵੇ। ਰਾਜਾ ਸਲਵਾਹਨ ਬੜਾ ਤੰਗ ਆਇਆ, ਅੰਤ ਰਸਾਲੂ ਨੂੰ ਦੇਸ ਨਿਕਾਲਾ ਦੇਣ ਦੀ ਸਲਾਹ ਕੀਤੀ। ਜਦ ਰਸਾਲੂ ਬਾਹਰੋਂ ਸ਼ਿਕਾਰ ਤੋਂ ਮੁੜ ਕੇ ਆਇਆ ਤੇ ਅਗੇ ਮਹਿਲ ਦੇ ਬੂਹੇ ਤੇ ਇਕ ਮੂੰਹ ਕਾਲ ਮਾਨੁਖ ਦਾ ਬੁਤ ਖੜਾ ਵੇਖਿਆ। ਉਸਨੇ ਯਾਰ ਨੂੰ ਆਖਿਆ, ਭਈ ਇਹ ਦੇਸ ਨਿਕਾਲੇ ਦਾ ਹੁਕਮ ਹੈ, ਸੋ ਰਸਾਲੂ ਆਪਣੇ ਨਾਲ ਇਕ ਚੋਣਵੇਂ ਯਾਰਾਂ ਦਾ ਦਸਤਾ, ਤੇਜ਼ ਘੋੜੇ ਤੇ ਹਥਿਆਰ ਲੈਕੇ ਟੁਰ ਪਿਆ। ਲੂਣਾਂ ਰੋਂਦੀ ਪਿਟਦੀ ਰਹਿ ਗਈ। ਰਸਾਲੂ ਦੀ ਘੋੜੀ ਫੋਲਾਦੀ ਸੀ ਤੇ ਇਕ ਤੋਤਾ ਨਾਲ ਸੀ ਜਿਸ ਦਾ ਨਾਂ ਸ਼ਾਦੀ ਸੀ॥

## ੨—ਗੁਜਰਾਤ ਦਾ ਸਫ਼ਰ

ਉਥੋਂ ਟੁਰਕੇ ਉਹ ਗੁਜਰਾਤ ਦੇ ਰਾਜ ਵਲ ਆਇਆ। ਗੁਜਰਾਤ ਦਾ ਰਾਜਾ ਇਕ ਗੁਜਰ ਰਾਜਪੂਤ ਸੀ, ਜਿਸ ਦੀ ਸਿਆਲ ਕੋਟ ਦੇ ਰਾਜੇ ਨਾਲ ਦੋਸਤੀ ਸੀ। ਉਸ ਨੇਂ ਰਸਾਲੂ ਨੂੰ ਰਸਾਲੇ ਸਮੇਤ ਆਉਂਦਿਆਂ ਸੁਣ, ਆਪ ਬਾਹਰ ਜਾਕੇ ਵੇਖਣ ਲਗਾ ਕਿ

Sri Satguru Jagjit Singh Ji Elibrary NamdhariElibrary@gmail.com

ਦੁਸ਼ਮਨ ਹੈ ਕਿ ਦੋਸਤ । ਰਸਾਲੂ ਨੂੰ ਵੇਖ ਪੁਛਦਾ ਹੈ :—

ਕਿਸ ਰਾਜੇ ਦਾ ਬੇਟੜਾ, ਕੀ ਏ ਤੇਰਾ ਨਾਂਉਂ ?
ਕਿਥੇ ਤੇਰੀ ਨਗਰੀ, ਕੀਏ ਸ਼ਹਿਰ ਗਰਾਵੇਂ ?

ਰਸਾਲੂ ਨੇ ਉਤਰ ਦਿਤਾ—

ਰਾਜਾ ਸਲਵਾਹਨ ਦਾ ਬੇਟੜਾ, ਰਸਾਲੂ ਮੇਰਾ ਨਾਂਉਂ ।
ਸਿਆਲਕੋਟ ਮੇਰਾ ਵਤਨ ਹੈ, ਉਹੀ ਸ਼ਹਿਰ ਗਰਾਉਂ ।

ਰਾਜੇ ਨੇ ਰਸਾਲੂ ਦੀ ਬੜੀ ਇਜ਼ਤ ਕੀਤੀ, ਖਾਤਰ ਕੀਤੀ, ਤੇ ਪੁਛਿਉਸੂ ਕਿ ਤੂੰ ਇਕ ਰਾਜ ਦਾ ਟਿਕਾ ਹੈਂ, ਤੂੰ ਐਡੀ ਦੂਰ ਇਨ੍ਹਾਂ ਸਵਾਰਾਂ ਨਾਲ ਕਿਉਂ ਆਇਆਂ ?

ਰਸਾਲੂ ਨੇ ਆਖਿਆ, ਜੇਹਲਮ ਦੇ ਕੋਲ ਇਕ ਇਲਾਕੇ ਵਿਚ ਦੇਵਾਂ ਨੇ ਦਬਾ ਪਾਇਆ ਹੋਇਆ ਏ, ਪਰ ਦੇਵ ਪਥਰ ਰੂਪ ਬਣੇ ਪਏ ਨੇ । ਓਥੇ ਹੁਣ ਹੋਰਾਂ ਨੇ ਕਬਜ਼ਾ ਕਰ ਲਿਆ ਹੈ । ਮੇਰੇ ਪਿਤਾ ਦਾ ਉਸ ਇਲਾਕੇ ਵਿਚ ਚੌਥਾ ਹਿਸਾ ਹੈ । ਮੈਂ ਉਸ ਦੇਸ ਨੂੰ ਫਤਹਿ ਕਰਨ ਚਲਿਆ ਹਾਂ । ਰਾਜੇ ਆਖਿਆ, ਮੇਰੀ ਫੌਜ ਵੀ ਮਦਤ ਲਈ ਲੈ ਜਾਵੋ । ਸੋ ਗੁਜਰਾਤ ਦੇ ਰਾਜੇ ਨੇ ਕੁਝ ਫੌਜ ਮਦਤ ਲਈ ਦਿਤੀ । ਰਸਾਲੂ ਪਥਰ—ਦੇਵਾਂ ਦੀ ਜ਼ਮੀਨ ਵਿਚ ਪੁਜਾ, ਤੇ ਉਸ ਨੇ ਕਿਲੇ ਦਾ ਘੇਰਾ ਪਾ ਲਿਆ । ਅੰਤ ਕਿਲਾ ਸਰ ਹੋਇਆ, ਛੋਟੇ ਛੋਟੇ ਰਾਜੇ ਜਾਂ ਤੇ ਨਸ ਗਏ, ਜਾਂ ਰਸਾਲੂ ਦੇ ਅਧੀਨ ਹੋ ਗਏ । ਦੇਸ ਫ਼ਤਹਿ ਕਰਕੇ ਰਸਾਲੂ ਟਿਲੇ ਤੇ ਫ਼ਕੀਰਾਂ ਦੇ ਦਰਸ਼ਨਾਂ ਨੂੰ ਗਿਆ । ਗੁਰੂ ਫ਼ਕੀਰ ਨੇ ਰਸਾਲੂ ਦੀ ਸ਼ਕਤੀ ਪਰਖਣ ਲਈ ਸ਼ੇਰ ਦਾ ਰੂਪ ਧਾਰਿਆ, ਤੇ ਜੰਗਲ ਵਿਚ ਜਾਕੇ ਰਸਾਲੂ ਨੂੰ ਲਲਕਾਰਿਆ ! ਪਰ ਜਦ ਰਸਾਲੂ ਨੇ ਆਪਣਾ ਸਵਾ ਮਣ ਦਾ ਬਾਨ ਧਨਸ਼ ਵਿਚ ਰਖਿਆ ਤਾਂ ਸ਼ੇਰ ਨਠ ਗਿਆ ਤੇ ਫਕੀਰ ਫੇਰ ਮਾਨੁਖ ਬਣ ਕੇ ਬੈਠ ਗਿਆ । ਜਦ ਰਸਾਲੂ ਟਿੱਲੇ ਤੇ ਪੁਜਾ, ਤਾਂ ਪੀਰ ਨੇ ਉਠਕੇ ਆਦਰ ਕੀਤਾ । ਰਸਾਲੂ ਨੇ ਸੋਚਿਆ, ਇਹ ਅਜਬ ਫ਼ਕੀਰ ਹੈ ਜੋ ਗ੍ਰਿਹਸਤੀਆਂ ਦਾ ਆਦਰ ਕਰਦਾ ਹੈ । ਪੀਰ ਨੇ ਕਿਹਾ, ਇਹ ਟਿੱਲਾ ਤੇ ਸਿਰਫ਼ ਪੀਰਾਂ ਫ਼ਕੀਰਾਂ ਦੀ ਜਾ ਹੈ, ਤੂੰ ਜਾਕੇ *ਗੰਡ ਗੜ੍ਹ ਦੇ ਦੇਵਾਂ ਨਾਲ ਲੜ ਤੇ ਉਨ੍ਹਾਂ ਨੂੰ ਨਾਸ ਕਰ, ਮੈਂ ਤੇ ਫ਼ਕੀਰ ਹੀ ਹਾਂ, ਮੈਂ ਦੁਆ ਕਰਾਂਗਾ । ਜੇ ਦੇਵਾਂ ਨੂੰ ਤੂੰ ਇਕੱਲਿਆਂ ਲੜ ਕੇ ਮਾਰ ਲਿਤਾ ਤਾਂ ਜਗਤ ਵਿਚ ਤੇਰਾ ਨਾਂ ਹੋਵੇਗਾ ।

## ੩ ਰਸਾਲੂ ਦੀ ਬਗਾਵਤ

ਜੇਹਲਮ ਦੇ ਇਲਾਕੇ ਵਿਚ ਮੁੜ ਸਿਕਾ ਜਮਾ ਕੇ, ਰਸਾਲੂ ਹੋਰਨਾਂ ਇਲਾਕਿਆਂ

---

*ਨੋਟ—ਪਥਰਾਏ ਹੋਏ ਦੇਵਾਂ ਦੇ ਇਲਾਕੇ ਦਾ ਕਿਸੇ ਹੋਰ ਕਹਾਣੀ ਵਿਚ ਜ਼ਿਕਰ ਨਹੀਂ । ਇਹ ਗੰਡਗੜ੍ਹ ਦੇ ਦੇਵਾਂ ਦੀ ਲੜਾਈ ਦਾ ਇਕ ਹੋਰ ਕਥਨ (Version) ਹੈ ॥

Sri Satguru Jagjit Singh Ji Elibrary NamdhariElibrary@gmail.com

ਵਿਚ ਗਿਆ। ਹੁਣ ਉਸ ਦੇ ਦੇਸ ਨਿਕਾਲੇ ਦੇ ਦਿਨ ਵੀ ਪੂਰੇ ਹੋ ਚੁਕੇ ਸਨ। ਜਿਥੇ ਜਾਏ, ਉਸਦੀ ਫ਼ੌਲਾਦੀ ਘੋੜੀ ਤੇ ਸ਼ਾਦੀ ਤੋਤਾ ਨਾਲ ਈ ਰਹਿੰਦੇ ਸਨ। ਸਿਆਲਕੋਟ ਦੇ ਕੋਲੋਂ ਲੰਘਿਆ ਤਾਂ ਉਸ ਦੇ ਪਿਤਾ ਰਾਜਾ ਸਲਵਾਹਨ ਨੇ ਆਦਮੀ ਘਲਿਆ ਕਿ ਘਰ ਮੁੜ ਆਉ, ਪਰ ਰਸਾਲੂ ਨੇ ਇਨਕਾਰ ਕੀਤਾ। ਫੇਰ ਉਸ ਦੀ ਮਾਂ ਲੂਣਾਂ ਨੇ ਆਦਮੀ ਘਲਿਆ, ਪਰ ਫੇਰ ਵੀ ਇਨਕਾਰ। ਆਖਰ ਰਸਾਲੂ ਦੀ ਦਾਈ ਨੇ ਸੁਨੇਹਾ ਘਲਿਆ ਕਿ ਬੱਚਾ ਮਿਲ ਜਾ। ਰਸਾਲੂ ਮੁੜ ਪਿਆ। ਜਦ ਉਸ ਪਾਸ ਆਇਆ ਤਾਂ ਦਾਈ ਨੇ ਹਿਤ ਨਾਲ ਪੁਛਿਆ :—

ਕੀ ਤੂੰ ਬੇਟਾ ਆਇਓਂ ਦੂਰੋਂ ਦੇਸੋਂ ਚਲ ?
ਕੀ ਤੂੰ ਬੇਟਾ ਆਇਓਂ ਖਾ ਲੜਾਈਉਂ ਫੱਟ ?
ਵਰਿਆਮੀ ਖੇਡ ਤੂ ਖਟ।
ਮਾਉਂ ਤੇਰੀ ਮੈਂ ਧਰਮ ਦੀ, ਕੌਣ ਹੋਰ ਕੋਈ ਹੋਇ ?
ਥਣੀਂ ਦੁਧ ਪਿਲਾਇਆ, ਕੁਛੜ ਖੇਡਿਆ ਤੋਇ।
ਦਿਲ ਥ਼ੇਂਡੇ ਦੇ ਖੰਡ।*

ਰਸਾਲੂ ਨੇ, ਜਿਸ ਨੇ ਜੋਗੀ ਦਾ ਰੂਪ ਧਾਰਿਆ ਹੋਇਆ ਸੀ, ਧਿਆਨ ਨਾ ਕੀਤਾ ਤੇ ਬੋਲਿਆ :—

ਹਥ ਮੇਰੇ ਵਿਚ ਡੰਡਾ ਮਾਈ ਵਾਂਗ ਜੋਗੀਆਂ ਭੇਸ।
ਸਿਰ ਤੇ ਜੂੜਾ ਜਤੀ ਦਾ ਰਾਖ ਭਿੰਨੇ ਕੇਸ।
ਪੁਤ ਹੋਰ ਕੋਈ ਹੋਵਸੀ, ਸੁਖ ਦੁਖ ਵਸਦਾ ਦੇਸ।
ਅਲਖ ਜਗਾਵਾਂ ਮੈਂ ਮੰਗਤਾ, ਦਰ ਦਰ ਕਰਾਂ ਆਦੇਸ।

ਏਸ ਭੇਸ ਵਿਚ ਰਸਾਲੂ ਸਿਆਲਕੋਟ ਮੁੜਿਆ, ਤੇ ਉਸ ਦੇ ਮਾਂ ਪਿਉ ਖੁਸ਼ੀ ਹੋਏ। ਰਸਾਲੂ ਨੂੰ ਘਰ ਮੁੜਿਆਂ ਅਜੇ ਢੇਰ ਚਿਰ ਨਹੀਂ ਸੀ ਹੋਇਆ ਕਿ ਉਸ ਨੇ ਵਿਆਹ ਕਰਨ ਦੀ ਸਲਾਹ ਮੰਨ ਲਈ ਅਰ ਵਜ਼ੀਰ ਮੋਤੀ ਰਾਮ ਦੀ ਧੀ ਨਾਲ ਉਸ ਦੀ ਕੁੜਮਾਈ ਹੋ ਗਈ, ਅਤੇ ਅਸੂ ਦਾ ਪੰਜਵਾਂ ਸਾਹ ਮੁਕ਼ਰਰ ਹੋ ਗਿਆ। ਦੂਜੇ ਦਿਨ ਰਸਾਲੂ ਦਰਿਆ ਤੇ ਨ੍ਹਾਉਣ ਗਿਆ। ਰਸਤੇ ਵਿਚ ਕੁੜੀਆਂ ਦਾ ਝੁਰਮਟ ਇਕ ਖੂਹ ਤੇ ਸੀ। ਕੁੜੀਆਂ ਘੜੋਲੀਆਂ ਵਿਚ ਪਾਣੀ ਭਰਦੀਆਂ ਸਨ। ਰਸਾਲੂ ਦੀ ਮੰਗੇਤਰ ਵੀ ਸੀ। ਉਹ ਕੁੜੀ ਸੀ ਬੜੀ ਚਾਤਰ, ਰਸਾਲੂ ਦੇ ਵਾਲ ਖਿਲਰੇ ਵੇਖ ਟਿਚਕਰ ਕਰਦੀ ਏ :—

ਨੀਲੀ ਘੋੜੀ ਵਾਲਿਆ, ਆਪਨੇ ਕੇਸ ਸੰਭਾਰ।
ਕੁੜੀ ਅੰਞਾਨੀ ਵਾਂਗ ਵੇ, ਨਾ ਸਜੇ ਖਬੇ ਖਿਲਾਰ।
ਬੂਹੇ ਖਲੋਤੀ ਨਾਰ ਕੋ ਮਤ ਆ ਕਰੇ ਮਖੌਲ।
ਬਿਨਤੀ ਕਰਾਂ ਮੈਂ ਰਾਜਿਆ, ਤੂੰ ਸੁਹਣੇ ਕੇਸ ਸਵਾਰ।

*ਟੁਕੜੇ।

ਰਸਾਲੂ ਨੂੰ ਸੁਣ ਕੇ ਗੁੱਸਾ ਆਇਆ, ਕਿ ਇਸ ਨੇ ਕੁੜੀਆਂ ਵਿਚ ਮੇਰਾ ਮਖੌਲ ਉਡਾਇਆ। ਬੋਲਿਆ :—

ਤੂੰ ਸੁਣ ਨੀ ਮੰਗੇਤਰ ਮੇਰੀਏ, ਜੋ ਬੋਲੇ ਬੋਲ ਕਬੋਲ ।
ਲੂਣਾਂ ਦਾ ਜੇ ਪੁਤ ਮੈਂ, ਲੈਸਾਂ ਸਾਂਵੀ ਤੋਲ ।

ਪਰ ਕੁੜੀ ਕਿਥੋਂ ਮੁੜੇ, ਫੇਰ ਜਵਾਬ ਦਿਤਾ :—

ਤੂੰ ਸੁਣ ਲੂਣਾਂ ਬੇਟੜੇ, ਨਾ ਕਰ ਐਡ ਗੁਮਾਨ।
ਕੁੜੀਆਂ ਅਤਣ ਸਾਮ੍ਹਣੇ, ਨਾ ਕਰ ਕ੍ਰੋਧ ਤੁਫਾਨ।
ਤੇਰ ਜਿਹੇ ਲਖ ਆਦਮੀ, ਖੇਥੇ, ਜੰਗਲ, ਬਾਰ।
ਫਿਰਨ ਚਰਾਂਦੇ ਪਿਤਾ ਦੇ, ਡੰਗਰ ਲਖ ਹਜ਼ਾਰ।

ਫੇਰ ਰਸਾਲੂ ਨੇ ਉਤਰ ਦਿਤਾ :—

ਤੂੰ ਸੁਣ ਮੇਰੀ ਮੰਗੇਤਰੇ, ਲੜ ਬੰਨ੍ਹ ਮੇਰੇ ਬੋਲ।
ਜੇ ਕੁਖ ਜਾਇਆ ਰਾਣੀ ਲੂਣਾਂ ਦੇ, ਸੁਣ ਤੂੰ ਕੰਨਾਂ ਖੋਲ੍ਹ।
ਤੈਨੂੰ ਵਿਆਹ ਕੇ ਛੋੜਸਾਂ, ਕਰਾਂ ਦੁਹਾਗਨ ਖਾਰ;
ਜਗ ਵਿਚ ਫਿਰੇਂ ਬੇਸ਼ਰਮ ਤੂੰ, ਤਦ ਆਇ ਸੂਝ ਕਬੋਲ !

ਇਹ ਕਹਿ ਰਸਾਲੂ ਅਗੇ ਟੁਰ ਗਿਆ। ਆਇਆ ਵਿਆਹ ਦਾ ਦਿਹਾੜਾ, ਜੰਞ ਢੁਕੀ, ਵਜ਼ੀਰ ਮੋਤੀ ਰਾਮ ਨੇ ਸਭ ਜਾਂਞੀਆਂ ਦੀ ਬੜੀ ਖਾਤਰ ਕੀਤੀ। ਅੰਤ ਲਾਵਾਂ ਫੇਰਿਆਂ ਦਾ ਵੇਲਾ ਆਇਆ, ਲਾੜਾ ਲਾੜੀ ਖਾਰਿਆਂ ਤੇ ਬੈਠੇ, ਤਾਂ ਰਸਾਲੂ ਨੇ ਆਖਿਆ ਹੇ ਪੰਡਤ ਸੁੰਦਰ ਦਾਸ ਜੀ ! ਮੇਰਾ ਵਿਆਹ ਨਾ ਕਰੀਂ। ਪਰ ਉਸਨੇ ਆਖਿਆ, ਹੇ ਸਲਵਾਹਨ ਦੇ ਬੇਟੇ, ਅਜਿਹੀ ਗਲ ਨਾਲ ਆਪਣੀ ਕੁਲ ਨੂੰ ਲਾਜ ਨਾ ਲਾ। ਰਸਾਲੂ ਚੁਪ ਕਰ ਰਿਹਾ। ਜਦ ਗੰਢ ਚਤਰਾਵਾ ਕੀਤਾ ਤੇ ਅਗਨੀ ਦੇ ਆਲੇ ਦੁਆਲੇ ਫੇਰੇ ਲੈਣ ਲਗੇ, ਤਾਂ ਰਸਾਲੂ ਨੇ ਉਠਕੇ ਬਾਹਰ ਤਕਿਆ ਤਾਂ ਉਸਦਾ ਘੋੜਾ ਖੜਾ ਸੀ, ਉਸ ਨੇ ਫੇਰੇ ਲੈਂਦਿਆਂ, ਤਲਵਾਰ ਨਾਲ ਗੰਢ ਕਟਕੇ ਬਾਹਰ ਵਲ ਛਲਾਂਘ ਮਾਰੀ ਤੇ ਘੋੜੇ ਤੇ ਚੜ੍ਹ ਔਹ ਗਿਆ ਔਹ ਗਿਆ। ਤੇ ਖਾਰੇ ਬੈਠੀ ਕੁੜੀ ਬੋਲੀ, ਓ ਰਸਾਲੂ ! ਤੂੰ ਬੁਰਾ ਕੀਤਾ, ਮੇਰੇ ਨਾਲ ਧੋਖਾ ਕੀਤਾ ਕਿ ਗੰਢ ਚਤਰਾਵਾ ਕਟ ਕੇ ਦੌੜ ਗਿਓਂ, ਚੰਗਾ ਅਗੇ ਚਲ ਕੇ ਲੇਖਾ ਲਵਾਂਗੀ ॥

ਬੁਰਾ ਕੀਤੋਈ ਰਾਜਿਆ, ਮਾਰੀ ਧੋਖੇ ਨਾਰ।
ਦੇਸੇਂ ਰਬ ਨੂੰ ਜੁਆਬ ਕੀ, ਹੋਸੀ ਜਿੰਦ ਖੁਆਰ ॥

ਰਾਜਾ ਸਲਵਾਹਨ ਨੇ ਵੀ ਬਥੇਰਾ ਕਿਹਾ, ਪਰ ਰਸਾਲੂ ਨੇ ਇਕ ਨਾ ਸੁਣੀ। ਪਰ ਦੌੜ ਹੀ ਗਿਆ। ਰਾਹ ਵਿਚ ਸੋਚ ਆਈਓਸੂ ਕਿ ਮੈਂ ਤੇ ਪਿਤਾ ਦੀ ਗਲ ਦਾ ਉਤਰ ਨਾ ਦਿਤਾ, ਇਸ ਕਰਕੇ ਮੁੜ ਆਇਆ, ਤੇ ਪਿਤਾ ਨੂੰ ਆਖਿਓਸੂ, ਕਿ ਹੁਣ ਤੁਸਾਂ ਮੈਨੂੰ ਹਮੇਸ਼ਾਂ ਲਈ ਵੈਰੀ ਬਣਾ ਲਿਆ। ਮੈਂ ਹੁਣ ਮੱਕੇ ਜਾਵਾਂਗਾ ਤੇ ਜਦ ਮੈਂ ਫੇਰ

Sri Satguru Jagjit Singh Ji Elibrary NamdhariElibrary@gmail.com

ਅ ਵਾਂਗਾ ਤਾਂ ਮੁਸਲਮਾਨੀ ਫ਼ੌਜ ਨਾਲ ਲੈਕੇ ਸਿਆਲਕੋਟ ਨੂੰ ਫ਼ਤਹਿ ਕਰਾਂਗਾ।

ਨੋਟ—ਇਹ ਕਿਸੇ ਮੁਸਲਮਾਨ ਮਰਾਸੀ ਦੀ ਮਨ ਘੜਤ ਗਲ ਹੈ, ਜਿਸ ਨੂੰ ਵਿਚਾਰੇ ਸਵਿਨਰਟਨ ਨੇ ਬਿਨਾਂ ਪੜਤਾਲ ਦੇ ਕਬੂਲ ਕਰ ਲਿਤਾ।

ਫੇਰ ਰਸਾਲੂ ਰਾਤ ਦਿਨ ਪੈਂਡਾ ਮਾਰਦਾ ਇਕ ਵਡੇ ਸ਼ਹਿਰ ਦੇ ਦਰਵਾਜ਼ੇ ਤੇ ਪੁੱਜਾ, ਚੌਂਕੀਦਾਰ ਕੋਲੋਂ ਪੁਛਿਆ ਇਹ ਕੇਹੜਾ ਸ਼ਹਿਰ ਹੈ ? ਉਸਨੇ ਉਤਰ ਦਿਤਾ ਕਿ ਏਹ ਮੱਕਾ ਸ਼ਹਿਰ ਹੈ। ਰਸਾਲੂ ਅੰਦਰ ਵੜ ਗਿਆ ਤੇ ਸ਼ਹਿਰ ਦੇ ਹਾਕਮ ਹਜ਼ਰਤ ਇਮਾਮਅਲੀ ਲਾਕ ਦੇ ਪੇਸ਼ ਹੋਇਆ। ਓਥੇ ਜਾਕੇ ਅਰਜ਼ ਕੀਤੀ ਕਿ ਹਜ਼ਰਤ ! ਮੈਨੂੰ ਇਸਲਾਮ ਬਖ਼ਸ਼। ਹਜ਼ਰਤ ਇਮਾਮ ਨੇ ਵੇਖਕੇ ਕਿ ਇਹ ਹਿੰਦੂ ਹੈ, ਪੁਛਿਓਸੁ, ਤੂੰ ਕਿਥੋਂ ਆਇਆ ਤੇ ਤੇਰਾ ਨਾਮ ਕੀ ਹੈ ? ਰਸਾਲੂ ਨੇ ਆਖਿਆ ਜੀ ਮੈਂ ਸਿਆਲਕੋਟ ਦਾ ਰਹਿਣ ਵਾਲਾ ਤੇ ਰਾਜਾ ਸਲਵਾਹਨ ਦਾ ਪੁਤਰ ਹਾਂ। ਮੇਰਾ ਪਿਤਾ ਬੜਾ ਜ਼ਾਲਮ ਕਾਫ਼ਰ ਹੈ। ਮੈਂ ਮੁਸਲਮਾਨ ਹੋਣਾ ਚਾਹੁੰਦਾ ਹਾਂ। ਤਾਂ ਇਮਾਮ ਨੇ ਪੀਰ ਪੰਜਾਬੀ, ਸੁਰਖ਼ਰੂ ਸੁਬਾਹ ਨੂੰ ਫੁਰਮਾਇਆ, ਕਿ ਇਸ ਨੂੰ ਮੁਸਲਿਮ ਬਣਾਓ। ਸੋ ਰਸਾਲੂ ਮੁਸਲਮਾਨ ਹੋਇਆ ਤੇ ਨਿਮਾਜ਼ ਤੇ ਹੋਰ ਦੁਆਵਾਂ ਸਿਖ ਗਿਆ। ਫੇਰ ਉਸਨੇ ਹਜ਼ਰਤ ਲਾਕ ਪਾਸ ਅਰਜ਼ ਕੀਤੀ ਕਿ ਮੈਨੂੰ ਫ਼ੌਜ ਦੀ ਮਦਤ ਦੇਵੋ ਤੇ ਮੈਂ ਜਾਕੇ ਸਿਆਲਕੋਟ ਨੂੰ ਫ਼ਤਹਿ ਕਰਕੇ ਕਾਫ਼ਰਾਂ ਦੇ ਹਥੋਂ ਬਚਾਵਾਂ ਤੇ ਇਸਲਾਮ ਫੈਲਾਵਾਂ। ਹਜ਼ਰਤ ਨੇ ਆਖਿਆ, ਓਥੇ ਤੇ ਤੇਰਾ ਪਿਉ ਹੀ ਰਾਜ ਕਰਦਾ ਹੈ। ਰਸਾਲੂ ਨੇ ਉਤਰ ਦਿਤਾ ਜੀ ਉਹ ਬੜਾ ਜ਼ਾਲਮ ਹੈ ਤੇ ਉਸ ਵਿਚ ਤਿੰਨ ਵਡੇ ਨੁਕਸ ਹੈਨ :—

(੧) ਹਰ ਸਵੇਰੇ ਉਹ ਇਕ ਪਰਾਹੁਣੇ ਨੂੰ ਮਰਵਾ ਦਿੰਦਾ ਹੈ।

(੨) ਜਿਹੜੀ ਪੌਸ਼ਾਕ ਉਹ ਸਵੇਰੇ ਪਾਂਦਾ ਹੈ ਉਹ ਰਾਤ ਨੂੰ ਤੇ ਰਾਤ ਵਾਲੀ ਪੌਸ਼ਾਕ ਸਵੇਰੇ ਸੜਵਾ ਦਿੰਦਾ ਹੈ।

(੩) ਉਹ ਇਕ ਖੂਹ ਵਿਚੋਂ ਦੋ ਦਿਨ ਪਾਣੀ ਨਹੀਂ ਪੀਂਦਾ ਹੈ, ਹਰ ਸਵੇਰੇ ਨਵੇਂ ਖੂਹ ਪੁਟਾਂਦਾ ਹੈ।

ਇਹ ਗਲਾਂ ਸੁਣ ਕੇ ਮੁੱਲਾਂ ਕਾਜ਼ੀਆਂ ਨੇ ਫ਼ਤਵਾ ਦਿਤਾ ਕਿ ਸਲਵਾਹਨ ਵਡਾ ਕਾਫ਼ਰ ਹੈ। ਪਰ ਹਜ਼ਰਤ ਨੇ ਆਖਿਆ ਕਿ ਇਕ ਪੁਤਰ ਦੀ ਪਿਓ ਤੇ ਚੜ੍ਹਾਈ ਕਰਨੀ ਠੀਕ ਨਹੀਂ। ਪਰ ਅੰਤ ਹਜ਼ਰਤ ਨੇ ਰਸਾਲੂ ਦੇ ਜ਼ਿਦ ਕਰਨ ਤੇ ਇਸਲਾਮੀ ਫ਼ੌਜ ਮਦਤ ਲਈ ਦੇ ਦਿਤੀ, ਤੇ ਰਸਾਲੂ ਨੇ ਸਿਆਲਕੋਟ ਤੇ ਚੜ੍ਹਾਈ ਕੀਤੀ।

ਓਧਰ ਰਾਜਾ ਸਲਵਾਹਨ ਨੇ ਜਦ ਇਹ ਸੋਅ ਸੁਣੀ ਤਾਂ ਸਿਆਲਕੋਟ ਦੇ ਕਿਲੇ ਤੇ ਕੋਟ (ਫਸੀਲ) ਦੀ ਮੁਰੰਮਤ ਸ਼ੁਰੂ ਕੀਤੀ। ਰਬ ਦਾ ਭਾਣਾ ਇਕ ਬੁਰਜ ਨੂੰ ਜਦ ਬਣਾਉਣ, ਉਹ ਢਹਿ ਪਵੇ। ਅੰਤ ਰਾਜੇ ਨੇ ਜੋਤਸ਼ੀਆਂ ਨੂੰ ਪੁਛਿਆ ਤਾਂ ਉਨ੍ਹਾਂ ਆਖਿਆ ਕਿ ਇਕ ਮੁਸਲਮਾਨ ਨੂੰ ਮਾਰਕੇ ਉਸ ਦਾ ਸਿਰ ਨੀਂਹਾਂ ਵਿਚ ਦੇਵੋ ਤਾਂ ਬੁਰਜ ਖਲੋਵੇਗਾ। ਹੁਕਮ ਹੋਇਆ, ਫੜ ਲਿਆਵੋ। ਸ਼ਹਿਰ ਵਿਚੋਂ ਇਕ ਵਿਧਵਾ ਮੁਸਲਮਾਨੀ ਦਾ ਪੁਤਰ

(ਜਿਸਦਾ ਨਾਂ ਜਬੇਰੋ ਸੀ) ਫੜ ਲਿਆਏ। ਮਾਂ ਬਥੇਰੀ ਰੁੰਨੀਂ, ਪਰ ਰਾਜੇ ਨੇ ਇਕ ਨਾ ਸੁਣੀ, ਮਾਰਕੇ ਉਸਦਾ ਸਿਰ ਨੀਂਹੀਂ ਹੇਠਾਂ ਦੇ ਦਿਤਾ, ਤੇ ਬੁਰਜ ਬਣ ਗਿਆ।

ਨੋਟ—ਪੁਰਾਣੇ ਸਮਿਆਂ ਵਿਚ ਇਹ ਆਖਿਆ ਜਾਂਦਾ ਹੈ, ਕਿ ਜਦ ਕੋਈ ਵਡੀ ਇਮਾਰਤ ਕਿਲਾ ਆਦਿ ਬਣਾਣਾ ਹੁੰਦਾ ਸੀ ਤਾਂ ਮਾਨੁਖ ਦਾ ਸਿਰ ਨੀਂਹੀਂ ਹੇਠਾਂ ਦਿੰਦੇ ਸਨ. ਤਾਕਿ ਇਮਾਰਤ ਅਟਲ ਰਹੇ। ਇਸ ਤਰ੍ਹਾਂ ਜਦ ਕੋਈ ਜਹਾਜ਼ ਨੂੰ ਔਕੜ ਆਉਂਦੀ ਸੀ ਤਾਂ ਵੀ ਮਾਨੁਖ ਕੁਰਬਾਨੀ ਕਰਦੇ ਸਨ। ਕੋਈ ਬੜੀਆਂ ਪੁਰਾਣੀਆਂ ਗਲਾਂ ਨਹੀਂ ਹੈਨ, ਚਾਰ ਪੰਜ ਸੋ ਵਰਹੇ ਈ ਹੋਏ ਹੋਣੇ ਨੇ; ਜਦੋਂ ਲੋਕ ਦੇਵੀ ਦੇਵਤਿਆਂ ਅਗੇ ਮਾਨੁਖੀ ਕੁਰਬਾਨੀਆਂ ਕਰਦੇ ਸਨ। ਇਹ ਸਾਰੇ ਮੁਲਕਾਂ ਵਿਚ ਰਵਾਜ ਸੀ। ਸੋ ਉਹ ਬੁਢੀ ਵੀ ਮੱਕੇ ਨੂੰ ਟੁਰ ਪਈ। ਰਸਤੇ ਵਿਚ ਇਕ ਥਲ ਵਿਚ ਬੇਹੋਸ਼ ਹੋ ਗਈ ਤੇ ਬੇਨਤੀ ਕੀਤੀ ਕਿ ਪੰਜਾਬੀ ਪੀਰ, ਮੇਰੀ ਮਦਤ ਕਰ। ਪੰਜਾਬੀ ਪੀਰ ਓਥੇ ਆਇਆ, ਤੇ ਆਖਿਓਸੂ. ਅਖਾਂ ਮੀਟ. ਤੇ ਜਦ ਅੱਖਾਂ ਖੋਲ੍ਹੀਆਂ ਤਾਂ ਉਹ ਮੱਕੇ ਵਿਚ ਪੁਜ ਗਈ। ਉਸ ਨੇ ਹਜ਼ਰਤ ਪਾਸ ਰੋਕੇ ਅਰਜ਼ ਗੁਜ਼ਾਰੀ ਤੇ ਕਾਫ਼ਰ ਸਲਵਾਹਨ ਦੇ ਜ਼ੁਲਮ ਸੁਣਾਏ। ਸਭਨਾਂ ਮੁਸਲਮਾਨਾਂ ਆਖਿਆ. ਮਾਈ ਰੋ ਨਾ। ਸਾਡੇ ਸਾਰਿਆਂ ਦੇ ਸਿਰ ਤੇਰੇ ਪੁਤਰ ਦਾ ਬਦਲਾ ਲੈਣ ਲਈ ਹਾਜ਼ਰ ਨੇ। ਹਜ਼ਰਤ ਦੇ ਪੁੱਤਰ ਦਾ ਤਿੰਨਾਂ ਦਿਨਾਂ ਨੂੰ ਵਿਆਹ ਹੈ, ਉਹ ਕਰਕੇ ਚਲਾਂਗੇ। ਮਾਈ ਨੇ ਰੋਕੇ ਕਿਹਾ, ਤੁਸੀ ਵਿਆਹ ਕਰਦੇ ਹੋ, ਪਰ ਮੇਰੀ ਧੀ ਆਪਣੇ ਪਤੀ ਦੇ ਮਰਨ ਦੇ ਕੀਰਨੇ ਕਰਦੀ ਬੈਠੀ ਹੈ, ਤਾਂ ਸਭ ਟੁਰ ਪਏ। ਰਸਤੇ ਵਿਚ ਵੇਖਿਆ ਤਾਂ ਕੁਲ ਪੰਜ ਸਵਾਰ ਰਸਾਲੂ ਨਾਲ ਸਨ। ਮਾਈ ਨੇ ਪੁਛਿਆ ਕਿ ਇਨ੍ਹਾਂ ਦੀ ਸਲਵਾਹਨ ਦੀ ਫੌਜ ਅਗੇ ਕੀ ਵੱਟੀ ਜਾਵੇਗੀ। ਰਸਾਲੂ ਕਿਹਾ, ਈਮਾਨ ਨਾ ਹਾਰ। ਗਲ ਕੀ, ਜੰਗਲ ਵਿਚ ਉਸ ਨੇ ਕਰਾਮਾਤ ਨਾਲ ਫੌਜ ਈ ਫੌਜ ਵਿਖਾਈ। ਮਾਈ ਨੂੰ ਢਾਰਸ ਆਈ। ਟੁਰਦੇ ਟੁਰਦੇ ਅੰਤ ਸਿਆਲਕੋਟ ਪੁਜੇ। ਲੜਾਈ ਸ਼ੁਰੂ ਹੋਈ, ਰਾਜਾ ਕਿਲ੍ਹੇ ਵਿਚ ਤੇ ਮੁਸਲਮਾਨ ਬਾਹਰ। ਪਰ ਅੰਤ ਕਿਲਾ ਸਰ ਹੋਇਆ ਤੇ ਹਿੰਦੂਆਂ ਦੀ ਬੜੀ ਫ਼ੌਜ, ਘੋੜੇ ਤੇ ਹਾਥੀ ਮਾਰੇ ਗਏ। ਉਸ ਮੋਰਚੇ ਵਿਚ ਇਕ ਸਵਾਰ ਬਿਨਾ ਸਿਰ ਦੇ ਹੱਥ ਵਿਚ ਤਲਵਾਰ ਲਈ ਲੜਦਾ ਨਜ਼ਰ ਆਉਂਦਾ ਸੀ। ਅੰਤ ਜਦ ਫ਼ਤਹਿ ਦੇ ਨਾਰ੍ਹੇ ਉਠੇ, ਅਲਾਹ ਓ ਅਕਬਰ ਦਾ ਸ਼ੋਰ ਮਚਿਆ, ਤਾਂ ਧੜ ਘੋੜੇ ਤੋਂ ਡਿਗਕੇ ਸ਼ਹੀਦਾਂ ਵਿਚ ਰਲ ਗਿਆ। ਰਸਾਲੂ ਨੇ ਕਿਲੇ ਵਿਚ ਜਾਕੇ ਰਾਜਾ ਸਲਵਾਹਨ ਨੂੰ ਵੇਖਿਆ ਤਾਂ ਉਹ ਹੁੱਕਾ ਪੀਂਦਾ ਸੀ। ਉਸ ਨੂੰ ਖਿਚਕੇ ਹੇਠਾਂ ਸੁਟਿਆ ਤੇ ਸੁਣਾਇਓਸੂ, ਕਿ ਤੂੰ ਕਾਫ਼ਰ ਹੈਂ, ਜ਼ਾਲਮ ਹੈਂ। ਤੇਰੇ ਲਈ ਮੁੱਲਾਂ ਤੇ ਕਾਜ਼ੀਆਂ ਦਾ ਹੁਕਮ ਹੈ ਕਿ ਜਾਂ ਤੇ ਤੂੰ ਮੁਸਲਮਾਨ ਹੋ ਜਾ ਜਾ ਕਤਲ ਕੀਤਾ ਜਾਏਂਗਾ। ਸਲਵਾਹਨ ਨੇ ਮੁਸਲਮਾਨ ਹੋਣਾ ਨਾ ਮੰਨਿਆ, ਪਰ ਜਾਨ ਬਖਸ਼ੀ ਲਈ ਬਥੇਰੇ ਤਰਲੇ ਕੀਤੇ। ਪਰ ਰਸਾਲੂ ਨੇ ਇਕ ਨਾ ਸੁਣੀ ਅਤੇ ਜ਼ਮੀਨ ਤੇ ਖਿਚਕੇ ਢਾਹ ਲਿਤਾ ਤੇ ਛਾਤੀ ਤੇ ਪੈਰ ਰਖ ਆਪਣੇ ਪਿਤਾ ਦਾ ਸੀਸ ਕਟ ਲਿਆ।

ਸ਼ਾਬਾਸ਼ ਰਸਾਲੂ ਨੂੰ ਤੇ ਸ਼ਾਬਾਸ਼ ਕਹਾਣੀ ਬਣਾਣ ਵਾਲੇ ਨੂੰ ਖੂਬ ਘੜੀ !

ਨੋਟ—ਉਪਰਲੀ ਵਾਰਤਾ ਇਕ ਮਨ ਕਲਪਤ ਕਹਾਣੀ ਤੋਂ ਵਧੀਕ ਕੀਮਤੀ ਨਹੀਂ। ਜਦ ਰਾਜਾ ਸਲਵਾਹਨ ਹੋਇਆ। ਜਿਸਦਾ ਸੰਮਤ ਸਾਕਾ ਹੁਣ ਤਕ ਜਾਰੀ ਹੈ, ਤਦ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਪੈਦਾਇਸ਼ ਵੀ ਨਹੀਂ ਸੀ ਹੋਈ. ਤੇ ਇਹ ਆਖਣਾ ਕਿ ਰਸਾਲੂ ਮੁਸਲਮਾਨ ਹੋਇਆ, ਉੱਕਾ ਕੂੜ ਹੈ। ਰਸਾਲੂ ਹੋਡੀ ਨਾਲ ਲੜਦਾ ਰਿਹਾ, ਤਦ ਵੀ ਮੁਸਲਮਾਨੀ ਦਾ ਨਾਂ ਨਿਸ਼ਾਨ ਦੁਨੀਆਂ ਵਿਚ ਨਹੀਂ ਸੀ। ਮੁਸਲਮਾਨ ਅਰਬਾਂ ਦੀ ਸਿੰਧ ਵਿਚ ਆਮਦ ਸੰ: ੭੧੨ ਈ: ਵਿਚ ਹੋਈ।

ਜੇ ਰਸਾਲੂ ਨੂੰ ਕਾਬਲ ਦਾ ਰਾਜਾ ਰੰਬਲ ਜਾਂ ਰਤਿਅਲ ਵੀ ਮੰਨੀਏ, ਜੇਹੜਾ ਸਰ ਰਿਚਰਡ ਟੈਂਪਲ ਦਾ ਖਿਆਲ ਹੈ, ਤਦ ਉਹ ਕਾਬਲ ਵਿਚ ਮੁਸਲਮਾਨਾਂ ਨਾਲ ਲੜਦਾ ਰਿਹਾ। ਅਖੀਰ ਉਸਦੀ ਵਡੇ ਹੁਜਾਜ ਨਾਲ ਸੁਲਹ ਹੋ ਗਈ। ਰੰਬਲ ਵੀ ਤਾਂ ਸਤਵੀਂ ਸਦੀ ਵਿਚ ਈ ਹੋਇਆ। ਤਦ ਵੀ ਇਸਲਾਮ ਦਾ ਦੌਰ ਹਿੰਦ ਵਿਚ ਨਹੀਂ ਸੀ ਹੋਇਆ। ਪਰ ਸਾਡੇ ਖਿਆਲ ਵਿਚ ਤਾਂ ਰਸਾਲੂ ਰੰਬਲ ਜਾਂ ਰਤਿਆਲ ਨਹੀਂ ਸੀ। ਹਾਂ, ਸੰ: ੭੯੦ ਈ: ਵਿਚ ਇਕ ਰਾਜਾ ਨਿਰੋਟ ਨੇ ਯੂਸਫ਼ਜ਼ਾਈਆਂ ਦੀ ਮੱਦਤ ਨਾਲ ਸਿਆਲਕੋਟ ਤੇ ਹਮਲਾ ਕੀਤਾ ਸੀ, ਤੇ ਸ਼ਹਿਰ ਤੇ ਕਿਲਾ ਉਜਾੜਿਆ ਸੀ। ਪਰ ਓਸ ਵੇਲੇ ਨਾ ਰਸਾਲੂ ਸੀ, ਨਾ ਸਲਵਾਹਨ। ਤੇ ਸ਼ੈਦ ਈ, ਯੂਸਫ਼ਜ਼ਈ ਮੁਸਲਮਾਨ ਹੋਏ ਹੋਣ।

ਮੁਕਦੀ ਗਲ ਕੀ, ਸਾਰੀ ਕਹਾਣੀ ਫ਼ਰਜ਼ੀ ਕਿਸੇ ਮੁਸਲਮਾਨ ਮਰਾਸੀ ਯਾ ਮੁਲਾਂ ਦੇ ਦਿਮਾਗ਼ ਦੀ ਵਿਉਂਤ ਹੈ। ਸ਼ੋਕ ! ਇਹ ਕਿ ਸਵਿਨਰਟਨ ਨੇ ਬਗੈਰ ਸੋਚੇ ਬਿਨਾਂ ਪੜਤਾਲ ਕਿਤਾਬ ਵਿਚ ਲਿਖ ਦਿਤੀ।

## ੪-ਮੀਰ ਸ਼ਿਕਾਰੀ

ਜਦ ਰਸਾਲੂ ਨੇ ਸਿਆਲਕੋਟ ਤੇ ਪੂਰਾ ਤਸਲਤ ਬਿਠਾ ਲਿਆ ਤਾਂ ਇਕੱਲਾ ਦਖਨ ਵਲ ਟੁਰ ਪਿਆ, ਕਿਉਂਕਿ ਓਥੇ ਉਸਨੇ ਮੀਰ ਸ਼ਿਕਾਰੀ ਨੂੰ ਮਿਲਨਾ ਸੀ। ਜਦ ਦੂਰ ਜੰਗਲ ਵਿਚ ਨਿਕਲ ਗਿਆ, ਤਾਂ ਦੂਰੋਂ ਬੀਨ ਦੀ ਆਵਾਜ਼ ਸੁਣਾਈ ਦਿਤੀ। ਘੋੜੇ ਨੂੰ ਪੁਛਿਉਸੁ, ਇਹ ਕੀ ਹੈ, ਤਾਂ ਉਸ ਨੇ ਆਖਿਆ ਕਿ ਮੀਰ ਸ਼ਿਕਾਰੀ ਬਨ ਵਿਚ ਬੀਨ ਵਜਾਂਦਾ ਹੈ, ਤਾਂ ਰਸਾਲੂ ਉਸ ਬੀਨ ਦੀ ਆਵਾਜ਼ ਦੀ ਸੇਧੇ ਟੁਰੀ ਗਿਆ।

ਓਧਰ ਮੀਰ ਸ਼ਿਕਾਰੀ ਨੂੰ ਜੋਤਸ਼ੀਆਂ ਨੇ ਦਸਿਆ ਹੋਇਆ ਸੀ ਕਿ ਰਜਾ ਰਸਾਲੂ ਹੋਵੇਗਾ, ਜੇਹੜਾ ਤੈਨੂੰ ਮਿਲ ਕੇ ਹੋਰ ਜਾਦੂ ਤੇ ਕਰਤਬ ਸਿਖਾਏਗਾ। ਸੋ ਜਦ ਰਸਾਲੂ ਮੀਰ ਸ਼ਿਕਾਰੀ ਦੇ ਕੋਲ ਪੁਜਾ, ਤਾਂ ਮੀਰ ਸ਼ਿਕਾਰੀ ਨੇ ਪੁਛਿਆ, ਕਿ ਤੂੰ ਕੌਣ ਹੈਂ ? ਕਿਥੇ ਤੇਰਾ ਘਰ ਹੈ ? ਰਸਾਲੂ ਨੇ ਦਸਿਆ, ਮੈਂ ਰਾਜਾ ਸਲਵਾਹਨ ਦਾ ਪੁਤਰ ਰਸਾਲੂ ਹਾਂ, ਤੇ ਸਿਆਲਕੋਟ ਮੇਰਾ ਰਾਜ ਹੈ। ਮੀਰ ਸ਼ਿਕਾਰੀ ਨੇ ਫੇਰ ਪੁਛਿਆ ਕੀ ਤੂੰ ਓਹੋ ਰਸਾਲੂ ਹੈਂ ਜਿਸ ਦੀ ਆਮਦ ਬਾਬਤ ਜੋਤਸ਼ੀਆਂ ਨੇ ਅਗੇ ਈ ਦਸਿਆ ਹੋਇਆ ਹੈ ? ਰਸਾਲੂ ਨੇ 'ਹਾਂ' ਵਿਚ ਉਤਰ ਦਿਤਾ। ਫੇਰ ਰਸਾਲੂ ਨੇ ਪੁਛਿਆ ਕਿ ਹੇ ਮੀਰ

Sri Satguru Jagjit Singh Ji Elibrary NamdhariElibrary@gmail.com

ਸ਼ਿਕਾਰੀ ! ਤੂੰ ਇਹ ਬੀਨ ਜਾਂ ਬਾਂਸਰੀ ਕਿਉਂ ਬਜਾਂਦਾ ਹੈ ? ਮੀਰ ਸ਼ਿਕਾਰੀ ਨੇ ਦਸਿਆ, ਇਸ ਦੀ ਆਵਾਜ਼ ਤੇ ਜਨੌਰ ਮਸਤ ਹੋਕੇ ਨੇੜੇ ਆ ਜਾਂਦੇ ਨੇ, ਤੇ ਮੈਂ ਸ਼ਿਕਾਰ ਕਰ ਲੈਂਦਾ ਹਾਂ। ਰਸਾਲੂ ਨੇ ਆਖਿਆ, ਮੈਂ ਤੇਨੂੰ ਜਾਦੂ ਤੇ ਕਰਤਬ ਤਾਂ ਸਿਖਾਂਦਾ ਹਾਂ, ਜੇ ਤੂੰ ਮੇਰੀਆਂ ਤਿੰਨ ਗੱਲਾਂ ਮੰਨੇ :—

(੧) ਕਿਸੇ ਨੂੰ ਰਸਾਲੂ ਦੇ ਆਉਣ ਦੀ ਖਬਰ ਨਾ ਕਰੀਂ।

(੨) ਇਸ ਜੰਗਲ ਦੇ ਤਿੰਨ ਪਾਸੇ ਸ਼ਿਕਾਰ ਖੇਡੀਂ, ਪਰ ਦੱਖਨ ਵਾਲੇ ਪਾਸੇ ਸ਼ਿਕਾਰ ਨਾ ਖੇਡਨਾ॥

(੩) ਦੱਖਨ ਵਾਲੇ ਪਾਸੇ ਇਕ ਹਿਰਨ ਤੇ ਹਿਰਨੀ ਰਹਿੰਦੇ ਨੇ, ਉਨ੍ਹਾਂ ਨੂੰ ਨਾ ਮਾਰਨਾ।

ਮੀਰ ਸ਼ਿਕਾਰੀ ਨੇ ਤਿੰਨੇ ਸ਼ਰਤਾਂ ਮਨਜ਼ੂਰ ਕੀਤੀਆਂ।

ਰਸਾਲੂ ਨੇ ਫੇਰ ਤਾਕੀਦ ਕੀਤੀ ਕਿ ਜੇ ਤੂੰ ਓਨ੍ਹਾਂ ਨੂੰ ਮਾਰਿਆ ਤਾਂ ਯਾਦ ਰਖੀਂ, ਤੇਰੀ ਆਪਣੀ ਜਿੰਦ ਵੀ ਜਾਵੇਗੀ॥

ਮੀਰ ਸ਼ਿਕਾਰੀ ਨੇ ਇਹ ਸਭ ਸ਼ਰਤਾਂ ਮੰਨ ਲਈਆਂ, ਤੇ ਰਸਾਲੂ ਨ ਉਸ ਨੂੰ ਜਾਦੂ ਤੇ ਕਰਤਬ ਸਿਖਾਏ, ਤੇ ਉਥੋਂ ਟੁਰਕੇ ਜ਼ੰਗਲ ਦੇ ਹੋਰ ਪਾਸੇ ਚਲਾ ਗਿਆ। ਮੀਰ ਸ਼ਿਕਾਰੀ ਸ਼ਿਕਾਰ ਮਾਰ ਕੇ ਘਰ ਨੂੰ ਆਇਆ ਤੇ ਆਕੇ ਆਪਣੀ ਵਹੁਟੀ ਨੂੰ ਕਹਿਣ ਲਗਾ, ਜੰਗਲ ਵਿਚ ਅਜ ਮੈਨੂੰ ਰਸਾਲੂ ਮਿਲਿਆ ਸੀ। ਪਰ ਉਹ ਨਾ ਮੰਨੀ। ਪਰ ਫੇਰ ਮੀਰ ਸ਼ਿਕਾਰੀ ਨੇ ਅੱਲਾ ਦੀ ਸੁਗੰਧ ਖਾਧੀ ਤੇ ਕਿਹਾ ਮੈਂ ਰਸਾਲੂ ਨੂੰ ਮਿਲਿਆ ਹਾਂ ਤੇ ਉਸਨੇ ਰਸਾਲੂ ਕੋਲ ਮੰਨੀਆਂ ਸ਼ਰਤਾਂ ਵਿਚੋਂ ਪਹਿਲੀ ਸ਼ਰਤ ਤੋੜੀ ਕੁਝ ਰਾਤ ਗਈ ਮੀਰ ਸ਼ਿਕਾਰੀ ਨੇ ਆਖਿਆ ਕਿ ਮੈਂ ਸਵੇਰੇ ਮੂੰਹ ਹਨੇਰੇ ਸ਼ਿਕਾਰ ਜਾਣਾ ਈ, ਤੂੰ ਮੇਰੀ ਰੋਟੀ ਤੇ ਮਾਸ ਬਣਾ ਛਡੀਂ। ਵਹੁਟੀ ਨੇ ਕਿਹਾ, ਬਥੇਰਾ ਚਿਰ ਹੈ, ਸਰਗੀ ਵੇਲੇ ਸਭ ਬਣਾ ਦਿਆਂਗੀ। ਸਵੇਰੇ ਉਠੀ ਤਾਂ ਮਾਸ ਹੈ ਨਹੀਂ ਸੀ। ਅਧੀ ਰਾਤੀ ਕਸਾਈ ਦੇ ਗਈ। ਬੂਹਾ ਭੰਨਿਆਂ ਤੇ ਉਸ ਨੇ ਅੰਦਰੋਂ ਹੀ ਕਿਹਾ, ਪੈਸੇ ਲੈ ਆ, ਤਾਂ ਮਾਸ ਦਿਆਂਗਾ। ਔਹ ਕੋਈ ਵੇਲਾ ਮਾਸ ਵੇਚਣ ਦਾ ਹੈ ? ਪਰ ਜਾਹ ਪੈਸੇ ਲੈ ਆ ਤੇ ਮਾਸ ਲੈ ਜਾ। ਵਿਚਾਰੀ ਨੂੰ ਫਿਰਦਿਆਂ ਫਿਰਾਂਦਿਆਂ ਦੇਰ ਹੋ ਗਈ। ਮੀਰ ਸ਼ਿਕਾਰੀ ਉਠ ਕੇ ਸ਼ਿਕਾਰ ਨੂੰ ਚਲਿਆ ਗਿਆ, ਅਰ ਜੰਗਲ ਦੇ ਦਖਣੀ ਪਾਸੇ ਈ ਗਿਆ, ਜਿਥੇ ਜਾਣੋਂ ਰਸਾਲੂ ਨੇ ਮਨ੍ਹਾਂ ਕੀਤਾ ਸੀ। ਇਹ ਦੂਸਰੀ ਸ਼ਰਤ, ਉਸ ਨੇ ਤੋੜੀ। ਫੇਰ ਲੁਕ ਕੇ ਬੀਨ ਬਜਾਣ ਲਗਾ ਤੇ ਹਰਨ ਤੇ ਹਰਨੀ ਦਾ ਜੋੜਾ ਸਾਮ੍ਹਣੇ ਆਇਆ ਤੇ ਹਰਨ ਮਸਤ ਹੋ ਖੜੋ ਗਿਆ। ਹਰਨੀ ਨੇ ਬਥੇਰਾ ਸਮਝਾਇਆ ਕਿ ਇਹ ਧੋਖਾ ਈ, ਪਰ ਹਰਨ ਬੀਨ ਤੇ ਮਸਤ ਬੁਤ ਬਣਿਆ ਖੜਾ ਰਿਹਾ। ਮੀਰ ਸ਼ਿਕਾਰੀ ਨੇ ਤੀਰ ਮਾਰ ਕੇ ਢਾਹ ਲਿਆ।

ਨੋਟ – ਅਗੇ ਉਹੀ ਕਹਾਣੀ ਹੈ ਜਿਸ ਦਾ ਵੇਰਵਾ ਕਿਸੇ ਹੋਰ ਥਾਂ ਤੇ ਦਿਤਾ ਹੈ। ਫਰਕ ਇੰਨਾ ਹੈ ਕਿ ਓਥੇ ਗਿਦੜ ਤੇ ਗਿਦੜੀ ਦੋਵੇਂ ਮੋਏ, ਏਥੇ ਨਿਰਾ ਹਿਰਨ ਈ

ਮੋਇਆ, ਤੇ ਜਦ ਸ਼ਹਿਰ ਜਾ ਕੇ ਰਸਾਲੂ ਨੇ ਮੀਰ ਸ਼ਿਕਾਰੀ ਦੀ ਵਹੁਟੀ ਨੂੰ ਖਬਰ ਕੀਤੀ ਤਾਂ ਮੀਰ ਸ਼ਿਕਾਰੀ ਦੀ ਪਗ ਉਸ ਨੂੰ ਨਿਸ਼ਾਨੀ ਦਿਤੀ। ਜਿਸ ਨੂੰ ਵੇਖ ਕੇ ਮੀਰ ਸ਼ਿਕਾਰੀ ਦੀ ਵਹੁਟੀ ਗਸ਼ ਖਾ ਕੇ ਡਿਗ ਪਈ। ਜਦ ਹੋਸ਼ ਆਈ ਤਾਂ ਉਸ ਨੇ ਆਪਣੇ ਰਾਜਾ ਦੇ ਦਰਬਾਰ ਜਾ ਕੇ ਕੂਕ ਦਿਤੀ। ਰਾਜਾ ਨੇ ਰਸਾਲੂ ਨੂੰ ਆਦਰ ਨਾਲ ਬੁਲਾ ਕੇ ਪੁਛਿਆ, ਤਾਂ ਰਸਾਲੂ ਨੇ ਕਿਹਾ ਇਹ ਬੁਝਾਰਤ ਬੁਝੋ :—

ਇਕ ਮਾਰਿਆ ਤਾਂ ਦੋ ਮੋਏ,
ਦੋ ਮੋਏ ਤਾਂ ਚਾਰ
ਚਾਰ ਮੋਏ ਤਾਂ ਛੀ ਮੋਏ,
ਚਾਰ ਮਰਦ ਦੋ ਨਾਰ।

ਪਰ ਰਾਜਾ ਨਾ ਬੁਝ ਸਕਿਆ। ਅੰਤ ਰਸਾਲੂ ਦੇ ਨਾਲ ਰਾਜੇ ਦਾ ਵਜ਼ੀਰ ਗਿਆ, ਤੇ ਜਾ ਕੇ ਸਾਰਾ ਕੌਤਕ ਅਖੀਂ ਵੇਖਿਆ। ਰਾਜਾ ਨੇ ਮੰਨਿਆਂ ਕਿ ਰਸਾਲੂ ਸਚ ਆਖਦਾ ਹੈ। ਫੇਰ ਰਾਜਾ ਰਸਾਲੂ ਨੇ ਜੰਗਲ ਵਿਚ ਮੀਰ ਸ਼ਿਕਾਰੀ ਦੀ ਕਬਰ ਖੋਦੀ ਤੇ ਇਕ ਰੌਜ਼ਾ ਬਣਾਇਆ।

## ੫. ਰਸਾਲੂ ਤੇ ਹੰਸ

ਰਸਾਲੂ ਭਉਂਦਾ ਭਉਂਦਾ ਇਕ ਸ਼ਹਿਰ ਵਿਚ ਆਇਆ ਜਿਥੇ ਦਰਵਾਜ਼ੇ ਤੇ ਇਹ ਲਿਖਿਆ ਸੀ, ਕਿ "ਰਾਜਾ ਸਲਵਾਹਨ ਦਾ ਪੁਤਰ ਰਾਜਾ ਰਸਾਲੂ ਇਕ ਦਿਨ ਏਥੇ ਆਵੇਗਾ, ਤੇ ਉਹ ਲੋਹੇ ਦਾ ਇਕ ਸਵਾ ਮਣ ਦਾ ਤੀਰ ਅਸਮਾਨ ਵਿਚ ਮਾਰੇਗਾ, ਜੇਹੜਾ ਸੌ ਗਜ਼ ਉਚਾ ਚੜ੍ਹ ਜਾਏਗਾ। ਤਦ ੧੦੦ ਸੌ ਗਜ਼ ਲੰਮੀ ਪਗ ਉਸ ਨੂੰ ਇਨਾਮ ਮਿਲੇਗੀ।" ਰਾਜਾ ਰਸਾਲੂ ਇਹ ਪੜ੍ਹ ਕੇ ਕੁਝ ਦਿਨ ਓਥੇ ਹੀ ਠਹਿਰ ਗਿਆ। ਇਕ ਦਿਨ ਜਦ ਲੋਕ ਆਪਣੇ ਹਥਿਆਰਾਂ ਦੇ ਕਰਤਬ ਵਿਖਾ ਰਹੇ ਸਨ, ਰਸਾਲੂ ਨੇ ਇਕ ਮੋਟਾ ਲੋਹੇ ਦਾ ਤੀਰ ਆਸਮਾਨ ਵਲ ਮਾਰਿਆ, ਤੇ ਉਹ ਤੀਰ ਮੁੜ ਜ਼ਮੀਨ ਤੇ ਡਿਗਾ ਹੀ ਨਾ। ਲੋਕਾਂ ਨੇ ਜਾਣ ਲਿਤਾ ਕਿ ਇਹ ਸਚ ਮੁਚ ਦਾ ਰਸਾਲੂ ਹੈ, ਤਾਂ ਉਨ੍ਹਾਂ ਨੇ ਸੌ ਗਜ਼ ਦੀ ਪਗ ਉਣ ਕੇ ਰਸਾਲੂ ਨੂੰ ਇਨਾਮ ਦਿਤਾ।

ਫੇਰ ਉਹ ਸੈਰ ਕਰਦਾ ਕਰਦਾ ਰਾਜਾ ਭੋਜ ਦੇ ਦੇਸ ਵਿਚ ਆਇਆ। ਰਸਤੇ ਵਿਚ ਇਕ ਗਿਦੜ ਡਿਠਾ, ਰਾਜਾ ਨੇ ਫੜ ਲਿਆ। ਗਿਦੜ ਨੇ ਕਿਹਾ ਜੀ, ਕਿਉਂ ਫੜਿਆ ਜੇ ? ਰਾਜੇ ਨੇ ਆਖਿਆ, ਕਲਿਆਂ ਜੀ ਨਹੀਂ ਸੀ ਲਗਦਾ। ਤੂੰ ਗਲਾਂ ਬਾਤਾਂ ਕਰ ਤੇ ਕਹਾਣੀਆਂ ਜੀ ਪਰਚਾਉਣੀਆਂ ਸੁਣਾਈਆਂ। ਗਿਦੜ ਨੇ ਕਈ ਝੂਠੀਆਂ ਸਚੀਆਂ ਕਹਾਣੀਆਂ ਸੁਣਾਈਆਂ। ਅੰਤ ਭੋਜ ਦੇ ਸ਼ਹਿਰ ਪੁਜੇ. ਤਾਂ ਰਾਜੇ ਰਸਾਲੂ ਨੇ ਗਿਦੜ ਨੂੰ ਕਿਹਾ, ਭਈ ਤੂੰ ਹੁਣ ਜਾ। ਤਾਂ ਗਿਦੜ ਨੇ ਅਰਜ਼ ਕੀਤੀ ਰਾਜਾ ਜੀ, ਸ਼ਹਿਰ ਦੇ ਕੋਲ ਛਡੋਗੇ ਤਾਂ ਮੈਨੂੰ ਸ਼ਹਿਰ ਦੇ ਕੁਤੇ ਮਾਰ ਦੇਣਗੇ। ਮੈਨੂੰ ਜੰਗਲ ਹੀ ਛਡ ਦਿੰਦੇ, ਨਹੀਂ

ਤੇ ਮੈਨੂੰ ਹੁਣ ਨਾਲ ਈ ਲੈ ਚਲੋ। ਰਾਜਾ ਨਾਲ ਈ ਲੈ ਟੁਰਿਆ। ਰਾਜਾ ਭੋਜ ਨੂੰ ਖਬਰ ਹੋਈ ਤਾਂ ਉਸਨੇ ਬੜੇ ਆਦਰ ਨਾਲ ਸੁਆਗਤ ਕੀਤਾ । ਆਪਣੇ ਕੋਲ ਬਿਠਾਇਆ। ਫੇਰ ਆਪਸ ਵਿਚ ਚੌਪੜ ਖੇਡਣ ਲਗੇ। ਬਾਜ਼ੀ ਲਾਕੇ। ਜਦ ਭੋਜ ਨੇ ਪਾਸਾ ਸੁਟਿਆ ਤਾਂ ਗਿਦੜ ਨੇ ਵਹਿਕੇ ਉਸਦਾ ਹਥ ਰੋਕ ਦਿਤਾ, ਭੋਜ ਹਾਰ ਗਿਆ, ਤੇ ਬੜਾ ਗੁਸੇ ਹੋਇਆ। ਆਖਿਉਸੁ, ਇਸ ਗਿਦੜ ਨੂੰ ਮਾਰ ਦਿਓ। ਗਿਦੜ ਅਰਜ਼ ਕੀਤੀ, ਮੈਂ ਰਾਤ ਦਾ ਉਨੀਂਦਰਾ ਹਾਂ, ਮੈਂ ਜਾਣ ਕੇ ਨਹੀਂ ਡਿਗਾ। ਫੇਰ ਖੇਡਣ ਲਗੇ ਤੇ ਫੇਰ ਗਿਦੜ ਨੇ ਉਹੀ ਕੀਤਾ, ਤੇ ਰਾਜਾ ਭੋਜ ਵਧੇਰੇ ਈ ਗੁਸੇ ਹੋਇਆ। ਪਰ ਗਿਦੜ ਦਾ ਉਹੀ ਬਹਾਨਾ। ਰਾਜੇ ਭੋਜ ਨੇ ਪੁਛਿਆ ਕਿ ਤੂੰ ਉਨੀਂਦਰਾ ਕਿਉਂ ਰਿਹਾ? ਉਸ ਨੇ ਅਰਜ਼ ਕੀਤੀ ਕਿ ਭੁਖ ਦਾ ਮਾਰਿਆ ਮੈਂ ਇਕ ਦਰਿਆ ਦੇ ਕੰਢੇ ਤੇ ਗਿਆ। ਓਥੇ ਵੀ ਕੁਝ ਨਾ ਮਿਲਿਆ। ਮੈਂ ਗੁਸੇ ਨਾਲ ਇਕ ਪਥਰ ਨੂੰ ਦੂਜੇ ਪਥਰ ਤੇ ਮਾਰਿਆ, ਉਸ ਵਿਚੋਂ ਅਗ ਨਿਕਲੀ। ਅਗ ਨੂੰ ਮੈਂ ਪਤਿਆਂ ਵਿਚ ਕਠਾ ਕੀਤਾ, ਪਰ ਕੁਝ ਚਿਣਗਾਂ ਦਰਿਆ ਵਿਚ ਡਿਗ ਪਈਆਂ, ਤੇ ਦਰਿਆ ਨੂੰ ਅਗ ਲਗ ਗਈ। ਮੈਂ ਸੁਕੇ ਘਾ ਨਾਲ ਸਾਰੀ ਰਾਤ ਬੁਝਾਂਦਾ ਰਿਹਾ, ਅੰਤ ਅਗ ਬੁਝਾਈ, ਤਿੰਨ ਹਿਸੇ ਦਰਿਆ ਸੜ ਗਿਆ। ਇਸ ਕਰਕੇ ਮੈਂ ਸੌਂ ਨਾ ਸਕਿਆ। ਦੋਵੇਂ ਰਾਜੇ ਹਸੇ ਤੇ ਰਾਜੇ ਭੋਜ ਪੁਛਿਆ ਕਿ ਦਸ ਖਾਂ ਭਲਾ ਕਦੀ ਦਰਿਆ ਨੂੰ ਵੀ ਅਗ ਲਗੀ ਏ? ਭਲਾ ਜੇ ਲਗੀ ਵੀ ਤਾਂ ਕਦੀ ਘਾਹ ਨਾਲ ਬੁਝੀ ਵੀ ਹੈ?

ਗਿਦੜ ਨੇ ਹਥ ਜੋੜਕੇ ਬੇਨਤੀ ਕੀਤੀ, ਕਿ ਮਹਾਰਾਜ! ਜੇ ਸੁਕੇ ਘਾ ਨਾਲ ਅਗ ਨਹੀਂ ਬੁਝਦੀ ਤਾਂ ਹੰਸਨੀ ਕਾਗ ਦੀ ਵਹੁਟੀ ਕੀਕਣ ਹੋ ਸਕਦੀ ਏ? ਰਸਾਲੂ ਨੇ ਇਹ ਗੂੜ੍ਹ ਜਵਾਬ ਸੁਣ ਕੇ ਪੁਛਿਆ, ਹੇ ਗਿਦੜ ਕਿ ਤੂੰ ਕੀ ਬੁਝਾਰਤਾਂ ਪਾਂਦਾ ਹੈਂ ? ਤਾਂ ਗਿਦੜ ਨੇ ਆਖਿਆ ਕਿ, ਮਹਾਰਾਜ ਭੋਜ ਨੇ ਕਲ ਇਨਸਾਫ ਕੀਤਾ ਹੈ, ਤੇ ਇਕ ਹੰਸ ਦੀ ਹੰਸਨੀ ਖੋਹਕੇ ਕਾਂ ਨੂੰ ਦੁਵਾ ਦਿਤੀ ਤੇ ਹੰਸ ਸਾਰੀ ਰਾਤ ਰੋਂਦਾ ਰਿਹਾ।

ਇਹ ਸੁਣ ਕੇ ਰਾਜੇ ਭੋਜ ਨੇ ਆਖਿਆ, ਇਹ ਗਿਦੜ ਸਚ ਆਖਦਾ ਹੈ। ਰਸਾਲੂ ਨੇ ਗਿਦੜ ਨੂੰ ਪੁਛਿਆ, ਤੂੰ ਦਸ ਸਚੀ ਗਲ ਕੀ ਸੀ? ਤਾਂ ਗਿਦੜ ਨੇ ਅਸਲ ਕਹਾਣੀ ਸੁਣਾਈ:—

ਇਕ ਦਿਨ ਕਾਂ ਤੇ ਕਾਉਂਣੀ ਦੋਵੇਂ ਦਰਿਆ ਦੇ ਕੰਢੇ ਤੇ ਉਡਦੇ ਸਨ । ਕਾਉਂਣੀ ਨੇ ਕਿਹਾ, ਚਲ ਉਚੇ ਅਕਾਸ਼ ਵਲ ਚਲੀਏ, ਤੇ ਕਾਂ ਨੇ ਕਿਹਾ, ਨਾ ਖਹਿੜੇ ਪਉ। ਪਰ ਕਾਉਂਣੀ ਨਾ ਮੰਨੀ । ਦੋਵੇਂ ਉਡਦੇ ਉਡਦੇ ਅਕਾਸ਼ੇ ਚੜ੍ਹਦੇ ਗਏ। ਉਪਰ ਮੀਂਹ, ਗੜਾ ਤੇ ਬਰਫ਼ ਦੇ ਦੇਸ ਵਿਚ ਜਦ ਗਏ, ਤਾਂ ਭਿਜਕੇ ਠੰਢ ਨਾਲ ਵਿਆਕੁਲ ਹੋ ਗਏ। ਹੇਠਾਂ ਉਤਰੇ, ਪਰ ਦੂਰ ਕਿਸੇ ਟਾਪੂ ਵਿਚ ਜਾ ਲਥੇ। ਬੜੀ ਠੰਢ ਲਗੇ। ਕੰਬਦੇ ੨ ਇਕ ਹੰਸ ਦੇ ਘਰ ਗਏ। ਵਾਸਤਾ ਪਾਇਆ, ਪਰ ਹੰਸ ਨੇ ਆਖਿਆ, ਸਾਡਾ ਤੁਹਾਡਾ ਕੋਈ ਸਾਕ ਸੰਗ ਨਹੀਂ। ਤੁਸੀ ਹੋਰ ਕਿਧਰੇ ਜਾਵੋ। ਪਰ ਕਾਂ ਨੇ ਫੇਰ ਰਬ ਦਾ ਵਾਸਤਾ ਪਾਇਆ, ਤੇ ਹੰਸ ਨੇ ਘਰ ਵਾੜ ਲਿਤੇ। ਹੰਸਣੀ ਨੇ ਵੀ ਆਖਿਆ ਕਿ ਇਨ੍ਹਾਂ ਭੈੜਿਆਂ

Sri Satguru Jagjit Singh Ji Elibrary NamdhariElibrary@gmail.com

ਕਾਲਿਆਂ ਨੂੰ ਘਰ ਨਾ ਵਾੜੋ, ਸਾਨੂੰ ਲਾਜ ਲਗੇਗੀ, ਪਰ ਹੰਸ ਨੇ ਪਰਉਪਕਾਰ ਸਮਝਕੇ ਥਾਂ ਦਿਤੀ। ਮੋਤੀ ਖਾਣ ਨੂੰ ਦਿਤੇ। ਜਦ ਸਵੇਰ ਹੋਈ ਤੇ ਕਾਵਾਂ ਨੂੰ ਵਿਦਿਆ ਕਰਨ ਲਗਾ, ਤਾਂ ਕਾਂ ਨੇ ਆਖਿਆ, ਪਈ ਇਹ ਚੰਗੀ ਭਲੀਮਾਣਸੀ ਦਾ ਸਮਾਂ, ਰਾਤ ਰਖਿਆ ਤੇ ਮੇਰੀ ਵਹੁਟੀ ਹੰਸਣੀ ਨੂੰ ਸਾਂਭ ਬੈਠੋਂ। ਹੰਸ ਨੇ ਉਤਰ ਦਿਤਾ, ਵਾਹ ਭਈ ਕਾਂਵਾ, ਤੂੰ ਚੰਗਾ ਭਲੇ ਦਾ ਬਦਲਾ ਦਿਤਾ; ਜਾਹ ਏਥੋਂ, ਮਖੌਲ ਨਾ ਕਰ। ਪਰ ਕਾਂ ਤੇ ਜਾਵੇ ਈ ਨਾ, ਅੰਤ ਦੋਵੇਂ ਝਗੜਦੇ ੨ ਰਾਜਾ ਭੋਜ ਦੀ ਕਚਹਿਰੀ ਵਿਚ ਆਏ। ਹੰਸ ਨੇ ਆਪਣੀ ਸਚੀ ਵਾਰਤਾ ਸੁਣਾਈ। ਪਰ ਕਾਂ ਨੇ ਆਖਿਆ ਕਿ ਇਕ ਦਿਨ ਮੈਂ ਦਰਿਆ ਦੇ ਕੰਢੇ ਤੇ ਫਿਰਦਾ ਸਾਂ, ਤਾਂ ਰੇਤੇ ਵਿਚ ਅੰਡਾ ਵੇਖਿਆ, ਮੈਂ ਚੁਕ ਕੇ ਆਪਣੇ ਆਲ੍ਹਣੇ ਵਿਚ ਲੈ ਗਿਆ, ਤੇ ਉਸਨੂੰ ਅਪਨੀ ਛਾਤੀ ਦੇ ਸੇਕ ਨਾਲ ਪਕ੍ਹਾਇਆਂ। ਅੰਤ ਉਸ ਵਿਚੋਂ ਬਚਾ ਨਿਕਲਿਆ। ਉਹ ਹੰਸਣੀ ਸੀ, ਮੈਂ ਉਸ ਦੀ ਬਾਰਾਂ ਵਰਹੇ ਰਾਖੀ ਤੇ ਪਾਲਨਾ ਕੀਤੀ। ਇਸ ਕਰਕੇ ਕਿ ਜਦ ਵਡੀ ਹੋਵੇਗੀ ਤਾਂ ਵਿਆਹਵਾਂਗਾ। ਹੁਣ ਉਹ ਮੇਰੀ ਵਹੁਟੀ ਬਣੀ ਏ। ਔਕੜ ਪਈ, ਰਾਤ ਨੂੰ ਹੰਸ ਦੇ ਘਰ ਰਹੇ। ਉਸ ਨੇ ਮੇਰੀ ਵਹੁਟੀ ਖੋਹ ਲਈ। ਰਾਜਾ ਭੋਜ ਨੇ ਕਾਂ ਦੀ ਕਹਾਣੀ ਮੰਨ ਕੇ ਉਸ ਨੂੰ ਹੰਸਣੀ ਦਵਾ ਦਿਤੀ।

ਇਹ ਸੁਣ ਕੇ ਭੋਜ ਨੇ ਆਖਿਆ ਬੇਇਨਸਾਫ਼ੀ ਹੋਈ। ਹੁਣ ਸਬਬ ਨਾਲ ਚਾਰੇ ਪੰਖੀ ਉਸ ਬਾਗ ਵਿਚ ਸਨ। ਰਾਜੇ ਨੇ ਚੌਹਾਂ ਨੂੰ ਸਦਾਇਆ। ਉਹ ਸਾਮ੍ਹਣੇ ਰੁਖ ਦੇ ਟਾਹਣ ਤੇ ਬੈਠ ਸਨ। ਤਾਂ ਰਸਾਲੂ ਨੇ ਗੁਲੇਲ ਲੇ ਕਾਂ ਦਾ ਨਿਸ਼ਾਨਾ ਫੁੰਡ ਪਾਰ ਬੁਲਾਇਆ। ਹੰਸਣੀ ਮੁੜ ਹੰਸ ਨੂੰ ਦੇਕੇ ਇਨਸਾਫ ਨੂੰ ਸਿਰੇ ਚੜ੍ਹਾਇਆ। ਤੇ ਹੰਸ ਬੋਲਿਆ :—

ਸਭ ਰਾਜੇ ਮੁਰਗਾਬੀਆਂ ਤੇ ਤੂੰ ਰਾਜਾ ਸ਼ਾਂਹਬਾਜ਼।
ਇਨਸਾਫ ਕੀਤੋਈ ਸਚ ਤੂੰ, ਤੇਰੀ ਉਮਰ ਹੋਇ ਦਰਾਜ਼।

## ੬—ਰਾਜਾ ਰਸਾਲੂ ਤੇ ਰਾਜਾ ਭੋਜ

ਰਾਜਾ ਰਸਾਲੂ ਕੁਝ ਚਿਰ ਰਾਜਾ ਭੋਜ ਦਾ ਮਹਿਮਾਨ ਰਿਹਾ। ਅੰਤ ਟੁਰਨ ਲਗਾ, ਤਾਂ ਰਾਜੇ ਭੋਜ ਨੇ ਆਖਿਆ, ਜੀ, ਕੁਝ ਚਿਰ ਹੋਰ ਠਹਿਰੋ ਤੇ ਮੈਨੂੰ ਆਪਣਾ ਚੇਲਾ ਬਣਾਓ। ਪਰ ਰਸਾਲੂ ਨੇ ਆਖਿਆ, ਅਸੀਂ ਚਲਦੇ ਈ ਚੰਗੇ ਹਾਂ। ਜਦ ਰਸਾਲੂ ਟੁਰਿਆ ਤਾਂ ਸਾਰਾ ਸ਼ਹਿਰ ਵਿਦਿਆ ਕਰਨ ਲਈ ਆਇਆ ਤੇ ਰਾਜਾ ਭੋਜ ਤੇ ਉਸ ਦਾ ਵਜ਼ੀਰ ਕੁਝ ਆਦਮੀ ਲੈਕੇ ਰਸਾਲੂ ਦੇ ਨਾਲ ਈ ਟੁਰ ਪਏ। ਰਸਤੇ ਵਿਚ ਭੋਜ ਨੇ ਪੁਛਿਆ ਕਿ ਦੁਨੀਆਂ ਵਿਚ ਕਿਹੜੀਆਂ ਪੰਜ ਚੀਜ਼ਾਂ ਬੁਰੀਆਂ ਹੈਨ ? ਤਾਂ ਰਸਾਲੂ ਨੇ ਉਤਰ ਦਿਤਾ :—

੧. ਰੰਨ ਸਗੁਚ ਨਾ ਵਰਤਦੀ, ਘਰ ਦਾ ਕਰੇ ਉਜਾੜ।
੨. ਗੰਜੀ ਤੇ ਸਿਰ ਨੰਗੜੀ, ਧੀ ਜੇ ਹੋਏ ਮੁਟਿਆਰ।

Sri Satguru Jagjit Singh Ji Elibrary NamdhariElibrary@gmail.com

੩. ਨੂੰਹ ਕੁਸੋਹਣੀ ਕੁਲਖਣੀ, ਬੋਲੇ ਬਚਨ ਅਜ਼ਾਰ।
੪. ਖੂਹੇ ਦਾ ਵਿੰਗਾ ਤਕਲਾ, ਕਰਦਾ ਚੀਕ ਚਹਾੜ।
੫. ਰਾਹੇ ਦੇ ਵਿਚ ਬੀਜਆ, ਹੋਏ ਖੇਤ ਉਜਾੜ।
ਚੌਹ ਕੂਟੀਂ ਭੌਂ ਵੇਖ ਲੈ ਰਾਜਾ ਜੀ ਪਰਚਾਇ।
ਪੰਜ ਵਸਤਾਂ ਜੋ ਦੱਸੀਆਂ, ਉਨ ਸੇ ਬੁਰਾ ਨਾ ਕਾਇ।

ਰਾਜਾ ਭੋਜ ਇਹ ਉਤਰ ਸੁਣਕੇ ਬੜਾ ਖੁਸ਼ ਹੋਇਆ ਤੇ ਰਸਾਲੂ ਦੀ ਵਡਿਆਈ ਕਰਦਾ ਰਿਹਾ। ਆਖਰ ਇਕ ਦਿਨ ਉਹ ਇਕ ਸੁੰਦਰ ਬਾਗ ਵਿਚ ਪੁਜੇ, ਜਿਹੜਾ ਰਾਣੀ ਸੋਭਾਂ ਦਾ ਸੀ। ਓਥੇ ਜਾ ਕੇ ਉਨ੍ਹਾਂ ਨੇ ਘੋੜਿਆਂ ਤੋਂ ਉਤਰ ਕੇ ਹਥਿਆਰ ਪਾਸੇ ਰਖੇ ਤੇ ਸੋਹਣੇ ਚਸ਼ਮੇ ਦੇ ਕੰਢੇ ਤੇ ਲੇਟ ਕੇ ਆਰਾਮ ਕਰਨ ਲਗੇ। ਏਨੇ ਚਿਰ ਨੂੰ ਇਕ ਸੌ ਸੁੰਦਰ ਕੁੜੀਆਂ, ਤਲਵਾਰਾਂ ਖਿਚੀਆਂ, ਉਨ੍ਹਾਂ ਵਲ ਆਈਆਂ। ਤਾਂ ਰਸਾਲੂ ਨੇ ਹਸ ਕੇ ਰਾਜਾ ਭੋਜ ਨੂੰ ਆਖਿਆ,ਆਉ ਰਤੀ ਇਨ੍ਹਾਂ ਨਾਲ ਜੀ ਪਰਚਾਈਏ। ਇਹ ਕਹਿਕੇ ਉਸ ਨੇ ਉਨ੍ਹਾਂ ਮੁਟਿਆਰਾਂ ਵਲ ਵੇਖਿਆ, ਤੇ ਪੁਛਿਆ ਦਸੋ ਸੁੰਦਰੀਓ,ਤੁਸੀਂ ਸਾਡੇ ਵਲ ਤਲਵਾਰਾਂ ਖਿਚੀ ਕਿਉਂ ਆਈਓ ? ਉਨ੍ਹਾਂ ਨੇ ਆਖਿਆ ਕਿ ਇਹ ਰਾਣੀ ਸੋਭਾਂ ਦਾ ਬਾਗ ਹੈ, ਤੇ ਜੇਹੜਾ ਇਥੇ ਆ ਕੇ ਚਸ਼ਮੇਂ ਵਿਚੋਂ ਪਾਣੀ ਲੈਂਦਾ ਹੈ, ਸਾਨੂੰ ਹੁਕਮ ਹੈ ਕਿ ਉਸ ਦਾ ਕੰਨ ਤੇ ਨਕ ਵਢ ਕੇ ਬਾਹਰ ਕਢ ਦੇਈਏ। ਦਸੋ ਤੁਸਾਂ ਤੇ ਚਸ਼ਮੇ ਦੇ ਪਾਣੀ ਨੂੰ ਨਹੀਂ ਛੁਹਿਆ ? ਰਸਾਲੂ ਨੇ ਆਖਿਆ, ਅਸੀਂ ਤੇ ਇਤਫਾਕ ਨਾਲ ਹੀ ਏਥੇ ਆਏ ਹਾਂ। ਮੁਟਿਆਰਾਂ ਨੇ ਕਰੜੇ ਮੂੰਹ ਆਖਿਆ, ਜੇ ਤੁਸੀਂ ਪਾਣੀ ਛੁਹਿਆ ਹੈ ਤਾਂ ਤੁਹਾਡੇ ਕੰਨ-ਨਕ ਅਸੀਂ ਵਢ ਕੇ ਛਡਾਂ ਗੀਆਂ, ਇਹੀ ਰਾਣੀ ਦਾ ਹੁਕਮ ਹੈ।

ਰਸਾਲੂ ਨੇ ਆਖਿਆ, ਅਸਾਂ ਅਜੇ ਤੇ ਪਾਣੀ ਨਹੀਂ ਪੀਤਾ, ਪਰ ਅਸੀਂ ਰਾਹੀ ਹਾਂ, ਸਾਨੂੰ ਪਾਣੀ ਪੀ ਲੈਣ ਦਿਓ, ਫੇਰ ਅਸੀਂ ਆਪਣੇ ਰਸਤੇ ਪਵਾਂਗੇ। ਮੁਟਿਆਰਾਂ ਨੇ ਪੁਛਿਆ, ਤੂੰ ਕੌਣ ਏਂ ? ਰਸਾਲੂ ਆਖਿਆ, ਮੈਂ ਰਸਾਲੂ ਰਾਜਾ ਸਲਵਾਹਨ ਦਾ ਪੁਤਰ ਹਾਂ। ਤਦ ਕੁੜੀਆਂ ਡਰੀਆਂ ਕਿ ਮਤਾਂ ਰਸਾਲੂ ਸਾਨੂੰ ਮਾਰ ਈ ਨਾ ਮੁਕਾਏ। ਉਨ੍ਹਾਂ ਨੇ ਆਖਿਆ, ਜਾਓ ਰਾਜਾ ਜੀ। ਪਰ ਰਸਾਲੂ ਨੇ ਆਖਿਆ ਕਿ ਜਿੰਨੇ ਰਾਹੀ ਤੁਸਾਂ ਫੜੇ ਨੇ, ਸਭ ਛਡ ਦਿਓ। ਤਾਂ ਇਕ ਕੁੜੀ ਬੋਲੀ :—

ਤਿੰਨ ਰਾਹੀ ਜਾਂਦੇ ਡਿਠੇ ਵੇ ਰਾਜਾ,
ਇਕ ਨਾਲਾ ਦੋਇ ਚੰਦ ਤੇ ਤੀਜਾ ਚਮਕੇ ਦਿਹੁੰ।
ਇਨ੍ਹਾਂ ਤਿੰਨਾਂ ਵਿਚੋਂ ਦਸ ਵੇ ਰਾਜਾ,
ਕੇਹੜੀ ਮਾਈ ਤੇ ਕਿਹੜਾ ਪਿਉ ?

ਇਹ ਠੀਕ ਵੇ ਕਿ ਅਸੀਂ ਰਾਹੀ ਹਾਂ, ਪਰ ਅਸੀਂ ਜਗਤ ਫ਼ਿਰਤੂ ਨਹੀਂ।

ਫੇਰ ਮੁਟਿਆਰ ਨੇ ਆਖਿਆ :—

ਜਗ ਦੇ ਫਿਰਤੂ ਵੀ ਤਿੰਨ ਰਾਹੀ।

ਭੇਡ, ਤੀਵੀਂ ਤੇ ਢਗਾ ਵਾਹੀ।
ਨਾ ਕਰ ਟਾਲਮਟੋਲੇ ਬੀਬਾ,
ਦਸ ਸ਼ਤਾਬੀ ਨਾਂ ਵੇ ਮਾਹੀ !

ਰਸਾਲੂ ਨੇ ਫਿਰ ਆਖਿਆ, ਛਡ ਦਿਉ ਵਿਚਾਰੇ ਮੁਸਾਫਰਾਂ ਨੂੰ। ਕੁੜੀਆਂ ਆਖਿਆ, ਜੀ ਛਡ ਤਾਂ ਦੇਈਏ, ਪਰ ਰਾਣੀ ਨੂੰ ਕੀ ਆਖਾਂਗੀਆਂ ? ਸੋ ਉਨ੍ਹਾਂ ਨੂੰ ਰਸਾਲੂ ਨੇ ਉਤਰ ਦਿਤਾ, ਕਿ ਰਾਣੀ ਨੂੰ ਜਾ ਕੇ ਆਖਣਾ :—

ਰਾਣੀ ਤੇਰੇ ਚਸ਼ਮੇ ਲਾਗੇ, ਸੁਤੇ ਸਨ ਤਿੰਨ ਰਾਹੀ।
ਪੇਕੇ ਘਰ ਦੇ ਕਹਿਣੇ ਪਰੋਹਿਤ, ਕਢੇ ਬਾਹਰ ਅਸਾਹੀਂ
ਵੇਖ ਸਰੋਹੀਆਂ ਸਾਡੀਆਂ ਤਿੱਖੀਆਂ, ਜੀ ਵਿਚ ਗੁਸੇ ਹੋਏ,
ਉਠੇ, ਟੁਰ ਪਏ ਬਾਹਿਰ ਨੂੰ ਉਹ, ਨਾਂ ਜਾਣਾ ਗਏ ਕਿਥਾਈਂ।
ਰਬ ਜਾਣੇ ਕਿਸ ਰਾਹ ਪਏ ਉਹ, ਕਿਧਰ ਹੋਏ ਭੰਬੀਰ ?
ਟੁਰ ਗਏ ਜਾਂ ਉਹ ਵਲ ਕਾਬਲੇ, ਜਾਂ ਤੇ ਵਲ ਕਸ਼ਮੀਰ।

ਕੁੜੀਆਂ ਹੱਸੀਆਂ, ਰਸਾਲੂ ਤੇ ਸਾਥੀ ਟੁਰ ਗਏ, ਤਾਂ ਮੁਟਿਆਰਾਂ ਨੇ ਜਾ ਕੇ ਰਾਣੀ ਨੂੰ ਆਖਿਆ, ਰਾਣੀ ਤੇਰੇ ਬਾਗ ਵਿਚ ਪਰੋਹਿਤ ਆਏ ਸਨ ਪਰ ਗਏ। ਰਾਣੀ ਛੁਸਕਣ ਲਗੀ ਕਿ ਬਾਰਾਂ ਵਰ੍ਹਿਆਂ ਪਿਛੋਂ ਪੇਕੇ ਪਰੋਹਿਤ ਆਏ। ਪਰ ਤੁਸਾਂ ਦਸਿਆ ਨਾ। ਰਾਣੀ ਆਪਣੀਆਂ ਹਥਿਆਰਬੰਦ ਸਹੇਲੀਆਂ ਸਮੇਤ ਬਾਗ ਵਿਚ ਉਤਰੀ। ਪਰ ਓਥੇ ਕੋਈ ਨਹੀਂ ਸੀ।

ਰਾਜਾ ਰਸਾਲੂ ਤੇ ਭੋਜ ਓਥੋਂ ਟੁਰ ਕੇ ਇਕ ਖੁਲ੍ਹੇ ਮੈਦਾਨ ਵਿਚ ਆਏ, ਓਥੇ ਸੋਹਣੇ ਅੰਬਾਂ ਦੀ ਇਕ ਝੰਗੀ ਸੀ, ਉਸ ਵਿਚ ਆਰਾਮ ਕੀਤਾ। ਉਥੇ ਘੋੜੇ ਬੰਨ੍ਹ ਠੰਢੀ ਛਾਂ ਹੇਠ ਰਾਤ ਵਿਸਰਾਮ ਕਰਨ ਦੀ ਸਲਾਹ ਕੀਤੀ। ਦੂਰੋਂ ਇਕ ਹਰਨ ਨਜ਼ਰੀਂ ਪਿਆ। ਰਸਾਲੂ ਨੇ ਤੁਰਤ ਤੀਰ ਨਾਲ ਮਾਰਿਆ ਤੇ ਅਗ ਬਾਲ ਕੇ ਭੁੰਨ ਭੰਨ ਕੇ ਖਾਧਾ।

ਇਤਫ਼ਾਕ ਸੀ ਕਿ ਉਸੇ ਜੰਗਲ ਵਿਚ, ਅੰਬਾਂ ਦੇ ਉਹਲੇ ਦਿਲੀ ਦਾ ਰਾਜਾ ਹੋਮ ਭਾਂਜ ਖਾ ਕੇ ਨਸਿਆ ਹੋਇਆ ਲੁਕਿਆ ਸੀ। ਰਾਜੇ ਦੀ ਰਾਣੀ ਡੋਲੇ ਵਿਚ ਸੁਤੀ ਸੀ। ਰਾਜੇ ਦਾ ਤੰਬੂ ਲਾਗੇ ਈ ਸੀ। ਚਾਨਣੀ ਰਾਤ ਸੀ। ਰਾਜਾ ਰਾਣੀ ਦੀ ਸੂਰਤ ਵੇਖ ਕੇ ਮਸਤ ਸੀ, ਹੈ ਸੀ ਕਵੀ। ਇਹ ਦੋਹੜਾ ਆਖਿਓ ਸੂ :—

ਨੀਰਾਂ ਵਿਚੋਂ ਨੀਰ ਏ ਨਿਰਮਲ, ਗੰਗਾਜਲ ਪਹਿਚਾਨੋਂ।
ਲੋਆਂ ਵਿਚੋਂ ਲੋ ਚੰਗੀ ਏ, ਚੰਨ ਚਾਨਣੀ ਜਾਣੋ।
ਨੀਂਦਰ ਉਹੀ ਸੁਹਵੇ ਸਜਨ, ਜਾਂ ਨਾਰ ਨੈਣ ਤੇ ਬੈਠੀ।
ਅਡੋਲ, ਅਭੋਲ ਜਿਉਂ ਤ੍ਰੇਲ ਫੁਲਾਂ ਤੇ, ਡਲ੍ਹਕੇ ਜੀ ਭਰਮਾਵੇ।
ਡਲ੍ਹਕੇ ਜੀ ਭਰਮਾਵੇ ਜੀਕਣ, ਫੁਲ ਪਤ ਓਸ ਅਕੈਠੀ।

ਵਜ਼ੀਰ ਨੇ ਸੁਣ ਕੇ ਵਾਹਵਾ ਕੀਤੀ, ਰਾਜਾ ਰਸਾਲੂ ਵੀ ਲਾਗੇ ਈ ਜਾਗੋ ਮੀਟੇ ਵਿਚ ਸੀ, ਉਸ ਨੇ ਇਹ ਸਾਰੀ ਗਲ ਸੁਣੀ ਤੇ ਬੇ ਵਸਾ ਹੀ ਬੋਲ ਪਿਆ :—

ਬਨ ਜੰਗਲ ਵਿਚ ਫਿਰਾਂ ਮੈਂ, ਰਾਜਾ, ਮੈਂ ਹਾਂ ਇਕ ਫਕੀਰ।
ਸਿਆਣੇ ਤੇਰੇ ਬੋਲ ਵੇ ਰਾਜਾ ਪਰ ਮੂਰਖ ਤੈਂ ਵਜ਼ੀਰ।

ਰਾਜਾ ਹੋਮ ਨੇ ਸੁਣ ਕੇ ਕਿਹਾ ਇਹ ਕੌਣ ਹੈ। ਜਾਓ ਉਹਨੂੰ ਏਧਰ ਲਿਆਵੋ। ਇਕ ਨੌਕਰ ਰਸਾਲੂ ਵਲ ਗਿਆ ਕਿ ਉਠੋ, ਰਾਜਾ ਸਾਹਿਬ ਬੁਲਾਂਦੇ ਨੇ। ਰਾਜਾ ਰਸਾਲੂ ਨੇ ਆਖਿਆ ਕਿ ਜਿੰਦ ਲੋੜੀਦੀ ਊ ਤਾਂ ਮੁੜ ਜਾ ਬੰਦਾ ਬਣ ਕੇ। ਮੈਂ ਕਿਸੇ ਦਾ ਨੌਕਰ ਨਹੀਂ। ਤਦ ਨੌਕਰ ਨੇ ਰਾਜਾ ਹੋਮ ਨੂੰ ਜਾਕੇ ਕਿਹਾ ਕਿ ਉਹ ਤੇ ਰਾਜਾ ਰਸਾਲੂ ਹੈ। ਉਹ ਨਹੀਂ ਆਉਂਦਾ। ਤਦ ਰਾਜੇ ਨੇ ਕਿਹਾ ਫੇਰ ਜਾ ਕੇ ਮੇਰੇ ਵਲੋਂ ਬੇਨਤੀ ਕਰੋ। ਤਦ ਰਸਾਲੂ ਰਾਜਾ ਹੋਮ ਦੇ ਕੋਲ ਆਇਆ, ਤੇ ਆ ਕੇ ਸਲਾਮ ਕੀਤਾ, ਤੇ ਰਾਜਾ ਹੋਮ ਨੇ ਅਗੋਂ ਸੁਆਗਤ ਕੀਤਾ। ਰਾਜਾ ਹੋਮ ਨੇ ਪੁਛਿਆ ਕਿ ਕੀ ਤੂੰ ਸਚ ਮੁਚ ਰਸਾਲੂ ਏਂ ? ਤੇ ਕੀ ਸਬਬ ਮੇਰੇ ਦੋਹੜੇ ਤੈਨੂੰ ਪਸੰਦ ਨਹੀਂ ਆਏ। ਰਾਜੇ ਰਸਾਲੂ ਨੇ ਆਖਿਆ ਕਿ ਮੈਂ ਰਸਾਲੂ ਹਾਂ। ਤੁਹਾਡੀ ਕਵਿਤਾ ਤੇ ਸੋਹਣੀ ਏ, ਪਰ ਖਿਆਲ ਕੁਝ ਠੀਕ ਨਹੀਂ। ਰਾਜਾ ਹੋਮ ਨੇ ਆਖਿਆ, ਸ਼ਾਇਦ ਮੈਂ ਭੁਲਾ ਈ ਹੋਵਾਂ, ਤੁਸੀਂ ਠੀਕ ਕਰਕੇ ਦਸੋ :—

ਤਾਂ ਰਾਜੇ ਨੇ ਇਸ ਤਰ੍ਹਾਂ ਦੋਹੜਾ ਆਖਿਆ :—

ਨੀਰਾਂ ਵਿਚੋਂ ਨੀਰ ਉਹ ਨਿਰਮਲ, ਜੁ ਵਗਦਾ ਕੋਲ ਸੁ ਭਾਏ।
ਲੋਆਂ 'ਚੋਂ ਲੋ ਉਹ ਸੋਭੇ, ਜੁ ਨੈਣਾਂ ਲਿਸ਼ਕਾਇ।
ਨੀਂਦਾਂ ਵਿਚੋਂ ਨੀਂਦ ਉਹ ਚੰਗੀ, ਜੁ ਦਿਹ ਅਰੋਗ, ਲਿਆਇ।
ਪੁਤਰ ਫਲ ਸਭ ਤੋਂ ਚੰਗਾ, ਜੇ ਆ ਰਬ ਬਖਸ਼ਾਇ।

ਹੋਮ ਨੇ ਪੁਛਿਆ ਇਹ ਕੀਕੂੰ ਹੈ ? ਖੋਲ੍ਹ ਕੇ ਸਮਝਾਓ। ਤਾਂ ਰਸਾਲੂ ਨੇ ਆਖਿਆ :—

ਜਦ ਰਾਜਾ ਤੂੰ ਜੰਮਿਆਂ ਸੈਂ, ਤਾਂ ਗੰਗਾ ਜਲ ਕਿਸ ਨੇ ਦਿਤਾ ਤੇ ਹੁਣ ਜਦ ਵੈਰੀਆਂ ਤੋਂ ਭਾਂਜ ਖਾ ਨਸਦਾ ਫ਼ਿਰਨਾ ਏਂ ਤਾਂ ਗੰਗਾ ਜਲ ਕਿਸ ਕੰਮ ? ਉਥੇ ਤੇ ਨਿਰਮਲ ਵਗਦੇ ਨਾਲੇ ਨੇ ਈ ਕੰਮ ਆਉਣਾ ਹੈ, ਜਾਂ ਜਿਹੜਾ ਜਲ ਬਰਤਨ ਵਿਚ ਕੋਲ ਹੋਵੇ। ਜੇ ਨੈਣ ਨਾ ਹੋਣ ਤਾਂ ਚੰਨ ਦੀ ਚਾਨਣੀ ਕਿਸ ਕੰਮ ? ਜੇ ਦੇਹ ਅਰੋਗ ਹੋਵੇ ਨਾ, ਤਾਂ ਨੀਂਦਰ ਨੇ ਕਿਥੋਂ ਆਉਣਾ ਹੋਇਆ ? ਜੇ ਕੋਈ ਰਾਜਾ ਬੇਔਲਾਦ ਮਰ ਜਾਏ ਤਾਂ ਬੇਫਲ ਈ ਰਿਹਾ। ਤਾਂ ਕੌਣ ਸਮ੍ਹਾਲੇਗਾ ਉਸ ਦਾ ਰਾਜ ਭਾਗ। ਇਹ ਜੁਆਬ ਸੁਣਕੇ ਰਾਜਾ ਹੋਮ ਨੇ ਰਸਾਲੂ ਦੀ ਅਕਲ ਤੇ ਦਾਨਾਈ ਦੀ ਵਡਿਆਈ ਕੀਤੀ ਤੇ ਮੰਨਿਆ ਕਿ ਰਸਾਲੂ ਤੂੰ ਸਚਾ ਸੈਂ, ਮੈਂ ਝੂਠਾ। ਅਗਲੀ ਸਵੇਰ ਰਾਜਾ ਰਸਾਲੂ ਨੇ ਰਾਜਾ ਹੋਮ ਨੂੰ ਜਫੀ

ਪਾਕੇ ਵਿਦਾਇਗੀ ਮੰਗੀ ਤੇ ਆਪਣੇ ਰਾਹ ਪਿਆ।

ਨੋਟ—ਇਹ ਕਹਾਣੀ ਵੀ ਮਨੋ ਕਲਪਤ ਹੈ। ਰਾਜਾ ਭੋਜ, ਤੇ ਰਾਜਾ ਰਾਮ ਭਦਰਾ ਦਾ ਪੁਤਰ, ਮਹੀਰਾ ਭੋਜ, ਕਨੌਜ ਤੇ ਪੰਚਾਲ ਦੇਸ ਦਾ ਰਾਜਾ ਸੰਨ ੮੪੦—੯੦ A. D. ਵਿਚ ਹੋਇਆ ਸੀ, ਤੇ ਰਾਜਾ ਰਸਾਲੂ ਉਸ ਤੋਂ ਢੇਰ ਪਹਿਲੇ। ਵੇਖੋ (Smith's Early History of India P.P. 379.)

## ੭—ਰਾਜਾ ਰਸਾਲੂ ਤੇ ਗੰਡ ਗੜ੍ਹ ਦੇ ਦੇਉ

ਨੋਟ—ਇਹ ਵਾਰਤਾ ਉਹੀ ਜੁ ਅਗੇ ਅਸੀਂ ਟੈਂਪਲ ਵਾਲੀ ਕਥਾ ਵਿਚ ਲਿਖ ਚੁਕੇ ਹਾਂ, ਪਰ ਇਸ ਵਿਚ ਕੁਝ ਨਾਵਾਂ ਦਾ ਤੇ ਹੋਰ ਕਥਨਾਂ ਦਾ ਵਿਤਕਰਾ ਹੈ, ਸੋ ਦੋਹਾਂ ਵਾਰਤਾਂ ਦੇ ਸਿਰਫ ਫਰਕ ਈ ਏਥੇ ਦਸਦੇ ਹਾਂ।

ਰਾਜਾ ਰਸਾਲੂ ਸ਼ਿਕਾਰ ਖੇਡਦਾ ਥਕ ਕੇ ਸੌਂ ਗਿਆ ਤੇ ਸਫਨੇ ਵਿਚ ਪੰਜਾਂ ਪੀਰਾਂ ਨੇ ਉਸ ਨੂੰ ਆਖਿਆ ਕਿ ਰਾਜਾ, ਜਾਉ ਜਾਕੇ ਦੇਵਾਂ ਦਾ ਨਾਸ ਕਰੋ। ਰਾਜਾ ਉਠਕੇ ਫੌਲਾਦੀ ਤੇ ਸਵਾਰ ਹੋਇਆ ਤੇ ਕਈ ਕੋਹਾਂ ਦਾ ਪੈਂਡਾ ਮਾਰਦੇ ਮਾਰਦੇ ਨੂੰ ਅੰਤ ਇਕ ਬੜੇ ਜੰਗਲ ਵਿਚ, ਇਕ ਵਡੇਰਾ ਜਿਹਾ ਸ਼ਹਿਰ ਵਿਖਾਈ ਦਿਤਾ। ਬਾਜ਼ਾਰਾਂ ਵਿਚ ਗਿਆ ਤਾਂ ਇਕ ਘਰ ਵਿਚੋਂ ਧੂੰਆਂ ਨਿਕਲਦਾ ਦਿਸਿਆ। ਓਥੇ ਜਾਕੇ ਵੇਖਿਆ ਤਾਂ ਇਕ ਬੁਢੀ ਮਾਈ ਆਟਾ ਗੁਨ੍ਹਦੀ ਸੀ, ਤਨੂਰ ਤਪਦਾ ਸੀ, ਮਾਈ ਕਦੀ ਰੋਂਦੀ ਤੇ ਕਦੀ ਹਸਦੀ ਸੀ। ਰਸਾਲੂ ਨੇ ਸਬੱਬ ਪੁਛਿਆ, ਤਾਂ ਉਸਨੇ ਦੇਵਾਂ ਦੀ ਵਾਰਤਾ ਦਸੀ। ਰਸਾਲੂ ਨੇ ਉਸ ਦੇ ਪੁਤਰ ਦੀ ਵਾਰੀ ਦਾ ਆਪ ਬੀੜਾ ਚੁਕਿਆ ਤੇ ਦੇਵਾਂ ਨੂੰ ਮਾਰਿਆ। ਦੇਵਾਂ ਦੇ ਨਾਂ ਸਵਿਨਰਟਨ ਦੀ ਵਾਰਤਾ ਵਿਚ ਇਹ ਹੈਨ :—

ਥਿਰਿਆ-ਪਾਣੀ ਭਰਨ ਵਾਲਾ ਦੇਉ।
ਕਬੀਰ, ਟੁੰਡੀਆ, ਮੁੰਡੀਆ, ਅਕਾਲ ਦੇਉ।

ਜਦ ਦੇਉ ਭਾਂਜ ਖਾ ਚੁਕੇ ਤਦ ਕੁਝ ਅਲੀ ਖਾਂ ਨੂੰ ਨਠ ਗਏ। ਰਾਜਾ ਉਨ੍ਹਾਂ ਦੇ ਘਰ ਨੂੰ ਮੁੜਿਆ ਤਾਂ ਇਕ ਦੇਵਨੀ ਦੇਵ ਦਾ ਖਾਬਾ (ਭੋਜਨ) ਲਈ ਆਉਂਦੀ ਸੀ। ਇਕ ਹਥ ਵਿਚ ਲੋਹੇ ਦੀ ਸੀਖ ਸੀ, ਜਿਸ ਉਤੇ ਇਕ ਸਬੂਤ ਤੁਣਿਆ ਹੋਇਆ ਊਠ ਲਟਕਦਾ ਸੀ। ਸ਼ਾਦੀ ਤੋਤੇ ਆਖਿਆ ਕਿ ਰਾਜਾ ਇਸ ਦੇਉਨੀ ਦਾ ਵਸਾਹ ਨਾ ਕਰੀਂ। ਸੋ ਰਾਜਾ ਨੇ ਤਲਵਾਰ ਖਿਚ ਕੇ ਦੇਉਨੀ-ਭਾਗਲਬਟ ਨੂੰ ਡਰਾਇਆ ਕਿ ਤੂੰ ਦੇਵਾਂ ਦੇ ਜਾਦੂ ਦਾ ਭੇਦ ਦਸ, ਨਹੀਂ ਤਾਂ ਤੈਨੂੰ ਮਾਰ ਸੁਟਦਾ ਹਾਂ। ਦੇਉਨੀ ਨੇ ਨਾ ਹਾ ਕੀਤੀ, ਪਰ ਜਦ ਉਹ ਪਥਰਾਏ ਦੇਉ ਕੋਲ ਗਈ ਤਾਂ ਨਠਨ ਲਗੀ, ਪਰ ਰਾਜੇ ਫੜ ਲਈ। ਦੇਉਨੀ ਨੇ ਆਖਿਆ, ਮੈਂ ਤਦ ਭੇਦ ਦਸਨੀ ਹਾਂ, ਜੇ ਤੁਸੀਂ ਮੇਰੇ ਨਾਲ ਵਿਆਹ ਕਰੋ। ਸ਼ਾਦੀ ਨੇ ਕਿਹਾ, ਰਾਜਾ ਜੀ, ਤੁਸੀਂ ਬੇਸ਼ਕ ਕਰਾਰ ਕਰ ਦਿਉ। ਰਾਜੇ ਹਾਂ ਕੀਤੀ ਤੇ ਦੇਉਨੀ ਨੇ ਦਸਿਆ, ਕਿ ਇਹ ਦੇਉ ਸਾਰਾ ਪਥਰ ਹੈ, ਪਰ ਇਸ ਦਾ ਜਿਗਰ ਪਥਰ ਨਹੀਂ; ਤੁਸੀਂ

ਏਥੇ ਚੋਟ ਮਾਰੋ, ਮਰ ਜਾਏਗਾ। ਸੁ ਰਾਜੇ ਨੇ ਜਿਗਰ ਵਿਚ ਤਲਵਾਰ ਖੋਭ ਦਿਤੀ ਤੇ ਦੇਉ ਮਰ ਕੇ ਠੰਢਾ ਹੋ ਗਿਆ।

ਦੇਉਨੀ ਨੇ ਕਿਹਾ ਹੁਣ ਮੇਰੇ ਨਾਲ ਵਿਆਹ ਕਰੋ, ਰਾਜੇ ਨੇ ਆਖਿਆ ਘਰ ਚਲ ਕੇ ਪੂਰੇ ਤ੍ਰੀਕੇ ਨਾਲ ਲਾਵਾਂ ਲੈ ਕੇ ਵਿਆਹ ਕਰਾਂਗੇ।

ਹੁਣ ਦੋ ਦੇਉ ਬਾਕੀ ਸਨ, ਇਕ ਦੀ ਤੇ ਬਾਂਹ ਵਢੀ ਹੋਈ ਸੀ ਤੇ ਦੂਆ ਜ਼ਖਮੀਂ। ਰਾਜਾ ਉਨ੍ਹਾਂ ਦੇ ਪਿਛੇ ਗਿਆ। ਟੁੰਡੀਆ ਤੇ ਗੇਡ ਗੜ੍ਹ ਦੀ ਗੁਫਾ ਵਿਚ ਵੜ ਗਿਆ, ਜਿਥੇ ਰਾਜੇ ਨੇ ਉਸ ਨੂੰ ਹਮੇਸ਼ ਲਈ ਕੈਦ ਕਰ ਦਿਤਾ, ਤੇ ਦੂਜਾ ਦਿਓ ਇਕ ਕਟੇ ਹੋਏ ਦਰਖਤਾਂ ਦੀਆਂ ਟਾਹਣਾਂ ਦੇ ਢੇਰ ਵਿਚ ਲੁਕਿਆ ਹੋਇਆ ਸੀ। ਰਾਜੇ ਵੇਖ ਲਿਆ ਤੇ ਜਦ ਰਾਜਾ ਟਾਹਣ ਚੁਕਣ ਲਗਾ, ਤਾਂ ਸ਼ਾਦੀ ਤੋਤੇ ਨੇ ਆਖਿਆ ਰਾਜਾ ਜੀ, ਇਹ ਭੁਲ ਨਾ ਕਰੋ। ਸ਼ਾਖਾਂ ਸਮੇਤ ਦੇਉ ਨੂੰ ਕਟ ਦਿਉ। ਸੋ ਰਾਜੇ ਉਸੇ ਤਰ੍ਹਾਂ ਕੀਤਾ, ਤੇ ਫੇਰ ਅਗ ਲਾਕੇ ਦੇਉ ਨੂੰ ਸਾੜ ਦਿਤਾ। ਮੁੜਕੇ ਦੇਵਾਂ ਦੇ ਘਰ ਆਕੇ, ਦੇਉਨੀ ਨਾਲ ਵਿਆਹ ਰਚਾਇਆ। ਵਡਾ ਕੜਾਹਿਆ ਤੇਲ ਦਾ ਅਗ ਉਤੇ ਤਪਾਇਆ, ਤੇ ਫੇਰੇ ਲੈਂਦਿਆਂ ੨, ਦੇਉਨੀ ਨੂੰ ਚੁਕ ਕੇ ਕੜਾਹੇ ਵਿਚ ਸੁਟਿਆ। ਇਸ ਤਰ੍ਹਾਂ ਸਭ ਦੇਵਾਂ ਦਾ ਕੋੜਮਾ ਮੁੱਕਾ ਤੇ ਲੋਕੀ ਸੁਖੀ ਵਸਣ ਲਗੇ। ਫੇਰ ਮਾਈ ਕੋਲ ਮੁੜ ਆਇਆ। ਮਾਈ ਨੇ ਧੰਨਵਾਦ ਕੀਤਾ, ਤੇ ਆਪਣੇ ਪੁਤ ਨੂੰ ਛਾਤੀ ਨਾਲ ਲਾਇਆ। ਮਾਈ ਨੇ ਰਾਜਾ ਰਸਾਲੂ ਨੂੰ ਆਖਿਆ, ਤੁਸੀਂ ਠਹਿਰੋ ਇਥੇ। ਪਰ ਰਾਜਾ ਨਾ ਠਹਿਰਿਆ। ਤੇ ਫੇਰ ਉਸਨੇ ਪੈਂਡੇ ਦਾ ਮੂੰਹ ਸੰਭਾਲਿਆ।

## ੮—ਰਾਜਾ ਰਸਾਲੂ

## ਤਿਲੀਅਰ ਨਾਗ ਤੇ ਸੁੰਦਰ ਕਾਗ

ਨੋਟ— ਅਗੇ ਅਸੀਂ ਤਿਲੀਅਰ ਨਾਗ ਤੇ ਕਲੀਅਰ ਅਨ੍ਹੂਹੇਂ ਦੀ ਕਹਾਣੀ ਦਿਤੀ ਸੀ। ਇਹ ਵੀ ਉਸੇ ਤਰ੍ਹਾਂ ਦੀ ਹੈ। ਪਰ ਨ੍ਹੂਹੇਂ ਦੀ ਥਾਂ ਸੁੰਦਰ ਕਾਗ ਹੈ ਤੇ ਕਥਨ ਵਿਚ ਵੀ ਕਈ ਫਰਕ ਹੈਨ :—

ਰਾਜਾ ਟੁਰਦਾ ਟੁਰਦਾ, *ਨੂਰਪੁਰ ਜਿਹਾਨ ਦੇ ਰਸਤੇ †ਮਿਜਾਤ ਪੁਜਾ, ਤੇ ਓਥੋਂ ††ਉਹ ਅਵਲਿਆਂ ਤੇ ਫੇਰ ਹੁੰਦਾ ਹੋਇਆ ਮਕਸੂਦਾ ਬਾਦ ਹਜ਼ਾਰੇ ਦੇ ਜ਼ਿਲੇ ਵਿਚ ਪੁਜਾ। ਉਥੇ ਉਸ ਨੇ ਆਰਾਮ ਕਰਨਾ ਚਾਹਿਆ ਤਾਂ ਸ਼ਾਦੀ ਤੋਤੇ ਨੇ ਆਖਿਆ, ਰਾਜਾ ਜੀ ਏਥੇ ਨਾ ਠਹਿਰੋ, ਏਥੇ ਕੋਈ ਬਲਾ ਰਹਿੰਦੀ ਹੈ, ਵੇਖੋ ਨਾਂ ਚਾਰੇ ਪਾਸੇ ਮਾਨੁਖਾਂ ਦੀਆਂ ਹੱਡੀਆਂ ਈਂ ਹੱਡੀਆਂ ਪਈਆਂ ਨੇ। ਰਾਜਾ ਨੇ ਆਖਿਆ, ਭਈ ਠਹਿਰਨਾ ਤਾਂ ਏਥੇ ਈ ਹੈ, ਪਰ ਵੇਖੋ ਬਲਾ ਕੀ ਹੈ। ਤੋਤੇ ਨੇ ਕਿਹਾ, ਮੈਨੂੰ ਇਸ ਪਾਸੇ ਦੀ ਵਾਕਫ਼ੀ ਨਹੀਂ। ਤੁਸੀਂ ਭਾਉ ਕੋਲੋਂ ਪੁਛੋ। ਭਾਉ ਨੇ ਆਖਿਆ ਮਹਾਰਾਜ ! ਇਥੇ ਇਕ ਤਿਲੀਅਰ ਨਾਗ,

*Nurpur Jehan †Mejat ††Avellia

Sri Satguru Jagjit Singh Ji Elibrary NamdhariElibrary@gmail.com

ਉਡਨਾ ਸਪ ਰਹਿੰਦਾ ਹੈ, ਤੇ ਉਸਦਾ ਯਾਰ ਸੁੰਦਰ ਕਾਗ ਹੈ। ਤਿਲੀਅਰ ਲੋਕਾਂ ਦਾ ਸਾਹ ਪੀ ਲੈਂਦਾ ਹੈ ਤੇ ਪਿਛੋਂ ਸੁੰਦਰ ਕਾਗ ਅਖਾਂ ਤੇ ਮਾਸ ਖਾ ਜਾਂਦਾ ਹੈ। ਰਾਜੇ ਨੇ ਕਿਹਾ ਚੰਗਾ, ਰਾਤੀਂ ਪਹਿਰਾ ਦੇਵਾਂਗੇ। ਪਹਿਲੀ ਰਾਤ ਮੈਂ, ਦੂਜੇ ਪਹਿਰ ਘੋੜੀ, ਤੀਜ ਤੋਤਾ, ਤੇ ਚੌਥੇ ਝਾਉ।

ਘੋੜਾ ਤੇ ਝਾਉ ਜੰਗਲ ਵਿਚ ਚਲੇ ਗਏ। ਰਾਜਾ ਰਾਤੀਂ ਸੌਂ ਗਿਆ। ਸੁੰਦਰ ਕਾਗ ਨੇ ਜਾ ਕੇ ਤਿਲੀਅਰ ਨੂੰ ਖਬਰ ਦਿਤੀ ਕਿ ਰਸਾਲੂ, ਜਿਸ ਨੂੰ ਤੂੰ ਬਾਰਾਂ ਵਰ੍ਹਿਆਂ ਦਾ ਉਡੀਕਦਾ ਸੈਂ, ਆ ਕੇ ਸੁਤਾ ਪਿਆ ਈ ਚਲ। ਤਿਲੀਅਰ ਨੇ ਮਾਰਕੇ ਰਾਜੇ ਦਾ ਸਾਹ ਪੀ ਲਿਤਾ, ਤੇ ਸੁੰਦਰ ਕਾਗ ਨੂੰ ਆਖਿਆ, ਮੈਂ ਆਪਣਾ ਕੰਮ ਕਰ ਆਇਆ ਹਾਂ। ਤੂੰ ਜਾ, ਤਦ ਕਾਗ ਹੋਰੀਂ ਗਏ, ਤੇ ਤੋਤਾ ਵੀ ਦਰਖਤ ਤੇ ਬੈਠਾ ਸੀ, ਉਹ ਜਾਣਦਾ ਸੀ ਕਿ ਰਾਜਾ ਸੁਤਾ ਹੈ। ਪਰ ਜਦ ਕਾਗ ਆ ਕੇ ਛਾਤੀ ਤੇ ਬੈਠਾ ਤੇ ਰਾਜਾ ਨਾ ਹਿਲਿਆ, ਤਾਂ ਉਸ ਨੇ ਜਾਤਾ ਰਾਜਾ ਮਰ ਗਿਆ। ਉਸ ਨੇ ਉਪਰੋਂ ਇਕ ਝਪਟਾ ਮਾਰਿਆ ਤੇ ਕਾਗ ਦੀ ਪਿਠ ਤੋੜ ਦਿਤੀ। ਉਹ ਕਾਂ ਕਾਂ ਕਰਦਾ ਉਡ ਗਿਆ। ਅਰ ਉਸਦੀ ਵਹੁਟੀ ਸ਼ਾਰਕ ਸੀ, ਉਸ ਨੇ ਕਿਹਾ, ਚਾਹੇ ਮਰ ਚਾਹੇ ਜੀਉ ਪਰ ਮੈਨੂੰ ਜ਼ਰੂਰ ਰਾਜਾ ਰਸਾਲੂ ਦੀਆਂ ਅੱਖਾਂ ਤੇ ਜੀਭ ਲਿਆ ਦੇ, ਕਾਗ ਨੇ ਕਿਹਾ ਚੰਗਾ ਰਤੀ ਆਰਾਮ ਆ ਲੈਣ ਦੇ। ਏਧਰ ਇਹ ਤੇ ਉਧਰ ਤੋਤਾ ਰੋਵੇ ਤੇ ਸ਼ੋਰ ਮਚਾਵੇ, ਕਿ ਘੋੜੇ ਤੇ ਝਾਉ ਨੂੰ ਖਬਰ ਹੋਵੇ, ਘੋੜਾ ਤੇ ਆਇਆ, ਪਰ ਝਾਉ ਇਕ ਆਪਣੀ ਹੋਰ ਮੁਸੀਬਤ ਵਿਚ ਫਸਿਆ ਸੀ। ਝਾਉ ਇਕ ਟਿਡੇ ਪਿਛੇ ਦੌੜਦਾ ਦੌੜਦਾ ਇਕ ਪਾਣੀ ਦੀ ਛਪੜੀ ਵਿਚ ਡਿਗ ਪਿਆ ਸੀ। ਉਸ ਨੇ ਤਿਲੀਅਰ ਨਾਗ ਦੀ ਗਲ ਸੁਣ ਲਈ ਸੀ। ਉਹ ਬੜਾ ਉਤਾਵਲਾ ਸੀ ਕਿ ਕਿਸੇ ਤਰ੍ਹਾਂ ਮੈਂ ਬਾਹਰ ਨਿਕਲਕੇ ਰਾਜੇ ਕੋਲ ਜਾਵਾਂ, ਪਰ ਇਕ ਚੂਹੇ ਨੂੰ ਉਸ ਦੀ ਮੁਸ਼ਕ ਆ ਗਈ ਸੀ, ਸੋ ਉਸਨੇ ਉਸ ਤੇ ਮਿਟੀ ਪਾਣੀ ਸ਼ੁਰੂ ਕਰ ਦਿਤੀ ਸੀ। ਝਾਉ ਨੇ ਬੜੇ ਵਾਸਤੇ ਪਾਏ, ਕਿ ਬਸ ਕਰ। ਰਬਦਾ ਵਾਸਤਾ ਪਾਇਆ, ਤਾਂ ਚੂਹੇ ਨੇ ਬਾਹਰ ਕਢਿਆ, ਓਹ ਦੌੜਦਾ ਰਾਜੇ ਦੇ ਕੋਲ ਆਇਆ ਤਾਂ ਤੋਤੇ ਨੇ ਸਾਰਾ ਹਾਲ ਸੁਣਾਇਆ, ਝਾਉ ਨੇ ਹੌਂਸਲਾ ਦਿਤਾ, ਕਿ ਰਾਜਾ ਮੋਇਆ ਨਹੀਂ। ਇਹ ਇਕੀ ਦਿਨਾਂ ਤਕ ਜਿਉਂ ਸਕਦਾ ਹੈ। ਤੂੰ ਛੇਤੀ ਜਾਕੇ ਇਕ ਰੋਟੀ ਤੇ ਕੁਝ ਖੀਰ ਲਿਆ। ਤੋਤਾ ਉਡ ਗਿਆ ਤੇ ਇਕ ਗਰਾਂ ਵਿਚ ਕਿਸੇ ਮਾਈ ਦੇ ਕੋਠੇ ਤੇ ਜਾ ਬੈਠਾ ਤੇ ਮਾਈ ਦੇ ਤਰਲੇ ਕਰਕੇ ਖੀਰ ਤੇ ਰੋਟੀ ਲੈ ਆਇਆ। ਲਿਆਕੇ ਝਾਉ ਨੂੰ ਦਿਤੀ। ਝਾਉ ਨੇ ਰੋਟੀ ਆਪਣੇ ਆਲੇ ਦੁਆਲੇ ਬੰਨ੍ਹ ਲਈ। ਇਕ ਛੇਕ ਆਪਣੀ ਥੂਥਨੀ ਬਾਹਰ ਕਢਣ ਲਈ ਰਖ ਲਿਆ। ਉਪਰ ਖੀਰ ਮਲ ਲਈ ਤੇ ਰਾਜੇ ਦੇ ਲਕ ਕੋਲ ਬੈਠ ਰਿਹਾ। ਹੁਣ ਕਾਗ ਵੀ ਰਾਜ਼ੀ ਹੋ ਗਿਆ ਸੀ ਤੇ ਸ਼ਾਰਕ ਦੇ ਆਖੇ ਤੇ ਫੇਰ ਰਾਜੇ ਵਲ ਆਇਆ, ਛਾਤੀ ਤੇ ਬੈਠਾ। ਪਰ ਖੀਰ ਦੀ ਮੁਸ਼ਕ ਆਈ, ਪਹਿਲੋਂ ਓਧਰ ਗਿਆ, ਖੀਰ ਖਾਧੀ, ਫੇਰ ਰੋਟੀ ਸਵਾਦ ਲਗੀ। ਉਹ ਵੀ ਖਾਣ ਲਗਾ, ਤਾਂ ਝਾਊ ਨੇ ਗਿਚੀਓਂ ਨਪ ਲਿਆ। ਕਾਗ ਲਗਾ ਕਾਂ ਕਾਂ ਕਰਨ।

ਪਰ ਝਾਉ ਛਡੇ ਨਾ ਅਤੇ ਕਾਗ ਨੇ ਸੋਚਿਆ ਕਿ ਝਾਉ ਨੂੰ ਗਲੀਂ ਲਾਈਏ, ਤਾਂ ਮੂੰਹ ਖੋਲ੍ਹੇਗਾ। ਉਸ ਨੂੰ ਪੁਛਣ ਲਗਾ ਕੀ ਤੂੰ ਮੈਨੂੰ ਜਾਣ ਕੇ ਫੜਿਆ ਕਿ ਅਭੋਲ? ਝਾਉ ਨੇ ਅਗੋਂ ਦੰਦ ਪੀਹ ਕੇ ਆਖਿਆ ਚੀਂ ਚੀਂ। ਕਾਗ ਨੂੰ ਹੋਰ ਪੀੜ ਹੋਈ। ਕਾਗ ਦਾ ਸ਼ਰ ਸੁਣਕੇ ਨਾਗ ਵੀ ਆ ਗਿਆ। ਆਪਸ ਵਿਚ ਇਹ ਸ਼ਰਤ ਹੋਈ ਕਿ ਤੂੰ ਕਾਗ ਨੂੰ ਛਡ ਦੇ; ਮੈਂ ਰਾਜੇ ਦਾ ਸਾਹ ਮੁੜਕੇ ਪਾ ਦਿੰਦਾ ਹਾਂ। ਝਾਉ ਨੇ ਕਿਹਾ ਪਾਉ। ਨਾਗ ਨੇ ਰਾਜੇ ਦਾ ਸਾਹ ਮੁੜ ਪਾ ਦਿਤਾ। ਰਾਜਾ ਹਿਲਿਆ। ਪਰ ਝਾਉ ਨੇ ਆਖਿਆ, ਵੇਖ ਬਾਸ਼ਕ ਨਾਗ, ਮੇਰੇ ਰਾਜਾ ਦੀ ਤਾਕਤ ਵੀਹ ਬਹਾਦਰਾਂ ਜਿੰਨੀਂ ਸੀ। ਪੂਰਾ ਸਾਹ ਪਾਵੀਂ, ਕੁਝ ਬਾਕੀ ਨਾ ਰਖੀਂ। ਬਾਸ਼ਕ ਨਾਗ ਨੇ ਕਿਹਾ ਕਿ ਸ਼ਾਦੀ ਤੂੰ ਸ਼ਰੀਂ ਦੇ ਪਤਰ ਲੈਕੇ ਪਾਣੀ ਨਾਲ ਰਾਜੇ ਦੇ ਮੂੰਹ ਵਿਚ ਪਾਈਂ, ਸਾਰੀ ਤਾਕਤ ਆ ਜਾਏਗੀ। ਜਦ ਨਾਗ ਨੇ ਰਾਜਾ ਦੇ ਮੂੰਹ ਵਿਚ ਸਾਹ ਪਾਇਆ ਸੀ, ਤਾਂ ਝਾਉ ਨੇ ਕਾਂ ਨੂੰ ਮਾਰ ਕੇ ਸਪ ਦੀ ਖੁਡ ਦੇ ਬੂਹੇ ਅਗੇ ਬਿਠਾ ਦਿਤਾ।

ਜਦ ਰਾਜਾ ਸਾਵਧਾਨ ਹੋਇਆ ਤਾਂ ਨਾਗ ਨੇ ਪੁਛਿਆ ਕਾਗ ਕਿਥੇ ਵੇ? ਝਾਉ ਨੇ ਕਿਹਾ, ਉਹ ਤੇ ਤੇਰੇ ਘਰ ਦੇ ਬੂਹੇ ਅਗੇ ਬੈਠਾ ਉਡੀਕਦਾ ਏ। ਨਾਗ ਗੁਸੇ ਹੋਇਆ ਕਿ ਝਾਉ, ਤੂੰ ਮੇਰੇ ਘਰ ਕਿਉਂ ਵੜਿਆ। ਉਸਨੇ ਆਖਿਆ, ਮੈਂ ਅੰਦਰ ਨਹੀਂ ਗਿਆ। ਤੇਰੇ ਯਾਰ ਨੂੰ ਈ ਏਥੇ ਲਿਆਇਆ ਸਾਂ। ਸਪ ਨੇ ਆਖਿਆ, ਕਾਂ ਬੋਲਦਾ ਨਹੀਂ। ਝਾਉ ਨੇ ਕਿਹਾ, ਉਹ ਤੇਰੇ ਨਾਲ ਗੁਸੇ ਵੇ। ਝਾਉ ਤਾਂ ਮੌਕਿਆ ਤਾੜਦਾ ਸੀ, ਜਦ ਸਪ ਰੁੱਡ ਅੰਦਰ ਵੜਨ ਲਗਾ ਤਾਂ ਝਾਉ ਨੇ ਝਪੱਟਾ ਮਾਰਕੇ ਸਪ ਦਾ ਸਿਰ ਫੜ ਲਿਆ। ਤਾਂ ਲਗਾ ਸਪ ਚੀਕਣ , ਪਰ ਝਾਉ ਨੇ ਇਕ ਨਾ ਸੁਣੀ, ਸਪ ਮਾਰ ਦਿਤਾ। ਪਰ ਉਸ ਦੇ ਦੰਦ ਸਪ ਦੇ ਸਿਰ ਵਿਚੋਂ ਨਾ ਨਿਕਲਣ। ਅੰਤ ਤੋਤੇ ਦੇ ਸ਼ੋਰ ਨਾਲ ਰਾਜਾ ਉਠਿਆ। ਤਾਂ ਸ਼ਾਦੀ ਨੂੰ ਗੁਸੇ ਹੋਇਆ, ਕਿ ਮੈਨੂੰ ਮਿਠੀ ਨੀਦਰੋਂ ਕਿਉਂ ਜਗਾ ਦਿਤਾ। ਤੋਤੇ ਨੇ ਸਾਰਾ ਹਾਲ ਸੁਣਾਇਆ ਕਿ ਵੇਖ ਝਾਉ ਨੇ ਤੇਰੀ ਜਾਨ ਬਚਾਈ। ਰਾਜਾ ਨੇ ਸਪ ਤੇ ਝਾਉ ਨੂੰ ਵੇਖਿਆ। ਝਾਉ ਨੂੰ ਸਪ ਨਾਲੋਂ ਵਖਰਾ ਕੀਤਾ। ਝਾਉ ਨੇ ਨਮਸਕਾਰ ਕੀਤੀ। ਰਾਜਾ ਨੇ ਆਖਿਆ, ਮੇਰੇ ਨਾਲ ਚਲ। ਝਾਉ ਨੇ ਆਖਿਆ, ਮੈਂ ਇਥੇ ਈ ਰਹਾਂਗਾ, ਤਾਂਕਿ ਇਸ ਖੁਡ ਵਿਚੋਂ ਕੋਈ ਹੋਰ ਨਾਗ ਕਿਸੇ ਨੂੰ ਨਾ ਸਤਾਏ। ਸਾਰਿਆਂ ਨੇ ਝਾਉ ਦਾ ਸ਼ੁਕਰਾਨਾ ਕੀਤਾ। ਤੇ ਝਾਉ ਨੇ ਪੁਛਿਆ, ਹੁਣ ਕਿਥੇ ਜਾਵੋਗੇ। ਰਸਾਲੂ ਨੇ ਆਖਿਆ, ਸਿਰਕਪ ਦੀ ਨਗਰੀ! ਤਾਂ ਝਾਉ ਨੇ ਆਖਿਆ ਕਿ ਉਥੇ ਨਾ ਜਾਓ, ਸਿਰਕਪ ਜਾਦੂਗਰ ਹੈ। ਰਾਜੇ ਆਖਿਆ ਮੈਂ ਜ਼ਰੂਰ ਜਾਵਾਂਗਾ। ਤਾਂ ਝਾਉ ਨੇ ਆਖਿਆ ਜੇ ਤੁਸਾਂ ਜਾਣਾ ਜ਼ਰੂਰ ਹੈ ਤਾਂ ਅਧ ਰਸਤੇ ਵਿਚ ਤੁਹਾਨੂੰ ਸਿਰਕਪ ਦੇ ਭਰਾ ਸਿਰਸੁਖ ਦੀ ਦੇਹ ਮਿਲੇਗੀ। ਤੁਸਾਂ ਉਸ ਦੀ ਪੂਰੀ ਨਸੀਹਤ ਲੈਣੀ। ਇਹ ਸੁਣਕੇ ਰਸਾਲੂ ਟੁਰ ਪਿਆ, ਪਰ ਰਸਤੇ ਵਿਚ ਸਿਰਸੁਖ ਦੀ ਦੇਹ ਨੂੰ ਲਭਦਾ ਗਿਆ।

## ੯—ਰਸਾਲੂ ਤੇ ਸਿਰਕਪ

ਸਵੇਰੇ ਉਠਕੇ ਰਾਜਾ ਰਸਾਲੂ ਸਿਰਕੋਟ ਨੂੰ ਟੁਰ ਪਿਆ । ਅਧ ਰਸਤੇ ਵਿਚ ਨਗਰੀ ਦੇ ਕੋਲ ਉਸ ਨੂੰ ਇਕ ਲੋਥ ਮਿਲੀ, ਪਰ ਉਹ ਠੰਢੀ ਹੋਈ ਪਈ ਸੀ। ਰਾਜਾ ਨੇ ਤੋਤੇ ਨੂੰ ਪੁਛਿਆ ਹੁਣ ਕੀ ਕਰੀਏ ? ਤੋਤੇ ਨੇ ਆਖਿਆ, ਕਿ ਇਹ ਮੋਇਆ ਨਹੀਂ। ਸਿਰਕਪ ਦੇ ਜਾਦੂ ਨਾਲ ਲੋਥ ਬਣੀ ਪਈ ਏ। ਤੁਸੀ ਰਬ ਅਗੇ ਪ੍ਰਾਰਥਨਾ ਕਰੋ ਤੇ ਇਹ ਜੀਊ ਪਵੇਗਾ। ਰਸਾਲੂ ਨੇ ਤੋਤੇ ਦੀ ਗਲ ਮੰਨ ਕੇ ਰਬ ਪਾਸ ਬੇਨਤੀ ਕੀਤੀ :—

ਰਬਾ, ਜੰਗਲ ਵਿਚ ਇਕੱਲੇ, ਰਾਤ ਪਈ ਵਿਚ ਕਬਰਾਂ ।
ਇਕ ਪਲ ਬਖ਼ਸ਼ੀਂ ਜਿੰਦ ਲੋਥ ਨੂੰ, ਲੋ ਨੈਣਾਂ ਵਿਚ ਪਾਈਂ।
ਰਬਾ, ਸੁਣੀ ਬੇਨਤੀ ਮੇਰੀ, ਮੋਇਆਂ ਨੂੰ ਜੀਵਾਈਂ ।
ਜੋ ਇਹ ਲੋਥ ਪਈ ਬੋਲੇ ਨ, ਨਿਮਾਣੀ ਇਸ ਚਾ ਉਠਾਈਂ ।
ਗੱਲਾਂ ਚਾਰ ਕਰੇ ਮੈਂ ਨਾਲੇ, ਰਾਜਾ ਤੱਤ ਬਤਾਈਂ ।

ਰਬ ਨੇ ਮੁਰਦੇ ਵਿਚ ਜਾਨ ਪਾਈ ਤੇ ਉਠਕੇ ਲੋਥ ਪੁਛਦੀ ਏ, ਤੂੰ ਕੌਣ ਹੈਂ ਤੇ ਮੈਨੂੰ ਤੂੰ ਕਿਉਂ ਉਠਾਇਆ ?*

ਰਾਜੇ ਨੇ ਆਖਿਆ ਮੈਂ ਰਿਸਾਲੂ ਹਾਂ ਤੇ ਤੈਨੂੰ ਚਾਰ ਗੱਲਾਂ ਕਰਨ ਲਈ ਉਠਾਇਆ ਹੈ। ਮੈਂ ਸਿਰਕੋਟ ਸਿਰਕਪ ਨਾਲ ਲੜਨ ਜਾ ਰਿਹਾ ਹਾਂ । ਉਹ ਬੜਾ ਜ਼ਾਲਮ ਹੈ।

ਸਿਰਸੁਖ—ਕੀ ਤੂੰ ਸੱਚ ਮੁਚ ਈ ਰਸਾਲੂ ਏਂ ?

ਰਸਾਲੂ—ਹਾਂ।

ਸਿਰਸੁਖ—ਤੂੰ ਸਿਰਕੋਟ ਨਾ ਜਾ, ਮੁੜ ਜਾ, ਵੇਖ ਸਿਰਕਪ ਨੇ ਮੈਨੂੰ ਵੀ ਨਾ ਛਡਿਆ, ਮੇਰੇ ਨਾਲ ਚੋਪਟ ਖੇਡਿਆ। ਮੈਂ ਜਿਤਦਾ ਤਾਂ ਹਸਕੇ ਗੁਜ਼ਾਰ ਦਿੰਦਾ, ਇਕ ਵਾਰੀ ਉਸ ਨੇ ਬਾਜ਼ੀ ਜਿਤੀ। ਕਹਿਣ ਲਗਾ, ਲਿਆ ਹੁਣ ਸਿਰ ਦੇ। ਮੈਂ ਜਾਤਾ ਮਖੌਲ ਕਰਦਾ ਹੈ। ਮੈਂ ਸਿਰ ਅਗੇ ਕਰ ਦਿਤਾ, ਉਸਨੇ ਝਟ ਕਟ ਲੀਤਾ । ਅਜਿਹੇ ਪਾਪੀ ਜ਼ਾਲਮ ਵਲ ਜਾਣਾ ਠੀਕ ਨਹੀਂ।

ਰਸਾਲੂ—ਜਾਣਾ ਤਾਂ ਜ਼ਰੂਰ ਹੈ, ਇਸੇ ਜ਼ਾਲਮ ਨੂੰ ਤਾਂ ਸਿਧਾ ਕਰਨਾ ਹੈ। ਪਰ ਤੁਹਾਡੀ ਮਦਤ ਦੀ ਲੋੜ ਹੈ ।

ਸਿਰਸੁਖ—ਸੁਣ, ਜੇ ਜਾਣਾ ਈ ਤਾਂ ਆ ਇਨ੍ਹਾਂ ਗਲਾਂ ਦਾ ਧਿਆਨ ਰਖੀਂ, ਸਿਰਕਪ ਬੜਾ ਜਾਦੂਗਰ ਈ। ਪਹਿਲੇ ਉਹ ਬੜੀ ਹਨੇਰੀ ਝਖੜ ਲਿਆਵੇਗਾ ਤੇ ਤੈਨੂੰ ਤੇਰੇ ਤੰਬੂ ਸਮੇਤ ਉਡਾਕੇ ਬਾਹਰ ਮਾਰੇਗਾ। ਜੇ ਤੂੰ ਬਚ ਰਹਿਓਂ ਤਾਂ ਉਹ ਰਾਤੀ-ਬਰਫ਼ ਦਾ ਤੂਫਾਨ ਲਿਆਵੇਗਾ। ਜੇ ਤੂੰ ਓਥੋਂ ਵੀ ਬਚ ਗਿਆ, ਤਾਂ ਜਦ ਤੂੰ ਉਸਦੇ ਦਰਵਾਜ਼ੇ

*ਨੋਟ—(ਮੁਰਦਾ, ਸਿਰਸੁਖ ਸੀ, ਰਾਜਾ ਸਿਰਕਪ ਦਾ ਭਰਾ ਸੀ)।

Sri Satguru Jagjit Singh Ji Elibrary NamdhariElibrary@gmail.com

ਤੇ ਜਾਕੇ ਘੰਟਾ ਵਜਾਏਂਗਾ, ਤਾਂ ਉਸਦੀ ਜਾਦੂ ਵਾਲੀ ਵਾਜ ਤੇਰੇ ਕੰਨ ਬੋਲੇ ਕਰ ਦਏਗੀ ਤੇ ਤੇਰੇ ਹੋਸ਼ ਉਡ ਜਾਣਗੇ। ਜੇ ਓਥੋਂ ਵੀ ਬਚ ਗਇਓਂ ਤਾਂ ਜਦ ਦਰਵਾਜ਼ੇ ਵਿਚੋਂ ਲੰਘੇਂਗਾ ਓਥੇ ਉਪਰ ਉਸਦੀ ਧੀ ਰਾਣੀ ਚਾਂਦਨੀ ਦਾ ਝੂਲਾ ਹੋਸੀ, ਉਸਦੇ ਹੇਠੋਂ ਲੰਘਦਿਆਂ ਈ ਪਾਗਲ ਹੋ ਜਾਸੇਂ। ਰਬ ਦੀ ਮਿਹਰ ਨਾਲ ਓਥੋਂ ਵੀ ਬਚਿਆ ਤਾਂ ਰਾਜਾ ਸਿਰਕਪ ਚੌਪਟ ਖੇਡੇਗਾ। ਉਸਨੇ ਦੋ ਚੂਹੇ ਰਖੇ ਨੇ, ਇਕ ਦਾ ਨਾਂ ਹਰਬੰਸ ਤੇ ਚੂਹੀ ਦਾ ਨਾਂ ਹਰਬੰਸੀ ਹੈ। ਚੌਪਟ ਵੇਲੇ ਉਹ ਆਪਣੀਆਂ ਸੁੰਦਰ ਧੀਆਂ ਤੇ ਰਾਣੀ ਸਦਕੇ ਕੋਲ ਬਹਾ ਲੈਂਦਾ ਹੈ ਕਿ ਉਹ ਸੁੰਦਰੀਆਂ ਤੇਰਾ ਧਿਆਨ ਆਪਣੇ ਵਲ ਖਿਚ ਲੈਣ ਤੇ ਤੂੰ ਹਾਰ ਜਾਵੇਂ। ਜੇ ਸਿਰਕਪ ਹਾਰਨ ਲਗਦਾ ਹੈ ਤਾਂ ਹਰਬੰਸ ਤੇ ਹਰਬੰਸੀ ਨੂੰ ਸਦਦਾ ਹੈ ਜੋ ਪਾਸਾ ਪਲਟ ਦਿੰਦੇ ਹੈਨ। ਜੇ ਤੂੰ ਇਨ੍ਹਾਂ ਗੱਲਾਂ ਤੋਂ ਬਚ ਕੇ ਰਹੇਂ ਤਾਂ ਜਿੱਤ ਜਾਸੇਂ।

ਰਸਾਲੂ—ਤੁਹਾਡੀ ਮਦਤ ਨਾਲ ਈ ਜਿਤਨਾ ਹੈ।

ਸਿਰਸੁਖ—ਸੁਣ, ਜਾਂਦੀ ਵਾਰੀ ਤੈਨੂੰ ਰਸਤੇ ਵਿਚ ਬਿਲੀ ਮਿਲੇਗੀ, ਉਸ ਨੂੰ ਨਾਲ ਲੈ ਜਾਈਂ, ਤੇ ਇਹ ਮੇਰੀਆਂ ਦੋ ਪਸਲੀਆਂ ਹਨ (ਦੋ ਪਸਲੀਆਂ ਕਢ ਕੇ ਦਿੰਦਾ ਹਾਂ) ਇਹ ਨਾਲ ਲੈ ਜਾ, ਜਦ ਸਿਰਕਪ ਚੂਹੇ ਬੁਲਾਏ ਤਾਂ ਇਹ ਬਿਲੀ ਕਢ ਦਈਂ।

ਰਸਾਲੂ—ਸਤਿ ਬਚਨ।

ਸਿਰਸੁਖ ਫੇਰ ਮੁਰਦਾ ਹੋ ਗਿਆ ਤੇ ਰਸਾਲੂ ਆਪਣੀ ਰਾਹ ਪਿਆ, ਰਸਤੇ ਵਿਚ ਇਕ ਪਿੰਡ ਵਿਚੋਂ ਲੰਘਿਆ, ਓਥੇ ਇਕ ਬਿਲੀ ਸੀ, ਜਿਹੜੀ ਜੁਲਾਹੇ ਕੋਲ ਬੈਠੀ ਸੀ ਤੇ ਉਸ ਦਾ ਕੰਮ ਕਰਦੀ ਸੀ। ਰਾਜਾ ਖਲੋ ਗਿਆ ਤੇ ਪੁਛਿਆ ਸੂ—ਕੀ ਭਈ ਤੇਰਾ ਪੁਤਰ ਧੀ ਕੋਈ ਨਹੀਂ ਜੁ ਇਸ ਬਿਲੀ ਤੋਂ ਕੰਮ ਕਰਾਂਦਾ ਹੈਂ ?

ਜੁਲਾਹੇ ਨੇ ਹਥ ਜੋੜ ਕੇ ਉੱਤਰ ਦਿਤਾ, ਜੀ ਨਹੀਂ, ਮੈਂ ਬੜਾ ਗਰੀਬ ਹਾਂ।

ਰਾਜੇ ਨੇ ਵੀਹ ਰੁਪਏ ਦੇ ਕੇ ਬਿੱਲੀ ਮੁਲ ਲੈ ਲਿਤੀ ਤੇ ਟੁਰ ਪਿਆ, ਸਿਰਕੋਟ ਦੇ ਬਾਹਰ ਡੇਰਾ ਲਾਇਆ। ਰਾਜੇ ਸਿਰਕਪ ਨੂੰ ਵੀ ਖਬਰ ਹੋ ਗਈ। ਉਸ ਨੇ ਬੜੀ ਹਨੇਰੀ ਤੇ ਝਖੜ ਜਾਦੂ ਦਾ ਵਗਾਇਆ। ਪਰ ਰਸਾਲੂ ਆਪ ਵੀ ਜਾਦੂ ਦਾ ਉਸਤਾਦ ਸੀ। ਉਸ ਤੇ ਕੋਈ ਅਸਰ ਨਾ ਹੋਇਆ। ਸਿਰਕਪ ਨੇ ਆਪਣੀ ਰਾਣੀ ਅਛਰਾ ਦਈ ਨੂੰ ਆਖਿਆ, ਬਾਰੀ ਵਿਚੋਂ ਵੇਖ ਖਾਂ ਕਿ ਨਵੇਂ ਰਾਜੇ ਦਾ ਕੀ ਹਾਲ ਹੈ। ਉਸ ਨੇ ਕਿਹਾ ਉਹ ਤੇ ਓਸੇ ਤਰ੍ਹਾਂ ਹੈ। ਉਸ ਦਾ ਤੰਬੂ ਤੇ ਘੋੜਾ ਖੜੇ ਨੇ। ਤਾਂ ਰਾਜਾ ਨੇ ਆਪਣੇ ਨਗਰ ਡੌਂਡੀ ਪਿਟਾਈ, ਕਿ ਰਾਤੀਂ ਬਰਫ਼ ਪੈਣੀ ਹੈ ਖਬਰਦਾਰ ਹੋ ਜਾਣਾ। ਰਾਤੀਂ ਬੜੀ ਬਰਫ਼ ਪਈ। ਪਰ ਰਸਾਲੂ ਦੇ ਡੇਰੇ ਨੂੰ ਕੋਈ ਅਜਾਂ ਨਾਂ ਪੁਜੀ। ਸਿਰਕਪ ਹੈਰਾਨ ! ਜਦ ਸਵੇਰ ਹੋਈ ਤੇ ਤੂਫਾਨ ਹਟਿਆ ਤਾਂ ਰਸਾਲੂ ਸ਼ਹਿਰ ਵੜਿਆ, ਤੇ ਮਹਿਲ ਦੇ ਦਰਵਾਜ਼ੇ ਤੇ ਜਾ ਕੇ ਰਬ ਦਾ ਨਾਂ ਲੈ ਅਜਿਹੇ ਜ਼ੋਰ ਨਾਲ ਘੜਿਆਲ ਨੂੰ ਚੋਟ ਲਾਈ ਕਿ

Sri Satguru Jagjit Singh Ji Elibrary NamdhariElibrary@gmail.com

ਘੜਿਆਲ ਦੇ ਸੌ ਟੋਟੇ ਹੋ ਗਏ। ਤਦ ਉਸ ਨੇ ਘੋੜੇ ਨੂੰ ਆਖਿਆ ਮੇਰੇ ਫੌਲਾਦੀ ! ਦਸ ਹੁਣ ਪੰਘੂੜੇ ਦਾ ਕੀ ਕਰੀਏ ? ਫੌਲਾਦੀ ਨੇ ਆਖਿਆ, ਰਾਜਾ ! ਮੈਂ ਉਚੀ ਛਾਲ ਮਾਰ ਕੇ ਪੰਘੂੜੇ ਤਕ ਤੁਹਾਨੂੰ ਪੁਜਾ ਦੇਵਾਂਗਾ। ਤੁਸਾਂ ਨੇ ਝੂਲੇ ਦੀਆਂ ਲਾਸਾਂ (ਰਸੇ) ਤਲਵਾਰ ਨਾਲ ਕਟ ਦੇਣੀਆਂ। ਰਾਜੇ ਨੇ ਕਿਹਾ ਠੀਕ। ਜਦ ਦਰਵਾਜ਼ਾ ਲੰਘਣ ਲਗੇ, ਤੇ ਘੋੜੇ ਨੇ ਕਿਹਾ, ਹੁਸ਼ਿਆਰੀ ਨਾਲ ਬੈਠਣਾ। ਇਹ ਕਹਿ ਕੇ ਘੋੜੇ ਨੇ ਇਕ ਉਚੀ ਛਾਲ ਮਾਰੀ ਤੇ ਰਾਜੇ ਨੇ ਝੂਲੇ ਦਾ ਰਸਾ ਕਟ ਦਿਤਾ। ਰਾਣੀ ਚਾਂਦਨੀ ਆਪਣੀਆਂ ਦੋਹਾਂ ਸਹੇਲੀਆਂ ਸਮੇਤ ਹੇਠਾਂ ਡਿਗ ਪਈ। ਕੁਝ ਸੱਟਾਂ ਵੀ ਲਗੀਆਂ। ਤਾਂ ਚਾਂਦਨੀ ਦੋੜਦੀ ਦੌੜਦੀ ਆਪਣੇ ਪਿਉ ਪਾਸ ਗਈ, ਤੇ ਆਖਿਓ ਸੂ :—

ਇਕ ਜੁ ਆਇਆ ਰਾਜਪੂਤ, ਕਰਦਾ ਮਾਰੋ ਮਾਰ।
ਝੂਲੇ ਲਾਸ਼ਾਂ ਕਪੀਆਂ, ਭੂਏਂ ਡਿਗੀ ਹੋਈ ਖਾਰ।
ਘੜਿਆਲ ਸੂ ਜ਼ੋਰੀ ਭੰਨਿਆ, ਟੁਕੜੇ ਕਈ ਹਜ਼ਾਰ।
ਦੌੜੋ ਤੁਸੀਂ ਮਹਾਰਾਜ ਜੀ, ਬਚਾਓ ਏਸ ਅਜ਼ਾਰ।

ਸਿਰਕਪ ਨੇ ਧੀਰਜ ਦਿਤੀ ਕਿ ਚਾਂਦਨੀ, ਘਬਰਾ ਨਹੀਂ, ਸਵੇਰੇ ਇਸ ਦਾ ਸਿਰ ਵੀ ਕਪੀਜ ਕੇ ਕੋਟ ਦੀ ਦੀਵਾਰ ਤੇ ਹੋਸੀ। ਫੇਰ ਗੁਸੇ ਵਿਚ ਰਾਜੇ ਨੇ ਸਾਰੇ ਪਹਿਰੇ ਲਾ ਦਿਤੇ ਕਿ ਰਸਾਲੂ ਨੂੰ ਸਿਰੀਆਂ ਦੇ ਦਰਵਾਜ਼ੇ ਰਾਹੀਂ ਅੰਦਰ ਵੜਨ ਦੇਣਾ। ਰਸਾਲੂ ਜਦ ਸਿਰੀਆਂ ਦੇ ਦਰਵਾਜ਼ੇ ਵਿਚੋਂ ਲੰਘਿਆ, ਤਾਂ ਸਿਰੀਆਂ ਵੇਖਕੇ ਹੱਸੀਆਂ ਤੇ ਰੋਈਆਂ। ਰਸਾਲੂ ਨੇ ਆਖਿਆ, ਮੇਰੇ ਲਈ ਦੁਆ ਕਰੋ ਕਿ ਮੈਂ ਸਿਰਕੱਪ ਨੂੰ ਜਿੱਤਾਂ :—

ਮੁੰਡੀਓ ਨੀ ਨਿਮਾਣੀਓਂ, ਰੱਬ ਤੇ ਕਰੋ ਦੁਆਇ
ਸਿਰ ਸਿਰ ਬਾਜੀ ਲਾਉਣੀ, ਰਬ ਜੇ ਜਿੱਤ ਦੁਆਇ।
ਹਰ ਇਕ ਨੂੰ ਗਜ਼ ਖਪਨੀ, ਚੰਦਨ ਚਿਖਾ ਬਣਾਇ।
ਕਰਾਂ ਸਸਕਾਰ ਤੁਸਾਡੜਾ, ਸੁਰਗਾ ਪੁਰੀ ਪੁਚਾਇ।

ਜਦ ਰਸਾਲੂ, ਸਿਰਕੱਪ ਕੋਲ ਗਿਆ ਤਾਂ ਸਿਰਕੱਪ ਨੇ ਉਠ ਕੇ ਆਦਰ ਕੀਤਾ ਤੇ ਆਖਿਓ ਸੂ, ਤੂੰ ਏਥੇ ਕਿਉਂ ਆਇਓਂ ? ਗੰਗੂ ਦੇ ਸ਼ਹਿਰੋਂ ਕੀ ਲੈਣਾ ਈ, ਕੋਲਿਆਂ ਦੀ ਅੱਗ ? ਆ ਭਲਾ ਹੁਣ ਤੂੰ ਮੱਥਾ ਡਾਹੁਣ ਆਇਆ ਏਂ ਤਾਂ ਦਸ ਖਾਂ, ਜਗ ਵਿਚ ਕਿੰਨੀਆਂ ਅਜ਼ਮਤਾਂ ਨੇ ? ਰਸਾਲੂ ਦੀ ਪੰਜ ਪੀਰ ਹਮੇਸ਼ ਮਦਦ ਕਰਦੇ ਸਨ। ਰਸਾਲੂ ਨੇ ਆਖਿਆ, ਓਹੋ। ਮੂਰਖਾ, ਤੈਨੂੰ ਐਨਾ ਵੀ ਪਤਾ ਨਹੀਂ। ਸੁਣ :—

(੧) ਘਰ ਦੀ ਅਜ਼ਮਤ ਇਸਤ੍ਰੀ। (੨) ਤਨ ਦੀ ਅਜ਼ਮਤ ਪੁ..ਾਕ। (੩) ਜ਼ਮੀਨ ਦੀ ਅਜ਼ਮਤ ਮੀਂਹ। (੪) ਜੁਧ ਭੂਮੀ ਦੀ ਅਜ਼ਮਤ, ਬਹਾਦਰ ਪੁਤਰ।

ਸਿਰਕੱਪ ਸੁਣ ਕੇ ਚੁਪ ਰਿਹਾ। ਤਾਂ ਉਸ ਨੇ ਸੁੰਦਰ ਫੁਲਦਾਰ "ਕੌਚ" ਤੇ ਬੈਠਣ ਲਈ ਆਖਿਆ। ਪਰ ਰਸਾਲੂ ਨੂੰ ਪਤਾ ਸੀ, ਕਿ ਇਹ ਜਾਦੂ ਦਾ "ਕੌਚ" ਹੈ। ਉਹ ਬੈਠਾ ਨਾ। ਕਹਿਓ ਸੂ, ਮੈਨੂੰ ਹਥ ਦੀ ਉਣੀਂ, ਚਿਟੀ ਦਰੀ ਦੇ ਦਿਉ। ਸਿਰਕੱਪ

ਨੇ ਆਖਿਆ, ਆ ਖਾਂ ਭਲਾ, ਮੇਰੀ ਬੁਝਾਰਤ ਬੁਝ। ਰਸਾਲੂ ਨੇ ਸਾਰੀਆਂ ਬੁਝਾਰਤਾਂ ਬੁਝੀਆਂ। ਅੰਤ ਰਸਾਲੂ ਨੇ ਇਕ ਬੁਝਾਰਤ ਪਾਈ, ਜਿਹੜੀ ਸਿਰਕੱਪ ਤੋਂ ਨਾ ਬੁਝੀ ਗਈ। ਫੇਰ ਸਿਰਕੱਪ ਨੇ ਸ਼ਰਮਿੰਦਾ ਹੋਕੇ ਰਸਾਲੂ ਨੂੰ ਚਿਟੀ ਦਰੀ ਦਿਤੀ। ਰਸਾਲੂ ਬੈਠਾ ਤੇ ਸਿਰਕਪ ਨੇ ਨਾਂ ਥੇਹ ਪੁਛਿਆ। ਰਸਾਲੂ ਨੇ ਦਸਿਆ। ਰਸਾਲੂ ਦਾ ਨਾਂ ਸੁਣਕੇ ਰਾਣੀ ਅਛਰਾਂ ਦਈ ਕੰਬੀ। ਸਿਰਕਪ ਨੇ ਹੌਸਲਾ ਦਿਤਾ। ਚੌਪੜ ਵਿਛ ਗਈ। ਸਿਰਕਪ ਤੇ ਰਸਾਲੂ ਖੇਡਣ ਲਗੇ। ਸਿਰਕਪ ਦੀਆਂ ਧੀਆਂ ਤੇ ਰਾਣੀ ਰਸਾਲੂ ਦਾ ਧਿਆਨ ਹੋਰ ਪਾਸੇ ਲਾਣ ਲਈ ਸਾਮ੍ਹਣੇ ਬੈਠੀਆਂ ਸਨ। ਰਸਾਲੂ ਨੂੰ ਸਿਰਸੁਖ ਦੀ ਗਲ ਭੁਲ ਗਈ। ਨਾ ਬਿੱਲੀ ਯਾਦ ਰਹੀ, ਨ ਹਡੀਆਂ ਦੇ ਪਾਸੇ। ਸਿਰਕਪ ਦੇ ਚੂਹੇ ਕੰਮ ਕਰਦੇ ਰਹੇ। ਸਿਰਕੱਪ ਪੰਜੇ ਵਾਰਾਂ ਜਿਤ ਗਿਆ ਰਸਾਲੂ ਸਭ ਹਾਰ ਬੈਠਾ। ਸਿਰ ਵੀ ਹਾਰ ਗਿਆ। ਸਿਰਕੱਪ ਤਲਵਾਰ ਲੈ ਕੇ ਆਖਣ ਲੱਗਾ ਕਿ ਦੇਹ ਸਿਰ। ਰਸਾਲੂ ਨੇ ਕਿਹਾ ਹੱਛਾ ਇਕ ਵਾਰੀ ਕੋਠੇ ਤੇ ਚੜ੍ਹਕੇ ਦੁਨੀਆਂ ਵਿਖਾ ਦੇ। ਰਾਜੇ ਮੰਨ ਲਿਆ। ਉਪਰ ਜਾ ਕੇ ਅਸਮਾਨ ਤੇ ਜ਼ਮੀਨ ਵਲ ਤਕ ਕੇ ਅਫ਼ਸੋਸ ਕਰਦਾ ਹੈ। ਖੀਸੇ ਵਿਚ ਹਥ ਪਾਇਆ ਤਾਂ ਬਿਲੀ ਭੁੜਕ ਪਈ। ਹਡੀਆਂ ਚੁਕੀਆਂ, ਝਟ ਸਿਰਸੁਖ ਦਾ ਕਹਿਣਾ ਯਾਦ ਆਇਆ। ਹੇਠਾਂ ਉਤਰ ਕੇ ਸਿਰਕੱਪ ਨੂੰ ਕਿਹਾ, ਭਈ ਤੂੰ ਸਭ ਕੁਝ ਜਿਤ ਚੁਕਾ ਹੈਂ, ਆ *ਇਕ ਵਾਰੀ ਫੇਰ ਖੇਡੀਏ, ਸਿਰਕਪ ਮੰਨ ਗਿਆ। ਖੇਡਣ ਲਗਿਆਂ ਸਿਰਕਪ ਨੇ ਹਰਬੰਸ ਬੁਲਾਇਆ, ਰਸਾਲੂ ਨੇ ਬਿਲੀ ਕਢ ਦਿਤੀ। ਬਿਲੀ ਚੁਪ ਕਰਕੇ ਬਾਰੀ ਵਿਚ ਜਾ ਬੈਠੀ। ਉਸ ਦੀ ਮੁਸ਼ਕ ਤੋਂ ਚੂਹਾ ਨੇੜੇ ਨਾ ਆਵੇ। ਸਿਰਕੱਪ ਬਥੇਰਾ ਹਰਬੰਸ ਹਰਬੰਸੀ ਨੂੰ ਬੁਲਾਂਦਾ ਰਿਹਾ, ਪਰ ਕੋਈ ਬਾਹਰ ਨਾ ਨਿਕਲਿਆ। ਇਸ ਕਰਕੇ ਸਿਰਕੱਪ ਹਾਰਦਾ ਈ ਗਿਆ। ਅੰਤ ਰਸਾਲੂ ਨੇ ਆਪਣਾ ਸਭ ਕੁਝ ਹਾਰਿਆ ਜਿਤ ਲਿਆ ਤੇ ਸਿਰਕਪ ਦਾ ਵੀ ਸਭ ਕੁਝ। ਅੰਤ ਸਿਰ ਸਿਰ ਬਾਜ਼ੀ ਲਗੀ, ਉਹ ਵੀ ਰਾਜਾ ਰਸਾਲੂ ਨੇ ਜਿੱਤ ਲਈ। ਸਿਰਕੱਪ ਸ਼ਸ਼ੁਦਰ ਹੋਇਆ, ਤੇ ਰਾਜਾ ਰਸਾਲੂ ਨੂੰ ਆਖਿਓ ਸੂ, ਮੈਨੂੰ ਵੀ ਆਗਿਆ ਦੇ ਆਪਣੇ ਘਰ ਬਾਰ ਨੂੰ ਇਕ ਵੇਰੀ ਵੇਖ ਲਵਾਂ। ਰਸਾਲੂ ਨੇ ਕਿਹਾ: ਜਾਵੇ, ਖੁਸ਼ੀ ਨਾਲ, ਪਰ ਛੇਤੀ ਮੁੜ ਕੇ ਆਵੇ। ਪਰ ਸਿਰਕਪ ਨੇ ਮੁੜ ਆ ਕੇ ਕਿਹਾ ਕਿ ਰੱਬ ਦੇ ਵਾਸਤੇ ਦੀ ਇਕ ਹੋਰ ਬਾਜ਼ੀ ਖੇਡ, ਜੀਕਣ ਤੂੰ ਖੇਡੀ ਸੀ। ਰਸਾਲੂ ਨੇ ਆਖਿਆ, ਬੇਸ਼ਕ। ਸਿਰਕਪ ਨੇ ਆਪਣੀਆਂ ਧੀਆਂ ਨੂੰ ਆਖਿਆ, ਸੋਲਾਂ ਸ਼ਿੰਗਾਰ ਕਰਕੇ ਰਸਾਲੂ ਦੇ ਸਾਮ੍ਹਣੇ ਜਾਵੋ ਤੇ ਉਸਦਾ ਜੀ ਰਿਝਾਵੋ। ਉਹ ਹੁਕਮ ਮੰਨਕੇ ਆ ਗਈਆਂ। ਪਰ ਰਸਾਲੂ ਦਾ ਜੀ ਨਾ ਭਰਮਿਆਂ। ਉਸ ਨੇ ਪੁਛਿਆ ਕਿ ਰਾਜਾ ਸਿਰਕਪ ਕਿਥੇ ਵੇ? ਉਨ੍ਹਾਂ ਨੇ ਉਤਰ ਦਿਤਾ ਕਿ ਸਿਰਕਪ ਸ਼ੈਦ ਡਰਦਾ ਹੋਇਆ ਸ਼ਹਿਰੋਂ ਨਠ ਗਿਆ ਏ। ਰਸਾਲੂ ਨੇ ਕਿਹਾ, ਇਸਦਾ ਡਰ ਨਹੀਂ ਉਹ ਜਿਥੇ ਗਿਆ ਮੈਂ ਵੀ ਉਸਦੇ ਪਿਛੇ

---

*ਇਹ ਠਿਕ ਅਨਹੋਣੀ ਗਲ ਹੈ। ਸਿਰਕਪ ਜਿਹਾ ਜ਼ਾਲਮ ਮਨੁਖ ਕਦੀ ਰਸਾਲੂ ਨੂੰ ਛਡਦਾ ਨਾ ਜਦ ਉਹ ਰਸਾਲੂ ਤੋਂ ਡਰਦਾ ਵੀ ਸੀ।

Sri Satguru Jagjit Singh Ji Elibrary NamdhariElibrary@gmail.com

ਜਾਵਾਂਗਾ। ਉਹ ਉਠ ਕੇ ਮਹਿਲ ਵਿਚ ਗਿਆ, ਕਚਹਿਰੀ ਡਿਠੀ, ਪਰ ਸਿਰਕਪ ਦਾ ਪਤਾ ਨ ਲਭਾ। ਆਖਰ ਤਬੇਲੇ ਵਿਚ ਗਿਆ ਤਾਂ ਇਕ ਖੁਰਲੀ ਵਿਚ ਘਾ ਹਿਲਦਾ ਸੀ, ਰਸਾਲੂ ਨੇ ਘਾ ਪਰ੍ਹੇ ਕੀਤਾ ਤਾਂ ਹੇਠੋਂ ਸਿਰਕਪ ਨਿਕਲਿਆ। ਰਸਾਲੂ ਨੇ ਆਖਿਆ, ਸਿਰਕਪ ! ਤੂੰ ਬੜਾ ਕਮੀਨਾ ਹੈਂ। ਤੇ ਓਸਨੂੰ ਗਿਚੀਉਂ ਫੜਕੇ ਧਰੂਹਕੇ ਤੇ ਮਹਿਲ ਵਲ ਲਿਆਇਆ, ਜਿਥੇ ਚੌਪੜ ਖੇਡਦੇ ਸਨ ਤੇ ਸਿਰਕਪ ਨੂੰ ਆਖਿਓ ਸੂ, ਬਦਮਾਸ਼, ਜ਼ਾਲਮ ! ਵੇਖ ਤੂੰ ਕਿੰਨਿਆਂ ਦੇ ਸਿਰ ਧੋਖੇ ਨਾਲ ਬਾਜ਼ੀਆਂ ਜਿਤਕੇ ਵਢੇ ਨ, ਉਸ ਵੇਲੇ ਤੈਨੂੰ ਅਫ਼ਸੋਸ ਨ ਆਇਆ, ਹੁਣ ਰੋਣ ਲਗਾ ਏਂ ?

ਹੁਣ ਰਾਜਾ ਦੇ ਮਹਿਲ ਵਿਚ ਇਕ ਕੁੜੀ ਜੰਮੀ ਸੀ, ਜਿਸ ਦਾ ਰਸਾਲੂ ਨੂੰ ਪਤਾ ਨਹੀਂ ਸੀ। ਨੌਕਰਾਂ ਨੇ ਆਕੇ ਖਬਰ ਕੀਤੀ ਕਿ ਜੋਤਸ਼ੀ ਆਖਦ ਨੇ ਇਹ ਕੁੜੀ ਬਦਸ਼ਗਨੀ ਹੈ। ਸਭ ਕਲੇਸ਼ ਏਸੇ ਕਰਕੇ ਹੈ। ਇਸ ਨੂੰ ਮਾਰ ਦਿਉ, ਰਸਾਲੂ ਨੇ ਸੁਣਿਆ ਤਾਂ ਆਖਿਆ, ਜਾਉ ਕੁੜੀ ਨੂੰ ਲਿਆਉ। ਕੁੜੀ ਕੀ ਸੀ, ਚੰਦ ਦਾ ਟੁਕੜਾ। ਰਸਾਲੂ ਦੇ ਜੀ ਵਿਚ ਮਿਹਰ ਮੁਹਬਤ ਦੀ ਅੰਗੂਰੀ ਪੁੰਗਰੀ, ਹੁਕਮ ਦਿਤਾ ਕਿ ਕੁੜੀ ਨੂੰ ਨਾ ਮਾਰੋ।

ਕਮਰੇ ਵਿਚ ਲਿਆਕੇ ਰਸਾਲੂ ਨੇ ਸਿਰਕਪ ਦੀ ਗਿਚੀ ਛਡ ਦਿਤੀ। ਸਿਰਕਪ ਨੇ ਅਰਜ਼ ਕੀਤੀ ਕਿ ਜੀ ਹੁਣ ਕੀ ਕਰੋਗੇ ? ਰਸਾਲੂ ਨੇ ਤਲਵਾਰ ਧੂਹ ਕੇ ਆਖਿਆ ਕਿ ਤੇਰਾ ਸਿਰ ਵਢਾਂਗਾ।

ਸਿਰਕਪ ਨੇ ਢਹਿਕੇ ਪੈਰੀਂ ਪੈਕੇ ਅਰਜ਼ ਕੀਤੀ ਕਿ ਮੇਰੀ ਜਾਨ ਬਖਸ਼ੀ ਕਰੋ। ਤੇ ਮੇਰੀ ਜਿਹੜੀ ਧੀ ਦਾ ਚਾਹੋ ਡੋਲਾ ਲੈ ਲਵੋ। ਰਾਣੀ ਤੇ ਧੀਆਂ ਨੇ ਵੀ ਮਿੰਨਤਾਂ ਕੀਤੀਆਂ। ਰਾਣੀ ਸਿਰ ਨੰਗਾ ਕਰਕੇ ਪੈਰੀਂ ਪਈ ਕਿ ਜਿਵੇਂ ਜਾਣੋਂ ਛਡੋ। ਅੰਤ ਰਸਾਲੂ ਨੇ ਆਖਿਆ, ਤਾਂ ਛਡਦਾ ਹਾਂ ਜੇ ਤੂੰ ਇਹ ਸ਼ਰਤਾਂ ਮੰਨੇ :—

(੧) ਅਗੋਂ ਲਾ ਕਦੀ ਕਿਸੇ ਨਾਲ ਚੌਪੜ ਨ ਖੇਡੀਂ।

(੨) ਸਭ ਕੈਦੀ ਛੱਡ ਦੇਹ।

(੩) ਤੱਤੇ ਤਵੇ ਤੇ ਨੱਕ ਨਾਲ ਲਕੀਰਾਂ ਕੱਢ।

(੪) ਨਵੀਂ ਜੰਮੀ ਧੀ ਮੈਨੂੰ ਦੇ ਦੇ।

ਸਿਰਕਪ ਨੇ ਸਭ ਸ਼ਰਤਾਂ ਮੰਨ ਲਈਆਂ। ਰਸਾਲੂ ਨੇ ਸਿਰਕਪ ਦਾ ਸਿਰ ਫੜ ਕੇ ਤੱਤੇ ਤਵੇ ਤੇ ਖ਼ੂਬ ਰਗੜਿਆ, ਹਮੇਸ਼ ਲਈ ਦਾਗੀ ਹੋ ਗਿਆ। ਰਸਾਲੂ ਕੋਕਿਲਾਂ ਦਾ ਡੋਲਾ ਲੈਕੇ ਮੁੜਿਆ। ਪਿਛੋਂ ਸਿਰਕਪ ਵੀ ਰਾਜ ਛਡਕੇ ਬਣਾਂ ਵਿਚ ਚਲਾ ਗਿਆ।*

---

*ਨੋਟ—ਕਹਾਣੀ ਉਹੀ ਜੋ ਟੈਂਪਲ ਸਾਹਿਬ ਨੇ ਦਿਤੀ ਹੈ। ਪਰ ਕਥਨ ਵਿਚ ਫਰਕ ਹੈ। ਇਹ ਕਹਿਣਾ ਸਿਰਕਪ ਨੇ ਸਿਰ ਦੀ ਬਾਜ਼ੀ ਜਿਤ ਕੇ ਛਡ ਦਿਤਾ, ਠੀਕ ਨਹੀਂ ਜਾਪਦਾ। ਉਹ ਜ਼ਾਲਮ ਸੀ, ਉਸ ਨੇ ਆਪਣੇ ਭਰਾ ਸਿਰਸੁਖ ਨੂੰ ਨਹੀਂ ਸੀ ਛਡਿਆ ਤਾਂ ਰਸਾਲੂ—ਜਿਸ ਨੂੰ ਉਹ ਜਾਣਦਾ ਸੀ ਕਿ ਉਸਦਾ ਵੈਰੀ ਹੈ—ਕਦ ਛਡਦਾ ਸੀ।

Sri Satguru Jagjit Singh Ji Elibrary NamdhariElibrary@gmail.com

## ੧੦—੧੧—ਕੋਕਿਲਾਂ ਦੀ ਬਦਜ਼ਾਤੀ ਤੇ ਅੰਤ !

ਸਿਰਕਪ ਦੀ ਨਗਰੀ ਤੋਂ ਟੁਰਕੇ ਰਸਾਲੂ ਬਾਰਾਂ ਦਿਨਾਂ ਦਾ ਸਫਰ ਝਾਗ ਕੇ, ਖੇੜੀ ਮੂਰਤੀ ਦੀਆਂ ਪਹਾੜੀਆਂ ਵਿਚ ਪੁਜਾ (ਜਿਹੜੀਆਂ ਬੁਰਹਾਨ ਦੇ ਕੋਲ ਹਨ) ਜਿਥੇ ਪਹਾੜੀ ਦੀ ਚੋਟੀ ਤੇ ਇਕ ਸੋਹਣਾ ਕਿਲਾ ਤੇ ਮਹਿਲ ਸੀ, ਜਿਸ ਦੇ ਆਲੇ ਦੁਆਲੇ ਇਕ ਬਾਗ ਵੀ ਸੀ। ਰਸਾਲੂ ਨੇ ਕਿਹਾ, ਚਲੋ ਬਈ ਏਥੇ ਹੀ ਰਹਿ ਪਈਏ। ਪਰ ਫੌਲਾਦੀ ਨੇ ਕਿਹਾ: ਇਥੇ ਤੇ ਕਿਸੇ ਦੇਉ ਦਾ ਘਰ ਜਾਪਦਾ ਹੈ। ਐਵੇਂ ਏਥੇ ਨਾ ਫਸ ਜਾਈਏ। ਅਗੇ ਈ ਚਲੋ, ਪਰ ਰਸਾਲੂ ਨਾ ਮੰਨਿਆ, ਆਖਿਓਸੂ, ਇਕ ਰਾਤ ਤੇ ਰਹਿਕੇ ਵੇਖੋ, ਜੇ ਦੇਉ ਨੇ ਤੰਗ ਕੀਤਾ ਤਾਂ ਚਲੇ ਜਾਵਾਂਗੇ। ਰਾਤ ਓਥ ਈ ਰਹੇ, ਪਰ ਦੇਉ ਜਾਂ ਕਿਸੇ ਹੋਰ ਮਾਨੁਖ ਨੇ ਉਹਨੂੰ ਸਤਾਇਆ ਨਾ। ਸੋ ਓਸੇ ਥਾਂ ਤੇ ਪੱਕੇ ਡੇਰੇ ਲਾ ਦਿਤੇ। ਰਸਾਲੂ ਨੇ ਕਿਲੇ-ਮਹਿਲ ਦੀ ਮੁਰੰਮਤ ਕਰਾਈ, ਫਸੀਲ ਮੋਰਚੇ ਪੱਕੇ ਕੀਤੇ।

ਕੋਕਿਲਾਂ ਵੀ ਓਸੇ ਮਹਿਲ ਵਿਚ ਰਸਾਲੂ ਦੀ ਆਪਣੀ ਦਾਈ ਦੀ ਅੱਖ ਹੇਠ ਪਲਨ ਲਗੀ। ਪਰ ਦਾਈ ਬੁੱਢੀ ਸੀ, ਕੁਝ ਵਰ੍ਹਿਆਂ ਪਿਛੋਂ ਮਰ ਗਈ। ਰਸਾਲੂ ਨੇ ਪੁਛਿਆ, ਮਾਈ ! ਦਸ ਤੇਰੀ ਕੀ ਖਾਹਸ਼ ਹੈ। ਦਾਈ ਨੇ ਕਹਿਆ ਮਰਨ ਪਿਛੋਂ ਮੇਰੀ ਲੋਥ ਨੂੰ ਸਾੜੀਂ ਨਾ, ਪਰ ਦਰਿਆਇ ਸਿੰਧ ਵਿਚ ਪਰਵਾਹ ਦਈਂ (ਸੰਨਿਆਸੀਆਂ ਦਾ ਇਕ ਪੰਥ ਆਪਣੇ ਮੁਰਦਿਆਂ ਨੂੰ ਦਰਿਆ ਪਰਵਾਹ ਕਰਦਾ ਹੈ) ਸੋ ਰਸਾਲੂ ਨੇ ਓਸੇ ਤਰ੍ਹਾਂ ਕੀਤਾ। ਮਹਿਲ ਦੇ ਇਰਦ ਗਿਰਦ ਤੋਤੇ ਮੈਨਾਂ ਤੇ ਮੋਰਾਂ ਦਾ ਪਹਿਰਾ ਲਾਇਆ। ਦਾਈ ਦੇ ਪਿਛੋਂ, ਇਹੀ ਕੋਕਿਲਾਂ ਦੇ ਸਹੇਲੇ ਸਨ।

ਹਾਂ ਜੀ, ਪਿਛਲੇ ਸਮਿਆਂ ਵਿਚ ਆਖਦੇ ਨੇ ਜਨੌਰ ਬੋਲਦੇ ਸਨ। ਪਰ ਇਹ ਕਵੀਆਂ ਦਾ ਖਿਆਲ ਈ ਏ।

ਰਾਜੇ ਨੂੰ ਸ਼ਿਕਾਰ ਦਾ ਸ਼ੌਕ ਸੀ, ਕੋਕਿਲਾਂ ਫੁਲ ਤੇ ਨਾਲ ਸ਼ਿਕਾਰ ਦਾ ਮਾਸ ਖਾ ਖਾਕੇ ਪਲਦੀ ਰਹੀ। ਓਸ ਸਮੇਂ ਹਿੰਦੂ ਤ੍ਰੀਮਤਾਂ ਮਾਸ ਨਹੀਂ ਸਨ ਖਾਂਦੀਆਂ। ਹੁੰਦਿਆਂ ਹੁੰਦਿਆਂ ਕੋਕਿਲਾਂ ਖੂਬ ਜੁਆਨ ਹੋਈ। ਰੂਪ ਦਾ ਸੂਰਜ ਵੀ ਭਰ ਜੋਬਨ ਭੱਖਣ ਲੱਗਾ, ਤਾਂ ਇਕ ਦਿਨ ਰਾਜੇ ਨੂੰ ਆਖਿਓਸੂ ਕਿ ਮੈਨੂੰ ਨਾਲ ਸ਼ਿਕਾਰ ਨੂੰ ਲੈ ਚਲ। ਰਸਾਲੂ ਨੇ ਕਾਠੀ ਪਿਛੇ ਬਿਠਾ ਲਈ। ਜਦ ਜੰਗਲ ਵਿਚ ਪੁਜੇ ਤਾਂ ਰਾਣੀ ਨੇ ਪੁਛਿਆ, ਤੁਸੀ ਕੀਕੁਣ ਸ਼ਿਕਾਰ ਮਾਰਦੇ ਓ ? ਰਸਾਲੂ ਨੇ ਕਿਹਾ, ਜਦ ਤੀਰ ਮਾਰਦਾ ਹਾਂ ਤਾਂ ਸ਼ਿਕਾਰ ਦਸ ਕਦਮ ਮੇਰੇ ਵਲ ਹੋਕੇ ਡਿਗਦਾ ਹੈ।

ਰਾਣੀ ਨੇ ਕਿਹਾ, ਮਾਰਕੇ ਵਿਖਾਓ, ਜਦ ਰਸਾਲੂ ਨੇ ਤੀਰ ਮਾਰਿਆ ਤਾਂ ਹਰਨ ਤੀਰ ਖਾਕੇ ਪਰ੍ਹੇ ਨਠ ਗਿਆ। ਰਾਣੀ ਨੇ ਕਿਹਾ, ਇਹ ਕੀ ? ਰਾਜੇ ਨੇ ਕਿਹਾ, ਤੂੰ ਮੇਰੇ ਨਾਲ ਜੁ ਛੋਈ, ਇਸ ਕਰਕੇ ਮੇਰਾ ਤਿਹਾਈ ਬਲ ਘਟ ਗਿਆ। ਰਾਣੀ ਨੇ ਕਿਹਾ: ਕੀ ਮੈਂ ਤੇਰੀ ਰਾਣੀ ਹਾਂ ਕਿ ਧੀ ? ਜੇ ਮੇਰੇ ਛੁਹਣ ਨਾਲ ਤੇਰਾ ਬਲ ਘਟ ਗਿਆ ਤਾਂ ਬਾਲ

ਬਚੇ ਕੀਕੁਣ ਜਮਾਏਂਗਾ ? ਚਲੋ, ਪਰ੍ਹੇ ਹਟੋ, ਮੈਂ ਜਿੰਨੇ ਆਖੋ ਜੀਊਂਦੇ ਹਰਨ ਹਥੀਂ ਫੜ ਦਿੰਦੀ ਹਾਂ। ਰਾਜੇ ਨੇ ਕਿਹਾ: ਇਹ ਕੂੜ ਹੈ। ਰਾਣੀ ਨੇ ਕਿਹਾ, ਵੇਖ ਲਵੋ। ਸੋ ਰਾਣੀ ਘੋੜਿਓਂ ਉਤਰਕੇ ਪੱਥਰਾਂ ਵਿਚ ਉਗੀ ਥਾਵੇਂ ਬੈਠ ਗਈ। ਮੂੰਹ ਤੋਂ ਭੁੰਡ ਚੁਕ ਦਿਤਾ ਤੇ ਆਪਣੀ ਦਾਉਨੀ ਨੂੰ ਹਲਾਕੇ ਸੂਰਜ ਵਲ ਤਕਿਓਸੁ ! ਉਸਦੇ ਹੀਰੇ ਮੋਤੀਆਂ ਦੀ ਚਮਕ ਤੇ ਉਸਦੇ ਰੂਪ ਤੇ ਮੋਹਿਤ ਹੋਏ ਕਈ ਹਰਨ ਉਸਦੇ ਆਲੇ ਦੁਆਲੇ ਆ ਗਏ।

ਨੋਟ—ਟੈਂਪਲ ਸਾਹਿਬ ਵਾਲੀ ਕਹਾਣੀ ਵਿਚ ਲਿਖਿਆ ਹੈ ਕਿ ਕੋਕਿਲਾਂ ਨੇ ਆਪਣੇ ਕੇਸ ਖੋਲ੍ਹੇ ਤੇ ਉਨ੍ਹਾਂ ਦੀ ਸੁਗੰਧੀ ਤੇ ਹਰਨ ਕੱਠੇ ਹੋ ਗਏ। ਇਹ ਠੀਕ ਭਾਸਦਾ ਹੈ। ਸੁਗੰਧੀ ਜੀਕੁਣ ਨਾਫ਼ੇ ਦੀ ਮੁਸ਼ਕ, ਹਰਨਾਂ ਨੂੰ ਆਪਣੀ ਵਲ ਖਿਚ ਲਿਆਉਂਦੀ ਏ, ਪਰ ਸੋਹਣਾ ਰੂਪ ਤੇ ਹੀਰੇ ਆਦਿ ਘਟ ਹੀ ਇਹ ਕਸ਼ਸ਼ ਰਖਦੇ ਨੇ। ਹਾਂ, ਮਰਦ ਬੇਸ਼ਕ ਤੀਵੀਂ ਦੇ ਰੂਪ ਤੇ ਖਿਚੇ ਜਾਣ, ਪਰ ਬਨਾਂ ਦੇ ਜਨੌਰ ਕਿਥੋਂ ? ਹਾਂ ਜੇ ਕਵੀ ਦਾ ਆਸ਼ਾ ਕੇਵਲ ਕੋਕਿਲਾਂ ਦੇ ਰੂਪ ਦੀ ਵਡਿਆਈ ਦਾ ਹੈ, ਤਾਂ ਠੀਕ ਹੈ।

ਜਦ ਹਰਨ ਕਠੇ ਹੋਏ ਤਾਂ ਰਾਣੀ ਨੇ ਕਿਹਾ: ਲੈ ਫੜ ਲੈ ਜਿੰਨੇ ਜੀ ਚਾਹੇ। ਰਸਾਲੂ ਹੈਰਾਨ ! ਹਰਨਾਂ ਵਿਚ ਇਕ ਹੀਰਾ ਹਰਨ 'ਲੁਡਣ' ਨਾਂ ਵਾਲਾ ਸੀ ! ਰਾਜੇ ਨੇ ਉਠਕੇ ਉਸਨੂੰ ਦੋਹਾਂ ਸਿੰਗਾਂ ਤੋਂ ਫੜਕੇ ਜ਼ਿਮੀ ਤੇ ਦੇ ਮਾਰਿਆ, ਅਰ ਉਸਨੂੰ ਮਾਰਨ ਲੱਗਾ, ਤਾਂ ਰਾਣੀ ਨੇ ਆਖਿਆ ਨਾ ਮਾਰ :—

ਉਤਮ ਕੁਲ ਦੇ ਰਾਜਿਆ, ਸੁਣ ਮੇਰੀ ਇਕ ਬਾਤ।
ਬਾਹੂ ਬਲ ਤੇਰੇ ਢੇਰ ਹੈ, ਖੰਜਰ ਤੇਜ਼ੀਏ ਧਾਰ।
ਦੇਵਾਂ ਸਹੁੰ ਕੁਰਾਨ ਦੀ, ਦੇ ਏਹ ਮੈਨੂੰ ਦਾਤ।
ਬਖਸ਼ੀਂ ਜਿੰਦ ਇਸ ਹਰਨ ਦੀ ਕਰ ਲੈ ਪਰਉਪਕਾਰ।

ਰਾਜਾ ਨੇ ਅਰਜ਼ ਮੰਨਕੇ ਜਾਨ ਬਖਸ਼ ਦਿਤੀ, ਪਰ ਹਰਨ ਦੇ ਪੂਛ ਤੇ ਕੰਨ ਵਢ ਦਿਤੇ। ਤਦ ਹਰਨ ਬੋਲਿਆ :—

ਵੱਢੇ ਮੇਰੇ ਕੰਨ ਪੂਛ ਤੂੰ, ਰਾਜਾ ਲੁੰਡਾ ਕੀਤੋ ਆਣ।
ਬੂਚਾ ਤੂੰ ਬਣਾਇਓ, ਭੱਨੀ ਮੇਰੀ ਆਣ।
ਸਹੁੰ ਜਣੇਂਦੀ ਮਾਊਂ ਦੀ, ਬਦਲਾ ਲੇਸਾਂ ਜਾਣ।
ਭਨਸਨ ਚੋਰ ਸੁਣ ਰਾਜਿਆ, ਧੌਲਰ ਤੇਰਾ ਆਣ।

ਫੇਰ ਲੁਡਣ ਚੌਂਕੜੀ ਮਾਰ ਕੇ ਔਹ ਗਿਆ ਔਹ ਗਿਆ। ਫੇਰ ਉਹ ਰਾਜਾ ਹੋਡੀ ਦੇ ਬਾਗ਼ ਵਿਚ ਜਾ ਪੈਂਦਾ ਹੈ ਤੇ ਰਾਜੇ ਦਾ ਬਾਗ ਉਜਾੜ, ਹੋਡੀ ਨੂੰ ਆਪਣੇ ਪਿਛੇ ਲਾ ਕੇ ਮੂਰਤੀ ਪਹਾੜੀ ਵਿਚ ਲਿਆ ਖਿਡਾਂਦਾ ਹੈ। ਹੋਡੀ ਮਹਿਲ ਵੇਖ ਕੇ ਹੈਰਾਨ ਹੁੰਦਾ ਹੈ। ਉਪਰ ਤਕਦਾ ਹੈ ਤਾਂ ਬਾਰੀ ਵਿਚੋਂ ਕੋਕਿਲਾਂ ਨਜ਼ਰ ਪੈਂਦੀ ਹੈ। ਫੇਰ ਰਾਜੇ ਤੇ ਕੋਕਿਲਾਂ ਦੀਆਂ ਗਲਾਂ ਓਹੀ ਜੋ ਪਹਿਲੇ। ਓਹੀ ਮੈਨਾਂ ਦਾ ਮਰਨਾ, ਤੋਤੇ ਦਾ ਉਡਣਾ ਤੇ

ਹੋਡੀ ਦਾ ਮੌਜਾਂ ਮਾਣ ਵਾਪਸ ਜਾਣਾ। ਰਾਜਾ ਰਸਾਲੂ ਦਾ ਆਉਂਣਾ ਤੇ ਅਪਣੀ ਰਾਣੀ ਤੇ ਸ਼ਕ ਕਰਨਾ। ਰਸਾਲੂ ਨੇ ਤੋਤੇ ਨੂੰ ਮੁੜ ਹੋਡੀ ਬੁਲਾਣ ਲਈ ਘਲਣਾ ਤੇ ਕੋਕਿਲਾਂ ਦੀ ਮੁੰਦਰੀ ਨਿਸ਼ਾਨੀ ਦੇਣੀ। ਹੋਡੀ ਦਾ ਆਉਂਣਾ। ਤੇ ਰਸਾਲੂ ਨੇ ਉਸ ਨੂੰ ਮਹਿਲ ਦੇ ਹੇਠਾਂ ਈ ਲਲਕਾਰਿਆ ਕਿ ਆ ਲੜ। ਅੰਤ ਹੋਡੀ ਦਾ ਮਾਰਿਆ ਜਾਣਾ। ਉਸਦੇ ਕਲੇਜੇ ਦੇ ਕਬਾਬ ਬਣਾ ਕੇ ਕੋਕਿਲਾਂ ਨੂੰ ਖੁਆਣੇ। ਕੋਕਿਲਾਂ ਨੇ ਆਖਣਾ ਕਿ ਅਜ ਸ਼ਿਕਾਰ ਬੜਾ ਸੁਆਦ ਏ ਤੇ ਰਸਾਲੂ ਦਾ ਤਾਨ੍ਹਾ ਮਾਰਨਾਂ ਕਿ ਯਾਰਾਂ ਦਾ ਮਾਸ ਸੁਆਦ ਈ ਹੁੰਦਾ ਹੈ। ਰਾਣੀ ਸੁਣ ਕੇ ਖਾਣਾ ਛਡ ਦੇਣਾ ਤੇ ਫੇਰ ਕਿਲ੍ਹੇ ਦੀ ਫਸੀਲ ਤੋਂ ਛਾਲ ਮਾਰ ਕੇ ਮਰ ਜਾਣਾ। ਇਹ ਉਹੀ ਕਹਾਣੀ ਜੋ ਪਹਿਲੇ ਦਿਤੀ, ਕੁਝ ਥੋਹੜਾ ਈ ਹੇਰ ਫੇਰ ਵੇਰਵੇ ਵਿਚ ਹੈ। ਜਿਸ ਦਾ ਅਸਲ ਵਾਰਤਾ ਨਾਲ ਘਟ ਸਬੰਧ ਹੈ।

## ੧੨. ਰਾਜਾ ਰਸਾਲੂ ਦਾ ਅੰਤ

ਜਦ ਰਾਣੀ ਛਾਲ ਮਾਰ ਦਿਤੀ ਤਾਂ ਰਸਾਲੂ ਨੂੰ ਬੜਾ ਅਫ਼ਸੋਸ ਹੋਇਆ। ਦੌੜ ਕੇ ਹੇਠਾਂ ਉਤਰਿਆ, ਤਾਂ ਕੀ ਵੇਖਦਾ ਹੈ ਕਿ ਹੋਡੀ ਦੀ ਲੋਥ ਦੇ ਨਾਲ ਈ ਕੋਕਿਲਾਂ ਦੀ ਲੋਥ ਪਈ ਹੈ। ਕੋਕਿਲਾਂ ਦੀ ਮੌਤ ਦਾ ਬੜਾ ਗ਼ਮ। ਕਿਥੇ ਪਿਆਰ ਨਾਲ ਪਾਲੀ ਤੇ ਚਾਹ ਨਾਲ ਰਾਣੀ ਬਣਾਈ। ਪਹਿਲੀ ਪਿਆਰ ਦੀ ਮੁਹਿੰਮ ਵਿਚ ਈ ਭਾਂਜ ਹੋਈ, ਆਪੇ ਪਾਈ, ਆਪੇ ਗਵਾਈ। ਬੜਾ ਵਿਯੋਗ, ਮੁਰਦੇ ਦੇ ਗਲ ਲਗ ਕੇ ਰੁੰਨਾ, ਲੋਥ ਚੁਕਕੇ ਮਹਿਲ ਵਿਚ ਲਿਆਇਆ, ਪਲੰਘ ਤੇ ਲਿਟਾਈ, ਪਰ ਕਿਸ ਕੰਮ, ਪਹਿਲੇ ਸਲਾਹ ਕੀਤੀ ਕਿ ਸਾੜ ਦਿਆਂ, ਫੇਰ ਸੋਚਿਆ ਨਸ਼ਟ ਹੋ ਜਾਂਗਾ। ਹੁਣ ਇਸ ਕਰਕੇ ਦੋਹਾਂ ਲਾਸ਼ਾਂ ਨੂੰ ਦਰਿਆ ਵਿਚ ਰੋੜ੍ਹਨ ਦੀ ਪੱਕੀ ਸਲਾਹ ਕੀਤੀ।

ਨੋਟ—ਰਸਾਲੂ ਨੂੰ ਡਰ ਕਿਸ ਗਲ ਦਾ ਸੀ ? ਬੜਾ ਬਹਾਦਰ ਸੀ। ਇਕੱਲੇ ਕਿਲ੍ਹੇ ਵਿਚ ਵਸਦਾ ਸੀ। ਕਹਾਣੀ ਸੁਣਾਨ ਜਾਂ ਬਨਾਣ ਵਾਲੇ ਨੇ ਰਸਾਲੂ ਨੂੰ ਇਕ ਆਮ ਕਾਤਲ ਬਣਾਕੇ ਉਸ ਦੀ ਬਹਾਦਰੀ ਦੀ ਨਿਰਾਦਰੀ ਕੀਤੀ। ਇਹੀ ਈ ਨਹੀਂ ਅਗੇ ਚਲ ਕੇ ਜੋ ਅੰਤ ਦਸਦਾ ਏ ਉਹ ਬੜਾ ਈ ਅਨਹੋਣਾ ਏ। ਗਲ ਕੀ ਜੋ ਵਾਰਤਾ ਜਾਂ ਪ੍ਰਸੰਗ ਸਵਿਨਰਟਨ ਸਾਹਿਬ ਨੇ ਲਿਖਿਆ ਹੈ, ਉਹ ਰਸਾਲੂ ਦੀ ਬੜੀ ਈ ਹੇਠੀ ਕਰਾਂਦਾ ਏ। ਕਾਰਨ ਸ਼ਾਇਦ ਇਹ ਕਿ ਰਸਾਲੂ ਇਕ ਹੀਰੋ ਸੀ, ਜਿਸ ਨੂੰ ਮੁਸਲਮਾਨ ਮਰਾਸੀਆਂ ਨੇ ਨੀਵਾਂ ਕਰਕੇ ਵਿਖਾਇਆ। ਇਹ ਖਿਆਲ ਈ ਹੈ। ਸਰ ਰਿਚਰਡ ਦੇ ਪਰਸੰਗ ਰਸਾਲੂ ਦੀ ਸੋਭਾ ਵਧਾਉਂਦੇ ਤੇ ਸਵਿਨਰਟਨ ਦੇ ਘਟਾਉਂਦੇ ਹਨ।

ਕੋਈ ਪਹਿਰ ਡੇਢ ਪਹਿਰ ਰਾਤ ਰਹਿੰਦਿਆਂ ਰਸਾਲੂ ਦੋਵੇਂ ਲੋਥਾਂ ਲੇ ਕੇ ਦਰਿਆ ਤੇ ਪੁਜਾ, ਤੇ ਦੋਵੇਂ ਲੋਥਾਂ ਨੂੰ ਸੁਟ ਕੇ ਆਪ ਇਕ ਉਹਲੇ ਖਲੋ ਗਿਆ, ਕਿਉਂਕਿ

Sri Satguru Jagjit Singh Ji Elibrary NamdhariElibrary@gmail.com

ਇਕ ਧੋਬੀ ਤੇ ਧੋਬਣ ਕਪੜੇ ਧੋਣ ਜਾਂਦੇ । ਕੰਢੇ ਤੇ ਪੁਜ ਕੇ ਧੋਬੀ ਤੇ ਧੋਬਣ ਗਲਾਂ ਕਰਨ ਲਗੇ ਕਿ ਅਜ ਹਨੇਰਾ ਹੈ। ਆਓ ਅਸੀਂ ਪਹਿਰ ਰਾਤ ਗੱਲਾਂ ਕਰਕੇ ਗੁਜ਼ਾਰ ਲਵੀਏ। ਤਦ ਧੋਬੀ ਕਿਹਾ ਮੈਂ ਤੈਨੂੰ ਆਪਣੀ ਹਡ ਬੀਤੀ ਕਹਾਣੀ ਸੁਣਾਂਦਾ ਹਾਂ, ਸੁਣ :—

ਤੇਰੇ ਵਿਆਹੁਣ ਤੋਂ ਪਹਿਲੇ ਮੇਰੀ ਇਕ ਵਹੁਟੀ ਸੀ. ਉਹ ਪੰਜ ਵੇਲੇ ਨਮਾਜ਼ ਗੁਜ਼ਾਰਦੀ ਸੀ, ਪਰ ਰਾਤ ਨੂੰ ਉਹ ਰੋਜ਼ ਘੰਟਾ ਦੋ ਘੰਟੇ ਗੁੰਮ ਹੋ ਜਾਂਦੀ ਸੀ । ਮੈਨੂੰ ਸ਼ਕ ਪਿਆ। ਇਕ ਰਾਤ ਮੈਂ ਉਸਦੇ ਪਿਛੇ ਗਿਆ। ਟੁਰਦੀ ਟੁਰਦੀ ਉਹ ਇਕ ਫ਼ਕੀਰ ਦੀ ਕਬਰ ਤੇ ਗਈ ਤੇ ਉਥੇ ਦੁਆ ਮੰਗੀਓਸੁ, ਹੇ ਸਾਈਂ ਜੀ ! ਮੇਰੇ ਖਾਂਵਦ ਨੂੰ ਅੰਨ੍ਹਾ ਕਰ ਦਿਓ । ਮੈਂ ਸੁਣਕੇ ਪਿਛ੍ਹਾਂ ਮੁੜ ਆਇਆ। ਜੀ ਵਿਚ ਹੈਰਾਨ ਕਿ ਜਿਸ ਵਹੁਟੀ ਨੂੰ ਇਡਾ ਪਾਰਸਾ ਤੇ ਨੇਕ ਸਮਝਦਾ ਸਾਂ, ਉਹੀ ਸ਼ੈਤਾਨ ਦੀ ਨਾਨੀ ਨਿਕਲੀ। ਇਕ ਰਾਤ ਮੈਂ ਕਬਰ ਦੇ ਕੋਲ ਜਾ ਕੇ ਲੁਕ ਰਿਹਾ, ਜਦ ਉਸ ਦੁਆ ਮੰਗੀ ਤਾਂ ਮੈਂ ਬੋਲੀ ਵਟਾ ਕੇ ਬੋਲਿਆ, ਜਾ ਬੀਬੀ ਤੇਰੀ ਦੁਆ ਕਬੂਲ, ਤੂੰ ਆਪਣੇ ਖਾਵਿੰਦ ਨੂੰ ਖ਼ੂਬ ਖਵਾ ਪਿਲਾ ਤੇ ਪਿੰਡੇ ਤੇ ਮਾਲਸ਼ ਕੀਤਾ ਕਰ। ਫੇਰ ਉਹ ਅੰਨ੍ਹਾ ਹੋ ਜਾਏਗਾ। ਮੈਂ ਵਹੁਟੀ ਤੋਂ ਪਹਿਲਾਂ ਘਰ ਮੁੜ ਆਇਆ। ਫੇਰ ਵਹੁਟੀ ਭਾਗਵਾਨ ਆਈ। ਦੂਸਰੇ ਦਿਨ ਈ ਮੈਨੂੰ ਆਖਣ ਲਗੀ ਲਿਆਉ, ਮੈਂ ਤੁਹਾਨੂੰ ਮਾਲਸ਼ ਕਰ ਦਿਆਂ। ਮੈਂ ਕਿਹਾ ਵਾਹ ਵਾਹ ਮਾਲਸ਼ ਕਰਦੀ ੨ ਆਖਣ ਲਗੀ ਤੁਸੀਂ ਤੇ ਬੜੇ ਲਿੱਸੇ ਹੋ, ਕੁਝ ਖੁਰਾਕ ਚੰਗੀ ਖਾਇਆ ਕਰੋ । ਮੈਂ ਕਿਹਾ, ਭਾਗਵਾਨੇ, ਤੂੰ ਬਣਾਏ ਤਾਂ ਮੈਂ ਖਾਵਾਂ। ਮੁਕਦੀ ਗਲ ਕੀ ਉਸੇ ਦਿਨ ਤੋਂ ਮੈਨੂੰ ਹਲਵਾ, ਪੁਲਾਓ, ਕੋਰਮਾ, ਜ਼ਰਦਾ ਪ੍ਰਾਉਂਠੇ ਮਿਲਨ ਲਗ ਪਏ। ਮੈਂ ਵੀ ਦਿਨੋ ਦਿਨ ਆਖਣਾ ਸ਼ੁਰੂ ਕੀਤਾ ਕਿ ਮੇਰੀ ਨਜ਼ਰ ਘਟ ਹੁੰਦੀ ਜਾਂਦੀ ਏ। ਵਹੁਟੀ ਦਿਲ ਵਿਚ ਖੁਸ਼ ਹੋਵੇ। ਕੁਝ ਚਿਰ ਪਿਛੋਂ ਮੈਂ ਆਖਿਆ ਮੈਨੂੰ ਉਕਾ ਈ ਨਹੀਂ ਦਿਸਦਾ, ਇਹ ਸੁਣ ਕੇ ਵਹੁਟੀ ਬੜੀ ਖੁਸ਼ ਹੋਈ। ਮੈਨੂੰ ਅਜ਼ਮਾਨ ਲਗੀ. ਇਕ ਦਿਨ ਉਸ ਨੇ ਜੌਂ ਸੁਕਣੇਂ ਪਾਏ ਸਨ, ਮੈਨੂੰ ਆਖਿਉਸੁ ਕਿ ਧਿਆਨ ਰਖੀਂ। ਮੈਂ ਕਹਿਆ, ਮੈਨੂੰ ਦਿਸਦਾ ਨਹੀਂ, ਹਾਂ, ਜੇ ਜੌਆਂ ਵਾਲੀ ਸਫ਼ ਮੇਰੇ ਕੋਲ ਸੁਕਣੇ ਪਾ ਜਾਵੇਂ ਤਾਂ ਮੈਂ ਲਾਠੀ ਠਕੋਰਦਾ ਰਵ੍ਹਾਂਗਾ, ਤੇ ਡੰਗਰ ਢੋਰ ਤੋਂ ਬਚਾਈ ਰਖਾਂਗਾ। ਉਹ ਸਫ਼ ਨੇੜੇ ਕਰਕੇ ਚਲੀ ਗਈ। ਜਦ ਮੁੜਕੇ ਆਈ. ਤਾਂ ਬਿਨਾਂ ਬੁਲਾਏ ਉਹ ਜੌਂ ਇਕੱਠੇ ਕਰਨ ਲਗੀ ਮੈਂ ਵੀ ਤਾੜਦਾ ਸਾਂ, ਚੁਕ ਕੇ ਲਾਠੀ ਉਸ ਦੇ ਲੱਕ ਵਿਚ ਮਾਰੀ। ਲਗੀ ਚਉਂ ਚਉਂ ਕਰਨ। ਮੈਂ ਕਹਿਆ, ਬੋਲ ਕੇ ਦਸ ਦੇਣਾ ਸਾਈ, ਮੈਨੂੰ ਕੋਈ ਦੀਹਦਾ ਥੋੜ੍ਹਾ ਏ। ਉਤੋਂ ਤੇ ਪੀੜ ਨਾਲ ਕੁੜ੍ਹੇ ਪਰ ਜੀ ਵਿਚ ਖੁਸ਼, ਕਿ ਖਸਮ ਹੁਣ ਸੁਚ ਮੁੱਚ ਅੰਨ੍ਹਾਂ ਹੋ ਗਿਆ ਹੈ।

ਪਹਿਲੇ ਤੇ ਉਹ ਆਪ ਯਾਰ ਦੇ ਘਰ ਜਾਂਦੀ ਸੀ, ਪਰ ਉਸਦਾ ਯਾਰ ਹੁਣ ਮੇਰੇ ਘਰ ਆਉਣ ਲਗ ਪਿਆ। ਮੈਂ ਜਾਣਕੇ ਸਿਰ ਨਹੀਂ ਸਾ ਹੁੰਦਾ। ਇਕ ਦਿਨ ਮੈਂ ਬੂਹੇ ਵਿਚ ਬੈਠਾ ਸਾਂ, ਵਹੁਟੀ ਮੇਰੇ ਨਾਲ ਜੁੱਤੀ ਖੌਸੜਾ ਹੋਣ ਲਗ ਪਈ । ਆਖੇ, ਖਸਮਾਂ ਖਾਣਾਂ ਨਾਂ ਕਿਧਰੇ ਕੰਮ ਕਰਨ ਜਾਂਦਾ ਮਰਦਾ ਹੈ, ਨਾ ਕੰਮ ਕਰਨ ਦਿੰਦਾ ਹੈ, ਸਾਰਾ ਦਿਨ ਹੱਡਾਂ ਦਾ

ਖਾਊ ਏਥੇ ਬੈਠਾ ਰਹਿੰਦਾ ਹੈ। ਮੈਂ ਵੀ ਖ਼ੂਬ ਸੁਣਾਈਆਂ। ਆਖਰ ਮੈਂ ਇਕ ਪਾਸੇ ਹਟ ਗਿਆ। ਉਸ ਦਾ ਯਾਰ ਅਜੇ ਮੇਰੀ ਕੋਠੜੀ ਵਿਚ ਬੈਠਾ ਸੀ, ਮੈਂ ਵੀ ਖੜਾਕ ਸੁਣਕੇ ਅੰਦਰ ਗਿਆ, ਉਸ ਨੇ ਯਾਰ ਨੂੰ ਫੂੜੀ ਪਿਛੇ ਲੁਕਾ ਦਿਤਾ। ਮੈਂ ਡੰਗੋਰੀ ਫੜ ਕੇ ਮੁੜ ਆਇਆ, ਤੇ ਤਵੇਲਿਉਂ ਇਕ ਰੱਸਾ ਪੱਕਾ ਲੰਮਾਂ ਲੈ ਆਇਆ। ਤੇ ਡੰਗੋਰੀ ਨਾਲ ਲਭਦਾ ਕੋਠੜੀ ਵਿਚ ਆ ਵੜਿਆ। ਵਹੁਟੀ ਕਹਿਆ, ਇਸ ਰੱਸੇ ਨੂੰ ਕੀ ਕਰਨਾ ਜੇ, ਮੈਂ ਜਾ ਕੇ ਉਸ ਲਪੇਟੀ ਹੋਈ ਸਫ਼ ਨੂੰ—ਜਿਸ ਵਿਚ ਵਹੁਟੀ ਦਾ ਯਾਰ ਲੁਕਿਆ ਸੀ—ਜਫਾ ਜਾ ਪਾਇਆ ਤੇ ਦੋਵੇਂ ਸਿਰਿਆਂ ਤੋਂ ਪੱਕੀ ਤਰ੍ਹਾਂ ਬੰਨ੍ਹ ਦਿਤੀ ਤੇ ਲੱਕ ਵਿਚ ਰੱਸਾ ਪਾ ਕੇ ਪਿੱਠ ਪਿਛੇ ਪਾਕੇ ਟੁਰ ਪਿਆ। ਵਹੁਟੀ ਨੇ ਆਖਿਆ ਕਿਥੇ ਚਲੇ ਹੋ ? ਮੈਂ ਕਹਿਆ ਹੱਜ ਕਰਨ, ਵਹੁਟੀ ਨੇ ਬਥੇਰੀਆਂ ਮਿੰਨਤਾਂ ਕੀਤੀਆਂ, ਪਰ ਮੈਂ ਬਾਜ਼ਾਰ ਵਿਚ ਛੇਤੀ ਆ ਗਿਆ। ਵਹੁਟੀ ਠਹਿਰ ਗਈ। ਮੈਂ ਦੋ ਤਿੰਨ ਕੋਹ ਨਿਕਲ ਆਇਆ, ਰਾਹ ਵਿਚ ਲਗਾ ਫੂਹੜੀ ਵਿਚ ਬੱਧਾ ਹੋਇਆ ਮਨੁਖ ਹਿੱਲਨ, ਮੈਂ ਕਹਿਆ ਭਾਈ ਹਿੱਲ ਨਾ, ਅਗੇ ਪਿੰਡ ਚਲ ਕੇ ਚੰਗੀ ਤਰ੍ਹਾਂ ਹਿੱਲ ਲਵੀਂ। ਜਦ ਪਿੰਡ ਪਹੁੰਚਿਆ ਤਾਂ ਅਗੇ ਜਾਕੇ ਇਕ ਜੱਟੀ ਦੇ ਤੰਦੂਰ ਤੇ ਗਿਆ। ਜੱਟੀ ਅਗੇ ਕਣਕ ਦੀਆਂ ਰੋਟੀਆਂ ਪਕਾਉਂਦੀ ਸੀ। ਮੈਂ ਆਪਣਾ ਭਾਰ ਓਥੇ ਰਖ ਕੇ ਖੜੋ ਗਿਆ। ਜੱਟੀ ਨੇ ਕਣਕ ਦੀਆਂ ਰੋਟੀਆਂ, ਘਿਊ ਖੰਡ ਨਾਲ ਪ੍ਰੀਹ ਕੇ ਅੰਦਰ ਬੁਖਾਰੀ ਵਿਚ ਬੈਠੇ ਯਾਰ ਨੂੰ ਜਾ ਕੇ ਖਵਾਈਆਂ। ਮੈਂ ਕੌਤਕ ਵੇਖਦਾ ਰਿਹਾ, ਬਾਹਰ ਆਈ ਤਾਂ ਮੈਂ ਕਿਹਾ ਭਾਗਵਾਨੇ ! ਫਕੀਰਾਂ ਨੂੰ ਰੋਟੀ ਪਕਾ ਦੇ, ਤਾਂ ਉਹ ਲਗੀ ਜਵਾਂ ਦੀ ਰੋਟੀ ਪਕਾਣ। ਮੈਂ ਕਿਹਾ ਫਕੀਰ ਜਵਾਂ ਦੀ ਰੋਟੀ ਨਹੀਂ ਖ਼ਾਂਦੇ, ਕਣਕ ਦੀ ਦੇਹ। ਉਹ ਲੜਨ ਲਗੀ, ਮੈਂ ਵੀ ਤਿਆਰ, ਏਨੇ ਨੂੰ ਉਸ ਦਾ ਖਸਮ ਅੰਦਰੋਂ ਆ ਗਿਆ ਤੇ ਆਖਣ ਲਗਾ : ਭਾਈ ਫ਼ਕੀਰਾ ! ਕੀ ਤੇਰੇ ਸੰਘੋਂ ਜਵਾਂ ਦੀ ਰੋਟੀ ਨਹੀਂ ਲੰਘਦੀ, ਅਸੀਂ ਸਾਰੇ ਖਾਂਦੇ ਹਾਂ, ਤੇਰੇ ਲਈ ਵਖਰਾ ਅੰਨ ਕਿਥੋਂ ਲਿਆਵਾਂ ? ਮੈਂ ਕਿਹਾ, ਚੌਧਰੀ ਸੱਚ ਏ, ਪਰ ਤੇਰੀ ਵਹੁਟੀ ਨੇ ਹੁਣੇ ਕਣਕ ਦੇ ਪ੍ਰਾਉਂਠੇ ਤੇ ਖੰਡ ਅੰਦਰ ਬੁਖਾਰੀ ਵਿਚ ਬੈਠੇ ਮਨੁਖ ਨੂੰ ਦਿਤੇ ਨੇ। ਜੱਟੀ ਨੇ ਕਿਹਾ, ਇਹ ਖਸਮਾਂ ਨੂੰ ਖਾਣਾ ਫਕੀਰ ਐਵੇਂ ਭੌਂਕਦਾ ਹੈ। ਪਰ ਉਸ ਦੇ ਖਸਮ ਨੂੰ ਸ਼ਕ ਪਿਆ, ਅੰਦਰ ਗਿਆ ਤਾਂ ਸੱਚ ਮੁੱਚ ਇਕ ਹੱਟਾ ਕੱਟਾ ਜੁਆਨ ਰੋਟੀ ਖਾਂਦਾ ਸੀ, ਉਸ ਨੂੰ ਬਾਹੋਂ ਫੜਕੇ ਬਾਹਰ ਧਰੂਹ ਲਿਆਇਆ ਤੇ ਲੱਗਾ ਟੋਕੇ ਨਾਲ ਮਾਰਨ। ਮੈਂ ਕਿਹਾ, ਚੋਧਰੀ ਜਾਣ ਦੇਹ, ਵੇਖ ਮੇਰੇ ਨਾਲ ਕੀ ਗੁਜ਼ਰੀ, ਤੇ ਮੈਂ ਫੂਹੜੀ ਖੋਲ੍ਹ ਕੇ ਆਪਣੇ ਚੋਰ ਨੂੰ ਛੱਡ ਦਿਤਾ। ਮੈਂ ਕਿਹਾ, ਇਹ ਘਰ ਘਰ ਹੁੰਦਾ ਹੈ। ਰੰਨਾਂ ਚੰਚਲਹਾਰੀਆਂ, ਮਰਦਾਂ ਨੂੰ ਛਲਦੀਆਂ ਨੇ। ਅਸੀਂ ਤਾਂ ਹੋਇ ਗਰੀਬ, ਵੇਖ ਰਾਜਾ ਰਸਾਲੂ ਵੀ ਐਨਾ ਬਹਾਦਰ ਤੇ ਰਾਜਾ ਹੋਕੇ ਆਪਣੇ ਮਹਿਲਾਂ ਵਿਚ ਸਾਡੇ ਵਾਂਙੂੰ ਈ ਰੰਨਾਂ ਦੇ ਝੂਰਣੇ ਝੂਰਦਾ ਹੈ। ਸਾਨੂੰ ਸਬਰ ਕਰਨਾ ਚਾਹੀਏ, ਤਾਂ ਅਸਾਂ ਦੋਵੇਂ ਮਰਦ ਛਡ ਦਿਤੇ ਤੇ ਘਰੀਂ ਮੁੜੇ।

ਰਾਜਾ ਰਸਾਲੂ ਨੇ ਇਹ ਸੁਣ ਬਾਹਰ ਨਿਕਲਕੇ ਸ਼ਕਲ ਵਖਾਲੀ ਤੇ ਧੋਬੀ ਨੂੰ

Sri Satguru Jagjit Singh Ji Elibrary NamdhariElibrary@gmail.com

ਆਖਿਆ, ਮੈਂ ਰਸਾਲੂ ਹਾਂ। ਜੋ ਮੰਗਣਾ ਈ ਮੰਗ, ਪਰ ਇਹ ਦਸ ਤੈਨੂੰ ਇਹ ਕਿਥੋਂ ਪਤਾ ਲਗਾ ਕਿ ਮੇਰੇ ਮਹਿਲਾਂ ਵਿਚ ਇਹ ਖਰਾਬੀ ਹੁੰਦੀ ਏ। ਧੋਬੀ ਨੇ ਆਖਿਆ ਕਿ ਮਹਾਰਾਜ, ਰੰਨਾਂ ਬੜੀਆਂ ਸੂਹੀਆਂ ਹੁੰਦੀਆਂ ਨੇ। ਉਹ ਤੇ ਕਈ ਦਿਨਾਂ ਦੀਆਂ ਗੱਲਾਂ ਕਰਦੀਆਂ ਨੇ। ਰਾਜਾ ਖੁਸ਼ ਹੋਇਆ ਤੇ ਧੋਬੀ ਨੂੰ ਆਖਿਓ ਸੁ, ਤੂੰ ਮੈਨੂੰ ਆਕੇ ਮਿਲਦਾ ਰਿਹਾ ਕਰ। ਦਿਨੋਂ ਦਿਨ ਰਾਜੇ ਨੇ ਫਿਕਰ ਤੇ ਅਫ਼ਸੋਸ ਵਿਚ ਰਹਿਣ ਕਰਕੇ ਆਪਣੇ ਰਾਜ ਦਾ ਪ੍ਰਬੰਧ ਛੱਡ ਦਿਤਾ। ਕਿਲਾ ਢਹਿੰਦਾ ਢਹਿਣ ਲਗਾ। ਸਾਰੇ ਸਪਾਹੀ ਪਹਿਰੇਦਾਰ ਪਰ੍ਹੇ ਪਰ੍ਹੇ ਘੱਲ ਦਿੱਤਿਓਸੂ, ਆਪ ਸਾਰਾ ਦਿਨ ਰੋਂਦਾ ਈ ਰਵ੍ਹੇ। ਕਦੀ ਧੋਬੀ ਧੋਬਣ ਆਕੇ ਦੇਸ ਦੀਆਂ ਗੱਲਾਂ ਦਸ ਜਾਣ, ਜਾਂ ਤੋਤਾ ਖਬਰਾਂ ਲਿਆ ਦੇਵੇ।

ਏਧਰ ਇਹ ਤੇ ਓਧਰ ਹੋਡੀ ਦੇ ਨਗਰ ਵਿਚ ਹੌਲੀ ਹੌਲੀ ਰੌਲਾ ਪੈ ਗਿਆ, ਉਸ ਦੀ ਕੋਕਿਲਾਂ ਨਾਲ ਦੋਸਤੀ ਦੀਆਂ ਵੀ ਖਬਰਾਂ ਪੁਜ ਗਈਆਂ। ਇਹ ਵੀ ਪਤਾ ਲਗਾ ਕਿ ਉਹ ਅਟਕੋਂ ਪਾਰ ਰਸਾਲੂ ਦੇ ਰਾਜ ਵਲ ਗਿਆ ਸੀ। ਮੁੜ ਨਹੀਂ ਆਇਆ। ਫੇਰ ਕੀ ਸੀ, ਹੋਡੀ ਦੇ ਭਰਾਵਾਂ ਨੇ ਸਲਾਹ ਕੀਤੀ ਕਿ ਜਾਂ ਤੇ ਹੋਡੀ ਖੇੜੀ ਮੂਰਤੀ ਦੇ ਕਿਲੇ ਵਿੱਚ ਕੈਦ ਹੈ, ਜਾਂ ਰਸਾਲੂ ਨੇ ਮਾਰ ਦਿਤਾ ਹੈ, ਸੋ ਉਨ੍ਹਾਂ ਨੇ ਆਪਣੇ ਭਾਈ ਬੰਦ ਤੇ ਫੌਜ ਇਕੱਠੀ ਕੀਤੀ ਤੇ ਖੇੜੀ ਮੂਰਤੀ ਤੇ ਚੜ੍ਹਾਈ ਕੀਤੀ। ਜਦ ਦਰਿਆਉ ਪਾਰ ਹੋਕੇ ਮੂਰਤੀ ਦੀ ਪਹਾੜੀ ਵਲ ਫੌਜ ਦਾ ਮੂੰਹ ਹੋਇਆ ਤਾਂ ਜੀਭੋ ਜੀਭ ਖਬਰਾਂ ਉਡ ਗਈਆਂ। ਧੋਬੀ ਨੇ ਆਕੇ ਰਸਾਲੂ ਨੂੰ ਖਬਰ ਕੀਤੀ। ਰਸਾਲੂ ਦੇ ਹੋਸ਼ ਉਡ ਗਏ। ਪਾਸ ਫੌਜ ਨਹੀਂ, ਕਿਲਾ ਢਠਾ ਹੋਇਆ, ਮੁਕਾਬਲਾ ਕੀ ਕਰੇ? ਅੰਤ ਉਸਨੇ ਆਦਮੀ ਫੌਜ ਇਕੱਠੀ ਕਰਨ ਲਈ ਘਲੇ। ਅਤੇ ਕਿਲੇ ਦੀਆਂ ਦੀਵਾਰਾਂ ਦੀ ਮੁਰੰਮਤ ਸ਼ੁਰੂ ਕੀਤੀ, ਅਜੇ ਮੁਰੰਮਤ ਪੂਰੀ ਨਹੀਂ ਸੀ ਹੋਈ ਤੇ ਥੋੜੇ ਹੀ ਆਦਮੀ ਮਦਦ ਲਈ ਅੰਦਰ ਆਏ ਸਨ, ਕਿ ਹੋਡੀ ਦੀ ਫੌਜ ਨੇ ਘੇਰਾ ਘਤ ਦਿਤਾ। ਕੁਝ ਦਿਨਾਂ ਪਿਛੋਂ ਰਸਾਲੂ ਤੰਗ ਆ ਗਿਆ, ਅੰਦਰ ਬੈਠੇ ਮਰ ਜਾਣ ਨਾਲੋਂ ਬਾਹਰ ਨਿਕਲਕੇ ਹਥ ਵਿਖਾ ਕੇ ਮਰਨਾ ਚੰਗਾ ਜਾਤਾ। ਬਸ ਕੋਕਿਲਾਂ ਦੇ ਮਹਲ ਨੂੰ ਅੱਗ ਲਾ ਦਿਤੀ ਤੇ ਆਪ ਤੇ ਆਪਣੇ ਸਾਥੀ ਤਲਵਾਰਾਂ ਧੂਹਕੇ ਕਿਲਿਓਂ ਬਾਹਰ ਨਿਕਲ ਆਏ। *ਰਸਾਲੂ ਨੇ ਹੋਡੀ ਦੀ ਫੌਜ ਦੇ ਮਾਰ ਮਾਰ ਸਥਰ ਲਾਹ ਦਿਤੇ, ਪਰ ਅੰਤ ਇਹ ਸਨ ਥੋੜੇ ਤੇ ਉਹ ਢੇਰ ਮਾਰੇ ਗਏ। ਰਾਜਾ ਜ਼ਖਮੀ ਹੋਕੇ ਢਹਿ ਪਿਆ। ਇਕ ਨੋਂ ਗਜ਼ੇ ਤੀਰ ਨੇ ਇਸ ਦੀ ਜਾਨ ਕਬਜ਼ ਕਰ ਲਈ। ਜਦ ਲੜਾਈ ਮੁਕੀ ਤਾਂ ਹੋਡੀ ਦੇ ਭਰਾ ਰਸਾਲੂ ਦਾ ਸਿਰ ਵਢਕੇ ਆਪਣੇ ਦੇਸ ਨੂੰ ਲੈ

---

*ਜਦ ਰਸਾਲੂ ਬਾਗ਼ ਵਿਚੋਂ ਲੰਘਿਆ ਤੇ ਉਸ ਦੀ ਓਸ ਅੰਬ ਤੇ ਨਜ਼ਰ ਪਈ, ਜਿਹੜਾ ਕੋਕਿਲਾਂ ਦੇ ਆਉਣ ਦੇ ਨਾਲ ਹੀ ਬੀਜਿਆ ਸੀ, ਤਾਂ ਰੋ ਕੇ ਬੋਲਿਆ :—

ਅੰਬਾ ਵੇ ਫਲ ਲਦਿਆ, ਫਲੀਂ ਨਾ ਮੂਲੋਂ ਫੇਰ।
ਰਾਣੀ ਕੋਕਿਲਾਂ ਮਰ ਗਈ, ਉਸ ਥਾਂ ਕੋਲੇ ਢੇਰ।

Sri Satguru Jagjit Singh Ji Elibrary NamdhariElibrary@gmail.com

ਆਏ, ਇਸ ਤਰ੍ਹਾਂ ਰਸਾਲੂ ਦਾ ਅੰਤ ਹੋਇਆ ।

ਨੋਟ—(੧) ਸਵਿਨਰਟਨ ਲਿਖਦਾ ਹੈ ਕਿ ਕਈ ਆਖਦੇ ਨੇ ਰਸਾਲੂ ਮੋਇਆ ਨਹੀਂ, ਬਲਕਿ ਉਹ ਦਰਿਆ ਅਟਕ ਵਿਚ ਛਾਲ ਮਾਰ ਕੇ ਗੁੰਮ ਹੋ ਗਿਆ ਸੀ, ਅਰ ਫੇਰ ਇਕ ਵਾਰੀ, Arthur (ਆਰਥਰ) ਵਾਂਗੂ ਮੁੜਕੇ ਆਵੇਗਾ ।

ਨੋਟ—(੨) ਜਿੰਨੀ ਕਵਿਤਾ ਇਸ ਵਾਰਤਾ ਵਿਚ ਦਿਤੀ ਹੈ, ਉਹ ਕਰਤਾ ਦੀ ਰਚੀ ਹੈ । ਸਵਿਨਰਟਨ ਦੀ ਅੰਗ੍ਰੇਜ਼ੀ ਕਵਿਤਾ ਦਾ ਉਲਥਾ ਹੈ ।

———

## ਭਾਗ ਤੀਜਾ

## ਰਸਾਲੂ ਦੇ ਗੀਤ ਤੇ ਵਾਰਾਂ

ਰਸਾਲੂ ਦੇ ਗੀਤ ਤੇ ਵਾਰਾਂ ਪੰਜਾਬ ਤੇ ਹਿੰਦ ਪੱਛਮੀ, ਪੂਰਬੀ ਤੇ ਰਾਜਪੂਤਾਨੇ ਵਿਚ ਮਸ਼ਹੂਰ ਹਨ। ਏਸੇ ਕਰਕੇ ਕਈ ਪੰਜਾਬੀ ਬੋਲੀ ਵਿਚ ਹਨ ਤੇ ਕਈ ਹਿੰਦੀ ਤੇ ਬਾਗੜੀ ਵਿਚ, ਅਸੀਂ ਕੁਝ ਵੰਨਗੀਆਂ ਹੇਠ ਦਿੰਦੇ ਹਾਂ :—

### ਗਾਉਣ ਰਾਜਾ ਰਸਾਲੂ

ਅੰਬ ਸੁਖ ਸੁਖ ਡਾਲੀਆਂ,
ਤਰਸੇਗਾ ਤੇਰਾ ਤੇ ਸਾਡਾ ਜੀ, ਰਾਜਾ ਜੀ ।
ਅੰਬ ਪੱਕੇ, ਰਸ ਚੋ ਪਈ,
ਚੂਪਣ ਵਾਲਾ ਰਸੀਆ ਦੂਰ ।
ਭਰ ਜੋਬਨ ਦੀਆਂ ਖਾਰੀਆਂ,
ਹੋਕਾ ਸ਼ਹਿਰ ਬਾਜ਼ਾਰ ।
ਜਿਨ੍ਹਾਂ ਦੇ ਪੱਲੇ ਮੁੱਲ ਹੈ, ਵੇ ਰਾਜਾ ਜੀ,
ਆਉ ਚੁਕਾਵੇ ਸਾਡਾ ਭਾਉ, ਰਾਜਾ ਜੀ ।
ਰਾਜਾ ਤੇ ਰਾਣੀ ਜਿੱਦ ਪਏ,
ਅਸਾਂ ਜੰਗਲ ਜਾਣਾ ਸ਼ਿਕਾਰ ਰਾਜਾ ਜੀ ।
ਪਹਿਲਾ ਤੀਰ ਮਾਰਿਆ ਰਾਣੀ ਨੇ, ਵੇ ਰਾਜਿਆ,
ਹੀਰੇ ਹਰਨ ਨੂੰ ਲਾਈ ਸੁ ਲੀਕ, ਰਾਜਾ ਜੀ ।
ਰੰਨਾਂ ਦਾ ਮਾਰਿਆ ਮਿਰਗ, ਨੀ ਰਾਣੀਏ,
ਮਰਦਾਂ ਨੂੰ ਖਾਣਾ ਹਰਾਮ, ਨੀ ਰਾਣੀਏ ।
*ਹਿਰਨੀਆਂ ਮਾਰਨ ਬੋਲੀਆਂ, ਵੇ ਹੀਰਿਆ,

---

*ਇਸ ਗੀਤ ਵਿਚ ਕੁਝ ਸਮਾਚਾਰ ਛਡਿਆ ਹੈ, ਰਾਣੀ ਕੋਕਿਲਾਂ ਨੇ ਆਪਣੇ ਕੇਸਾਂ ਦੀ ਸੁਗੰਧੀ ਨਾਲ ਮਿਰਗ ਫਾਹਿਆ ਸੀ ਤੇ ਰਸਾਲੂ ਨੇ ਕੰਨ ਤੇ ਪੂਛਲ ਵੱਢ ਕੇ ਛਡ ਦਿਤਾ ਸੀ। ਤਦੋਂ ਹੀਰੇ ਨੇ ਰਾਜੇ ਕੋਲੋਂ ਬਦਲਾ ਲੈਣ ਤੇ ਲਕ ਬੱਧਾ ਸੀ।



Sri Satguru Jagjit Singh Ji Elibrary NamdhariElibrary@gmail.com

ਆਇਆ ਕੰਨ ਤੇ ਪੂਛਲ ਵਢਾ, ਹੀਰਿਆ ਰਾਜਾ ਜੀ ।
ਸਾਢੇ ਤਿੰਨ ਸੌ ਹਰਨੀਆਂ, ਵੇ ਰਾਜਿਆ,
ਹੀਰਾ ਉਨ੍ਹਾਂ ਦਾ ਸਰਦਾਰ, ਰਾਜਾ ਜੀ ।
ਜਾਂਦਾ ਤਾਂ ਜਾਂਦਾ ਹੀਰਾ ਬੋਲਦਾ,
ਮੈਨੂੰ ਤਾਂ ਹੀਰਾ ਤੇ ਹਰਨ ਤਦ ਅਖੀਂ, ਵੇ ਰਾਜਿਆ ।
ਤੇਰੇ ਮਹਿਲਾਂ ਨੂੰ ਲਾਂਵਾਂਗਾ ਚੋਰ, ਰਾਜਾ ਜੀ ।
ਰਾਜਾ ਹੋਡੀ ਚੋਰੀ ਚੋਰੀ ਆ ਗਿਆ, ਰਾਣੀ ਕੋਕਲਾਂ ਕੋਲ :—
ਰਾਣੀ—ਮਹਿਲੀਂ ਥੱਲੇ ਫਰੇਂਦਿਆ ਸਾਧ ਹੈਂ ਕਿ ਚੋਰ ?
ਰਾਜਾ—ਚੋਰਾਂ ਦੇ ਮੈਲੇ ਕਪੜੇ, ਨੀ ਰਾਣੀਏ,
ਸਾਧਾਂ ਦੀ ਚਿੱਟੀ ਪੋਸ਼ਾਕ, ਰਾਣੀ ਜੀ ।
ਰਾਣੀ—ਅੰਦਰ ਅੰਦਰ ਪੌੜੀਆਂ ਵੇ ਰਾਜਿਆ,
ਪੈਰ ਧਰ ਧਰ ਆ, ਰਾਜਾ ਜੀ ।
ਰਾਜਾ—ਧੌਲਰ ਤੇਰਾ ਕਚ ਦਾ, ਨੀ ਰਾਣੀਏ,
ਠਕ ਕਰਕੇ ਟੁਟ ਜਾ, ਰਾਣੀ ਜੀ ।
ਰਾਣੀ—ਧੌਲਰ ਮੇਰਾ ਕੱਚ ਦਾ ਵੇ ਰਾਜਿਆ;
ਤੂੰ ਘੋੜੇ ਸਣੇ ਚੜ੍ਹ ਆ, ਰਾਜਾ ਜੀ ।
ਰਾਜਾ—ਪਹਿਲੀ ਪੌੜੀ ਚੜ੍ਹਦਾ, ਨੀ ਰਾਣੀਏ,
ਮੇਰਾ ਘੋੜਾ ਗਿਆ ਸਰਕਾ, ਰਾਣੀ ਜੀ ।
ਰਾਣੀ—ਕੰਨਾਂ ਦੀਆਂ ਵੇਰਾਂ ਵਾਲੀਆਂ, ਵੇ ਰਾਜਾ,
ਤੇਰਾ ਘੋੜਾ ਲਾਂ ਗੀ ਛੁੜਾ, ਰਾਜਾ ਜੀ ।
ਰਾਜਾ—ਵਾਲੀਆਂ ਉੜਕ ਚਾਲੀਆਂ ਦੀਆਂ, ਨੀ ਰਾਣੀਏ,
ਮੇਰਾ ਘੋੜਾ ਤਾਂ ਡੇਢ ਹਜ਼ਾਰ, ਰਾਣੀ ਜੀ ।
ਰਾਣੀ—ਮੈਨਾ ਤੇ ਤੋਤਾ ਲੜ ਪਏ, ਵੇ ਰਾਜਿਆ,
ਮੈਨਾ ਨੇ ਧੋਲ੍ਹੀਆਂ ਪਟੀਆਂ ਵੇ ਰਾਜਿਆ,
ਤੋਤੇ ਨੇ ਚੰਨਣ ਹਾਰ, ਰਾਜਾ ਜੀ ।
ਕੁਟ ਕੁਟ ਪਾਵਾਂ ਚੂਰੀਆਂ, ਵੇ ਤੋਤਿਆ ।
ਤੇਰੀ ਨਿਮਕ ਹਰਾਮੀ ਦੀ ਜ਼ਾਤ, ਤੋਤਾ ਜੀ ।
[ਤੋਤੇ ਨੇ ਰਾਜੇ ਰਸਾਲੂ ਨੂੰ ਖਬਰ ਜਾ ਕੀਤੀ ਹੈ :—
ਤੋਤੇ ਨੇ ਜਾ ਪੁਕਾਰਿਆ, ਵੇ ਰਾਜਿਆ ।
ਤੇਰੇ ਮਹਿਲਾਂ ਨੂੰ ਲਗ ਗਏ ਚੋਰ, ਰਾਜਾ ਜੀ ।
ਰਾਜਾ—ਅੱਠ ਤੋਤੇ ਨੌਂ ਸ਼ਾਰਕਾਂ ਤੋਤਿਆ,

Sri Satguru Jagjit Singh Ji Elibrary NamdhariElibrary@gmail.com

ਮੇਰਾ ਬਾਰੀ ਬਾਰੀ ਵਿਚ ਬੈਠਾ ਮੋਰ।
ਏਨਿਆਂ ਪਹਿਰਿਆਂ ਬੈਠਿਆਂ,
ਕਿਸ ਬਿਧ ਮਹਿਲ ਨੂੰ ਲੱਗੇ ਚੋਰ ?

ਤੋਤਾ—ਰਾਜਾ ਤਾਂ ਹੋਡੀ ਚੜ੍ਹ ਪਿਆ, ਰਾਜਿਆ,
ਆਣ ਲੱਥੇ ਬਾਗਾਂ ਹੇਠ, ਰਾਜਾ ਜੀ।

ਰਾਜਾ ਰਸਾਲੂ ਘਰ ਆਉਂਦਾ ਹੈ, ਤੇ ਰਾਣੀ ਕੋਕਿਲਾਂ ਨੂੰ ਪੁਛਦਾ ਹੈ :—

ਰਾਜਾ—ਕਿਨ ਮੇਰਾ ਖੂਹਾ ਗੇੜਿਆ, ਨੀ ਰਾਣੀਏ,
ਮੇਰੇ ਖੂਹ ਦੀ ਗਿੱਲੀ ਨਿਸਾਰ, ਰਾਣੀ ਜੀ।
ਰਾਣੀ—ਤੇਹ ਮਰੰਦੀ ਗੇੜਿਆ, ਵੇ ਰਾਜਿਆ,
ਤੇਰੇ ਖੂਹੇ ਦੀ ਗਿਲੜੀ ਨਿਸਾਰ, ਰਾਜਾ ਜੀ।
ਰਾਜਾ—ਕਿਨ ਮੇਰੀ ਚੂਪੀ ਅੰਬਲੀ, ਨੀ ਰਾਣੀਏ,
ਸੱਜਰੇ ਪਏ ਚੁਪਾਕ, ਰਾਣੀ ਜੀ।
ਰਾਣੀ—ਮਾਲਨ ਢੋਇਆ ਆਂਦਾ, ਵੇ ਰਾਜਿਆ,
ਖਿਲਰ ਪਏ ਨੀ ਚੌਪਾਕ, ਵੇ ਰਾਜਿਆ।
ਰਾਜਾ—ਕੌਣ ਮੇਰੀ ਚੌਕੀ ਨ੍ਹਾਇਆ, ਨੀ ਰਾਣੀਏ,
ਦੂਰ ਗਿਆ ਛਣਕਾਰ, ਰਾਣੀ ਜੀ।
ਰਾਣੀ—ਤੱਾਂ ਮਰੰਦੀ ਮੈਂ ਨ੍ਹਾਤੀ ਹਾਂ, ਵੇ ਰਾਜਿਆ,
ਦੂਰ ਗਿਆ ਛਣਕਾਰ ਰਾਜਾ ਜੀ।
ਰਾਜਾ—ਕੌਣ ਮੇਰੇ ਪਲੰਗ ਲੇਟਿਆ, ਨੀ ਰਾਣੀਏ,
ਮੇਰੇ ਪਲੰਘ ਦੀ ਢਿੱਲੀ ਨਵਾਰ, ਰਾਣੀ ਜੀ।
ਰਾਣੀ—ਸੂਲ ਮਰੰਦੀ [ਲੇਟੀ ਹਾਂ, ਵੇ ਰਾਜਿਆ,
ਤੇਰੇ ਪਲੰਘ ਦੀ ਢਿੱਲੀ ਨਵਾਰ, ਰਾਜਾ ਜੀ।

[ਦਿਲ ਵਿਚ]

ਭੰਵਰ ਕਾਲੀ ਡਾਲੀਆਂ ਵੇ ਰਾਜਿਆ, ਥਰ ਥਰ ਕਿਉਂ ਕੰਬੇ।
ਵੇਲਾਂ ਚਾਰੇ ਪੱਟੀਆਂ, ਹੁਣ ਮੌਤੋਂ ਕਿਉਂ ਡਰੇਂ, ਵੇ ਰਾਜਾ।
ਬੈਠਾ ਦੇਂਦਾ ਤਾਹਨੇ ਵੇ ਰਾਜਿਆ
ਖਲਿਆਂ ਨੂੰ ਤਾਹਨੇ ਨਾ ਮਾਰ, ਵੇ ਰਾਜਾ।
ਜਿਨ੍ਹਾਂ ਦਾ ਸਾਰ ਸਾਨੂੰ, ਵੇ ਰਾਜਿਆ,
ਸਾਡਾ ਮਰਨ ਉਨ੍ਹਾਂ ਦੇ ਨਾਲ, ਰਾਜਾ ਜੀ।

Sri Satguru Jagjit Singh Ji Elibrary NamdhariElibrary@gmail.com

ਅੰਦਰ ਵੜ ਕੇ ਪੁਛਦੀ, "ਵੇ ਰਾਜਿਆ,
ਤੇਰੀ ਭੈਣ ਲਗਾਂ ਕਿ ਧੀ ? ਰਾਜਾ ਜੀ।"

ਰਾਜਾ—ਸਿਰਕੱਪ ਰਾਜੇ ਦੀ ਬੇਟੜੀ ਰਾਜਾ ਰਸਾਲੂ ਦੀ ਨਾਰ
ਬਾਜ਼ੀ ਤੂੰ ਜਿੱਤ ਆਂਦੀ, ਨੀ ਰਾਣੀਏ,
ਨਾ ਭੈਣ ਲੱਗੇਂ ਨ ਧੀ, ਰਾਣੀ ਜੀ।
ਕਢ ਕੇ ਗਿੜਦੇ ਰੱਖੀ ਨੀ ਰਾਣੀਏ,
ਤੈਨੂੰ ਭੁੰਨ ਕੇ ਦੇਵਾਂ ਕਬਾਬ, ਰਾਣੀ ਜੀ।

ਨੋਟ—ਰਾਜਾ ਰਸਾਲੂ ਹੋਡੀ ਨੂੰ ਮਾਰ ਕੇ ਉਹਦੇ ਦਿਲ ਦੇ ਕਬਾਬ ਬਣਾ ਕੇ ਰਾਣੀ ਨੂੰ ਖਵਾਂਦਾ ਹੈ ਤੇ ਤਾਨ੍ਹਾ ਮਾਰਦਾ ਹੈ।

ਜੀਂਵਦਿਆਂ ਸ਼ੌਹ ਮਾਣਿਆਂ, ਨੀ ਰਾਣੀਏ,
ਹੁਣ ਮੋਇਆਂ ਦਾ ਖਾਧਾ ਹੈਈ ਮਾਸ, ਰਾਣੀ ਜੀ।

ਰਾਣੀ—ਅੱਕ ਦੀ ਨ ਖਾਈਏ ਕਕੜੀ, ਵੇ ਰਾਜਿਆ,
ਸੱਪ ਦਾ ਨਾ ਖਾਈਏ ਮਾਸ, ਰਾਜਾ ਜੀ।
ਛਾਹ ਪਰਾਈ ਪੀਤਿਆਂ ਵੇ ਰਾਜਿਆ,
ਪਾਣੀ ਵਰਗਾ ਸਵਾਦ, ਰਾਜਾ ਜੀ।
ਅਗ ਪਰਾਈ ਸੇਕਿਆਂ, ਵੇ ਰਾਜਿਆ,
ਉਡ ਉਡ ਪੈਂਦੀ ਖਾਕ, ਰਾਜਾ ਜੀ।
ਪੁਤ ਬੇਗਾਨਾ ਚੁੰਮਿਆਂ, ਵੇ ਰਾਜਿਆ,
ਲਾਲੀਂ ਭਰਿਆ ਗਾਤ, ਰਾਜਾ ਜੀ।
ਨਾਰ ਬੇਗਾਨੀ ਸੇਵਿਆਂ, ਵੇ ਰਾਜਿਆ,
ਕਦੀ ਨਾ ਹੁੰਦੀ ਅਪਨੀ, ਰਾਜਾ ਜੀ।

ਕਵੀ–ਖੰਡਾ, ਘੋੜਾ, ਇਸਤਰੀ, ਵੇ ਰਾਜਿਆ ਤਿੰਨੇ ਜਾਤ ਕੁਜਾਤ।
ਖੰਡਾ ਵਢੇ ਸਿਰ ਖਸਮ ਦਾ, ਘੋੜਾ ਦਏ ਪਿੜ ਵਿਚ ਹਾਰ।
ਇਸਤਰੀ ਜਿਥੇ ਵੇਖੇ ਵਰ ਸੋਹਣਾ,
ਉਥੇ ਰਹਿੰਦੀ ਦਿਨ ਤੇ ਰਾਤ।

ਦੋ :—ਮੱਖੀ ਮੱਛੀ, ਇਸਤਰੀ ਤਿੰਨੇ ਜਾਤ ਕੁਜਾਤ।
ਜਿਥੇ ਵੇਖਣ ਹੋਟ ਵਗੇ, ਉਥੇ ਰਹਿੰਦੇ ਦਿਨ ਤੇ ਰਾਤ।

ਏਸ ਗਾਉਣ ਦਾ ਵੇਰਵਾ ਕਾਦਰ ਯਾਰ ਦੀ ਵਾਰ ਵਿਚ ਹੈ। ਮੁਢ ਏਹ ਗਾਉਣ ਸੀ ਜਾਂ ਵਾਰ ? ਸਾਡੇ ਖਿਆਲ ਵਿਚ ਵਾਰ ਹੋਸੀ।

———

Sri Satguru Jagjit Singh Ji Elibrary NamdhariElibrary@gmail.com

## ਵਾਰ ਰਾਣੀ ਕੋਕਿਲਾਂ

ਜਿਸ ਦਿਨ ਕੋਕਿਲਾਂ ਜੰਮੀ, ਹੋਰ ਨਾ ਜੰਮਿਆ ਕੋ।
ਵਿਚ ਦਰਪਨ ਦੇ ਮੁਖ ਵੇਖੇ ਵੇਹੜੇ ਵਿਚ ਖਲੋ।
ਰਾਣੀ ਕੋਕਿਲਾਂ—ਗਹਿਣੇ ਆਪਣੇ ਲਾਹ ਲਈਂ, ਮੈ ਨਾ *ਪੀਲੇ ਢੋ।
ਅਸੀਂ ਤਾਂ ਜੋਬਨ ਵੇਚਣਾਂ, ਜੋ ਕੋਈ ਗਾਹਕ ਹੋਇ।
ਰਸਾਲੂ—ਜੇ ਤੈਂ ਜੋਬਨ ਵੇਚਣਾਂ †ਪੱਖੀ ਘਤ ਬਾਜ਼ਾਰ।
ਮੂੰਹ ਦੀ ਬਣਾਈਂ ਕੋਠੜੀ, ਲਾਵੀਂ ਜਾਕੇ ਬਜ਼ਾਰ।
ਥੋੜਾ ਕਜਲਾ ਪਾ ਕੇ, ਨੈਣੀਂ ਕਰੀ ਵਪਾਰ।
ਕੰਨਾਂ ਦੀ ਕਰ ਲੈ ਤਕੜੀ, ਜ਼ੁਲਫ਼ਾਂ ਦੀ ਵੱਟ ਲੈ ਡੋਰ।
ਝੁਕਦੀ ਪਲੜੀ ਤੋਲ ਦੇ, ਤੇਰੇ ਗਾਹਕ ਲਖ ਕਰੋੜ।
ਰਾਣੀ—ਜੇ ਤੂੰ ਚਲਾ ਸ਼ਿਕਾਰ ਨੂੰ, ਲੈ ਚਲ ਮੈਨੂੰ ਨਾਲ।
ਨੀਲੇ ਘੋੜੇ ਤੂੰ ਚੜ੍ਹੀਂ; ਮੈਨੂੰ ਤੁਲੇ ਲਈ ਚੜ੍ਹਾ।
ਆਹੋ ਦੇਖ ਚੁਗਦੇ ਮਿਰਗੜੇ, ਸੰਗ ਪ੍ਰਬਤ ਦੀ ਓਟ।
ਉਤਰਕੇ ਘੋੜਿਓਂ ਚੋਟ ਕਰ, ਦੇਖਾਂ ਤੇਰੀ ਚੋਟ।
ਪੂਛ†† ਖੰਡਰੂੰ ਵੱਢ ਲੈ, ਹੋਂਠ ਨਾ ਛੱਡੀਂ ਨਾਲ।
ਤੇਰੇ ਮਾਰੇ ਮਿਰਗੜੇ, ਛਾਲਾਂ ਕਰਨ ਚਾਹ ਚਾਰ।
ਸਾਡੇ ਮਾਰੇ ਮਿਰਗੜੇ ਖੜੇ ਬੂਹੇ ਦੇ ਬਾਹਰ।
ਹਾਰ ਸ਼ੰਗਾਰ ਲਾਕੇ ਬੈਠ ਗਈ, ਮਿਰਗ ਪਤੀ ਬਹਿੰਦਾ ਆ।
ਹਾਰ ਰਾਣੀ ਨੇ ਖੋਲ੍ਹਕੇ, ਦਿੱਤਾ ਮਿਰਗ ਦੇ ਗਲ ਪਾ।
ਰਾਜਾ ਰਸਾਲੂ ਸੱਦਦਾ, ਹੀਰੇ ਮੇਰੇ ਕੋਲ ਆ ਵੀ ਜਾ।
(ਹੀਰਾ ਨਹੀਂ ਆਉਂਦਾ)
ਰਸਾਲੂ—ਜੂਹ ਮੈਂ ਦੇ ਦਿਊਂ ਚੁਗਣ ਨੂੰ, ਖੂਹਾ ਦਿਆਂ ਲਵਾ।
ਵਢੇ ਕੰਨ ਪੂਛ, ਤੇ ਬੁੱਚਾ ਦਿਆਂ ਬਨਾ।
ਹੀਰਾ ਹਰਨ—ਮਿਰਗ ਮੈਂ ਕਾਲੀ ਧਾਰ ਦਾ ਚੜ੍ਹਕੇ ਆਇਆ ਉਤਾਂਹ।
ਤੇਰੇ ਖੂਹ ਦਾ ਮੈਂ ਪਾਣੀ ਨਾ ਪੀਲਿਆ ਨਾ ਜੂਹ ਚਰਿਆ ਘਾਹ।
ਅਣਦੋਸੀ ਦੇ ਵਢੇ ਕੰਨ ਪੂਛ ਤੇ ਜ਼ੁਮੇਂ ਨਾ ਕਵੇਂ ਗੁਨਾਹ।
ਹੀਰਾ ਨਾਮ ਮਿਰਗਲਾ ਤਾਂ ਕਹੀਂ ਤੇਰੀਂ ਮਹਿਲੀਂ ਪਾ ਦੇਵਾਂ ਧਾੜ।
ਓਥੋਂ ਮਿਰਗਾ ਤਾਂ ਟੁਰ ਪਿਆ, ਆਇਆ ਮਿਰਗਾਂ ਦੇ ਪਾਸ।

---

*ਮੈਲੇ ਨਹੀਂ ਕੀਤੇ। †ਝੌਂਪੜੀ।
††ਖਰੌੜੇ—ਪੈਰ।

Sri Satguru Jagjit Singh Ji Elibrary NamdhariElibrary@gmail.com

ਮਿਰਗ—ਕਿਥੋਂ ਵਧਾਏ ਕੰਨ ਪੂਛ, ਤੈਂ ਲਾਈ ਮਿਰਗਾਂ ਨੂੰ ਲਾਜ।
ਜੇਹੜੀ ਚੌਂਕਿਓਂ ਘੂਲੀ ਨਿਕਲੀ, ਰਲਾਨੇ ਦਾ ਕੀ ਸਵਾਦ।
ਅਗੋ ਹੀਰਾ ਬੋਲਦਾ, ਸੁਣੋ ਮੇਰਾ ਜਵਾਬ :—
ਹੀਰਾ—ਬਾਗ ਰਾਜੇ ਹੋਡੀ ਦਾ ਚਲ ਕੇ, ਕਰੀਏ ਅਸੀਂ ਵਿਰਾਨ।
ਵਿਚ ਬਾਗ ਦੇ ਆਣ ਕੇ, ਮਿਰਗਾਂ ਦੇ ਡੇਰੇ ਲੱਥੇ ਆਨ।
ਮਾਲੀ—ਰਾਜਾ ਤੇਰੇ ਬਾਗ ਵਿਚ ਆਈ ਮਿਰਗਾਂ ਦੀ ਧਾੜ।
ਐਸੀ ਤੁਫ਼ਾਨੀ ਮਿਰਗਲਾਂ, ਕੀਤਾ ਬਾਗ ਵੈਰਾਨ।
ਮਰੂਆ ਚੰਬਾ ਖਾ ਲਿਆ, ਤੋੜੇ ਅੰਬ ਅਨਾਰ।
ਐਸਾ ਤੂਫਾਨੀ ਮਿਰਗਲਾ, ਆਇਆ ਡਾਰ ਦੇ ਨਾਲ।
*ਪੇਡੇ ਟਕਰ ਕਹਿਰ ਦੇ, ਮਾਰੇ ਸੱਟਿਆ ਜ਼ਿਮੀਂ ਦੇ ਨਾਲ।
ਅਖੀਂ ਚਲਕੇ ਵੇਖ ਲੈ, ਕੀਤਾ ਬਾਗ ਵੈਰਾਨ।
ਹੀਰਾ—ਤੂੰ ਰਾਜਾ ਬਨਥੋਰ ਦਾ, ਖੰਡਾ ਤੇਰਾ ਪ੍ਰਗਾਸ।
ਸੋਨੇ ਵਰਗੀ ਰਾਣੀ ਕੋਕਿਲਾਂ, ਤੈਨੂੰ ਓਹਦੀ ਪਾਵਾਂ†ਦਾਸ।
ਰਾਜਾ ਹੋਡੀ—ਝੂਠੇ ਕੌਲ ਕਰੇਂਦਾ, ਕੰਨੀ ਬੈਠਾ ਗਵਾ।
ਬੁਢੇ ਦੀ ਨਾ ਜਾਵੇ ਗੌ ਖੜੀ, ਚੋਰ ਬਿਰਥਾ ਜਾ।
ਹੀਰਾ—ਆਸ ਪੁਜਾਂਦਿਆਂ††ਹੇੜੀਆਂ, ਮੈਂ ਮਿਰਗ ਨਾ ਮਾਰਾ ਜਾ।
ਉਠ ਕੇ ਘੋੜਾ ਛੋੜ ਲੈ, ਟੁਰ ਪੈ ਮੇਰੇ ਨਾਲ।

{ ਰਾਜਾ ਹੋਡੀ ਰਾਣੀ ਕੋਕਿਲਾਂ ਦੇ ਮਹਿਲ ਕੋਲ ਪੁਜਦਾ ਹੈ

ਹੋਡੀ—ਪਰਬਤ ਵਸਦਿਆ ਤੋਤਿਆ, ਵਸਦਾ ਕਾਲੀ ਧਾਰ।
ਕਿੱਥੇ ਦਾ ਜਨਮ ਤੂੰ ਹੈਂ, ਕੇਹੜਾ ਸ਼ਹਿਰ ਗਿਰਾਓਂ ?
ਕਿਸ ਰਾਜਾ ਦਾ ਤੂੰ ਹੈਂ ਜਨੌਰ, ਕੀ ਹੈ ਤੇਰਾ ਨਾਓਂ ?
ਕੌਣ ਦੇਂਦਾ ਖਾਣ ਪੀਣ ਨੂੰ, ਕੌਣ ਹੈ ਪਰਵਦਗਾਰ ?
ਅਸੀਂ ਪਿਆਸੇ ਜਲ ਦੇ, ਸਾਨੂੰ ਭਰਕੇ ਪਿਲਾ ਦੇ ਡੋਲ।
ਦੂਰੋਂ ਆ ਗਏ ਚੱਲਕੇ, ਸੁਣਕੇ ਤੇਰੀ ਸੋ।
ਤੋਤਾ—ਪਰਬਤ ਤੋਤਾ ਮੈਂ ਵੱਸੂੰ, ਵਸਦਾ ਕਾਲੀ ਧਾਰ।
ਗੋਰਖ ਟਿੱਬੇ ਜਨਮਿਆ, ਉਹ ਭਾਰੀ ਥਾਉਂ।
ਸਾਹਿਬ ਦੇਂਦਾ ਖਾਣ ਪੀਣ ਨੂੰ ਓਹ ਹੈ ਪਰਵਦਗਾਰ।
ਸਿਰਕਪ ਰਾਜੇ ਦੀ ਬੇਟੜੀ, ਛੱਡੋ ਧੌਲਰੀਂ ਚਾੜ੍ਹ।

---

*ਰੁਖ, ਦਰੱਖਤ।
†ਦਾਸ, ਦਸ। ††ਸ਼ਿਕਾਰੀ।

Sri Satguru Jagjit Singh Ji Elibrary NamdhariElibrary@gmail.com

ਭਲਾ ਚਾਹੇਂ ਟੱਟੂ ਨੂੰ ਮੋੜੀਏ, ਤੈਨੂੰ ਕਰੇਗਾ ਖੁਵਾਰ।
ਹਥ ਬੰਨ੍ਹ ਕੇ ਕਹਿੰਦਾ, ਮੈਂ ਤਾਂ ਸਚ ਦਿਆਂ ਸੁਣਾ!
ਕੋਕਿਲਾਂ—ਮਹਿਲੀਂ ਥੱਲੇ ਫਰੇਂਦਿਆ, ਸਾਧ ਹੈ ਕਿ ਚੋਰ?
ਕੀ ਤੈਨੂੰ ਗਵਾ ਲਏ ਮਾਣਸਾ, ਕੀ ਗਵਾਏ *ਢੋਰ?
ਰਾਜਾ ਹੋਡੀ—ਨਾ ਗਵਾ ਲਏ ਮਾਣਸਾ, ਅਸੀ ਨਾ ਗਵਾ ਲਏ ਢੋਰ।
ਲੂੰਡਾ ਬੂੱਚਾ ਮਿਰਗਲਾ, ਤੇਰੀ ਮਹਿਲੀਂ ਵੜ ਗਿਆ ਚੋਰ।
ਨਹੀਂ ਤੇ ਚੋਰ ਫੜਾ ਦੇ, ਨਹੀਂ ਫੜਾ ਦੇ †ਪੈੜ।
ਚੋਰਾਂ ਦੇ ਮੈਲੇ ਕੱਪੜੇ, ਸੰਤਾਂ ਦੀ ਪਤ ਹੋਰ।
ਲਖ ਟਕੇ ਦੇ ਆਦਮੀ, ਤੈਂ ਬਣਾ ਲਏ ਚੋਰ।
ਅਸੀਂ ਪਿਆਸੇ ਜਲ ਦੇ, ਸਾਨੂੰ ਭਰਕੇ ਪਿਲਾ ਦੇ ਡੋਲ।
ਕੋਕਿਲਾਂ—ਪਾਣੀ ਪੀ ਲਈਂ ††ਸਿਧਾਰ, ਨ ਅੱਖੀਂ ਵੇਖ ਨ ਬੋਲ।
ਜਿਸ ਰਸੀਆ ਦੀ ਨਾਰ ਹਾਂ, ਉਹਦੇ ਪਾਨਾਂ ਦਾ ਨਹੀਂ ਮੋਲ।
ਹੋਡੀ—ਪਾਨਾਂ ਦਾ ਮੋਲ ਚਾਰ ਟਕੇ, ਓੜਕ ਆਨੇ ਚਾਰ।
ਘਰ ਚਲਕੇ ਵੇਖ ਲੈ, ਮੇਰੇ ਚੌਦਾਂ ਸਠ ਪਨਿਹਾਰ।
ਕੋਕਿਲਾਂ—ਮੇਰੇ ਵਰਗੀ ਸੋਹਣੀ, ਜੰਗਲ ਹਿਰਨੀ ਹੋਗ।
ਹੋਡੀ—ਹਿਰਨੀ ਦਾ ਕੀ ਸਲਾਹੁਣਾ, ਝਾੜ ਪਟੇਂਦੀ ਜਾ।
ਜੇ ਵਸ ਪੈ ਜਾਵੇ ਹੇੜੀਆਂ, ਜਾਨ ਅਜਾਈਂ ਜਾ।
ਖਲ ਤੇਰੀ ਕਢਾਣਗੇ ਹੇੜੀ, ਲੈਣਗੇ ਹੇਠ ਵਿਛਾ।
ਕੋਕਿਲਾਂ—ਕੇਹੜਾ ਤੇਰਾ ਪਰਗਣਾ, ਕੇਹੜਾ ਸ਼ਹਿਰ ਗਿਰਾਉਂ?
ਕਿਸ ਰਾਜਾ ਦਾ ਬੇਟੜਾ, ਕੀ ਹੈ ਤੇਰਾ ਨਾਉਂ?
ਹੋਡੀ—ਬਦਨ ਨਗਰੀ ਪਰਗਣਾ, ਓਹੋ ਸ਼ਹਿਰ ਗਿਰਾਉਂ।
ਹਟੀਆ ਰਾਜੇ ਦਾ ਬੇਟੜਾ ਹੋਡੀ ਮੇਰਾ ਨਾਉਂ।
ਕੋਕਿਲਾਂ—ਮਹਿਲੀਂ ਸਾਡੀਂ ਆ ਜਾ, ਤੇਰੀ ਅਸੀ ਲਵਾਂਗੇ ਸਾਰ।
ਘੋੜਾ ਬੰਨ੍ਹ ਨਾਲ ਅੰਬ ਦੇ, ਸੋਹਣੇ ਬਾਗਾਂ ਦੇ ਵਿਚਕਾਰ।
ਹੋਡੀ—ਨਾਰਾਂ ਜ਼ਹਿਰੀ ਗੰਦਲਾਂ, ਖਾਈਏ ਸੰਭਲ ਸੰਭਾਲ।
ਮਹਿਲੀਂ ਸਾਡੀ ਆ ਜਾ ਅਸੀ ਲਵਾਂਗੇ ਸਾਰ।
ਕੋਕਿਲਾਂ—ਸਾਵਣ ਵਰਸੇ ਮੇਘਲਾ, ਵਰਸੇ ਝਿੰਬਰ ਲਾ।
ਰੁੱਖ ਡੁੱਬੇ ਸਣ ਪੁੰਬਲੀਂ, ਹਾਥੀ ਮਲ ਮਲ ਨ੍ਹਾ।
ਘੜਾ ਡੁੱਬਾ ਸਣ ਚੱਪਣੀ, ਚਿੜੀ ਤਿਹਾਈ ਜਾ।

---

*ਡੰਗਰ।

†ਖੁਰਾ। ††ਟੁਰ ਜਾ।

Sri Satguru Jagjit Singh Ji Elibrary NamdhariElibrary@gmail.com

ਬਾਣੀਆ ਸੀ *ਮੱਟ ਕੁਟਿਆ, ਕਪੜੇ ਲਿਤੇ ਲਾਹ।
ਏਹ ਪਹੇਲੀ ਬੁਝ ਲੇ ਮੇਰੀ ਛੇਜ ਪਰ ਆ।
ਹੋਡੀ—ਏਹ ਪਹੇਲੀ †'ਓਸ' ਦੀ, ਹੋਰ ਨਵੀਂ ਕੋ ਪਾ।
ਜੇ ਤੇਰੇ ਵਿਚ ਹੈ ਧਰਮ ਛੇਜ ਆਪਣੀ ਚੜ੍ਹਾ।
ਕੋਕਿਲਾਂ—ਜੰਮੀ ਸੀ ਸੱਠ ਗਜ, ਭਰ ਜੋਬਨ ਗਜ ਚਾਰ।
ਬਾਪ ਬੇਟੇ ਰਮ ਲਈ, ਕਰਕੇ ਇਕੋ ਨਾਰ।
ਹੋਡੀ—ਏਹ ਪਹੇਲੀ 'ਛਾਓਂ' ਦੀ, ਹੋਰ ਨਵੀਂ ਕੋ ਪਾ।
ਕੋਕਿਲਾਂ—ਅੰਬਰ ਵੇਲ, ਅਗਾਸ ਫਲ, ਜੋ ਸੇਵੇ ਸੋ ਖਾ।
ਮਾਂ ਕੁਆਰੀ ਪਿਤਾ ਵਿੱਡ, ਪੁੱਤ ਵਿਆਹੁਣ ਜਾ।
ਏਹ ਪਹੇਲੀ ਬੁਝ ਲੇ, ਤਾਂ ਤੈਨੂੰ ਛੇਜੇ ਲਵਾਂ ਚੜ੍ਹਾ।
ਹੋਡੀ—ਮੈਥੋਂ ਨਹੀਂ ਬੁੱਝੀ ਜਾਂਦੀ।
ਕੋਕਿਲਾਂ—ਤੂੰ ਮੇਰੀ ਛੇਜੇ ਆ।

{ਕੋਕਿਲਾਂ ਮੈਨਾਂ ਨੂੰ ਮਾਰ ਦਿੰਦੀ
(ਤੋਤਾ ਉਡ ਜਾਂਦਾ ਹੈ।

ਕੋਕਿਲਾਂ—(ਤੋਤੇ ਨੂੰ) ਚੂਰੀ ਕੁੱਟਾਂ ਫੂਟ ਖੰਡ ਦੀ, ਬਹਿਕੇ ਦਸਤੀ ਖਾ।
ਮੁਦੀ ਮੈਨਾ ਮਰ ਜਾਣਦੇ, ਤੇਰੇ ਵਿਆਹ ਕਰਾ ਦਿਆਂ ਚਾਰ!
ਤੋਤਾ—ਮੈਨਾ ਦਾ ਕੀ ਮਾਰਨਾ, ਉਹਦੇ ਵਿਚ ਸੀਰ ਜਿੰਦ ਨਾ।
ਮਰਨ ਤੇਰੇ ਵਰਗੀਆਂ, ਖੜੀਆਂ ਕਰਕੇ ਵਿਚ ਮਦਾਨ।
ਮਹਿਲੋਂ ਤੇ ਤੋਤਾ ਉਡ ਗਿਆ, ਉਡਿਆ ਪੰਖ ਸੰਭਾਲ।
ਮੈਨੂੰ ਸੂਰਤ ਨਜ਼ਰ ਨਾ ਆਂਵਦੀ, ਪਹੁੰਚਾਂ ਤੇਰੇ ਪਾਸ।

ਤੋਤਾ—ਰਾਜਾ ਰਸਾਲੂ ਨੂੰ :—
ਮਹਿਲੀਂ ਤੇਰੀਂ ਧਾੜ ਲਗ ਗਈ, ਤੈਨੂੰ ਸੁਝਾ ਸ਼ਿਕਾਰ।
ਅੱਖੀਂ ਚਲਕੇ ਵੇਖ ਲੇ, ਤੇਰੇ ਮੰਦਰ ਕੀਤੇ ਖੁਆਰ।
ਰਸਾਲੂ—ਅਠ ਖੂਈ ਨੌਂ ਬਾਰੀਆਂ, ਬਾਰੀ ਬਾਰੀ ਮੋਰ।
ਇਤਨੇ ਪਹਿਰੂ ਹੁੰਦਿਆਂ ਤੋਤਾ, ਮਹਿਲੀਂ ਕਿੱਦਾਂ ਲਗੇ ਚੋਰ।
ਤੋਤਾ—ਇਕ ਜੁ ਆ ਗਿਆ ਰਾਜਪੂਤ, ਮਾਰ ਕਰੇਂਦਾ ਮਾਰ।
ਤੇਰਾ ਧੁਨਿਆ ††ਟੱਮਕ ਪਾੜਿਆ, ਟੁਕੜੇ ਕੀਤੇ ਚਾਰ।
ਇਕ ਕਮੰਦ ਸਟਿਆ ਰਾਣੀ ਕੋਕਿਲਾਂ,ਮਹਿਲੀਂ ਲਿਆ ਚੜ੍ਹਾ।
ਉਹਨਾਂ ਖੇਡੀ ਬਾਜੀ §ਸਾਰ ਦੀ, ਬੱਧੀ ਭਾਰ ਉਠਾ।

*ਹੱਟੀ ਵਿਚ। †ਤ੍ਰੇਲ। ††ਢੋਲ, ਨਕਾਰਾ। §ਚੋਪੜ।

Sri Satguru Jagjit Singh Ji Elibrary NamdhariElibrary@gmail.com

{ਰਾਜਾ ਰਸਾਲੂ ਛੇਤੀ ਘਰ ਪੁਜਦਾ ਹੈ
ਤੇ ਅੰਦਰ ਜਾ ਰਾਣੀ ਨੂੰ ਪੁਛਦਾ ਹੈ।

ਰਸਾਲੂ—ਕਿਸ ਨੇ ਖੂਹਾ ਗੇੜਿਆ, ਕੌਣ ਫਿਰਿਆ ਵਿਚ ਬਾਰ।
ਕਿਸ ਨੇ ਪਾੜੀ ਦਾਤਨਾਂ, ਕਿਸ ਸੱਟੀ ਖੰਘਾਰ।
ਕਿਸ ਨੇ ਖਾਧੀ ਅੰਬਲੀ, ਫੁਟਕ ਸਟਿਆ ਬੂਹੇ ਬਾਰੁ।
ਕਿਸ ਨੇ ਛੇਜਾਂ ਮਾਣੀਆਂ, ਢਿੱਲੀ ਪਾਈ ਨਵਾਰ।
ਅਗੇ ਕੋਕਿਲਾਂ ਬੋਲਦੀ, ਸੁਣ ਲੈ ਮੇਰਾ ਜਵਾਬ :—
ਕੋਕਿਲਾਂ—ਮੈਂ ਆਪ ਖੂਹਾ ਗੇੜਿਆ, ਤੋਤਾ ਸ਼ਾਮੀ ਫਿਰਿਆ ਵਿਚ ਬਾਰ।
ਮੈਂ ਆਪੇ ਪਾੜੀ ਦਾਤਨਾਂ, ਆਪ ਸਿੱਟੀ ਖੰਘਾਰ।
ਭੁਖੀ ਨੇ ਖਾਧੀ ਅੰਬਲੀ, ਫੁਟਕ ਬੂਹੇ ਬਾਹਰ।
ਮੈਂ ਉਨੀਂਦੀ ਨੇ ਛੇਜਾਂ ਮਾਣੀਆਂ, ਢਿੱਲੀ ਪਈ ਨਵਾਰ।
ਸਿਖਰ ਦੁਪਹਿਰਾਂ ਆ ਗਈਆਂ, ਆ ਗਈ ਤੋਤਿਆਂ ਦੀ ਡਾਰ।
ਮੈਨਾਂ ਤੋਤਾ ਲੜ ਮਰੇ, ਮੈਂ ਹੀ ਛੁਡਾਵਣ ਹਾਰ।
ਤੋਤੇ ਨੇ ਪੱਟੀਆਂ ਮੇਢੀਆਂ, ਮੈਨਾ ਤੋੜਿਆ ਹਾਰ।
ਭਰਤੇ ਜਿਨ੍ਹਾਂ ਦੇ ਮਰ ਗਏ, ਬੁਰੇ ਉਨ੍ਹਾਂ ਦੇ ਹਾਲ।
ਮੈਨੂੰ ਕੱਲੀ ਨੂੰ ਛਡ ਗਿਆ, ਮੇਰੀ ਕਿਨੇ ਨਾ ਪਾਈ ਸਾਰ।
ਸ਼ਾਇਰ—ਰਾਣੀ ਜਾਦੂ ਖੋਰੀਦੇ ਰਾਜਾ ਲਿਆ ਭਰਮਾ।
ਹੋਡੀ ਰਾਜਾ ਲੁਕਾ ਦਿੱਤਾ, ਆ ਦਿਤਾ ਸਫ ਵਿਚ ਪਾ।
ਰਾਜਾ ਠੰਡਾ ਕਰ ਲਿਆ, ਛੇਜੇ ਲਿਆ ਬਹਾ।
ਖਾਣਾ ਕੱਠਾ ਖਾਂਵਦੇ, ਦਾਰੂ ਲਿਆ ਪਿਲਾ।
ਤੋਤੇ ਨੇ ਹੋਡੀ ਕਢਿਆ, ਇਜ਼ਤ ਛੋਡੀ ਨਾ।

{ਸਫ ਪਿਛੋਂ ਹੋਡੀ ਨਿਕਲਿਆ,
ਰਸਾਲੂ ਲਗਾ ਮਾਰਨ

ਕੋਕਿਲਾਂ—ਘਰ ਆਇਆ ਨਾ ਮਾਰੀਏ, ਜਾਣੀਦੇ ਸੱਕਾ ਭਰਾ।
ਸ਼ਾਇਰ—ਰਾਜਾ ਰਸਾਲੂ ਤੇ ਹੋਡੀ ਟੁਰ ਪਏ ਗਏ ਵਿਚ ਬਜ਼ਾਰ।
ਲੱਗਾ ਤੀਰ ਗਚਬ ਦਾ, ਰਾਜਾ ਹੋਡੀ ਸੁਟਿਆ ਮਾਰ।
ਮਾਸ ਉਹਦਾ ਕੱਢ ਲਿਆ, ਰਾਣੀ ਕੋਕਿਲਾਂ ਖਾਂਦੀ ਆਪ।
ਮਾਸ ਯਾਰਾਂ ਦਾ ਖਾਂਦੀ, ਖਾ ਕੇ ਪੁਛੇ ਸਵਾਦ।
ਖੰਡਾ, ਘੋੜਾ, ਇਸਤਰੀ, ਤਿੰਨੇਂ ਬੇਈਮਾਨ।
ਖੰਡਾ ਨਾ ਰਖੀਏ ਮਾਂਜਕੇ, ਮੁੜ ਕੇ ਪਵੇ ਕਪਾਲ।
ਘੋੜਾ ਮਹੇਲਾ ਨਾ ਪਾਲੀਏ, ਉਹ ਮਦਾਨ ਵਿਚ ਦਿੰਦਾ ਹਾਰ।

ਰੰਨ ਨਾ ਕਰੀਏ ਲਾਡਲੀ, ਜਦ ਕਦ ਕਰੇ ਖਵਾਰ।
ਮਾਸ ਯਾਰਾਂ ਦਾ ਖਾਂਦੀਆਂ, ਖਾ ਕੇ ਪੁਛਣ ਸੁਆਦ।
ਚਿੱਠਾ ਕਾਦਰਯਾਰ ਏ, ਬਣਾਇਆ ਆਪ ਪਾ ਭਗਵਾਨ।

ਰਾਣੀ ਕੋਕਿਲਾਂ ਦੀ ਵਾਰ ਵੀ ਹੈ। ਕਾਦਰਯਾਰ ਕਵੀ ਨੇ ਪੁਰਾਣੀ ਗੀਤ ਮੂਜਬ ਜੱਟਾਂ ਪੇਂਡੂਆਂ ਦੇ ਜੀ ਖੁਸ਼ ਕਰਨ ਲਈ ਲਿਖੀ, ਢਾਡੀ ਸਾਰੰਗੀ ਨਾਲ ਗਾਉਂਦੇ ਹੋਣਗੇ। ਬੋਲੀ ਠੇਠ ਜਟਕੀ। ਪਰ ਮੁਢ ਤੇ ਅੰਤ ਬੜਾ ਸੋਹਣਾ ਤੇ ਗੁਣ ਭਰਿਆ ਹੈ। ਪਹਿਲੇ ਦੋਹੜੇ ਵਿਚ ਕੋਕਿਲਾਂ ਦੇ 'ਕਰੈਕਟਰ' ਚਲਨ ਦਾ ਨਕਸ਼ਾ ਖਿੱਚ ਦਿੱਤਾ। ਵੇਹੜੇ ਵਿਚ ਖਲੋਕੇ ਸ਼ੀਸ਼ੇ ਵਿਚ ਮੂੰਹ ਵੇਖਣਾ। ਇਕ ਰਾਣੀ ਲਈ ਕੀ, ਹਰ ਇਕ ਗ੍ਰਹਿਸਤਨ ਲਈ ਬੜੀ ਬੇਹਯਾਈ ਦਾ ਕੰਮ ਹੈ। ਅੰਤ ਵਿਚ ਜਦ ਵਾਰ ਖਤਮ ਕੀਤੀ, ਤਾਂ ਵੀ ਖੰਡੇ, ਘੋੜੇ ਤੇ ਨਾਰ ਦੀ ਬੁਰਿਆਈ ਕੀਤੀ "ਨਾਰ" ਤਰੀਮਤ ਹੋਣ ਕਰਕੇ ਤੇ ਬੁਰੀ ਨਹੀਂ, ਪਰ ਕੋਕਿਲਾਂ ਜਹੀ ਨਾਰ ਬੁਰੀ ਹੈ, ਜਿਸਨੇ ਆਪਣੇ ਪਤੀ ਦੀ ਪਤ ਗਵਾਈ। ਰਾਜੇ ਹੋਡੀ ਨੂੰ ਅੰਵਾਣ ਫਸਾਇਆ ਤੇ ਕੁਹਾਇਆ। ਇਸ ਵਿਚ ਕਸੂਰ ਰਸਾਲੂ ਦਾ ਵੀ ਸੀ, ਉਸ ਨੇ ਕੋਕਿਲਾਂ ਨੂੰ ਵਿਆਹ ਕੇ ਮੁੜ ਵਾਤ ਨਾ ਪੁੱਛੀ। ਕੋਕਿਲਾਂ ਨੇ ਰਾਜਾ ਰਸਾਲੂ ਦੇ ਮੂੰਹ ਤੇ ਆਖਿਆ ਸੀ—

'ਭਰਤੇ ਜਿਨ੍ਹਾਂ ਦੇ ਮਰ ਗਏ, ਬੁਰੇ ਉਨ੍ਹਾਂ ਦੇ ਹਾਲ।
ਮੈਨੂੰ ਕੱਲੀ ਨੂੰ ਛਡ ਗਿਆ, ਮੇਰੀ ਕਿਨੇ ਨਾ ਪਾਈ ਸਾਰ।'

ਹੁਣ ਜਿਸ ਅੰਵਾਣ, ਜੋਬਨ ਭਰੀ ਨਾਰ ਨੂੰ ਪਤੀ ਛਡ ਜਾਏ ਤੇ ਵਾਤ ਨਾ ਪੁਛੇ, ਉਹ ਤੇ ਵਿਧਵਾ (ਰੰਡੀ) ਈ ਹੋਈ। ਜੇ ਉਹ ਚੰਗੇ ਚਲਨ ਤੋਂ ਡਿੱਗੀ ਤਾਂ ਉਸ ਦਾ ਜ਼ਿੰਮੇਵਾਰ ਰਸਾਲੂ ਵ ਤੇ ਸੀ।

ਇਸ ਵਾਰ ਵਿਚ ਇਕ ਇਹ ਗੱਲ ਵੀ ਝਟ ਸਾਮ੍ਹਣੇ ਆਂਵਦੀ ਹੈ ਕਿ ਰਾਣੀ ਕੋਕਿਲਾਂ ਨੇ ਐਵੇਂ ਪ੍ਰਾਏ ਮਰਦ ਨੂੰ ਨਹੀਂ ਵਾੜਿਆ, ਉਸ ਦਾ ਅੱਗਾ ਪਿੱਛਾ ਪੁੱਛਿਆ, ਉਸ ਦੀ ਅਕਲ ਦਾ ਇਮਤਿਹਾਨ ਲਿਆ। ਜਦ ਜਾਤਾ ਚੰਗੀ ਕੁਲ ਦਾ ਹੈ, ਤਦ ਕੋਲ ਢੁਕਣ ਦਿਤਾ।

ਪਰ ਅੰਤ ਬੁਰਾ ਕੀਤਾ, ਧਰਮ ਨੂੰ ਲਾਜ ਲਾਈ। ਕੁੜੀ ਅੰਵਾਣ ਸੀ, ਬੀਆ-ਬਾਨ ਵਿਚ ਵੱਸੀ, ਪਤਿਬ੍ਰਤਿ ਦੀ ਸੋਝੀ ਨਾ ਪਈ।

ਕਵੀ ਨੇ ਪੁਰਾਣੀਆਂ ਕਹਾਣੀਆਂ ਤੋਂ ਲੈਕੇ ਤੋਤੇ ਤੇ ਮੈਨਾਂ ਨੂੰ ਜ਼ਬਾਨ ਤੇ ਅਕਲ ਦੇ ਕੇ ਗੱਲਾਂ ਕਰਵਾਈਆਂ।

ਝਗੜੇ ਦਾ ਮੁੱਢ, ਰਾਜਾ ਰਸਾਲੂ ਨੇ ਧੋਖੇ ਨਾਲ ਹੀਰੇ ਹਰਨ ਨੂੰ ਪਾਸ ਸੱਦ ਕੇ, ਉਸ ਦੀ ਪੂਛਲ ਤੇ ਕੰਨ ਵੱਢ ਦੇਣੇ ਸੀ। ਭਲਾ ਜੇ ਹਿਰਨ ਰਾਣੀ ਦਾ ਪਿਆਰਾ ਸੀ, ਤੇ ਰਾਣੀ ਨੇ ਉਸਦੇ ਗਲ ਵਿਚ ਹਾਰ ਪਾ ਦਿਤਾ ਸੀ ਤਾਂ ਰਸਾਲੂ ਨੂੰ ਖਾਰ ਕਾਹਦੀ ਆਈ। ਕੋਈ ਪ੍ਰਾਇਆ ਮਰਦ ਥੋੜਾ ਸੀ? ਰਾਣੀ ਦਾ ਜੀ ਪ੍ਰਚਾਵਾ ਸੀ। ਜੰਗਲ ਵਿਚ

ਇਕੱਲੀ ਵੱਸਦੀ ਸੀ। ਜੰਗਲ ਦੇ ਜਨੌਰਾਂ ਨਾਲ ਈ ਪਿਆਰ ਪਾਣਾ ਸਾਸੂ ਨਾ। ਹੋਰ ਕੀ ਕਰਦੀ? ਕੋਕਿਲਾਂ ਨੂੰ ਆਪਣੇ ਰੂਪ ਦੀ ਪੂਰੀ ਸਾਰ ਨਹੀਂ ਸੀ। ਤਦੇ ਤੇ ਉਸਨੇ ਆਪਣੇ ਆਪ ਨੂੰ ਹਰਨੀ ਵਰਗਾ ਕਿਹਾ :—

"ਮੇਰੇ ਵਰਗੀ ਸੋਹਣੀ ਜੰਗਲ ਹਰਨੀ ਹੋ"

ਵਾਹ ਨੀ ਰਾਣੀ ਤੇਰਾ ਭੋਲਾਪਨ! ਪਰ ਹੋਡੀ ਨੂੰ ਛਪਾਣ ਲਈ ਵਿਚਾਰੀ ਨੂੰ ਕੋਈ ਥਾਂ ਨਾ ਲੱਭੀ। ਸਫ ਵਿਚ ਈ ਲਪੇਟਿਆ। ਤੋਤੇ ਨੇ ਉਪਰੋਂ ਵੇਖ, ਠੂੰਗਾ ਮਾਰ ਬਾਹਰ ਕਢਿਆ, ਤੇ ਅੰਤ ਦੋਵੇਂ ਰਾਜੇ (Duel) ਇਕੱਲੇ ਲੜ ਕੇ ਈ ਰਹੇ।

ਪਰ ਕੋਕਿਲਾਂ ਨੂੰ ਕੀ ਸਜ਼ਾ ਮਿਲੀ? ਇਸ ਵਾਰ ਵਿਚ ਨਹੀਂ ਦਸਿਆ। ਇਕ ਤ੍ਰੀਮਤਾਂ ਦੇ ਗਾਉਣ ਵਿਚ ਤਾਂ (ਜੇਹੜਾ ਵਾਰ ਦੇ ਨਾਲ ਲਿਖਿਆ ਹੈ) ਰਾਜਾ ਹੋਡੀ ਦਾ ਬਚ ਜਾਣਾ ਦਸਿਆ ਹੈ। ਰਬ ਜਾਣੇ ਸਚ ਕੀ ਸੀ? ਸਦੀਆਂ ਦੀਆਂ ਗਲਾਂ, ਕਹਾਣੀਆਂ ਬਣ; ਸਾਡੇ ਸਾਮ੍ਹਣੇ ਹਨ। ਜਿਸ ਕਵੀ ਦਾ ਜੀਕਣ ਜੀ ਚਾਹਿਆ, ਕਹਾਣੀ ਘੜ ਦਿਤੀ। ਅਸਾਂ ਤੇ ਪੁਰਾਤਨ ਕਵਿਤਾ ਦਾ ਅੰਗ ਲੈਣਾ ਹੈ।

ਤ੍ਰੀਮਤਾਂ ਵਿਚ ਰਾਣੀ ਕੋਕਿਲਾਂ ਦਾ ਹੇਠ ਲਿਖਿਆ ਗਾਉਣ ਪ੍ਰਚਲਤ ਹੈ।

ਵਿਆਹਵਾਂ ਢੰਗਾਂ ਤੇ ਮਿਲਕੇ ਗਾਉਂਦੀਆਂ ਹਨ। ਪਹਿਲੇ ਵਡੇ ਗੀਤ ਦੀ ਜੇਬੀ ਐਡੀਸ਼ਨ ਹੈ :—

ਕੋਕਿਲਾਂ—ਖਨ ਅੰਬੇ ਖਨ ਡਾਲੀਆਂ ਵੇ ਭੋਲੇ ਪਾਤਸ਼ਾਹ।
ਏਹ ਲੈ ਖਨ ਮੇਰਾ ਤੇਰਾ ਜੀ ਵੇ ਰਾਜਾ ਜੀ।
ਬੇਰੀ ਦੇ ਥਲੇ ਥਲੇ ਜਾਂਦਿਆਂ ਚੋਰ ਹੁੰਨਾ ਵੇ ਕਿ ਸਾਧ?
ਹੋਡੀ—ਕੇਹੜੇ ਨੀ ਪਾਸੇ ਤੇਰੀਆਂ ਪੌੜੀਆਂ ਨੀ ਰਾਣੀ ਕੋਕਿਲਾਂ?
ਏਹ ਲੈ ਕੇਹੜੇ ਤੇ ਪਾਸੇ ਤੇਰਾ ਰਾਹ ਰਾਣੀ ਜੀ?
ਕੋਕਿਲਾਂ—ਸਜੇ ਤੇ ਪਾਸੇ ਮੇਰੀਆਂ ਪੌੜੀਆਂ, ਵੇ ਮੇਰਿਆ ਭੋਲਿਆ।
ਏਹ ਲੈ ਖੱਬੇ ਤੇ ਪਾਸੇ ਮੇਰਾ ਰਾਹ ਵੇ ਰਾਜਾ ਜੀ।
ਬਾਰੀ ਵਿਚੋਂ ਕੁਮੰਦ ਸੁਟਨੀ ਹਾਂ ਮੇਰੇ ਸਜਨਾਂ,
ਏਹ ਲੈ ਓਸੇ ਤੇ ਚੜ੍ਹ ਆ ਵੇ ਰਾਜਾ ਜੀ।

ਨੋਟ—ਹੋਡੀ ਚੜ੍ਹ ਜਾਂਦਾ ਹੈ, ਮੈਨਾਂ ਜਾਕੇ ਰਾਜਾ ਰਸਾਲੂ ਨੂੰ ਖਬਰ ਕਰਦੀ ਹੈ।

ਮੈਨਾਂ ਜਾ ਕੇ ਪੁਕਾਰਿਆ, ਵੇ ਭੋਲੇ ਪਾਤਸ਼ਾਹ।
ਏਹ ਲੈ ਤੇਰੀ ਮਹਿਲੀਂ ਲਗੜੇ ਚੋਰ ਰਾਜਾ ਜੀ।

ਰਸਾਲੂ ਆਉਂਦਾ ਹੈ :—

ਰਾਜਾ ਗੁੱਸਾ ਖਾਇਕੇ ਨੀ ਰਾਣੀ ਕੋਕਿਲਾਂ,
ਏਹ ਲੈ ਆਇਆ ਰਾਣੀ ਦੇ ਪਾਸ, ਰਾਜਾ ਜੀ।
ਕਿਨ ਮੇਰਾ ਖੂਹ ਗੇੜਿਆ ਨੀ ਰਾਣੀ ਕੋਕਿਲਾਂ,

Sri Satguru Jagjit Singh Ji Elibrary NamdhariElibrary@gmail.com

ਏਹ ਲੈ ਖੂਹੇ ਦੀ ਗਿਲੜੀ ਨਿਸਾਰ ਰਾਣੀ ਜੀ।
ਕਿਸ ਮੇਰੇ ਚੂਪੇ ਨਿੰਬੂਏ ਨੀ ਰਾਣੀ ਕੋਕਿਲਾਂ,
ਏਹ ਲੈ ਕਿਨ ਤੇ ਤੋੜੇ ਅਨਾਰ ਰਾਣੀ ਜੀ।
ਕਿਨ ਮੇਰੀ ਛੇਜਾਂ ਮਾਣੀਆਂ ਰਾਣੀ ਕੋਕਿਲਾਂ,
ਏਹ ਲੈ ਪਲੰਘੇ ਦੀ ਵਿੱਲੀ ਏ ਪਵਾਂਦ ਰਾਣੀ ਜੀ।
ਰਾਣੀ (ਜੀ ਵਿਚ) ਫੂਹੜੀ ਦੇ ਵਿਚ ਲਪੇਟਿਓ ਹਾਂ ਵੇ ਮੇਰੇ ਸਜਨਾ,
ਏਹ ਲੈ ਥਰ ਥਰ ਕਿਉਂ ਕੰਬੇਂ ਵੇ ਰਾਜਾ ਜੀ।
ਹੋਡੀ—(ਬਚਕੇ)—ਮੱਛਰ ਬਣਕੇ ਕੱਢੀਓ, ਸ਼ੁਕਰ ਨੀ ਰਾਣੀਏ।

ਅਸਲ ਵਿਚ ਰਾਜਾ ਹੋਡੀ ਮਾਰਿਆ ਗਿਆ ਸੀ, ਜਿਹਾ ਕਿ ਪਹਿਲੇ ਗਉਣ ਤੇ (ਕੋਕਿਲਾਂ ਦੀ) ਵਾਰ ਵਿਚ ਦਸਿਆ ਹੈ।

Sri Satguru Jagjit Singh Ji Elibrary NamdhariElibrary@gmail.com

## ਮਹੱਲ ਸੀਲਾ ਦਈ

### ਬਿਆਨ ਪਹਿਲੇ ਭਾਟ ਕਾ

ਪ੍ਰਿਥਮ ਗੁਰੂ ਮਨਾਇਕੇ, ਜੰਗ ਕਾ ਪਾਲਨ ਹਾਰ।
ਫਿਰ ਪੀਛੇ ਸੇ ਕੀਜੀਏ, ਔਰ ਜਗਤ ਕੇ ਕਾਰ।
ਕਾਰ ਕਰੂੰ ਔਰ ਸਭੀ ਕਾਮ ਬਨਾਊਂ।
ਮੈਂ ਪਹਿਲੇ ਦਿਲ ਬੀਚ ਗੁਰੂ ਨਾਥ ਮਨਾਊਂ।
ਮੈਂ ਸਰਨ ਗਹੀ ਆਜ ਗੁਰੂ ਗੋਰਖ ਤੇਰੀ।
ਇਸ ਪਾਸੇ ਕੇ ਹਾਥ ਲਾਜ ਰਾਖ ਲੇ ਮੇਰੀ।

ਮਹਿਤਾ :—

ਸਤ ਕੋ ਸਤ ਕਰ ਮਾਨ ਲੇ ਸਤ ਕੋ ਸਤ ਕਰ ਜਾਨ।
ਸਤ ਕਾਰਨ ਸਭ ਥਮ ਰਹੇ, ਧਰਤੀ ਔਰ ਅਸਮਾਨ!
ਧਰਤੀ ਅਸਮਾਨ ਖੜੀ ਸਤ ਕੀ ਤਾਨੀ।
ਯਿਹ ਸਤ ਕਾ ਹੈ ਸੀਲ ਜਗਤ ਬੀਚ ਨਿਸ਼ਾਨੀ।
ਉਸ ਸੀਲਾ ਕੇ ਨਾਮ ਮੇਰਾ ਪਾਸਾ ਰਾਚੀ।
ਜੋ ਚਾਹੇ ਕਰਤਾਰ ਉਸ ਸੋ ਦੇਵੇ ਬਾਜ਼ੀ।

ਰਾਜਾ ਰਸਾਲੂ :—

ਸੀਲਾ ਸੀਲਾ ਕਿਆ ਕਹੇ? ਔਹ ਸਾਹੂਕਾਰ ਕੇ ਲਾਲ?
ਤੇਰੀ ਸੀਲਾ ਕੌਨ ਹੈ? ਹਮੈਂ ਸੁਨਾਉ ਹਾਲ।
ਹਾਲ ਕਹੋ ਹਮ ਸੇ ਤੁਮ, ਬਤੀਆ ਸਾਰੀ?
ਵੁਹ ਸੀਲਾ ਹੈ ਕੌਨ, ਤੇਰੇ ਦਿਲ ਕੀ ਪਿਆਰੀ?
ਤੈਂ ਛੋੜਾ ਗੁਰਦੇਵ, ਕਿਆ ਮਨ ਕੋ ਸਾਂਸਾ?
ਲੈ ਤਿਰੀਆ ਕਾ ਨਾਮ ਤੂੰ ਫੈਂਕਾ ਪਾਸਾ।



Sri Satguru Jagjit Singh Ji Elibrary NamdhariElibrary@gmail.com

ਮਹਿਤਾ :--

ਬੇਟੀ ਹਰਬੰਸ ਸਹਾਈ ਕੀ, ਸੀਲਾ ਦਈ ਹੈ ਨਾਮ।
ਮੇਰੇ ਮਹਿਲ ਮੇਂ ਨਾਰ ਹੈ, ਨਹੀਂ ਔਰ ਸੇ ਕਾਮ।
ਕਾਮ ਨਹੀਂ ਮੈਂ ਰਾਖਤਾ ਔਰ ਸੇ ਰਾਜਾ।
ਉਸ ਸੀਲਾ ਕਾ ਸਤ ਮੇਰੇ ਦਿਲ ਪਰ ਸਾਜਾ।
ਮੈਂ ਰਖਤਾ ਹੂੰ ਨਾਮ ਯਾਦ ਉਸ ਕਾ ਪਿਆਰਾ।
ਸਭ ਹੋਤਾ ਹੈ ਕਾਰ ਮੇਰੇ ਦਿਲ ਕਾ ਸਾਰਾ।
ਸਤ ਕਰ ਤੂੰ ਮਾਨ ਯੇਹੀ ਮੇਰੀ ਬਾਨੀ।
ਸਤਵੰਤੀ ਹੈ ਨਾਰ ਮੇਰੇ ਘਰ ਕੀ ਰਾਨੀ।

ਰਾਜਾ ਰਸਾਲੂ :—

ਤੂੰ ਬੇਟਾ ਸਾਹੂਕਾਰ ਕਾ ਮਹਿਤਾ ਤੇਰਾ ਨਾਮ।
ਤਿਰੀਆ ਸੀਸ ਚੜ੍ਹਾਓਨੀ, ਯੇਹੀ ਮੂਰਖ ਕਾ ਕਾਮ।
ਹੈ ਮੂਰਖ ਕਾ ਕਾਮ ਬਚਨ ਮੇਰਾ ਮਾਨੋ।
ਤੁਮ ਸੀਤਾ ਸੀ ਸਤੀ ਨਹੀਂ ਦੂਜੀ ਜਾਨੋ।
ਵੁਹ ਭੂਲ ਗਏ ਰਾਮ ਬਚਨ ਕਾਰ ਮਿਟਾਈ।
ਤੂ ਭੂਲ ਗਿਆ ਸੀਲਾ ਕਾ ਸਤ ਪਰ ਭਾਈ।

ਮਹਿਤਾ :—

ਰਾਜਾ ਚੁਪਕੇ ਹੋ ਰਹੋ, ਮਤੀ ਕਰੋ ਤਕਰਾਰ।
ਤ ਆਪਨੇ ਸਾ ਮਨ ਜਾਨਤਾਂ, ਸਭ ਕੀ ਮਨ ਇਕਸਾਰ।
ਇਕ ਸਾਰ ਨਹੀਂ ਰਾਜਾ, ਸਬ ਹਿਰਦੇ ਧਾਰੇ।
ਕਿਸੀ ਨਗਰ ਕੇ ਬੀਚ ਨ ਹੋਂ ਪਾਪੀ ਸਾਰੇ।
ਹੋ ਇਕ ਸ਼ਹਿਰ ਬੀਚ ਪਤੀਬ੍ਰਿਤਾ ਰਾਨੀ।
ਤੂ ਦਿਲ ਮੇਂ ਸਚ ਮਾਨ, ਹੈ ਯਿਹ ਬੇਦ ਕੀ ਬਾਨੀ।

ਰਾਜਾ ਰਸਾਲੂ :—

ਮੈਂ ਜੋ ਗਿਆ ਥਾ ਬਾਗ ਮੇਂ ਔਰ ਮਹਿਤਾ ਖਾਸ ਦੀਵਾਨ।
ਪੰਡਤ ਕਾਂਸੀ ਕੇ ਮਿਲੇ, ਬਚਨ ਕਹੇ ਪਰਵਾਨ।
ਪਰਵਾਨ ਬਚਨ ਪੰਡਤ, ਵਹੁ ਮੁਖ ਸੇ ਬੋਲੇ।
ਯਹਾਂ ਆਵੇ ਇਕ ਬਾਰ ਜਲ ਤਖ਼ਤਾ ਡੋਲੇ।
ਜੋ ਘੋੜੇ ਦਰਿਆਈ ਹਾਥ ਆਵੇਂ ਤੇਰੇ।
ਤੋ ਬਚ ਜਾਂਗੇ ਜਾਨ ਰਾਜੇ ਬਹੁਤੇਰੇ।

ਮਹਿਤਾ :—

ਹੁਕਮ ਕਰੋ ਬੁਲਾਇਕੇ, ਭੇਜੋ ਖਾਸ ਦਲਾਲ।
ਪਹਿਲੇ ਦਾਮ ਚੁਕਾਇਕੇ ਫਿਰ ਖਰੀਦੋ ਮਾਲ।
ਫਿਰ ਖਰੀਦੋ ਮਾਲ, ਰਾਜਾ ਜੋ ਚਾਹੇ ਸੋ ਲੀਜੋ।
ਜਿਤਨੇ ਦਾਮ ਲਗੇਂ ਘੋੜੋਂ ਕੇ ਜ਼ਰਾ ਖੌਫ਼ ਨਾ ਕੀਜੋ।

ਰਾਜਾ ਰਸਾਲੂ :—

ਸੁਨ ਮਹਿਤਾ ਸਾਹੂਕਾਰ ਕੇ ਤੂੰ ਹੈਂ ਮੇਰਾ ਯਾਰ।
ਤੇਰੇ ਬਿਨਾਂ ਸਰਤਾ ਨਹੀਂ ਔਰ ਕਿਸੀ ਸੇ ਕਾਰ।
ਜ਼ਹਾਂ ਚੁਕਾਓ ਵਹੀਂ ਭੇਜ ਦੂੰ, ਚਿਠੀ ਸੇ ਭਰ ਲੀਜੋ।
ਜੋ ਜਾਨਨ ਵਾਲੇ ਅਛੇ ਹੋਂ ਉਨਹੀਂ ਛਾਂਟ ਕੇ ਲੀਜੋ।
ਕਾਰ ਕਰੋ ਮੇਰਾ, ਲੇ ਸਵਰਨ ਤੋੜੇ।
ਤੁਮ ਜਾਓ ਰੁਤਾਸ ਨਗਰ ਹੈਂ ਘੋੜੇ।
ਮੈਂ ਢਾਈ ਕਰੋੜ ਦੀਆ ਤੁਝ ਕੋ ਖਜ਼ਾਨਾ।
ਜੋ ਚਾਹੋ ਮੰਗਵਾਏ ਭੇਜ ਬੀਗ ਪਰਵਾਨਾ।

ਮਹਿਤਾ :—

ਮਹਲ ਮੇਰੇ ਕੇ ਬੀਚ ਮੇਂ ਹੈ ਸੀਲਾ ਦਈ ਨਾਰ।
ਉਸ ਕੇ ਮਨ ਕੀ ਪੂਛ ਕੇ ਫਿਰ ਕਰੂੰਗਾ ਕਾਰ।
ਕਾਰ ਕਰੂੰ ਆਪ, ਮਹਿਲ ਅੰਦਰ ਜਾਊਂ।
ਉਸ ਸੀਲਾ ਕੇ ਮੁਖ ਕੀ ਜ਼ਰਾ ਆਗਿਆ ਪਾਊਂ।
ਮੈਂ ਜਾਊਂ ਰੁਤਾਸ ਨਗਰ ਕਰਕੇ ਤਿਆਰੀ।
ਜੋ ਮੋੜੇ ਨ ਸੀਲਾ ਕੁਝ ਬਾਤ ਹਮਾਰੀ।

ਰਾਜਾ ਰਸਾਲੂ :—

ਤੂੰ ਬੇਟਾ ਸਾਹੂਕਾਰ ਕਾ ਮਹਿਤਾ ਮੇਰੇ ਯਾਰ।
ਤਿਰੀਆ ਕੇ ਬਸ ਤੂ ਪੜਾ ਔਰ ਬਨਾ ਨਰ ਸੇ ਨਾਰ।
ਪੁਰਖ ਸੇ ਨਾਰ ਬਨਾ ਕਿਆ ਸੁਖ ਪਾਵੇ।
ਤੂ ਮਾਨ ਮੇਰਾ ਕਹਿਨਾ ਮਤ ਬਾਤ ਹਟਾਵੇ।
ਸੀਲਾ ਕੇ ਪਾਸ ਬਾਤ ਮਾਨੇ ਮੇਰੀ।
ਨਹੀਂ ਤੋ ਟੂਟੇਗੀ ਆਜ ਪ੍ਰੀਤ ਮੇਰੀ ਤੇਰੀ।

ਸੀਲਾ ਦਈ :—

ਕਹਾਂ ਸੁਰਤ ਬਿਸਰਾਇਆ, ਕਿਉਂ ਹੂਏ ਉਦਾਸ।
ਜੋ ਟੋਟਾ ਹੋ ਮਾਲ ਕਾ ਲਿਖੂ ਬਾਬਲ ਪਾਸ।

Sri Satguru Jagjit Singh Ji Elibrary NamdhariElibrary@gmail.com

ਬਾਬਲ ਕੇ ਪਾਸ ਲਿਖੂੰ ਅਬ ਪਰਵਾਨਾ।
ਜੋ ਚਾਹੇ ਮੰਗਵਾਏ ਲੇ ਭੇਜ ਬੇਗ ਖਜ਼ਾਨਾ।
ਮਨ ਕੀ ਤੁਮ ਬਾਤ ਕਹੋ ਅਪਨੀ ਸਾਰੀ।
ਕਿਉਂ *ਪਗੀਆ ਕੇ ਪੇਚ ਖੁਲੇ ਆਜ ਤੁਮਹਾਰੀ।

ਮਹਿਤਾ :—

ਰੀਸਲ ਅਬ ਹਮ ਸੇ ਯੂੰ ਕਹੇ ਜਾਓ ਗੜ੍ਹ ਰਤਾਸ।
ਘੋੜੇ ਲਾਓ ਖਰੀਦ ਕੇ ਜਲਦੀ ਮੇਰੇ ਪਾਸ।
ਜਲਦੀ ਕਹੇ ਬੇਗ ਪਾਸ ਘੋੜੇ ਲਾਓ।
ਘਰ ਬਾਰ ਤਜੋ ਆਪਨਾ ਪਰਦੇਸ ਕੋ ਜਾਓ।
ਵੁਹ ਕਹਿਤਾ ਹੈ, ਆਜ ਬਾਤ ਮਾਨੋ ਮੇਰੀ।
ਨਹੀਂ ਛੂਟੇਗੀ ਪ੍ਰੀਤ ਫਿਰ ਮੇਰੀ ਤੇਰੀ।

ਸੀਲਾ ਦਈ :—

ਬਨੀ ਬਨਾਵੇਂ ਬਾਨੀਏਂ, ਤੁਮ ਹੋ ਸਾਹੂਕਾਰ।
ਬੋਲ ਰਹੇਂ ਦਿਨ ਜਾਏਂਗੇ, ਕਰੋ ਸਮਝਕੇ ਕਾਰ।
ਕਾਰ ਕਰੋ ਆਪ ਜਹਾਂ ਭੇਜੇ ਰਾਜਾ।
ਜੋ ਦਾਮ ਲਗੇ ਹਾਥ, ਕਰੋ ਉਨਕੀ ਕਾਜਾ।
ਇਸ ਰੀਸਲ ਕੀ ਬਾਤ ਪੀਆ ਮਤ ਨ ਮੋੜੋ।
ਔਰ ਰਾਜਾ ਕੇ ਸਾਥ ਪ੍ਰੀਤ ਮਤ ਨ ਤੋੜੋ।

ਮਹਿਤਾ :—

ਰੀਸਲ ਹੰਸੇ ਖੇਲਤਾ ਇਕ ਦਿਨ ਫਾਸੂੰ ਸਾਰ।
ਸਤ ਤੇਰੇ ਕਾ ਆ ਗਿਆ ਚੌਪੜ ਪੇ ਤਕਰਾਰ।
ਤਕਰਾਰ ਕੀਆ ਰੀਸਲ ਨੇ ਗੁੱਸਾ ਖਾਇਆ।
ਇਸ ਵਾਸਤੇ ਪਰਦੇਸ ਮੇਰਾ ਗਵਨ ਠਹਿਰਾਇਆ।
ਹੈ ਛਲ ਕੀ ਇਹ ਖਾਨ, ਸੁਨੋ ਬਾਤ ਹਮਾਰੀ।
ਤੁਮ ਰਹੋ ਹੁਸ਼ਿਆਰ, ਦਗਾ ਦੇਗਾ ਭਾਰੀ।

ਸੀਲਾ ਦਈ :—

ਰੀਸਲ ਅਬ ਛਲ ਕਿਆ ਕਰੇ ਔਰ ਮੇਰੇ ਮਹਿਲ ਮੇਂ ਆਨ।
ਸਤ ਮੇਰੇ ਕੀ ਚੌਕਸੀ ਰਖੇਂਗੇ ਭਗਵਾਨ।
ਰਖੇ ਭਗਵਾਨ ਦ੍ਰਿੜ ਦਿਲ ਕੋ ਮੇਰੇ।
ਔਰ ਰਾਜਾ ਝਕ ਮਾਰ ਕਰੋ ਸੌ ਸੌ ਫੇਰੇ।

---

*ਪਗੜੀ।

ਤੁਮ ਜਾਓ ਰੁਤਾਸ ਨਗਰ ਕਰਕੇ ਤਿਆਰੀ।
ਵੁਹ ਰਖੇਂਗੇ ਕਰਤਾਰ ਲਾਜ ਹਮਾਰੀ।

ਮਹਿਤਾ :—

ਅਪਨੇ ਪਹਿਰੇ ਜਾਗੀਓ ਔਰ ਮਤ ਰਹੋ ਪੜ ਸੋ।
ਨਾ ਜਾਨੇ ਛਿਨ ਇਕ ਮੇਂ, ਪਹਿਰਾ ਕਿਸ ਕਾ ਹੋ।
ਪਹਿਰਾ ਕਿਸ ਕਾ ਹੋ ਭਾਈ ਤੂ ਕਹਾ ਮਾਨੀਓਂ ਮੇਰਾ।
ਚਾਰ ਘੜੀ ਦਿਨ ਰਹੀ ਭੀੜੀਓ ਸੰਗਲ ਕੁਲਫ ਸਵੇਰਾ।
ਸਵਾ ਪਹਿਰ ਦਿਨ ਚੜੇ ਖੋਲ੍ਹੀਓ ਫਾਟਕ ਜੀ ਸਵੇਰਾ।
ਜੋ ਇਸ ਮੇਂ ਕੁਛ ਚੂਕ ਪੜੇਗੀ, ਦੜਾ ਖੋਟ ਹੋ ਤੇਰਾ।

ਦਰਬਾਨ :—

ਪਹਿਰੇ ਪੇ ਹਾਜ਼ਿਰ ਰਹੂੰ ਜਾਗੂੰ ਸਾਰੀ ਰਾਤ।
ਜੋ ਤੁਮ ਮੁਖ ਸੇ ਕਹਿ ਚੁਕੇ, ਮਾਨੂੰਗਾ ਵੁਹ ਬਾਤ।
ਮਾਨੂੰ ਵੁਹ ਬਾਤ, ਸੁਨੋਂ ਹਾਕਿਮ ਮੇਰੇ।
ਬਿਧਨਾ ਕੀ ਰੇਖ ਕੌਨ ਇਨ ਕੋ ਫੇਰੇ।
ਮੈਂ ਜਾਗੂੰ ਸਭ ਰਾਤ ਭਲਾ ਅਪਨੀ ਬਾਰੀ।
ਜੋ ਕਹਿ ਚਲੇ ਹੋ ਆਜ ਕਰੂੰ ਵੈਸੀ ਸਾਰੀ।

ਰਾਜਾ ਰਸਾਲੂ :—

ਕਿਆ ਆਏ ਹੋ ਪੂਛ ਕੇ ਸੀਲਾ ਦਈ ਸੇ ਬਾਤ ?
ਘਰ ਸੀਲਾ ਨੇ ਕਿਆ ਕਿਹਾ ? ਕੈਸੀ ਮਾਨੀ ਬਾਤ ?
ਸੀਲਾ ਨੇ ਬਾਤ ਤੇਰੀ ਕੈਸੀ ਮਾਨੀ ?
ਤੂੰ ਕਹਿ ਦੇ ਵਹੁ ਬਾਤ ਜੋ ਤੈਂ ਮਨ ਮੇਂ ਠਾਨੀ।
ਜੋ ਜਾਨਾ ਹੋ ਆਪ ਗਵਨ ਜਲਦੀ ਕੀਜੋ।
ਇਸ ਬਾਤ ਕਾ ਜਵਾਬ ਹਮੇਂ ਮਹਿਤਾ ਦੀਜੋ।

ਮਹਿਤਾ :—

ਜਾਊਂ ਗੜ ਰੱਤਾਸ ਕੋ, ਬਾਤ ਤੁਮ੍ਹਾਰੀ ਮਾਨ।
ਲੇਖਾ ਹੈ ਸਵਾ ਲਖ ਕਾ, ਧਰਾ ਤਾਕ ਦਰਮਿਆਨ।
ਤਾਕ ਦਰਮਿਆਨ ਲੇਖਾ ਧਰਾ, ਮੈਂ ਮਹਿਲੋਂ ਜਾਊਂ।
ਹੈ ਉਸ ਕੇ ਪਾਸ ਕਲਮਦਾਨ ਜੜਾਊਂ।
ਹੈ ਉਤਰ ਕੀ ਔਰ ਮਹਿਲ ਮੇਰੀ ਆਲਾ।
ਮੈਂ ਜਾਊਂ ਅਬ ਹਾਲ ਉਸੇ ਠੋਕੂੰ ਤਾਲਾ।

Sri Satguru Jagjit Singh Ji Elibrary NamdhariElibrary@gmail.com

ਰਾਜਾ ਰਸਾਲੂ :—

ਪੰਡਿਤ ਮੈਂ ਪੁਛਿਆ ਅਰ ਲਗਾ ਮਹੂਰਤ ਆਨ।
ਸਵਾ ਲਾਖ ਕਿਆ ਚੀਜ਼ ਹੈ, ਜੋ ਬਚੇ ਹਮਾਰੀ ਜਾਨ।
ਬਚ ਜਾਵੇਗੀ ਜਾਨ ਜੋ ਤੂੰ ਲਾਵੇਂ ਘੋੜੇ।
ਮੈਂ ਮਾਲ ਦੀਏ ਤੀਨ ਕਰੋੜ ਗਿਨਕੇ ਤੋੜੇ।
ਜਲਦੀ ਕਰ ਗਵਨ ਬੇਗ, ਸਾਇਤ ਅਛੀ।
ਮਤ ਦੇਰ ਕਰੇਂ ਯਾਰ, ਬਾਤ ਹੋਵੇ ਕੱਚੀ।

ਮਹਿਤਾ :—

ਘਰ ਬਾਰ ਅਪਨਾ ਛੋੜ ਕੇ ਜਾਊਂ ਹੂੰ ਪਰਦੇਸ।
ਤੁਮ ਰਾਜਾ ਹੋ ਗੜਪਤੀ, ਕਰੂ ਤੁਮੇਂ ਉਪਦੇਸ।
ਉਪਦੇਸ ਯੇਹ ਮੇਰਾ ਤੁਮ ਮਨ ਮੇਂ ਮਾਨੋਂ।
ਹੈ ਘਰ ਕੀ ਮੇਰੀ ਨਾਰ ਸੀਲਵੰਤੀ ਜਾਨੋਂ।
ਮੈਂ ਜਾਊਂ ਹੂੰ ਹਾਲ, ਬਾਤ ਮਾਨੋਂ ਮੇਰੀ।
ਹੈ ਸਾਈਂ ਕੇ ਹਾਥ ਲਾਜ ਰਾਖੀ ਮੇਰੀ।

ਰਾਜਾ ਰਸਾਲੂ :—

ਪੈਕ, ਜਾਉ ਨਗਰ ਮੇਂ, ਮਾਨ ਹਮਾਰੀ ਬਾਤ।
ਇਕ ਦੂਤੀ ਲਾਓ ਛਾਂਟ ਕੇ ਜਲਦੀ ਅਪਨੇ ਸਾਥ।
ਲਾਓ ਤੁਮ ਸਾਥ ਛਾਂਟ ਜਲਦੀ ਆਨਾ।
ਮਤ ਦੇਰ ਕਰੇ, ਸਾਥ ਉਸ ਸ਼ੇ ਜਲਦੀ ਤੋ ਲਾਨਾ।
ਲਾਉ ਤੁਮ ਸਾਥ ਜੋ ਹੋ ਦੂਤੀ ਦਾਨਾ।
ਕਰ ਦੇ ਵੁਹ ਕਾਮ, ਜੋ ਮੈਂ ਨੇ ਦਿਲ ਮੇਂ ਠਾਨਾ।

ਪੈਕ :—

ਤੁਮ ਮੇਂ ਦੂਤੀ ਕੌਨਸੀ ਅਕਲਮੰਦ ਹੋਸ਼ਿਆਰ।
ਸਾਥ ਹਮਾਰੇ ਤੁਮ ਚਲੋ, ਯਾਦ ਕਰੇ ਸ਼ਰਕਾਰ।
ਸਰਕਾਰ ਕਰੇ ਯਾਦ, ਚਲੋ ਸਾਥ ਹਮਾਰੇ।
ਹੋ ਚੌਕਸ ਤਯੱਾਰ, ਕਰੋ ਬੇਗ ਤਿਆਰੀ।
ਚਲ ਕੇ ਦਰਬਾਰ ਬੀਚ ਕੀਜੋ ਕਾਜਾ।
ਔਰ ਬਹੁਤਾ ਹੀ ਇਨਾਮ ਤੁਝ ਦੇਂਗੇ ਰਾਜਾ।

ਦੂਤੀਆਂ :—

ਪੈਕ, ਤੇਰੇ ਸੰਗ ਚਲੇਂ, ਨਹੀਂ ਕਰੇਂ ਤਕਰਾਰ।
ਭਾਗ ਹਮਾਰੇ ਬਾਹੁਰੇ, ਜੋ ਯਾਦ ਕਰੇ ਸਰਕਾਰ।

ਸਰਕਾਰ ਕਰੇ ਯਾਦ, ਚਲੇਂ ਸਾਥ ਤੁਮ੍ਹਾਰੇ।
ਔਰ ਮੁੱਦਤ ਮੇਂ ਭਾਗ ਖੁਲ੍ਹੇ ਆਜ ਹਮਾਰੇ।
ਧਨ ਧਨ ਦਿਨ ਆਜ ਕਾ ਜੋ ਰੱਬ ਨੇ ਜੋੜਾ।
ਹਮ ਸਾਥ ਚਲੇਂ ਤੇਰੇ, ਅਬ ਮਿਲ ਕੇ ਜੋੜਾ।

ਪੈਕ :—

ਦੂਤੀ ਲਾਇਆ ਛਾਂਟ ਕੇ, ਸੁੰਦਰ ਚਤਰ ਸੁਜਾਨ।
ਹੁਕਮ ਦੀਆ ਥਾ ਇਕ ਕੋ, ਦੋ ਹਾਜ਼ਿਰ ਕਰੇ ਆਨ।
ਹਾਜ਼ਿਰ ਮੇਂ ਆਨ ਕਰੇ ਚਾਉ ਸੇ ਲਾਇਆ।
ਔਰ ਢੂੰਡ ਗਲੀਆਂ ਘਰ ਇਨ ਪਾਇਆ।
ਯਿਹ ਸਭ ਮੇਂ ਹੋਸ਼ੀਆਰ ਇਕ ਦੂਤੀ ਪਾਈ।
ਨਾਮ ਤੁਮ੍ਹਾਰੇ ਕੇ ਸਾਥ ਉਠ ਕੇ ਆਈ।

ਰਾਜਾ ਰਸਾਲੂ :—

ਤੁਮ ਮੇਂ ਦੂਤੀ ਕੌਨਸੀ ਅਕਲਮੰਦ ਹੁਸ਼ਿਆਰ।
ਚਤਰਾਈ ਸੇ ਤੁਮ ਕਰੋ ਆਜ ਹਮਾਰਾ ਕਾਰ।
ਕਾਰ ਕਰੋ ਮੇਰਾ ਇਹ ਯਿਹ ਕਾਮ ਬਣਾਓ।
ਕਿਆ ਹੁਨਰ ਤੁਮ ਬੀਚ ਹਮੇਂ ਸਾਚ ਬਤਾਓ।
ਤੁਮ ਸੋਲਾਂ ਸ਼ਿੰਗਾਰ ਭਰੋ ਕਰਕੇ ਤਿਆਰੀ।
ਸੀਲਾ ਕੋ ਦੇਖ ਸਤੀ ਕੈਸੀ ਭਾਰੀ।

ਦੂਤੀ ਚਤੁਰ ਮਮੋਲਾਂ :—

ਦੂਤੀ ਹੂੰ ਦੁਰਮਤ ਭਰੀ ਔਰ ਚਤੁਰ ਮਮੋਲਾ ਨਾਮ।
ਜਲ ਮੇਂ ਆਗ ਲਗਾਉਤੀ, ਕਰਤੀ ਹੂੰ ਯਿਹ ਕਾਮ।
ਕਰਤੀ ਯਿਹ ਕਾਰ, ਸੁਨੋ, ਰਾਜਾ ਭਾਰੀ।
ਮੈਂ ਦੇਤੀ ਦਿਲ ਪਾੜ, ਕਰੂੰ ਵਾਰੀ ਨਿਆਰੀ।
ਜਹਾਂ ਹੋ ਜਾਏ ਗੁਜ਼ਰ ਦੀਦ ਹਮਾਰਾ।
ਵਹਾਂ ਉੜ ਜਾਏ ਪ੍ਰੀਤ ਜੈਸੇ ਆਗ ਪੇ ਪਾਰਾ।

ਦੂਤੀ ਸਬਰੰਗ :—

ਸਬਰੰਗ ਮੇਰਾ ਨਾਮ ਹੈ ਔਰ ਮੁਲਕੋਂ ਮੇਂ ਸਰਨਾਮ।
ਜੋ ਰਾਜਾ ਤੂੰ ਮਨ ਰਚੇ, ਕਰ ਦੂੰਗੀ ਵੁਹ ਕਾਮ।
ਕਰ ਦੂੰ ਵੁਹ ਕਾਰ, ਮੇਰੀ ਸੁਨ ਲੇ ਬਾਨੀ।
ਹੋ ਪਥਰ ਮੋਮ, ਮੇਰੀ ਵਿਦਿਆ ਭਾਨੀ।
ਹੈ ਮੋਹਨੀ ਕਾ ਯਾਦ ਮੇਰੇ ਮੰਤਰ ਪੂਰਾ।
ਤੁਮ ਭੇਜੋ ਜਿਸ ਕਾਰ, ਕਰੂੰ ਉਸ ਕੋ ਚਰਾ।

Sri Satguru Jagjit Singh Ji Elibrary NamdhariElibrary@gmail.com

ਰਾਜਾ ਰਸਾਲੂ :—

ਇਕ ਬਾਤ ਮੇਰੀ ਸੁਨੋ, ਸਬਰੰਗ, ਚਤੁਰ ਸੁਜਾਨ।
ਜਾ ਸੀਲਾ ਕਾ ਭੇਦ ਲੋ, ਤੂੰ ਹਮੇਂ ਸੁਨਾਉ ਆਨ।
ਆਨ ਕਹੋ ਆਪ ਖਬਰ ਉਸ ਕੀ ਲਾਨਾ।
ਕੁਝ ਕਰਕੇ ਤਦਬੀਰ ਮੇਰਾ ਕਾਮ ਬਨਾਨਾ।
ਤੁਮ ਸਾਰੋ ਸ਼ਿੰਗਾਰ, ਕਰੋ ਬੇਗ ਤਿਆਰੀ।
ਜਾ ਸੀਲਾ ਕਾ ਸਤ ਦੇਖ, ਕੈਸਾ ਭਾਰੀ।

ਦੂਤੀ ਸਬਰੰਗ :—

ਹੁਕਮ ਤੁਮਾਰਾ ਸੀਸ ਪੈ; ਜੋੜੂੰ ਦੋਨੋ ਹਾਥ।
ਜਾਊਂ ਸੀਲਾ ਪਾਸ ਮੈਂ, ਕਰੂ ਪਲ ਮੇਂ ਘਾਤ।
ਘਾਤ ਕਰੂੰ ਜਾਏ ਮਹਿਲ ਉਸ ਕੀ ਫੇਰੀ।
ਜੋ ਸੁਨ ਲੇ ਦੋ ਬਾਤ ਆਜ ਸੀਲਾ ਮੇਰੀ।
ਮੈਂ ਜਾਤੀ ਹੂੰ ਆਜ ਕਰੂੰ ਹੁਨਰ ਸਾਰਾ।
ਸਿਰ ਆਖੋਂ ਸੇ ਕਾਮ ਕਰੂੰ, ਰਾਜਾ, ਤੁਹਾਰਾ।

ਦੂਤੀਆਂ :—

ਖਬਰ ਕਰੋ ਦਰਬਾਨ, ਤੁਮ ਜਾ ਸੀਲਾ ਸੇ ਆਜ।
ਹਮ ਆਏ ਹੈਂ ਦੂਰ ਸੇ, ਹੈ ਮਿਲਨੇ ਕੀ ਕਾਜ।
ਮਿਲਨੇ ਕੀ ਕਾਜ ਬੜੀ ਦੂਰ ਸੇ ਆਈ।
ਦੇਖਨੇ ਕੋ ਸੂਰਤ ਮੇਰੀ ਉਸ ਕੋ ਚਾਹੀ।
ਤੁਮ ਜਲਦੀ ਕਹੋ ਹਾਲ ਜਾਏ ਉਸਕੋ ਮੇਰਾ।
ਲੇ ਪਾਂਚ ਮੋਹਰ ਇਨਾਮ, ਭਲਾ ਹੋਗਾ ਤੇਰਾ।

ਦਰਬਾਨ :—

ਅਰਜ ਕਰੂ ਕਰੂੰ ਜੋੜਕੇ ਆਇਆ ਤੇਰੇ ਪਾਸ।
ਇਕ ਰਾਨੀ ਦਰ ਪਰ ਖੜੀ ਹੈ ਮਿਲਨੇ ਕੀ ਆਸ।
ਮਿਲਨੇ ਕੀ ਆਸ ਬੜੀ ਦੂਰ ਸੇ ਆਈ।
ਮੁਝੇ ਭੇਜਾ ਤੁਮ ਪਾਸ, ਕਹਾ, 'ਪੂਛੋ ਭਾਈ'।
ਤੁਮ ਕਹ ਦੋ ਬਾਤ ਜੋ ਵੁਹ ਮਹਿਲੋਂ ਆਵੇ।
ਨਾਹੀਂ, ਕਹ ਦੋ ਤੁਮ ਸਾਫ਼, ਆਪ ਉਲਟੀ ਜਾਵੇ।

ਸੀਲਾ ਦਈ :—

ਬਾਂਦੀ, ਉਸ ਕੋ ਦੇਖ ਕੇ ਲਾਓ ਅਪਨੇ ਸਾਥ।
ਆਈ ਹੈ, ਕਿਸ ਦੇਸ ਸੇ; ਪੂਛੋ ਦੋ ਇਕ ਬਾਤ।

ਪੂਛੋ ਤੁਮ ਬਾਤ, ਕਰੋ ਮਹਿਲੋਂ ਫੇਰਾ।
ਔਰ ਆਦਰ ਸਤਿਕਾਰ ਕਰੋ ਉਸ ਕਾ ਘਨੇਰਾ।
ਤੁਮ ਜਲਦੀ ਸੇ ਜਾਏ ਮਤੀ ਦੇਰ ਲਗਾਓ।
ਵੁਹ ਹੈਗੀ ਅਬ ਕੰਨ, ਮੇਰੇ ਮਹਿਲੋਂ ਲਾਓ।

ਬਾਂਦੀ :—

ਆਈ ਹੈ ਕਿਸ ਦੇਸ ਸੇ, ਸਾਚ ਕਹੋ ਯਿਹ ਬਾਤ।
ਸੀਲਾ ਦਈ ਕੇ ਮਹਿਲ ਮੇਂ ਚਲੋ ਹਮਾਰੇ ਸਾਥ।
ਆਓ ਤੁਮ ਸਾਥ, ਯਹਾਂ ਸੀਲਾ ਰਾਨੀ।
ਤੂੰ ਆਈ ਕਿਸ ਕਾਮ, ਕਹੋ ਸਾਚੀ ਬਾਨੀ?
ਹੈਗਾ ਕਿਆ ਨਾਮ ਅਪਨਾ ਦੇਸ ਬਤਾਓ।
ਰਾਨੀ ਕੇ ਆਗੇ ਸਬ ਹਾਲ ਸੁਨਾਓ।

ਦੂਤੀ ਸਬਰੰਗ :—

ਸਿਰਸਾ ਮੇਰਾ ਵਤਨ ਹੈ, ਵਹਾਂ ਹੈ ਮੇਰਾ ਧਾਮ।
ਹੂ ਸੀਲਾ ਕੀ ਮਾਸੀ, ਹੈ ਮਿਲਨੇ ਕਾ ਕਾਮ।
ਮਿਲਨੇ ਕੇ ਕਾਜ ਕੀਆ ਮੈਂ ਨੇ ਫੇਰਾ।
ਲਾਏ ਸਭ ਖਬਰ ਜੀਊ ਤੜਫਾ ਮੇਰਾ।
ਕੁਛ ਤੀਰਥ ਪਰਸਾਦ ਤੇਰੇ ਖਾਤਿਰ ਲਾਈ।
ਲੋ ਆਦਰ ਸਤਿਕਾਰ ਸੇ ਯਿਹ ਲੇ ਜਾ, ਜਾਈ।

ਸੀਲਾ ਦਈ :—

ਬਾਂਦੀ, ਅਬ ਤੂ ਦੇਖ ਲੇ ਉਸ ਨਕਟੀ ਕਾ ਹਾਲ।
ਯਿਹ ਦੂਤੀ ਦੁਰਮਤ ਭਰੀ, ਤੂ ਉਸ ਕੋ ਦੇ ਨਿਕਾਲ।
ਦੇ ਉਸ ਕੋ ਨਿਕਾਲ, ਸੁਨੋਂ ਬਾਂਦੀ ਮੇਰੀ।
ਦੀਜੋ ਤੂ ਮਾਰ ਉਸ ਕੋ, ਮਤ ਕਰ ਦੇਰੀ।
ਤੁਮ ਮਹਿਲੋਂ ਸੇ ਤਲੇ ਉਸ ਕੋ ਗੇਰੋ।
ਜੋ ਆਵੇ ਯਹਾਂ ਫੇਰ, ਉਸੇ ਜਾਨ ਸੇ ਮਾਰੋ।

ਰਾਜਾ ਰਸਾਲੂ :—

ਦੂਤੀ, ਸਾਚ ਬਤਾ ਦੇ, ਪਰਤ ਲਗਾਕੇ ਹਾਥ।
ਸੀਲਾ ਦਈ ਕੇ ਮਹਿਲ ਕੀ ਹਮ ਕੋ ਸੁਨਾਓ ਬਾਤ।
ਹਾਲ ਕਹੋ ਬਾਤ ਖ਼ਬਰ ਉਸ ਕੀ ਸਾਰੀ।
ਮੈਂ ਦੂੰਗਾ ਇਨਾਮ ਆਜ ਤੁਝ ਕੋ ਭਾਰੀ।
ਵਹਾਂ ਦੇਖਾ ਜੋ ਹਾਲ ਕਹੋ ਹਮ ਕੋ ਸਾਰੀ।

ਕੁਛ ਹੋ ਜਾਏਗੀ, ਕਾਰ, ਸੁਨੋਂ ਬਾਤ ਹਮਾਰੀ।

ਦੂਤੀ ਸਬਰੰਗ :—

ਰਾਜਾ, ਕਿਆ ਤੁਮ ਸੇ ਕਹੂੰ, ਦੇਖ ਤੂੰ ਮੇਰਾ ਹਾਲ।
ਬਾਂਦੀ ਸੇ ਕਹਿਕੇ ਮੇਰੀ ਉੜਵਾਈ ਹੈ ਖਾਲ।
ਖਾਲ ਉੜੀ ਮੇਰੀ, ਤੁਮਹੇਂ ਬਾਤ ਸੁਨਾਈ।
ਤੁਮ ਕਹੋ ਮਤ ਜਾਨ, ਕਹੂੰ ਤੇਰੇ ਤਾਂਈ।
ਵੂਹ ਕਰਨੇ ਕੀ ਬਾਤ, ਨਹੀਂ ਠੌਰ, ਟਿਕਾਨਾ।
ਜੋ ਜਾਉਗੇ, ਰਾਉ, ਜ਼ਰਾ ਚੌਕਸ ਜਾਨਾ।

ਰਾਜਾ ਰਸਾਲੂ :—

ਸੂਏ ਰੇ, ਅਬ ਤੁਮ ਸੁਨੋਂ, ਸੁੰਦਰ, ਚਤੁਰ ਸੁਜਾਨ।
ਆਧੀ ਰਾਤ ਨਿਖੰਡ ਹੈ, ਚਲੋ ਨਗਰ ਦਰਮਿਆਨ।
ਯਿਹ ਬਾਤੇਂ ਕੈਸੀ ਹੂਈਂ, ਸੁੰਦਰ ਚਤੁਰ ਸੁਜਾਨ।
ਆਜ ਰਾਤ ਕੋ ਸੈਰ ਕਰੇਂ, ਹਮ ਨਗਰ ਦਰਮਿਆਨ।
ਨਗਰ ਦਰਮਿਆਨ ਚਲੇਂ, ਸੁਨ ਲੇ ਬਾਨੀ।
ਜਾ ਦੇਖੇਂ ਇਕ ਬਾਰ ਸ਼ਹਿਰ, ਸੁਨ ਲੇ ਕਹਾਨੀ।
ਚਲ ਦੇਖੇਂਗੇ ਸੁਵਾਦ ਚਾਰ ਨਿਆਰੀ ਨਿਆਰੀ।
ਇਸ ਨਗਰੀ ਕੇ ਬੀਚ ਬਹੁਤ ਕਾਮ ਹਮਾਰੇ।

ਦੂਤੀ ਸਬਰੰਗ :—

ਰਾਜਾ, ਸੋਧੀ ਸ਼ਹਿਰ ਕੇ, ਦੂੰ ਮੈਂ ਤੁਮੇਂ ਬਤਾਇ।
ਜੈਸਾ ਰਾਜਾ ਆਪ ਹੋ, ਪਰਜਾ ਵਹੀ ਸਭਾਉ।
ਪਰਜਾ ਉਸ ਚਾਲ ਜੋ ਹੈ ਜੈਸਾ ਰਾਜਾ।
ਟੁਕ ਮਨ ਕੋ ਸਮਝਾਇਕੇ ਵੂਹ ਕੀਜੀਏ ਕਾਜਾ।
ਕਾਮ ਦੇਓ ਬੀਚ ਫਿਰੋ ਮਾਰਾ ਮਾਰਾ।
ਤੁਮ ਮਤ ਕਰ ਯਿਹ ਕਾਮ ਜਨਮ ਅਪਨਾ ਹਾਰਾ।

ਰਾਜਾ ਰਸਾਲੂ :—

ਹੀਰਾ ਮਣ ਕੀ ਖਾਨ, ਤੈਂ ਸਭ ਬਾਤੇਂ ਹੁਸ਼ਿਆਰ।
ਤੇਰੇ ਬਿਨਾ ਮੈਂ ਨ ਕਰੂੰ ਭਲਾ ਬੁਰਾ ਕੁਛ ਕਾਰ।
ਕਾਰ ਕਰੂੰ, ਕਾਰ ਚਲੂੰ ਜਗਤ ਜਾਕੇ।
ਜੋ ਹੋਵੇ, ਕੁਛ ਬਾਤ ਸੁਨੇ ਸੀਲਾ ਦਈ ਕੀ।
ਮੈਂ ਦੇਖੂੰਗਾ ਆਜ ਸਤਿ ਕੈਸੇ ਸੀਲਾ।
ਚਲ ਸੁੰਦਰ ਕੇ ਮੰਦਰ ਚਿਤ ਮੋਰਾ ਡੋਲਾ।

Sri Satguru Jagjit Singh Ji Elibrary NamdhariElibrary@gmail.com

ਪਹਿਲੀ ਸਹੇਲੀ :—

ਹਸਤੀ ਛੂਟਾ ਥਾਨ ਸੇ ਚਲਾ ਬੇਗਾਨੀ ਖੇਤ ।
ਮਦਨ ਸਤਾਇਆ ਯਿਹ ਫਿਰੇ ਲੇਤਾ ਹੈ ਸਭ ਭੇਤ ।
ਲੇਤਾ ਹੈ ਭੇਤ, ਸੁਨੋਂ ਸਾਥਨ ਮੇਰੀ ।
ਦੋ ਪਾਉਂ ਸੇ ਡਾਲ ਗਿਆਨ ਉਸ ਕੀ ਬੇੜੀ ।
ਹੈ ਅਚਰਜ ਯਿਹ ਬਾਤ, ਖੇਤ ਬਾੜ ਅਪਨੀ ਖਾਵੇ ।
ਤੁਮ ਲੀਜੋ ਪਰਚਾ, ਆਗੇ ਜਾਨ ਨ ਪਾਵੇ ।

ਦੂਸਰੀ ਸਹੇਲੀ :—

ਬਾਗ਼ ਤੁਮ੍ਹਾਰੇ ਕੇਤਕੀ ਪਕ ਰਹੇ ਜ਼ਰਦ ਅਨਾਰ ।
ਸੂਆ ਸੇਮਬਲ ਸੇਓਨੀ ਚਲੇ ਬੇਗਾਨੇ ਬਾਰ ।
ਬਾਰ ਚਲੇ, ਰਾਜਾ, ਕਹਾਂ ਗਿਆਨ ਬਿਸਾਰਾ ।
ਹੈ ਸੁਵਾਦ ਸਭੀ ਇਕ, ਰੰਗ ਨਿਆਰਾ ਨਿਆਰਾ ।
ਭੋਜਨ ਕੀ ਸਾਰ ਕੋਈ ਭੂਖਾ ਪਾਵੇ ।
ਪਰਘਰ ਇਨਸਾਫ਼ ਸਭੀ ਦੇਨਾ ਆਵੇ ।

ਰਾਜਾ ਰਸਾਲੂ :—

ਰਾਤੀ ਚਾਂਦਨੀ ਦੇਖਤੀ, ਖ਼ੂਬ ਖਿਲੀ ਗੁਲਜ਼ਾਰ ।
ਹਮ ਚਲੇਂ ਚਮਨ ਕੀ ਸੈਰ ਕੋ ਦੇਖੇਂ ਬਾਗ਼-ਔ-ਬਹਾਰ ।
ਦੇਖੇਂਗੇ ਫੂਲ ਚਮਨ, ਬਾਗ਼ ਬਹਾਰੀ ।
ਮੈਂ ਆਇਆ ਜਿਸ ਕਾਮ, ਲਗੀ ਕੇਸਰ ਕਿਆਰੀ ।
ਤੂ ਚਾਰੋਂ ਤਰਫ਼ ਫੇਰ, ਬਾਤ ਚੁਨ ਚੁਨ ਲਾਵੇ ।
ਕਿਉਂ ਛੇੜ ਕਰੋ, ਹਮ-ਸੇ, ਤੂ ਰਾਰ ਬੜ੍ਹਾਵੇ ।

ਤੀਸਰੀ ਸਹੇਲੀ :—

ਬਾਗ਼ ਤੇਰੇ ਮੇਂ ਕੇਤਕੀ ਖਿਲੇ ਮਹਿਕ ਕੇ ਫੂਲ ।
ਤੇਰੇ ਜੋ ਭੂਰਾ ਚਟਕਨਾ, ਗਿਆਨ ਗਿਆ ਸਭ ਭੂਲ ।
ਭੂਲੋ ਮਤ ਗਿਆਨ, ਚਮਨ ਦੇਖੋ ਅਪਨਾ ।
ਹੈ ਜ਼ਿੰਦਗੀ ਮਹਿਮਾਨ, ਜਬ ਜਾਨੇ ਸੁਪਨਾ ।
ਇਸ ਸ਼ਹਿਰ ਕੇ ਬੀਚ, ਤੇਜ ਤੇਰਾ ਹੈ ਭਾਰੀ ।
ਤੁਮ ਰਖੋ ਅਬ ਲਾਜ, ਮੈਂ ਹੂੰ ਸਰਨ ਤੁਮਹਾਰੀ ।

ਰਾਜਾ ਰਸਾਲੂ :—

ਸੁਨ ਲੇ ਤ੍ਰਿਆ ਬਾਵਰੀ, ਹਮੇਂ ਕਰੇ ਉਪਦੇਸ ।
ਮੈਂਨੇ ਅਪਨੇ ਆਂਖ ਸੇ ਦੇਖੇ ਚਾਰੋਂ ਦੇਸ ।

Sri Satguru Jagjit Singh Ji Elibrary NamdhariElibrary@gmail.com

ਦੇਖੇਂ ਹੈਂ ਦੇਸ ਮੈਂਨੇ, ਗੌਰ, ਬੰਗਾਲਾ ।
ਤੂ ਠੱਠੇ ਕੀ ਬਾਤ ਕਰੇ ਹਮ ਸੇ ਬਾਲਾ ।
ਸੁੱਧ ਹੀ ਨਹੀਂ ਅਬ ਤੁਝੇ ਅਪਨੇ ਤਨ ਕੀ ।
ਤੂ ਜਾਨੇ ਕਿਆ ਬਾਤ ਆਜ ਮੇਰੇ ਮਨ ਕੀ ।

ਚੌਥੀ ਸਹੇਲੀ :—

ਜਾਉ ਅਪਨੇ ਮਹਿਲ ਕੋ ਕਹਾ ਹਮਾਰਾ ਮਾਨ ।
ਰਾਜਾ, ਤੇਰੇ ਚਲਨ ਕੋ ਜਾਨੇ ਮੁਲਕ ਜਹਾਨ ।
ਜਾਨੇ ਸੰਸਾਰ ਕਰੋ ਜੈਸੀ ਕਾਜਾ ।
ਤੁਮ ਦੇਤੇ ਸਭ ਤੋੜ, ਜਹਾਂ ਜਾਉ ਰਾਜਾ ।
ਰਾਜਨ ਮਹਾਰਾਜ ਬੜੇ ਭੂਪ ਕਹਾਓ ।
ਤੁਮ ਸੀਲਾ ਕੋ ਜਾ ਮਤ ਦੋਸ਼ ਲਗਾਓ ।

ਰਾਜਾ ਰਸਾਲੂ :—

ਸੁਖੀਆ ਸਭ ਸੰਸਾਰ ਰਹੇ ਮੁਖ ਅਪਨੇ ਕੀ ਓਟ ।
ਹਮ ਦੇਖਕੇ ਜਾਇੰਗੇ, ਕਿਆ ਲਗੀ ਤੁਮ੍ਹਾਰੀ ਚੋਟ ।
ਚੋਟ ਲਗੀ ਤੁਮ੍ਹਾਰੀ ਕਿਆ ਮਨ ਮੇਂ ਕਾਰੀ ।
ਮੈਂ ਲੂੰਗਾ ਅਬ ਦੇਖ ਰੀ ਖ਼ਬਰ ਕਲ ਤੁਮ੍ਹਾਰੀ ।
ਜਬ ਨਿਕਸੇਗਾ ਭਾਨ ਤੁਮ ਹਾਲ ਬੁਲਾਊਂ ।
ਚੌਕੀ ਪਰ ਬੈਠ ਤੇਰਾ ਨਿਆਊਂ ਚੁਕਾਊਂ ।

ਚੌਥੀ ਸਹੇਲੀ :—

ਹਮ ਨੇ ਤੋ ਅਛੀ ਕਹੀ, ਤੁਮ ਕੋ ਆਇਆ ਰੋਸ ।
ਰਾਜਾ, ਤੁਮ ਦੇਨੇ ਲਗੇ, ਉਲਟੀ ਹਮ ਕੋ ਦੋਸ ।
ਉਲਟੀ ਤੁਮ ਦੋਸ ਆਪ ਦਿਲਾਓ ।
ਹੈ ਕਰਨੀ ਪਰਵਾਨ ਸਭੀ ਆਗੇ ਪਾਓ ।
ਕਿਉਂ ਨਾ ਹਕ ਕੇ ਬੀਚ, ਰਾਜਾ, ਭਰਮ ਗੁਮਾਵੇ ।
ਉਸ ਸੀਲਾ ਕਾ ਸਤ ਤੇਰੇ ਹਾਥ ਨ ਆਵੇ ।

ਰਾਜਾ ਰਸਾਲੂ :—

ਉੱਤਮ ਜਾਤ ਬ੍ਰਾਹਮਣੀ, ਮਤੀ ਕਰੇ ਤਕਰਾਰ ।
ਅਪਨੇ ਅਪਨੇ ਲਾਗ ਮੇਂ ਲਾਗ ਰਹਾ ਸੰਸਾਰ ।
ਲਾਗਾ ਸੰਸਾਰ ਲਗਨ ਅਪਨੇ ਕੋਈ ।
ਕਿਉਂ ਦੇਰ ਕਰੋ ਆਪ, ਯਹਾਂ ਦੇਰ ਲਗਾਏ ।
ਤੁਮ ਚਲਕੇ ਵਹਾਂ ਰਾਜ਼ੀ ਸੇ ਕਾਮ ਬਨਾਓ ।

Sri Satguru Jagjit Singh Ji Elibrary NamdhariElibrary@gmail.com

ਇਸ ਝਗੜੇ ਪਰ ਮਤ ਨ ਤੁਮ ਰਾਰ ਬਾੜ੍ਹਓ ।
ਆ ਬੀਰਾ ਦਰਬਾਨ ਕੇ, ਜਲਦੀ ਫਾਟਕ ਖੋਲ੍ਹ ।
ਸੁਨ ਮੁਝੇ ਮੰਦਾ ਹੂਆ, ਸੁਨ ਤੀਤਰ ਕਾ ਬੋਲ ।
ਇਕ ਤੀਤਰ ਕਾ ਬੋਲ ਸੁਨਾ ਮੈਂਨੇ ਭਾਰੀ ।
ਰੁਤਾਸ ਨਗਰ ਨ ਕਰੀ ਮੈਂਨੇ ਤਿਆਰੀ ।
ਤੂੰ ਤਾਲੀ ਦੇ ਖੋਲ੍ਹ ਆਜ ਕੁੰਡਾ ਭਾਈ ।
ਹੋ ਗਿਆ ਹੈ ਸੁਨ ਮੁਝੇ ਮੰਦਾ ਯਾਹੀਂ ।

ਦਰਬਾਨ :—

ਪਹਰੇ ਆਏ ਚੋਰ ਕੇ ਟੂਟੀ ਆਧੀ ਰਾਤ ।
ਕਿਆ ਮੁਖ ਸੇਤੀ ਕਹਿ ਗਏ, ਯਾਦ ਕਰੋ ਵੁਹ ਬਾਤ ।
ਯਾਦ ਕਰੋ ਵੁਹ ਬਾਤ, ਜੋ ਕੁਛ ਮੁਖ ਸੇ ਨਿਕਾਲੀ ।
ਯਹਾਂ ਹੈਗੀ ਨਹੀਂ ਪਾਸ ਮੇਰੇ ਹਾਥ ਮੇਂ ਤਾਲੀ ।
ਹੈ ਰਾਤ ਬਹੁਤ ਤਾਲਾ ਨਹੀਂ ਖੁਲਤਾ ਤੁਮ੍ਹਾਰਾ ।
ਤੁਮ ਜਾਓ ਅਬ, ਆਪ-ਸੁਬਹੋ ਕੀਜੀਓ ਫੇਰਾ ।

ਰਾਜਾ ਰਸਾਲੂ :—

ਮੈਂ ਤੁਝ ਕੋ ਸਮਝਾ ਗਿਆ, ਤੂੰ ਰਹੋ ਹੋਸ਼ੀਆਰ ।
ਰੈਨ ਸਮੇ ਮਤ ਕੀਜੀਓ ਦੂਜੇ ਕਾ ਇਤਬਾਰ ।
ਮਤ ਕੀਜੀਓ ਇਤ਼ਬਾਰ, ਕੋਈ ਘਰ ਮੇਂ ਆਵੇ ।
ਤੁਮ ਨੌਕਰ ਹੋ, ਹਮ ਸੇ ਕਿਉਂ ਰਾਰ ਬੜ੍ਹਾਵੇ ।
ਤੂੰ ਤਾਲੀ ਦੇ ਖੋਲ੍ਹ, ਹੁਕਮ ਮਾਨੋ ਮੇਰਾ ।
ਕਿਉਂ ਨੌਕਰ ਸੇ ਆਜ ਬਨੇ ਦੁਸ਼ਮਨ ਮੇਰਾ ।

ਦਰਬਾਨ :—

ਰਾਨੀ ਜੀ, ਉਠ ਜਾਗੀਓ, ਆਇਆ ਹੂੰ ਕੁਛ ਕਾਮ ।
ਕੋਈ ਸ਼ਖਸ ਦਰ ਪਰ ਖੜਾ, ਲੇ ਮਹਿਤਾ ਕਾ ਨਾਮ ।
ਮਹਿਤਾ ਕਾ ਨਾਮ ਲੇ ਮੁਝੇ ਆਨ ਜਗਾਇਆ ।
ਤੂੰ ਖੋਲ੍ਹ ਦੇ ਕਿਵਾੜ, ਕਹੇ ਹਟ ਕੇ ਆਇਆ ।
ਵੁਹ ਕਹਤਾ ਹੈ ਯਿਹ ਬਾਤ, ਮੈਂ ਤੋ ਹਟਕੇ ਆਇਆ ।
ਇਕ ਤੀਤਰ ਕਾ ਬੋਲ ਮੈਂਨੇ ਮੰਦਾ ਪਾਇਆ ।

ਮੀਲਾ ਦਈ :—

ਕਹਾ ਹਮਾਰਾ ਮਾਨ ਲੇ, ਜਾ ਪੂਛੇ, ਦਰਬਾਨ ।
ਪਤੇ ਮਹਿਲ ਕੇ ਪੂਛ ਕੇ ਹਮੇਂ ਸੁਨਾਓ ਆਨ ।

Sri Satguru Jagjit Singh Ji Elibrary NamdhariElibrary@gmail.com

ਆਨ ਕਹੋ, ਹਮ ਸੇ ਤੁਮ ਬਤੀਆ ਸਾਰੀ।
ਔਰ ਸ਼ੀਸ਼ ਮਹਿਲ ਬੀਚ ਬਿਛੀ ਸੇਜ ਤੁਮ੍ਹਾਰੀ।
ਜਬਕੇ ਵੁਹ ਭੇਦ ਤੁਝੇ ਹਾਲ ਬਤਾਵੇ।
ਤੂ ਜਲਦੀ ਅਬ ਪੂਛ ਮਤੀ ਦੇਰ ਲਗਾਵੇ।

ਦਰਬਾਨ :—

ਜੋ ਤੁਮ ਮਹਿਤਾ ਆਪ ਹੋ, ਹੋ ਤੁਮ ਖਾਸ ਦੀਵਾਨ।
ਸੇਜ ਤੁਮ੍ਹਾਰੀ ਬਿਛ ਰਹੀ ਸ਼ੀਸ਼ ਮਹਿਲ ਦਰਮਿਆਨ।
ਸ਼ੀਸ਼ ਮਹਿਲ ਬੀਚ ਬਿਛਾ ਪਲੰਘ ਤੁਮਹਾਰਾ।
ਦੋ ਉਸ ਕਾ ਅਬ ਭੇਦ ਪਤਾ ਹਮ ਕੋ ਸਾਰਾ।
ਕਿਆ ਕਿਆ ਸਭ ਚੀਜ਼ ਧਰੀ ਨਾਮ ਬਤਾਓ।
ਮੈਂ ਕਿਵਾੜ ਖੋਲ੍ਹ ਦੂੰ, ਆਪ ਮਹਿਲੋਂ ਆਓ।

ਤੋਤਾ :—

ਮੈਂ ਤੁਝ ਕੋ ਸਮਝਾ ਰਹਾ, ਕਿਉਂ ਤੂ ਹੂਆ ਖਰਾਬ।
ਅਬ ਚੁਪਕਾ ਕਿਉਂ ਹੋ ਰਹਾ, ਦੇਨਾ ਉਸ ਸੇ ਜਵਾਬ।
ਦੇਨਾ ਜਵਾਬ, ਕਹਾਂ ਗਿਆਨ ਬਿਸਾਰਾ।
ਹੈ ਲੇਖੇ ਕਾ ਕਾਗ਼ਜ਼ ਉਸ ਤਾਕ ਹਮਾਰਾ।
ਤੁਮ ਜਲਦੀ ਦੋ ਉਤਾਰ, ਮੈਂ ਗਿਆਨ ਬਤਾਊਂ।
ਹੈ ਖੂੰਟੀ ਕੇ ਪਾਸ ਕਲਮਦਾਨ ਜੜਾਊ।

ਰਾਜਾ ਰਸਾਲੂ :—

ਮੈਂ ਤੁਝਕੋ ਸਮਝਾ ਰਹਾ ਸੁਨ ਭਾਈ ਦਰਬਾਨ।
ਲੇਖਾ ਹੈ ਸਵਾ ਲਾਖ ਕਾ ਧਰਾ ਤਾਕ ਦਰਮਿਆਨ।
ਦਰਮਿਆਨ ਤਾਕ ਲੇਖਾ, ਜਾ ਦੇਖ ਲੇ, ਪਿਆਰਾ।
ਔਰ ਪਾਸ ਧਰਾ ਉਸਕੇ ਕਲਮਦਾਨ ਹਮਾਰਾ।
ਉਤਰ ਕੀ ਓਰ ਗੜੀ ਚੰਦਨ ਖੂੰਟੀ।
ਔਰ ਪਾਸ ਬਿਛੀ ਉਸ ਕੇ ਸੇਜ ਅਨੂਠੀ।

ਦਰਬਾਨ :—

ਸੀਲਾ, ਬੇਟੀ ਸ਼ਾਹ ਕੀ, ਤੂ ਚਾਤਰ ਪਰਬੀਨ।
ਭੇਦ ਮਹਿਲ ਕੀ ਨਾ ਕਹੇ, ਵੁਹ ਪਤੇ ਬਤਾਵੇ ਤੀਨ।
ਤੀਨ ਪਤੇ ਮੁਝ ਕੋ ਦੀਦੇ ਹਾਲ ਸੁਨਾਇਆ।
ਸਭ ਲੇਖੇ ਕਾਗਜ਼ ਧਰਾ ਤਾਕ ਬਤਾਇਆ।
ਉੱਤਰ ਕੀ ਓਰ ਬਿਛੀ ਸੇਜ ਸੁਨਾਵੇ।
ਔਰ ਪਾਸ ਧਰਾ ਉਸ ਕੇ ਕਲਮਦਾਨ ਬਤਾਵੇ।

Sri Satguru Jagjit Singh Ji Elibrary NamdhariElibrary@gmail.com

ਸੀਲਾ ਦਈ :—

ਤੀਨ ਪਤੇ ਸੱਚੇ ਕਹੇ, ਸੁਨ, ਭਾਈ ਦਰਬਾਨ ।
ਜਾ, ਤੂ ਤਾਲਾ ਖੋਲ੍ਹ ਦੇ, ਹੈ ਵੁਹ ਖ਼ਾਸ ਦੀਵਾਨ ।
ਹੈਗਾ ਔ, ਆਪ ਸਭੀ ਭੇਦ ਬਤਾਵੇ ।
ਤੂ ਜਲਦੀ ਦਰ ਖੋਲ੍ਹ, ਮਤੀ ਦੇਰ ਲਗਾਵੇ ।
ਅਬ ਸੱਚੀ ਕਹੀ ਬਾਤ, ਪਤੇ ਤੀਨ ਬਤਾਏ ।
ਕੁਛ ਸੁਨ ਹੁਏ ਮੰਦੇ, ਜੋ ਹਟ ਕਰ ਆਏ ।

ਦਰਬਾਨ :—

ਸੀਲਾ ਦਈ ਕੇ ਹੁਕਮ ਸੇ ਮੈਂ ਦੇਨਾ ਫਾਟਕ ਖੋਲ੍ਹ ।
ਮੁਝੇ ਨਜ਼ਰ ਨਹੀਂ ਆਵਤਾ ਮਹਿਤਾ ਸ਼ਾਹ ਕਾ ਬੋਲ ।
ਮਹਿਤੇ ਕਾ ਬੋਲ ਨਹੀਂ, ਹਾਕਿਮ ਮੇਰੇ ।
ਮੈਂ ਹੋ ਗਿਆ ਲਾਚਾਰ, ਪਤੇ ਸੁਨਕਰ ਤੇਰੇ ।
ਖੋਲ੍ਹੂੰ ਹਮ ਫਾਟਕ, ਰੱਬ ਜਾਨ ਬਚਾਵੇ ।
ਯਿਹ ਚੋਰ ਕੀ ਸੀ ਚਾਲ ਨਜ਼ਰ ਤੇਰੀ ਆਵੇ ।

ਤੋਤਾ :—

ਰਾਜਾ, ਪਗ ਆਗੇ ਧਰੋ, ਮਤ ਕਰ ਸੋਚ ਬਿਚਾਰ ।
ਸ਼ੀਸ਼ੇ ਝਲਕੇਂ ਮਹਿਲ ਮੇਂ, ਨਹੀਂ ਜਲ ਕੀ ਯਿਹ ਧਾਰ।
ਜਲ ਕੀ ਨਹੀਂ ਧਾਰ, ਸੁਨੋ ਰਾਜਾ ਗਿਆਨੀ ।
ਹੈ ਆਇਨੇ ਕੀ ਝਲਕ, ਨਜ਼ਰ ਆਇਆ ਪਾਨੀ ।
ਤੂੰ ਦੂਰ ਸੇ ਨ ਦੇਖ, ਤੁਝੇ ਰਾਮ ਦੁਹਾਈ ।
ਤੂੰ ਆਗੇ ਚਲ ਆਪ ਪਲੰਘ ਊਪਰ, ਭਾਈ ।

ਰਾਜਾ ਰਸਾਲੂ :—

ਮੰਦੀ ਤੇਰੀ ਚਾਂਦਨੀ, ਸੁਨ, ਦੀਵੇ, ਮੇਰੀ ਬਾਤ ।
ਕਿਆ ਤੇਰੇ ਮੇਂ ਤੇਲ ਨਹੀਂ, ਕਿਆ ਜਲ ਫੂਅੜ ਕੇ ਹਾਥ।
ਕਿਆ ਫੂਅੜ ਕੇ ਹਾਥ ਬੱਟੀ ਤੇਰੀ ਬਾਤੀ ।
ਮੰਦੀ ਯਿਹ ਜੋਤ ਨਜ਼ਰ ਤੇਰੀ ਆਤੀ ।
ਕਿਆ ਸੋਚ ਕਰੇ ਮਨ ਮੇਂ ਨਹੀਂ ਚਾਉ ਤੁਮਹਾਰੇ ।
ਤੂ ਜਲਤਾ ਹੈ ਆਜ ਜੈਸੇ ਗ਼ਮ ਕਾ ਮਾਰੇ ।

ਦੀਵਾ :—

ਜੋਤ ਮੇਰੀ ਯੂੰ ਕਮ ਹੂਈ, ਸੁਨ ਰਾਜਾ, ਮੇਰੀ ਬਾਤ ।
ਚਾਉ ਹਮਾਰੇ ਜਲਨ ਕਾ ਤੋ ਥਾ ਮਹਿਤਾ ਕੇ ਹਾਥ ।

Sri Satguru Jagjit Singh Ji Elibrary NamdhariElibrary@gmail.com

ਮਹਿਤੇ ਕੇ ਹਾਥ ਮੇਰਾ ਚਾਉ ਹੈ ਭਾਰੀ ।
ਜਬ ਲਗਤੀ ਹੈ, ਜੋਤ ਮੇਰੀ ਜਲਤੀ ਪਿਆਰੀ ।
ਮਾਨੋ ਤੁਮ ਬਾਤ, ਨਹੀਂ ਮਹਿਲੋਂ ਵਾਲੀ ।
ਤੁਮ ਆਏ ਹੋ, ਆਪ ਪੜੇ ਮੰਦਰ ਖਾਲੀ ।

ਰਾਜਾ ਰਸਾਲੂ :—

ਦੀਵੇ, ਤੂ ਅਗਿਆਨ ਹੈ, ਕਹੇ ਗੁਸੇ ਕੀ ਬਾਤ ।
ਹਮ ਸੇ ਰਾਜਾ ਛੋੜਕੇ, ਤੂ ਜਲੇ ਕਰਾੜ ਕੇ ਸਾਥ ।
ਸਾਥ ਕਰੇ ਜਿਸ ਕਾ ਤੂ ਚਾਉ ਘਨੇਰਾ ।
ਵੁਹ ਮਹਿਤਾ ਹੈ, ਦੇਖ, ਭਲਾ ਨੌਕਰ ਮੇਰਾ ।
ਕਿਆ, ਦੀਵੇ, ਅਬ ਮਾਰੀ ਗਈ ਅਕਲ ਤੇਰੀ ।
ਮੈਂ ਮਹਿਤੇ ਸੇ ਬਹੁਤ ਚਾਹ ਰਖੂੰ ਤੇਰੀ ।

ਤੋਤਾ :—

ਰਾਜਾ, ਨਿਆਉਂ ਚੁਕਾਵੇ ਗੱਦੀ ਪਰ ਘੰਘੋਰ ।
ਸੇਜ ਬੇਗਾਨੇ ਪਗ ਧਰੇ, ਬਨੋ ਸਾਧ ਸੇ ਚੋਰ ।
ਕਿਉਂ ਚੋਰ ਬਨੋ, ਅਪਨਾ ਸਭ ਗਿਆਨ ਬਿਸਾਰਾ ।
ਕਿਆ ਸੀਲਾ ਕਾ ਬਾਘ ਤੈਂਨੇ ਆਨ ਉਜਾੜਾ ।
ਹੈ ਸੂਨਾ ਘਰ ਬਾਰ, ਪੜੇ ਮੰਦਰ ਖਾਲੀ ।
ਯਹਾਂ ਮਹਿਤੇ ਬਿਨ, ਯਾਰ, ਤੇਰੀ ਬਿਗੜੀ ਲਾਲੀ ।
ਦੀਪਕ ਸੇ ਕਿਆ ਬੋਲਤੇ, ਜਲਨੇ ਸੇ ਕਿਆ ਕਾਮ ।
ਬਾਤ ਕਰੋ ਸਰਦਾਰ ਸੇ, ਆਏ ਹੋ ਜਿਸ ਕਾਮ ।
ਆਏ ਹੋ ਜਿਸ ਕਾਮ, ਕੀਆ ਮਹਿਲੋਂ ਫੇਰਾ ।
ਕਿਆ ਅਟਕਾ ਹੈ ਕਾਮ ਭਲਾ, ਰਾਜਾ, ਤੇਰਾ ।
ਦਿਨ ਮਹਿਲੋਂ ਮੇਂ ਆਨ ਤੈਂਨੇ ਗਿਆਨ ਬਿਸਾਰਾ ।
ਤੁਮ ਆਏ ਯਹਾਂ, ਆਪ ਘਟਾ ਮਾਨ ਤੁਮਹਾਰਾ ।

ਰਾਜਾ ਰਸਾਲੂ :—

ਦੋ:—ਆਓ ਕਹੇਂ, ਸੋ ਔਲੀਆ, ਬੈਠ, ਕਹੇਂ ਸੋ ਪੀਰ ।
ਜਿਨ ਘਰ, ਆਓ ਨਾ ਬੈਠਨਾ, ਓਹ ਕਾਫਿਰ ਬੇਪੀਰ ।
ਕਾਫਿਰ ਬੇ ਪੀਰ ਵੁਹੀ ਹੋਤੇ ਸਾਰੇ ।
ਘਰ ਆਏ ਕਾ ਮਾਨ ਨਹੀਂ ਰਖਤੇ ਪਿਆਰੇ ।
ਮੈਂ ਦਰ ਪੇ ਤੇਰੇ ਆਇਆ ਹੂੰ, ਸੀਲਾ ਰਾਨੀ ।
ਤੂੰ ਮੁਖ ਸੇ ਟੁਕ ਬੋਲ, ਕਹੋ ਸਾਚੀ ਬਾਨੀ ।

ਸੀਲਾ ਦਈ :—

ਕਿਉਂ ਰਾਜਾ, ਮਹਿਲੋਂ ਆਏ ਕੀਆ ਮਨ ਕਿਆ ਬਿਚਾਰ ?
ਸਾਹੂਕਾਰ ਘਰ ਹੈ ਨਹੀਂ ਜਿਸ ਸੇ ਤੇਰਾ ਪਿਆਰ ।
ਜਿਸ ਸੇ ਹੈ ਪਿਆਰ, ਵੁਹ ਪ੍ਰਦੇਸ ਸਿਧਾਰਾ ।
ਅਬ ਰੈਨ ਸਮੇਂ ਆਏ, ਕਿਆ ਕਾਮ ਤੁਮ੍ਹਾਰਾ ?
ਤੁਮ ਰਾਜਨ ਮਹਾਰਾਜ, ਜਗਤ ਜਾਨੋ ਸੁਪਨਾ ।
ਮਤ ਛਲ ਬਲ ਕੇ ਬੀਚ ਧਰਮ ਖੋ ਅਪਨਾ ।

ਰਾਜਾ ਰਸਾਲੂ :—

ਸ਼ੋਹਦੇ ਸੇ ਸ਼ੋਹਦਾ ਮਿਲੇ, ਮਿਲੇ ਚੋਰ ਸੇ ਚੋਰ ।
ਸੀਲਾ, ਤੇਰੇ ਸੀਲ ਕਾ ਪੜਾ ਨਗਰ ਮੇਂ ਸ਼ੋਰ ।
ਸ਼ੋਰ ਪੜਾ ਨਗਰੀ ਮੇਂ ਸੀਲਾ ਤੇਰਾ ।
ਸੁਨ ਕਰ ਯਿਹ ਬਾਤ ਦਿਲ ਚਾਹਾ ਮੇਰਾ ।
ਚਲ, ਸੂਰਤ ਕੋ ਦੇਖ, ਸੀਲ ਕੈਸਾ ਪਾਇਆ ।
ਇਸ ਵਾਸਤੇ ਮੈਂ ਆਜ ਤੇਰੇ ਮਹਿਲੋਂ ਆਇਆ ।

ਸੀਲਾ ਦਈ :—

ਸੀਲ ਬਿਗਾਨਾ ਦੇਖਕੇ ਆਵੇਗਾ ਕਿਸ ਕਾਰ ?
ਅਪਨੇ ਅਪਨੇ ਸੀਲ ਸੇ ਪਾਰ ਉਤਰੇਗਾ ਸੰਸਾਰ ।
ਉਤਰੇਗਾ ਸੰਸਾਰ, ਭਲਾ ਅਪਨੀ ਕਰਨੀ ।
ਇਸ ਜਗਤ ਕੀ ਯਿਹ ਹੈ ਰੀਤ, ਅਪਨੀ ਕਰਨੀ ਭਰਮੀ ।
ਮੰਦਰ ਕੇ ਬੀਚ, ਰਾਜਾ, ਅਪਨੇ ਜਾਓ ।
ਹਮ ਦੁਖੀਆ ਹੈਂ ਆਪ, ਮਤੀ ਦੋਸ ਲਗਾਓ ।

ਰਾਜਾ ਰਸਾਲੂ :—

ਨੈਨਾ ਦੇਖਨ ਕੋ ਦੀਏ, ਜਗਤ ਕਿਆ ਗੁਲਜ਼ਾਰ ?
ਬਿਨ ਦੇਖੇ ਜਾਊਂ ਨਹੀਂ, ਤੋ ਸਤ ਗੁਰ ਸੇ ਸਤ ਕਾਰ ।
ਸਤ ਗੁਰ ਬਿਨ, ਗਿਆਨ ਬਿਨਾ, ਦੇਖੇ ਮੰਦਾ ।
ਔਰ ਦੇਖਨੇ ਕੀ ਕਾਰ ਕੀਏ ਸੂਰਜ ਚੰਦਾ ।
ਸਭ ਦੇਖ ਦੇਖ ਚਾਲ ਚਲੇ ਪਰਜਾ ਸਾਰੀ ।
ਤੂ ਦਰਸ਼ਨ ਦੇ ਆਜ ਮੁਝੇ ਸੀਲਾ ਪਿਆਰੀ ।

ਸੀਲਾ ਦਈ :—

ਜਾਓ ਅਪਨੇ ਮਹਿਲ ਕੋ, ਮਤੀ ਕਰੋ ਤਕਰਾਰ ।
ਦਰਸ਼ਨ ਦੇ ਕਰ ਵਹੁ ਮਿਲੇ, ਜੋ ਹੋਵੇ ਤੇਰੀ ਨਾਰ ।

Sri Satguru Jagjit Singh Ji Elibrary NamdhariElibrary@gmail.com

ਤੇਰੀ ਹੋ ਨਾਰ, ਦਰਸ਼ਨ ਉਨ ਕਾ ਪਾਓ।
ਮਤ ਛੇੜ ਕਰੋ ਹਮ ਸੇ, ਤੁਮ ਰਾਰ ਬੜ੍ਹਾਓ।
ਹੈ ਪੀਆ ਪਰਦੇਸ, ਮੇਰੇ ਘਰ ਕਾ ਵਾਲੀ।
ਤੂ ਆਇਆ ਅਬ ਦੇਖ, ਪੜਾ ਮੰਦਰ ਖਾਲੀ।

ਰਾਜਾ ਰਸਾਲੂ :—

ਮਹਿਤਾ ਮੁਝ ਕੋ ਕਹਿ ਗਿਆ, ਮੁਖ ਸੇ ਬਾਰੰਬਾਰ।
ਘਰ ਮੇਰੇ ਕੀ ਚੌਕਸੀ ਰਹੀਓ ਤੂ ਹੁਸ਼ੀਆਰ।
ਰਹੀਓ ਹੋਸ਼ੀਆਰ ਹੈ ਘਰ ਖਾਲੀ ਮੇਰਾ।
ਤੁਮ ਰੈਨ ਸਮੇ ਕੀਜੋ ਵਹਾਂ ਅਪਨਾ ਪਹਿਰਾ।
ਜੋ ਹੋਵੇ ਕੁਛ ਕਾਰ ਘਰੋਂ ਯਹਾਂ ਸੇ ਭਾਰੀ।
ਯੂੰ ਆਇਆ ਮੈਂ ਪਾਸ ਤੇਰੇ ਸੀਲਾ ਪਿਆਰੀ।

ਸੀਲਾ ਦਈ :—

ਐਸੀ ਬਾਤੇਂ ਮਤ ਕਰੋ, ਰਾਜਾ ਅਪਨੇ ਆਪ।
ਮੁਖ ਸੇ ਝੂਠ ਨਿਕਾਲਨਾ ਚੜ੍ਹੇ ਚੌਗਨਾ ਪਾਪ।
ਪਾਪ ਚੜ੍ਹੇ ਬਹੁਤ, ਤੇਰੇ ਹਾਥ ਨਹੀਂ ਆਵੇ।
ਇਸ ਦੁਨੀਆ ਕੇ ਬੀਚ ਜਨਮ ਨਿਫਲਾ ਜਾਵੇ।
ਕਿਆ ਗੋਰਖ ਨੇ ਗਿਆਨ ਤੁਝੇ ਐਸਾ ਦੀਆ ?
ਤੈਂ ਮਹਿਲੋਂ ਮੇਂ ਆਨ ਛਲ ਹਮ ਸੇ ਕੀਆ।

ਤੋਤਾ :—

ਕਿਉਂ ਰਾਜਾ ਅਕਲ ਗਈ ਮਾਰੀ ਕਹਾਂ ਬਿਸਾਰਾ ਗਿਆਨ ?
ਮੈਲਪਣ ਕੋ ਛੋੜ ਦੇ, ਤੂ ਕਹਿਣਾ ਮੇਰਾ ਮਾਨ।
ਕਹਿਨਾ ਲੇ ਮਾਨ, ਭਲਾ ਰਾਜਾ ਮੇਰਾ।
ਹੋ ਸਤ ਸੇ ਪਾਰ, ਅਬ ਜਨਮ ਸੁਧਰੇ ਤੇਰਾ।
ਜਿਹ ਸੀਲਾ ਸਤਵੰਤ, ਤੂ ਹੈ ਗੋਰਖ ਚੇਲਾ।
ਤੂ ਦੇਵੀ ਕਰ ਮਾਨ, ਉਸ ਸੇ ਦਰਸ਼ਨ ਮੇਲਾ।

ਰਾਜਾ ਰਸਾਲੂ :—

ਸੀਲਾ ਫਾਟਕ ਖੋਲ੍ਹ ਦੇ, ਮਤੀ ਕਰੋ ਤਕਰਾਰ।
ਮੇਰੇ ਤੇਰੇ ਬੀਚ ਮੇਂ ਹੈ ਸਚਾ ਕਰਤਾਰ।
ਸੱਚਾ ਕਰਤਾਰ ਹੈ, ਬਚਨ ਮਾਨੋ ਮੇਰੇ।
ਕੁਛ ਦਗਾ, ਦੋਸ, ਪਾਪ ਨਹੀਂ ਮਨ ਮੇਂ ਮੇਰੇ।
ਤੁਮ ਆਓ ਯਹਾਂ ਪਾਸ ਜ਼ਰਾ, ਬਹਿਨਾ ਮੇਰੀ।

ਮੈਂ ਬੀਚ ਦਯਾ ਰਾਮ, ਕਸਮ ਖਾਊਂ ਤੇਰੀ।

ਸੀਲਾ ਦਈ :—

ਜੋ ਰਾਜਾ ਤੈਂਨੇ ਕਹੀ ਫਿਰ ਨਾ ਆਵੇਗਾ ਯਾਦ।
ਜਲ ਮੇਂ ਆਗ ਲਗਾਇਕੇ ਮੁਝੇ ਕੀਆ ਬਰਬਾਦ।
ਕੀਆ ਬਰਬਾਦ ਹਮ ਕੋ ਕਿਆ ਖੋਟ ਹਮਾਰਾ।
ਮੇਰਾ ਤੈਂ ਬਾਗ, ਚਮਨ ਆਨ ਉਜਾੜਾ।
ਕਹੇ ਸਚ ਤੋ ਬਚਨ, ਬੀਰ ਹੈ ਤੂ ਮੇਰਾ।
ਸਤ ਰਖੇਂ ਭਗਵਾਨ ਵੁਹੀ ਅਪਰੰਪਾਰਾ।

ਰਾਜਾ ਰਸਾਲੂ :—

ਫੂਲ ਦੇਖ ਕੇ ਸੱਤ ਕਾ ਆਇਆ ਤੇਰੇ ਬਾਰ।
ਧਰਮ ਬਹਿਨ ਤੂ ਹੈ ਮੇਰੀ, ਨਹੀਂ ਦੂਸਰੀ ਕਾਰ।
ਕਾਰ ਨਹੀਂ ਦੂਜੀ ਸੁਨ ਰਾਜ ਦੁਲਾਰੀ।
ਉਸ ਮਹਿਤੇ ਕੀ ਬਾਤ ਸਭੀ ਦਿਲ ਮੇਂ ਧਾਰੀ।
ਯਿਹ ਲੀਜੋ ਤੁਮ ਮੁੰਦਰਾ ਸਵਾ ਲਾਖ ਕਾ ਮੇਰਾ।
ਤੂ ਹੈ ਬਹਿਨਾ ਮੇਰੀ ਮੈਂ ਹੂੰ ਭਾਈ ਤੇਰਾ।

ਸੀਲਾ ਦਈ :—

ਮੁੰਦਰਾ ਤੇਰੇ ਹਾਥ ਕਾ ਨਹੀਂ ਹਮੇਂ ਦਰਕਾਰ।
ਮੁੰਦਰਾ ਐਸਾ ਦੀਜੀਏ ਜੋ ਆਵੇ ਸਾਹੂਕਾਰ।
ਆਵੇ ਸਾਹੂਕਾਰ ਐਸਾ ਮੁੰਦਰਾ ਦੀਜੇ।
ਇਸ ਮੁੰਦਰੇ ਕਾ ਨਾਮ ਮਤੀ ਹਮ ਸੇ ਲੀਜੇ।
ਇਸ ਸੋਚ ਬੀਚ ਸੁਕ ਗਈ ਜਾਨ ਹਮਾਰੀ।
ਜਬ ਆਵੇ ਸਾਹੂਕਾਰ ਪੜੇ ਬਿਪਤਾ ਭਾਰੀ।

ਰਾਜਾ ਰਸਾਲੂ :—

ਸੀਲਾ ਦਈ ਅਬ ਕਿਉਂ ਡਰੇ, ਆਇਆ ਤੇਰੇ ਬਾਰ।
ਮੈਂ ਮਹਿਤੇ ਕੇ ਸਾਮ੍ਹਨੇ ਨਹੀਂ ਕਰੂੰ ਤਕਰਾਰ।
ਮਤ ਕੀਜੋ ਤਕਰਾਰ ਜੋ ਯਹਾਂ ਆਵੇ ਮਹਿਤਾ।
ਮੈਂ ਸਚੀ ਅਬ ਬਾਤ ਭਲੀ ਤੁਮ ਸੇ ਕਹਿਤਾ।
ਜੋ ਮਾਨੀ ਤੂ ਆਜ ਕਹੀ ਸੀਲਾ ਮੇਰੀ।
ਤੋ ਬਚ ਜਾਇਗੀ ਲਾਜ ਆਜ ਸਾਰੀ ਤੇਰੀ।

ਸੀਲਾ ਦਈ :—

ਤੂ ਅਪਨੇ ਸੇ ਚੌਕਸ, ਮੇਰਾ ਹੈ ਭਗਵਾਨ।

ਮੁਝ ਕੋ ਨਜ਼ਰ ਯਿਹ ਆਓਤਾ, ਵੁਹ ਚਾਹੇ ਮੇਰੀ ਜਾਨ ।
ਜਾਨ ਗਈ ਸਾਥ ਕਰੇ ਅਪਨਾ ਚਾਹਾ।
ਕਿਆ ਹਾਥ ਤੇਰੇ ਰਾਜਾ, ਇਸ ਬਾਤ ਮੈਂ ਆਇਆ ?
ਤੈਂ ਕਰ ਦੀ ਬਰਬਾਦ, ਮੇਰੀ ਖਾਲ ਉੜਾਵੇ।
ਵੁਹ ਰੱਸੀ ਸੇ ਬਾਂਧ ਮੁਝੇ ਯਹਾਂ ਲਟਕਾਵੇ।

ਤੋਤਾ :—

ਭਰ ਭਈ, ਚਲ, ਪੜ ਜਾਗਾ ਸੰਸਾਰ।
ਚਲੋ, ਰਾਜਾ ਘਰ ਅਪਨੇ ਜਲਦੀ ਸੇ ਦਰਬਾਰ।
ਤੈਂ ਝੂਠਾ ਅਬ ਦੋਸ ਭਲਾ ਉਸ ਕੋ ਦੀਆ।
ਤੈਂ ਭੇਜਾ ਪਰਦੇਸ, ਛਲਾ ਉਸ ਕਾ ਪੀਆ।
ਤੈਂ ਨੌਕਰ ਕੇ ਸਾਥ ਦਗਾ ਪਾਪ ਕਮਾਵੇ।
ਯਿਹ ਨਰ ਦੇਹੀ ਪਾਕੇ, ਜਨਮ ਨਿਰਫਲ ਜਾਵੇ।
ਸੀਲਵੰਤੀ ਰਾਨੀ ਸੁਨੋ, ਮੈਂ ਪੰਛੀ ਦਰਵੇਸ਼।
ਇਸ ਰਾਜਾ ਕੇ ਕੈਦ ਮੈਂ ਰਹਿਤਾ ਸੰਗ ਹਮੇਸ਼।
ਰਹਿਤਾ ਹਮੇਸ਼, ਨਹੀਂ ਮੇਰਾ ਚਾਰਾ।
ਮੈਂ ਪਿੰਜਰੇ ਕੇ ਬੀਚ ਰਹੂੰ ਆਪ ਬੇਚਾਰਾ।
ਇਨ ਦੋਸ ਦੀਆ ਝੂਠ, ਤੇਰੀ ਸਾਰ ਨ ਜਾਨੀ ।
ਜੋ ਲਿੱਖਾ ਤਕਦੀਰ, ਕੌਨ ਮੇਟੇ ਰਾਨੀ ।

ਸੀਲਾ ਦਈ :—

ਜਾ, ਬਾਂਦੀ, ਦਰਬਾਨ ਪੇ, ਕਹੀਓ ਉਸੇ ਸਮਝਾਇ।
ਜੋ ਸ਼ਾਹ ਪੂਛਤੇ ਆਨਕੇ ਦੀਜੋ ਮਤੀ ਬਤਾਇ।
ਮਤ ਦੀਜੋ ਬਤਲਾਇ, ਕਹਾ ਮਾਨੋ ਮੇਰਾ ।
ਇਸ ਮੇਂ ਹੈ ਕੋਟ ਭਲਾ ਭਾਈ ਮੇਰਾ ।
ਉਸ ਕਰਤਾ ਕੀ ਕਾਰ ਹੂਆ ਕੌਤਕ ਭਾਰੀ।
ਜੋ ਜਾਵੇ ਤੋ ਨਾਟ ਬਚੀ ਜਾਨ ਹਮਾਰੀ ।

ਬਾਂਦੀ :—

ਸੀਲਾ ਦਈ ਨੇ ਯੂੰ ਕਹਾ, ਸੁਨ; ਭਾਈ ਦਰਬਾਨ ।
ਮਨ ਮੇਂ ਅਪਨੇ ਸੋਚ ਕੇ ਕਹਾ ਹਮਾਰਾ ਮਾਨ ।
ਮਾਨੋ ਤੁਮ ਬਾਤ ਹੂਆ ਕੌਤਕ ਭਾਰਾ ।
ਹੈ ਇਸ ਮੇਂ ਕਸੂਰ ਆਜ ਪਹਿਲੀ ਬਾਰਾ।
ਕਹਿਤੀ ਵੁਹ ਬਾਤ ਆਜ ਸੀਲਾ ਪਿਆਰੀ ।
ਤੁਮ ਜਾਨਾ ਅਬ ਨਾਟ, ਬਚੀ ਜਾਨ ਹਮਾਰੀ ।

Sri Satguru Jagjit Singh Ji Elibrary NamdhariElibrary@gmail.com

ਦਰਬਾਨ :—

ਸੀਲਾ ਦਈ ਨੇ ਜੋ ਕਹੀ, ਮੈਂ ਮਾਨੀ ਬਾਰੰਬਾਰ।
ਅਪਨੀ ਆਈ ਸਬ ਮਰੇਂ, ਮੈਂ ਮਰਾ ਬਰਾਨੀ ਕਾਰ।
ਕਾਰ ਮਰਾ ਉਸ ਕੀ, ਮੇਰੀ ਹੋਨੀ ਆਈ।
ਨਾ ਕਰਨੇ ਸੇ ਚੂਕ ਮੈਂਨੇ ਅਪਨੀ ਖਾਈ।
ਉਨ ਤਾਲੀ ਦੀ ਹਾਥ, ਕੀਆ ਕੌਤਕ ਭਾਰੀ।
ਅਬ ਬਿਗੜੇਗੀ ਬਾਤ, ਪੜੀ ਬਹੁਤ ਖਵਾਰੀ।

ਬਾਂਦੀ :—

ਸੀਲਾ ਦਈ, ਉਨ ਯੂੰ ਕਹੇ ਮੁਖ ਸੇ ਵੁਹ ਦਰਬਾਨ।
ਸੀਲਵਤੀ ਕੇ ਹੁਕਮ ਸੇ ਖੋਈ ਮੈਂਨੇ ਜਾਨ।
ਖੋਈ ਹੈ ਜਾਨ, ਮੈਂਨੇ ਖੋਲ੍ਹਾ ਤਾਲਾ।
ਜਬ ਕਿਆ ਕਰੂੰ ਜਵਾਬ, ਆਨ ਪੂਛੇ ਲਾਲਾ ?
ਕੁਛ ਇਸ ਮੇਂ ਨਹੀਂ, ਰਾਨੀ, ਹੈ ਦੋਸ ਹਮਾਰਾ।
ਜੋ ਬਿਧਨਾ ਕੀ ਰੇਖ, ਕੌਨ ਮੇਟਨਹਾਰਾ।

ਪਨਿਹਾਰੀ :—

ਕੌਨ ਦੇਸ ਮੇਂ ਘਰ ਤੇਰਾ, ਕਹਾਂ ਤੇਰਾ ਦਰਬਾਰ ?
ਕਿਉਂ ਘਰ ਅਪਨਾ ਛੋੜਕੇ ਆਇਆ ਹੈ ਸਾਹੂਕਾਰ ?
ਆਇਆ, ਸਾਹੂਕਾਰ, ਕਿਆ ਹੈ ਕਾਮ ਤੁਮ੍ਹਾਰਾ ?
ਸਾਹੂਕਾਰੋਂ ਕਾ ਕਾਮ ਕਰੇ ਚਿਠੀ ਸਾਰਾ।
ਅਪਨਾ ਘਰ ਛੋੜ ਦੀਆ ਗਿਆਨ ਬਿਸਾਰਾ।
ਤੂ ਆਇਆ ਪਰਦੇਸ ਫਿਰੇ ਮਾਰਾ ਮਾਰਾ।

ਮਹਿਤਾ :—

ਸਿਆਲਕੋਟ ਮੇਂ ਘਰ ਮੇਰਾ, ਊਚਾ ਮੰਦਰ ਧਾਮ।
ਰਾਜਾ ਰਸਾਲੂ ਗੜ੍ਹਪਤੀ, ਤੋਂ ਭੇਜਾ ਹੂੰ ਕੁਛ ਕਾਮ।
ਭੇਜਾ ਹੂੰ ਕਾਮ, ਕਹਾ, ਲਾਓ ਘੋੜੇ।
ਤੋ ਨੌਂ ਕਰੋੜ ਦੀਏ ਗਿਨਕੇ ਮਾਲ ਕੇ ਤੋੜੇ।
ਜੋ ਘੋੜੇ ਦਰਿਆਈ ਪਵਨ-ਵੇਗੀ ਪਾਊਂ।
ਮੈਂ ਲੇ ਕਰਕੇ ਮਾਲ ਪਾਸ ਉਸ ਕੇ ਜਾਊਂ।

ਪਨਿਹਾਰੀ :—

ਊਚੇ ਮਸਤਕ ਚਲਕਤੇ, ਪੜ੍ਹਾ ਮੂਰਖ ਪਾਂਧੇ ਕੇ ਸ਼ਾਲ।
ਜਿਨ ਘੋੜੋਂ ਕਾ ਤੂ ਗਾਹਕ ਫਿਰੇ, ਵੁਹ ਤੇਰੇ ਘੁੜਸਾਲ।

ਵੇ ਜਾਇ ਬੰਧੇ ਤੇਰੇ ਘੁੜਸਾਲ ਮੇਂ ਘੋੜੇ।
ਤੂ ਲੀਏ ਪਰਦੇਸ ਫਿਰੇ ਮਾਲ ਕੇ ਤੋੜੇ।
ਸੁਨ, ਮਹਿਤਾ ਸਾਹੂਕਾਰ, ਤੁਝੇ ਗਿਆਨ ਬਤਾਇਆ।
ਤੈਂ ਲੋਭ ਕੀਆ ਕੱਚਾ, ਪਰਦੇਸ ਮੇਂ ਆਇਆ।

ਮਹਿਤਾ :—

ਹਮ ਜਾਤੇ ਹੈਂ ਵਤਨ ਕੋ, ਲੇ ਲੋ ਮੇਰਾ ਪਰਨਾਮ।
ਚਿਠੀ ਮੇਂ ਲਿਖ ਭੇਜੋ, ਹਮ ਲਾਇਕ ਕਛ ਕਾਮ।
ਹਮ ਲਾਇਕ ਕੁਝ ਕਾਮ ਪਿਆਰੀ, ਲਿਖਤੀ ਪੜ੍ਹਤੀ ਰਹੀਓ।
ਰਾਮ ਰਾਮ ਕਾ ਨਾਤਾ ਕਰਕੇ ਮੁਖ ਸੇ ਕਹਤੀ ਰਹੀਓ।
ਮੈਂ ਜਾਤਾ ਹੂੰ ਘਰੋਂ ਪਿਆਰੀ, ਕਿਰਪਾ ਅਪਨੀ ਰਖੀਓ।
ਰੱਥਾਸ ਨਗਰ ਕੋ ਸੀਸ ਹਮਾਰੀ, ਤੂ ਬਸਤੀ ਰਹੀਓ।

————

ਸੱਚੀ ਕਹੋ ਦਰਬਾਨ ਕੇ ਮੁਖ ਸੇ ਬਚਨ ਨਿਕਾਲ।
ਮੇਰੇ ਪੀਛੇ ਤੂ ਰਹਾ ਕੈਸਾ ਕੁਛ ਹੁਸ਼ਿਆਰ?
ਹੁਸ਼ਿਆਰ ਰਹਾ ਪੀਛੇ ਤੂ ਕੈਸਾ ਭਾਈ?
ਅਬ ਹਾਲ ਕਹੋ ਹਮ ਸੇ, ਦੇ ਸਾਚ ਬਤਾਏ?
ਕਭੀ ਰਾਜਾ ਨੇ ਆਨ ਕੀਆ ਦਰ ਪੇ ਫੇਰਾ?
ਮੈਂ ਕਹ ਗਿਆ ਥਾ ਉਸਕੋ ਘਰ ਖਾਲੀ ਮੇਰਾ।

ਦਰਬਾਨ :—

ਪਹਰੇ ਤੇ ਚੌਕਸ ਰਹਾ ਜ਼ਾਗਾ ਸਾਰੀ ਰਾਤ।
ਕਰਮ ਰੇਖ ਮਿਟੈ ਨਹੀਂ, ਜੋ ਲਿਖੀ ਬਿਧਾਤਾ ਹਾਥ।
ਲਿਖੀ ਰੱਬ ਹਾਥ ਕਲਮ ਆਪ ਬਗਾਈ।
ਉਸ ਸੇ ਮੇਟ ਸਕੇ ਕੌਨ, ਨਹੀਂ ਤਾਕਤ ਭਾਈ।
ਤੁਮ ਕਹ ਗਏ ਥੇ ਆਪ, ਘਰ ਖਾਲੀ ਮੇਰਾ।
ਇਕ ਰੋਜ਼ ਕੀਆ ਰਾਜਾ ਨੇ ਦਰ ਪਰ ਫੇਰਾ।

ਮਹਿਤਾ :—

ਸੀਲਾ ਦਈ, ਮਾਨੋ, ਮੇਰੇ ਹੋ ਗਈ ਹੈ ਵਿਸਵਾਸ।
ਰਾਜਾ ਛਲ ਬਲ ਕਰ ਗਿਆ, ਵੁਹ ਆਇਆ ਤੇਰੇ ਪਾਸ।
ਆਇਆ ਹੈ ਪਾਸ ਤੇਰੇ ਛਲ ਬਲ ਕਰਕੇ।
ਤੂ ਸਾਚੀ ਕਹ ਬਾਤ, ਹਾਥ ਗਾਤ ਪੇ ਧਰਕੇ।
ਸਾਚੀ ਕਹ ਹਮ ਸੇ ਆਜ ਸੀਲਾ ਰਾਨੀ।

ਕਭੀ ਲੇ ਗਿਆ ਛਲਬਲੀਆ ਛਲ ਕਰਕੇ ਪਾਨੀ ?

ਸੀਲਾ ਦਈ :—

ਹਾਥ ਗਾਤ ਪਰ ਨਾ ਰਖੂੰ, ਸੁਨ ਮੇਰੇ ਭਰਤਾਰ !
ਸਤ ਮੇਰੇ ਕਾ ਚੌਕਸ ਹੈ ਸੱਚਾ ਕਰਤਾਰ।
ਵੁਹ ਸੱਚਾ ਕਰਤਾਰ ਮੇਰੇ ਸਤ ਕਾ ਸਾਖੀ।
ਜਿਨ ਸੂਨੇ ਮੰਦਰ ਮੇਂ ਟੇਕ ਮੇਰੀ ਰਾਖੀ।
ਇਨ ਮਹਿਲੋਂ ਕੇ ਬੀਚ ਨਹੀਂ ਰਾਜਾ ਆਇਆ।
ਜਿਹ ਝੂਠਾ ਵਿਸਵਾਸ ਤੇਰੇ ਦਿਲ ਪੇ ਛਾਇਆ।

ਮਹਿਤਾ :—

ਬੇਟੀ ਹਰਬੰਸ ਸਾਹ ਕੀ ਕਿਉਂ ਬੋਲੇ ਹੈ ਝੂਠ ?
ਕਿਆ ਮੁੰਦਰਾ ਅਕਾਸ ਸੇ ਜੋ ਪੜਾ ਮਹਿਲ ਮੇਂ ਟੂਟ ?
ਟੂਟ ਪੜਾ ਮੁੰਦਰਾ ਯਿਹ ਕਹਾਂ ਸੇ ਆਇਆ ?
ਇਸ ਮੁੰਦਰੇ ਕੋ ਕੌਨ ਮੇਰੇ ਮਹਿਲ ਮੇਂ ਲਾਇਆ ?
ਤੂ ਇਤਨੀ ਅਬ ਮਾਨ ਜ਼ਰਾ ਬਾਤ ਹਮਾਰੀ।
ਜੋ ਗੁਜ਼ਰਾ ਹੈ ਹਾਲ ਬਾਤ ਕਹ ਦੋ ਸਾਰੀ।

ਸੀਲਾ ਦਈ :—

ਗਵਨ ਕੀਆ ਰੱਥਾਂਸ ਨਗਰ ਤੁਮ ਨੇ ਘੋੜੇ ਲੈਨ।
ਮੈਂ ਬੈਠੀ ਇਸ ਮਹਿਲ ਮੇਂ ਕਾਟੀ ਹੈ ਦਿਨ ਰੈਨ।
ਕਾਟੀ ਹੈ ਰੈਨ ਦਿਨੋ ਹਮ ਨੇ ਭਾਰੀ।
ਅਬ ਨਾਹਕ ਕੇ ਬੀਚ ਪੜੀ ਹਮ ਪੇ ਖੁਵਾਰੀ।
ਯਿਹ ਦਹੀਂ ਭਰਾ ਮੁੰਦਰਾ ਮੇਰੇ ਮਹਿਲ ਮੇਂ ਆਇਆ।
ਇਸ ਮੁੰਦਰੇ ਕੋ ਕਾਗ ਮਹਿਲ ਮੇਰੇ ਲਾਇਆ।

ਮਹਿਤਾ :—

ਝੂਠ ਬਚਨ ਕਿਉਂ ਬੋਲਤੀ, ਸੁਨ ਲੇ ਤਿਰੀਆ ਨੀਚ।
ਕਿਆ ਕਾਗ ਉਠਾਏਂ, ਮੁੰਦਰਾ ਧਰੇ ਸੇਜ ਕੇ ਬੀਚ ?
ਯਿਹ ਸੇਜ ਬੀਚ ਮੁੰਦਰਾ ਧਰ ਕਿਸ ਨੇ ਦੀਨਾ ?
ਦੇ ਸਾਚੀ ਬਤਲਾ ਜੋ ਅਬ ਚਾਹੋ ਜੀਨਾ।
ਮੈਂ ਚਾਬੁਕ ਲੂੰ ਹਾਥ ਬਦਨ ਤੇਰੇ ਮਾਰੂੰ।
ਔਰ ਕੋਰੜੋਂ ਸੇ ਮਾਰ ਮਾਰ ਤੇਰੀ ਖਾਲ ਉਤਾਰੂੰ।

ਸੀਲਾ ਦਈ :—

ਮਤ ਨਾ ਮਾਰੋ ਕੋਰੜੇ ਕਿਉਂ ਤਰਸਾਓ ਜਾਨ ?

Sri Satguru Jagjit Singh Ji Elibrary NamdhariElibrary@gmail.com

ਰਾਜਾ ਤੇਰਾ ਨਾਮ ਲੇ, ਆਇਆ ਮਹਿਲ ਦਰਮਿਆਨ।
ਮਹਿਲੋਂ ਦਰਮਿਆਨ ਜਭੀ ਰਾਜਾ ਆਇਆ।
ਮੈਂ ਤਾਕੀ ਮੇਂ ਬੈਠਕੇ ਜਬ ਪਾਟ ਧਕਾਇਆ।
ਵੁਹ ਬੋਲਾ ਹੇ ਬਹਿਨ ! ਮੇਰੇ ਮੁੰਦਰੇ ਲੀਜੇ।
ਮੈਂ ਉਸ ਸੇ ਕਹਾ ਮੁੰਦਰਾ ਆਪ ਸਾਹੂਕਾਰ ਕੋ ਦੀਜੇ।
ਉਸ ਨੇ ਚਲਤੀ ਬਾਰ ਮੇਰਾ ਯਿਹ ਖੋਟ ਨਿਕਾਲਾ।
ਜਿਨ ਨੇ ਚੋਰੀ ਕਰ ਮੁੰਦਰਾ ਪਲੰਗ ਊਪਰ ਡਾਲਾ।

ਮਹਿਤਾ :—

ਬਾਂਦੀ, ਅਭਰਨ ਛੀਨ ਲੋ, 'ਤਾਰੋ ਸਭੀ ਸੁਹਾਗ।
ਭੇਸ ਦੁਹਾਗਨ ਕਾ ਕਰੋ, ਮਹਿਲ ਉੜਾਵੇ ਕਾਗ।
ਮਹਿਲੋਂ ਕੇ ਬੀਚ ਪੜੀ ਕਾਗ ਉੜਾਵੇ।
ਔਰ ਆਠ ਪਹਰ ਬੀਚ ਇਕ ਭੋਜਨ ਪਾਵੇ।
ਜੋ ਤਿਰੀਆ ਏਤਬਾਰ ਕੀਆ ਜਗ ਮੇਂ ਹਾਰਾ।
ਤੈਂ ਝੂਠ ਬੋਲ, ਸੀਲਾ, ਘਰ ਖੋ ਦੀਆ ਹਮਾਰਾ।

ਸੀਲਾ ਦਈ :—

ਬੇਟੀ ਹੂੰ ਮੈਂ ਸਾਹ ਕੀ, ਸੁਣ ਲੇ, ਮੋਹਨ ਭਾਟ।
*ਕਰਹੇ ਦੀਏ ਜਿਨ ਮਾਲ ਕੇ ਲਦੇ ਲਦਾਏ ਸਾਠ।
ਸਾਠ ਦੀਏ ਕਰਹੇ, ਸਭੀ ਠਾਠ ਸੰਵਾਰਾ।
ਇਸ ਘਰ ਮੇਂ ਕਿਆ ਹਾਲ ਹੂਆ, ਮੋਹਨ ਹਮਾਰਾ।
ਕਿਆ ਬਿਪਤਾ ਕੀ ਬਾਤ ਕਹੂੰ ਆਗੇ ਤੇਰੇ।
ਮਾਂ ਬਾਪੋਂ ਸੇ ਆਜ ਖਬਰ ਕਰ ਦੇ ਮੇਰੇ।

ਮੋਹਨ ਭਾਟ :—

ਬੇਟੀ, ਸੀਲਾ, ਪਾਸ ਜਾ ਸ਼ੀਸ਼ ਮਹਿਲ ਦਰਮਿਆਨ।
ਉਸ ਕੇ ਮਨ ਕੀ ਪੂਛ ਕੇ ਮੁਝੇ ਸੁਨਾਓ ਆਨ।
ਆਨ ਕਹੋ ਹਮ ਸੇ ਵੁਹ ਬਤੀਆ ਸਾਰੀ।
ਵੁਹ ਸੀਲਾ ਬੇਹੋਸ਼ ਖੜੀ ਬਿਪਤਾ ਭਾਰੀ।
ਤੂੰ ਜਲਦੀ ਜਾ ਦੇਖ ਯਿਹ ਕਿਆ ਜ਼ੁਲਮ ਗੁਜ਼ਾਰਾ ?
ਕਿਉਂ ਜੀਤੇ ਭਰਤਾਰ ਭੇਸ ਰਾਂਡ ਕਾ ਧਾਰਾ ?

ਭਾਟਨੀ :—

ਅਭੀ, ਪਿਤਾ ਮੈਂ ਜਾਤ ਹੂੰ ਸੀਲਵਤੀ ਕੇ ਪਾਸ।

---

*ਊਠ।

ਕਿਆ ਬਿਪਤਾ ਉਸ ਪਰ ਪੜੀ ਹਮ ਕਰੇਂ ਉਸਕੀ ਆਸ ?
ਆਸ ਕਰੇ ਤੇਰੀ, ਰਾਜ ਦੁਲਾਰੀ।
ਕਿਆ ਪੜ ਗਈ ਹੈ ਬਿਪਤ, ਕਹੋ ਹਮ ਸੇ ਪਿਆਰੀ ?
ਕਿਉਂ ਅਭਰਨ ਸ਼ਿੰਗਰ ਤਿਆਗ ਤੁਮ ਨੇ ਦੀਨੀ ?
ਜੀਤੇ ਭਰਤਾਰ ਭੇਸ ਮੈਲੀ ਕੀਨੀ।
ਅਪਨੇ ਤੋ ਦਿਲ ਕਾ ਹਾਲ ਕਹ ਦੇ ਪਿਆਰੀ।
ਮੈਂ ਪਿਤਾ ਸੇ ਜਾਇ ਕਹੂੰ ਬਿਪਤ ਤੁਮ੍ਹਾਰੀ।

ਸੀਲਾ ਦਈ :—

ਬੇਟੀ ਮੋਹਨ ਭਾਟ ਕੀ, ਸੁਨ ਲੇ ਮੇਰੀ ਬਾਤ।
ਕਾਗਜ਼, ਕਲਮ, ਦਵਾਤ ਲਾ, ਮੈਂ ਲਿਖੂੰ ਅਪਨੇ ਹਾਥ।
ਲਿਖੂੰ ਮੈਂ ਹਾਥ 'ਬੜੀ ਬਿਪਤਾ ਭਾਰੀ'।
ਹੈ ਜ਼ਿੰਦਗੀ ਸੇ ਆਜ ਮੁਝੇ ਮੌਤ ਪਿਆਰੀ।
ਮੈਂ ਛੋੜੀ ਇਸ ਦੇਸ ਮੇਰੀ ਸਾਰ ਨਾ ਜਾਨੀ।
ਯਹਾਂ ਆਠ ਪਹਰ ਬੀਚ ਮਿਲੇ ਅੰਨ ਔਰ ਪਾਨੀ।
ਯਹਾਂ ਝੂਠਾ ਅਬ ਦੋਸ ਮੇਰੇ ਸੀਲ ਕੋ ਲਾਇਆ।
ਕੋਰੜੋਂ ਸੇ ਮਾਰ ਮਾਰ ਮੇਰਾ ਬਦਨ ਸੁਜਾਇਆ।
ਇਤਨਾ ਅਬ ਕਾਮ ਮੇਰਾ ਜਲਦੀ ਕੀਜੇ।
ਮੇਰੀ ਮਾਤਾ ਕੋ ਜਾ ਕੇ ਖਤ ਮੇਰਾ ਦੀਜੋ।

ਭਾਟਨੀ :—

ਸੀਲਾ ਨੇ ਪੁਰਜ਼ਾ ਦੀਆ ਔਰ ਕਹੀ ਯੇਹ ਬਾਤ।
ਯਿਹ ਖਤ ਤੁਮ ਜਾ ਦੀਜੀਓ ਮੇਰੀ ਮਾਤਾ ਕੇ ਹਾਥ।
ਮਾਤਾ ਕੇ ਹਾਥ ਮੇਂ ਖਤ ਦੀਜੋ ਮੇਰਾ।
ਮੈਂ ਤੜਫੂੰ ਬੇਚੈਨ, ਬੁਰਾ ਹਾਲ ਹੈ ਮੇਰਾ।
ਅਬ ਦੋਸ ਦੀਆ ਝੂਠ, ਮੇਰੀ ਸਾਰ ਨਾ ਜਾਨੀ।
ਔਰ ਆਠ ਪਹਰ ਬੀਚ ਮਿਲੇ ਹਮ ਕੋ ਪਾਨੀ।

ਮੋਹਨ ਭਾਟ :—

ਉਗਰਸੈਨ ਕੇ ਬੰਸ ਮੈਂ, ਹਰਭਜ ਸਾਹ ਸਿਰਮੌਰ।
ਸੀਲਾ ਦਈ ਪਰਚਾ ਦੀਆ, ਮੈਂ ਲਾਇਆ ਦੌੜਮ ਦੌੜ।
ਲਾਇਆ ਦੌੜਮ ਦੌੜ, ਸਾਹ ਜੀ ਦਿਲ ਮੇਰਾ ਘਬਰਾਇਆ।
ਜੋ ਮਰ ਗਈ, ਵੁਹ ਮਹਿਲ ਬੀਚ ਮੇਂ ਸੀਲਾ ਨੇ ਬੁਲਾਇਆ।
ਲਿਖ ਕਰ ਪਰਚਾ ਦੀਆ ਹਾਥ ਮੇਂ ਔਰ ਯਿਹ ਹਾਲ ਸੁਨਾਇਆ।

ਮਿਲਨਾ ਹੈ ਤੋ ਮਿਲੋ ਪਿਤਾ ਜੀ, ਕਾਲ ਮੇਰਾ ਹੈ ਆਇਆ।

ਹਰਬੰਸ ਸ਼ਾਹ :—

ਸੁਨ, ਰੇ ਮੋਹਨ ਭਾਟ ਕੇ, ਹਮੇਂ ਸੁਨਾਓ ਹਾਲ।
ਸੀਲਾ ਕਾ ਘਰ ਬਾਰ ਮੇਂ ਕਿਆ ਫੈਲਾ ਜੰਜਾਲ।
ਕਿਆ ਫੈਲਾ ਜੰਜਾਲ, ਕੈਸਾ ਜ਼ੁਲਮ ਗੁਜ਼ਾਰਾ?
ਤੂੰ ਮੋਹਨ ਅਬ ਭਾਟ ਹਾਲ ਕਹ ਦੇ ਸਾਰਾ।
ਕਿਆ ਹੋ ਗਿਆ ਘਬਰਾਹਟ ਤੇਜ ਐਸਾ ਭਾਰੀ?
ਕਿਆ ਮਹਿਤਾ ਪਰ ਆਨ ਪੜੀ ਬਿਪਤਾ ਭਾਰੀ?

ਮੋਹਨ ਭਾਟ :—

ਕਿਆ ਕਹੂੰ ਕੁਛ ਸ਼ਾਹ ਜੀ, ਮੁਝ ਸੇ ਕਹਾ ਨਾ ਜਾਇ।
ਸੀਲਾ ਬੇਟੀ ਦੇਖਕੇ ਮੈਂ ਬਹੁਤ ਗਿਆ ਘਬਰਾਇ।
ਬਹੁਤ ਗਿਆ ਘਬਰਾਇ ਸ਼ਾਹ ਜੀ,ਭੇਸ ਦੁਹਾਗਨ ਧਾਰੀ।
ਨਾ ਸੋਲਹ ਸ਼ਿੰਗਰ ਬਦਨ ਪਰ, ਨਹੀਂ ਹੈ ਲਾਲ ਸਾੜ੍ਹੀ।
ਮਹਿਤਾ ਨੇ ਕੁਛ ਦੋਸ ਲਗਾਇਆ,ਭੋਜਨ ਸਭੀ ਬਿਸਾਰਾ।
ਮਾਰ ਕੋਰੜੋਂ ਖਾਲ ਉੜਾਈ, ਤਨ ਸੇ ਮਾਸ ਉਤਾਰਾ।

ਲਛਮੀ ਨਾਰਾਇਨ :—

ਮਾਲ ਖਜ਼ਾਨੇ ਬਹੁਤ ਹੈਂ ਮੇਰੇ ਇਕ ਢੇਰ।
ਸਿਆਲਕੋਟ ਕੋ ਚਲੋ ਲੋ ਮਹਿਤਾ ਕੋ ਘੇਰ।
ਲੋ ਮਹਿਤਾ ਕੋ ਘੇਰ ਪਾਉਂ ਡਾਲੇ ਬੇੜੀ।
ਵੁਹ ਸੀਲਾ ਸੇ ਬਹਿਨ ਕਾਗ ਉੜਾਵੇ ਮੇਰੀ।
ਬਾਬਲ, ਮਤ ਦੇਰ ਕਰੋ, ਠਾਟ ਸਜਾਓ।
ਓਹ ਮਹਿਤਾ ਕੋ ਬਾਂਧਕੇ ਅਗਰੋਹੇ ਲਾਓ।

ਹਰਭਜ ਸ਼ਾਹ :—

ਜਿਨ ਕੋ ਬੇਟੀ ਦੀਜੀ ਉਨਕੇ ਨੀਚੇ ਪੈਰ।
ਮਹਿਤਾ ਸੇਤੀ ਨਾ ਬਨੇ, ਲਾਲ ਹਮਾਰਾ ਬੈਰ।
ਬੈਰ ਨਹੀਂ ਬਨਤਾ ਹੈ ਲਾਲ ਹਮਾਰੇ।
ਹਮ ਬੇਟੀ ਕੇ ਬਾਪ, ਚਲੇਂ ਪੈਦਲ ਸਾਰੇ।
ਸਿਆਲਕੋਟ ਊਪਰ ਹੈ ਕੂਚ ਹਮਾਰਾ।
ਜਾ ਪੂਛੇਂਗੇ ਸੀਲਾ ਕਾ ਦੁਖੜਾ ਸਾਰਾ।

Sri Satguru Jagjit Singh Ji Elibrary NamdhariElibrary@gmail.com

ਲਛਮੀ ਨਾਰਾਇਨ :—

ਬੇਗ ਤਿਆਰੀ ਤੁਮ ਕਰੋ, ਬਾਬਲ ਫੌਜ ਸ਼ੰਗਾਰ।
ਮਹਿਤਾ ਸੇ ਸਾਹੂਕਾਰ ਕੋ ਹਮ ਰਖੇਂ ਚਰਵੇਦਾਰ।
ਰਖੇਂ ਚਰਵੇਦਾਰ ਭਲਾ ਜੀ ਜੈਸਾ ਹੈ ਵੁਹ ਮਹਿਤਾ।
ਤਿਸ ਘਰ ਸੀਲਾ ਕਾਗ ਉੜਾਵੇ,ਖੜਾ ਭਾਟ ਯੂੰ ਕਹਿਤਾ।
ਬਾਬਲ ਜਗ ਮੇਂ ਜੀਨਾ ਥੋੜਾ,ਸਦਾ ਅਮਰ ਨਹੀਂ ਰਹਿਤਾ।
ਜਾ ਸੀਲਾ ਬਦਲਾ ਲੇਂਗੇ, ਦਿਲ ਮੇਰਾ ਯੂੰ ਕਹਿਤਾ।

ਹਰਭਜ ਸ਼ਾਹ :—

ਲਛਮੀ ਨਾਰਾਇਨ ਕੀ ਬਹੂ, ਸੁਨ ਮੇਰੀ ਇਕ ਬਾਤ।
ਬਹੁਤ ਦਿਨਾਂ ਸੰਗ ਤੂ ਰਹੀ ਸੀਲਾ ਦਈ ਕੇ ਸਾਥ।
ਸੀਲਾ ਕੇ ਸਾਥ ਰਹਾ ਪਿਆਰ ਤੁਮ੍ਹਾਰਾ।
ਤੁਮ ਉਸ ਕੇ ਦਿਲ ਕਾ ਅਬ ਭੇਦ ਕਹ ਦੋ ਸਾਰਾ।
ਕਹ ਦੋ ਤੁਮ ਬਾਤ ਆਜ ਸਾਚੀ ਸਾਰੀ।
ਕਭੀ ਜਾਕੇ ਨਾ ਬਿਗੜੇ ਵਹਾਂ ਇਜ਼ਤ ਹਮਾਰੀ।

ਲਛਮੀ ਨਾਰਾਇਨ ਕੀ ਬਹੂ :—

ਸੀਲਾ ਕਾ ਸਤ ਜਬ ਡਿਗੇ, ਧਰਤੀ ਡਿਗੀ ਅਕਾਸ।
ਡਾਲ ਅਗਨਿ ਮੇਂ ਦੇਖ ਲੋ, ਜਾਓ ਉਸ ਕੇ ਪਾਸ।
ਜਾ ਸੀਲਾ ਕੇ ਪਾਸ, ਝੂਠ ਪਲ ਮੇਂ ਲਗਾਇਆ।
ਇਸ ਬਾਤ ਕਾ ਇਤਬਾਰ ਨਹੀਂ ਮੁਝਕੋ ਆਇਆ।
ਹੈ ਕਰਤਾ ਕੀ ਰੇਖ, ਵੁਹ ਅਬ ਸਭ ਕਾ ਵਾਲੀ।
ਔਰ ਦੋਸ਼ ਬਿਨਾਂ ਚਾਂਦ ਨਹੀਂ ਸੂਰਜ ਖਾਲੀ।

ਸੀਲਾ ਦਈ ਕੀ ਮਾਤਾ :—

ਫਿਰ ਮੇਰੇ ਊਪਰ ਕਿਆ ਕਰੇ, ਸੁਨ ਲੀਜੇ ਸਾਹੂਕਾਰ।
ਬੇਗ ਤਿਆਰੀ ਤੁਮ ਕਰੋ, ਜਾ ਸੀਲਾ ਕੇ ਦਵਾਰ।
ਸੀਲਾ ਕੇ ਦਵਾਰ ਅਬ ਜਲਦੀ ਜਾਓ।
ਇਸ ਦੁਖੀਆ ਜਾਈ ਕੋ ਮੇਰੀ ਆਨ ਮਿਲਾਓ।
ਤੁਮ ਜਲਦੀ ਅਬ ਕੂਚ ਕਰੋ ਸਾਜ ਸਵਾਰੀ।
ਵੁਹ ਦੇਖੀ ਹੈ ਰਾਹ ਮੇਰੀ ਸੀਲ ਕੁਮਾਰੀ।

ਲਛਮੀ ਨਾਰਾਇਨ :—

ਸੰਗ ਅਪਨੇ ਲੇ ਚਲੋ ਬਾਈਸ ਸੌ ਉਮਰਾਓ।
ਸਿਆਲਕੋਟ ਕੇ ਬੀਚ ਮੇਂ ਜਾਨੇ ਵਹਾਂ ਕਾ ਰਾਓ।

Sri Satguru Jagjit Singh Ji Elibrary NamdhariElibrary@gmail.com

ਜਾਨੋ ਵੁਹ ਰਾਓ ਜਿਹ ਹੈ ਅਗਰੋਹੇ ਵਾਲਾ।
ਔਰ ਜਾਨੇ ਕਿਸ ਸਾਥ ਤੇਰਾ ਹੋ ਜਾਏ ਚਾਲਾ।
ਤੁਮ ਇਤਨੀ ਅਬ ਬਾਤ ਮੇਰੀ ਭੂਲ ਨਾ ਜਾਓ।
ਉਸ ਸੀਲਾ ਬਹਿਨਾ ਕੋ ਮੇਰੀ ਜਲਦੀ ਲਾਓ।

ਸੀਲਾ ਦਈ ਕੀ ਮਾਤਾ :—

ਬਨਤੀ ਅਬ ਬਨਾ ਲੇਸੁ, ਸੁਨ ਲੀਜੋ ਸਾਹੂਕਾਰ।
ਜੈਸਾ ਤੁਮ ਸੇ ਹੋ ਸਕੇ ਵੈਸਾ ਕੀਜੋ ਕਾਰ।
ਕਾਰ ਕਰੋ ਐਸਾ ਸਬ ਕਾਮ ਬਨਾਓ।
ਇਸ ਸੀਲਾ ਕੋ ਆਜ ਮੇਰੇ ਮਹਿਲੋਂ ਲਾਓ।
ਇਸ ਪੁਰਜ਼ੇ ਕੋ ਦੇਖ ਮੁਝੇ ਅੰਨ ਨ ਭਾਵੇ।
ਜਿਹ ਮੋਹਨ ਅਬ ਭਾਟ ਖੜਾ ਹਾਲ ਸੁਨਾਵੇ।

ਹਰਭਜ ਸ਼ਾਹ :—

ਕਰਮ ਰੇਖ ਮਿਟੀ ਨਹੀਂ ਜੋ ਲਿਖਾ ਰੱਬ ਹਾਥ।
ਆਓ ਮੋਹਨ ਭਾਟ ਕੇ ਚਲੇਂ ਤੁਮ੍ਹਾਰੇ ਸਾਥ।
ਚਲੇਂ ਤੁਮ੍ਹਾਰੇ ਸਾਥ ਰੇ ਮੋਹਨ, ਵੁਹ ਰੱਬ ਲਾਜ ਬਚਾਵੇ।
ਚਲੇਂ ਦ੍ਵਾਰ ਹਮ ਉਸ ਮਹਿਤਾ ਕੇ, ਕਿਆ ਹਮਸੇ ਬਨ ਆਵੇ।
ਸਿਆਲਕੋਟ ਕੋ ਚਲੀਏ ਮੋਹਨ ਸੀਲਾ ਜੀਤੀ ਪਾਵੇ।
ਇਸ ਅਗਰੋਹੇ ਬੀਚ ਫਿਰ ਦਾਤਾ ਜੀਤਾ ਲਾਵੇ।
ਸੀਲਵੰਤੀ ਤੇਰੀ ਮਾਂ ਸੀ, ਸੀਲਵੰਤ ਤੇਰਾ ਬਾਪ।
ਸੀਲਾ, ਤੁਝ ਕੋ ਵੁਹ ਕਿਆ ਭਲਾ ਕੌਨਸਾ ਪਾਪ ?
ਪਾਪ ਦਹਾ ਤੁਝ ਕੋ ਕੌਣਸਾ ਭਾਰੀ ?
ਤੈਂ ਖੋਈ ਕਿਉਂ ਲਾਜ ਭਲਾ ਆਜ ਹਮਾਰੀ ?
ਅਬ ਕਹ ਦੀਏ ਸਚ ਹਾਲ ਜੋ ਕਿ ਗੁਜ਼ਰਾ ਸਾਰਾ।
ਕਿਉਂ ਜੀਤੀ ਭਰਤਾਰ ਭੇਸ ਰਾਂਡ ਕਾ ਧਾਰਾ ?

ਸੀਲਾ ਦਈ :—

ਸੀਲਵੰਤੀ ਮੇਰੀ ਮਾਂ ਸੀ, ਸੀਲਵੰਤਾ ਮੇਰਾ ਬਾਪ।
ਸੀਲ ਮੇਰਾ ਪਤੀਆ ਲੋ, ਸਤਵੰਤੀ ਹੂੰ ਆਪ।
ਸੀਲਵੰਤੀ ਹੂੰ ਆਪ, ਰੱਬ ਸਾਖੀ ਮੇਰਾ।
ਉਸ ਰਾਜਾ ਨੇ ਆਨ ਕੀਆ ਛਲ ਸੇ ਫੇਰਾ।
ਜਬ ਦੇਖਾ ਮੈਨੇ ਸਾਹਮਨੇ ਸੇ ਰੀਸਲ ਆਇਆ।
ਫਿਰ ਤਾਕੇ ਮੇਂ ਬੈਠ ਮੈਨੇ ਪਾਟ ਧਕਾਇਆ।

ਵੋਹ ਬੋਲਾ ਫਿਰ ਬਹਿਨ ਮੇਰੀ ਮੁੰਦਰਾ ਲੀਜੋ।
ਮੈਨੇ ਉਸ ਸੇ ਕਹਾ ਮੁੰਦਰਾ ਸਾਹੂਕਾਰ ਕੋ ਦੀਜੋ।
ਉਨ ਨੇ ਚਲਨ ਬਾਰ ਮੇਰਾ ਯਿਹ ਖੋਟ ਨਿਕਾਲਾ।
ਜਿਨ ਚੋਰੀ ਸੇ ਮੁੰਦਰਾ ਪਲੰਘ ਊਪਰ ਡਾਲਾ।
ਯਿਹ ਝੂਠਾ ਦੀਆ ਦੋਸ਼ ਮੁਝੇ ਦੇਖੋ ਭਾਰੀ।
ਇਸ ਬਾਤ ਪਰ ਯੂੰ ਮਾਰ ਮਾਰ ਖਾਲ ਉਤਾਰੀ।

ਹਰਭਜ ਸ਼ਾਹ :—

ਸੀਲਾ ਝੂਠ ਨਾ ਬੋਲੀਓ, ਝੂਠ ਪਾਪ ਕਾ ਮੂਲ।
ਸਤ ਜਗਤ ਮੇਂ ਅਮਰ ਹੈ, ਅੰਤ ਧੂਲ ਕੀ ਧਲ।
ਅੰਤ ਸਭੀ ਧੂਲ ਰਹੇ ਖਾਕ ਕੀ ਢੇਰੀ।
ਜੋ ਸਤ ਰਹੇ ਆਜ, ਲਾਜ ਬਚ ਜਾਏ ਤੇਰੀ।
ਕਿਆ ? ਟੂਟ ਗਿਆ ਸਤ ? ਚੂਕ ਤੁਮ ਨੇ ਖਾਈ ?
ਜੋ ਗੁਜ਼ਰਾ ਵੁਹੀ ਹਾਲ ਕਹੋ ਮੇਰੀ ਜਾਈ ?

ਸੀਲਾ ਦਈ :—

ਬਾਬਲ ਮੇਰੀ ਬਾਤ ਕਾ ਕਰੀਓ ਤੂ ਇਤਬਾਰ।
ਸਤ ਹਾਰੇ ਪਤ ਨਾ ਰਹੇ, ਹੈ ਜ਼ਿੰਦਗੀ ਦਿਨ ਚਾਰ।
ਜ਼ਿੰਦਗੀ ਦਿਨ ਚਾਰ, ਸਤ ਕੈਸੇ ਹਾਰੂੰ।
ਜੋ ਜਾਤੀ ਲਾਜ ਵਹੀਂ ਜਾਨ ਕੋ ਡਾਰੂੰ।
ਮੈਂ ਪੈਦਾ ਇਕ ਬਾਰ ਹੂਈ ਬਿੰਦ ਸੇ ਤੇਰੇ।
ਤੂ ਡਾਲ ਅਗਨ ਬੀਚ ਦੇਖ ਸਤ ਕੋ ਮੇਰੇ।

ਹਰਭਜ ਸ਼ਾਹ :—

ਇਕ ਅਰਜ਼ ਸੁਨ ਲੋ ਮੇਰੀ ਸਾਹੂਕਾਰ ਕੇ ਲਾਲ।
ਮਹਿਤਾ ਤੈਂਨੇ ਕਿਆ ਕੀਆ ਯਿਹ ਸੀਲਾ ਕਾ ਹਾਲ ?
ਸੀਲਾ ਕਾ ਹਾਲ ਤੈਂ ਨੇ ਕਿਉਂ ਬਨਾਇਆ ?
ਕਿਆ ਟੋਟਾ ਘਰ ਬੀਚ ਤੇਰੇ ਮਾਲ ਕਾ ਆਇਆ ?
ਮੈਂਨੇ ਸੀਲਾ ਦੀਏ ਤੁਝ ਕੋ ਕਿਆ ਪਾਪ ਕਮਾਇਆ ?
ਤੈਂ ਬਾਂਦੀ ਸੇ ਹਾਲ ਪਰ੍ਹੇ ਉਸ ਕਾ ਬਨਾਇਆ ?
ਕਿਉਂ ਮਹਿਤਾ ਮੂੰਹ ਫੇਰਤਾ ? ਅਗਰੋਹਾਂ ਨਹੀਂ ਦੂਰ।
ਸੀਲਾ ਤੁਝ ਕੋ ਬਿਆਹ ਦੀਏ ਤੋ ਯੂੰਹੀ ਮੇਰਾ ਕਸੂਰ।
ਮੇਰਾ ਕਸੂਰ ਦੀਏ ਮਾਲ ਕੇ ਤੋੜੇ।
ਮੈਂ ਬਾਂਦੀ ਦੀਨ ਲੌਂਡੀ, ਅਸਬਾਬ ਕਰੋੜੇ।

ਮੈਂ ਨੇ ਸੀਲਾ ਕੇ ਬਾਗ਼ ਤੁਝੇ ਰਖਾ ਮਾਲੀ।
ਤੈਂ ਨੇ ਦੀਨਾ ਉਜਾੜ ਬਨਾ ਪੇਟ ਕਾ ਮਾਲੀ।

ਮਹਿਤਾ :—

ਬਾਗ ਦੀਏ ਸੀਲਾ ਦਈ ਦੀਏ ਮਾਲ ਕੇ ਢੇਰ।
ਓਸ ਬਾਗ ਮੇਂ ਮਾਲੀ ਕਿਆ ਕਰੇ ? ਜਹਾਂ ਆਠ ਪੈਹਰ ਰਹੇ ਸ਼ੇਰ।
ਆਠ ਪਹਿਰ ਸ਼ੇਰਾ ਹੈ ਬਾਗ ਮੇਂ ਆਵੇ।
ਵੁਹ ਮਾਲੀ ਫਿਰ ਬਾਗ ਮੇਂ, ਕਿਉਂ ਜਾਨ ਗਵਾਵੇ ?
ਥਾ ਸਤ ਕਾ ਇਤਬਾਰ ਮੇਰੇ ਦਿਲ ਪਰ ਭਾਰਾ।
ਇਸ ਤਿਰੀਆ ਕੇ ਹਾਥ ਜਨਮ ਹਮ ਨੇ ਹਾਰਾ।

ਹਰਭਜ ਸ਼ਾਹ :—

ਬਿਨਾ ਐਬ ਕਰਤਾਰ ਹੈ ਸੁਨ ਮਹਿਤਾ ਸਾਹੂਕਾਰ।
ਔਰ ਐਬ ਸਬ ਕੇ ਲਗਾ, ਜਿਤਨਾ ਹੈ ਸੰਸਾਰ।
ਜਿਤਨਾ ਸੰਸਾਰ ਨਹੀਂ ਐਬ ਸੇ ਖਾਲੀ।
ਹੈ ਐਬ ਬਿਨਾ ਆਪ ਵੁਹ ਰਬ ਸਭ ਕਾ ਵਾਲੀ।
ਤੂ ਜਾਨੇ ਦੇ ਮਹਿਤੇ, ਮਤ ਰਾਰ ਬੜ੍ਹਾਵੇ।
ਜੋ ਬੀਤਾ ਲੇ ਛਾਨ ਵੁਹੀ ਕਿਰਕਲ ਖਾਵੇ।

ਮਹਿਤਾ :—

ਛਾਤੀ ਦੇਖ ਲੋ ਚੀਰ ਕੇ, ਪੜੇ ਜਿਗਰ ਮੇਂ ਰਾਧ।
ਘਰ ਦਰ ਮੇਰਾ ਕਰ ਦੀਆ ਗੋਸਲ ਨੇ ਬਰਬਾਦ।
ਬਰਬਾਦ ਕੀਆ ਮੁਝ ਕੋ ਕਿਆ ਖੋਟ ਹਮਾਰਾ।
ਮੈਂ ਭੇਜਾ ਪਰਦੇਸ, ਐਸੇ ਛਲ ਸੇ ਮਾਰਾ।
ਕੀਆ ਨੌਕਰ ਕੇ ਸਾਥ ਦਗ਼ਾ, ਪਾਪ ਕਮਾਇਆ।
ਨਰਕੀ ਹੈ ਵੁਹ ਜਨਮ ਧੋਖਾ ਖਾਇਆ।

ਹਰਭਜ ਸ਼ਾਹ :—

ਰਾਜਾ, ਤੇਰੇ ਨਗਰ ਮੇਂ ਐਸੀ ਹੈਗੀ ਰੀਤ।
ਜਾਨ ਜਾਏ ਰਖ ਲਾਜ ਕੋ, ਨਹੀਂ ਕਰਤਾ ਪਰਤੀਤ।
ਨਹੀਂ ਆਵੇ ਪਰਤੀਤ, ਆਜ ਸੁਨ ਲੇ ਭਾਈ।
ਨਾ ਧਰਤੀ ਅਸਮਾਨ ਤਲੇ ਟੇਕ ਲਗਾਈ।
ਵੋਹ ਕਹਿਤਾ ਯਿਹ ਝੂਠ ਬਚਨ ਸਤ ਕਾ ਹਾਰਾ।
ਮੇਰਾ ਟੂਟਾ ਏਤਬਾਰ ਕੀਆ ਮਤਲਬ ਸਾਰਾ।

Sri Satguru Jagjit Singh Ji Elibrary NamdhariElibrary@gmail.com

ਰਾਜਾ ਰਸਾਲੂ :—

ਆਓ, ਹਰਭਜ ਸ਼ਾਹ ਜੀ, ਲੋ ਮੇਰੇ ਪਰਨਾਮ ।
ਬੜੀ ਮਿਹਰ ਤੁਮ ਨੇ ਕਰੀ ਆਏ ਮੇਰੇ ਧਾਮ ।
ਆਏ ਹੋ ਧਾਮ ਮੇਰੇ ਮਾਨ ਬੜ੍ਹਾਏ ।
ਅਗਰੋਹੇ ਕੇ ਸਾਹ ਦ੍ਵਾਰੇ ਆਏ ।
ਜੋ ਕਾਮ ਮੇਰੇ ਲਾਇਕ ਹੋ, ਆਗਿਆ ਪਾਊਂ ।
ਜੋ ਕਰ ਦੋ ਅਬ ਹੁਕਮ ਉਸੇ ਹਾਲ ਬਜਾਊਂ ।

ਹਰਭਜ ਸ਼ਾਹ :—

ਕਿਉਂ ਰਾਜਾ *ਅਲਕ ਗਈ ਕਿਆ ਖਾਏ ਭੂਲ ?
ਮਹਿਤਾ ਕੇ ਤੈਂ ਸੀਸ ਪਰ ਧਰਾ ਫੂਲ ।
ਫੂਲ ਧਰਾ ਮਹਿਤੇ ਕੇ ਸਿਰ ਪਰ ਭਾਰੀ ।
ਖੋਈ ਹੈ ਲਾਜ ਤੈਂ ਨੇ ਆਜ ਹਮਾਰੀ ।
ਤੈਂ ਨੇ ਨੌਕਰ ਕੇ ਸਾਥ ਬੜਾ ਜ਼ੁਲਮ ਗੁਜ਼ਾਰਾ ।
ਔਰ ਭੇਜਾ ਪਰਦੇਸ ਤੈਂ ਨੇ ਛਲ ਸੇ ਮਾਰਾ ।

ਰਾਜਾ ਰਸਾਲੂ :—

ਸੁਨੀਓ ਹਰਭਜ ਸ਼ਾਹ ਜੀ ਕਰੀਓ ਮੇਰੀ ਕਬੂਲ ।
ਨਾ ਮੇਰੀ ਅਲਕ ਗਈ ਨਾ ਮੈਂ ਖਾਈ ਭੂਲ ।
ਖਾਈ ਨਹੀਂ ਭੂਲ ਨਾ ਕੁਛ ਦੋਸ਼ ਹਮਾਰਾ ।
ਹੈ ਲਖਮੀ ਚੰਦ ਲਾਲ ਜੈਸਾ ਬੱਚਾ ਤੁਮਾਰਾ ।
ਕੁਛ ਪਾਪ ਕੀ ਨਹੀਂ ਕਾਜ ਕੀਏ ਮੈਂ ਨੇ ਫੇਰੇ ।
ਮੇਰੀ ਸੀਲਾ ਹੈ ਬਹਿਨ, ਬਚਨ ਸੁਨ ਲੇ ਮੇਰੇ ।

ਹਰਭਜ ਸ਼ਾਹ :—

ਜੋ ਰਾਜਾ ਮਨ ਮੇਂ ਤੇਰੇ ਨਹੀਂ ਹੈਗਾ ਕੁਛ ਪਾਪ ।
ਚਲ ਮਹਿਤਾ ਕੇ ਸਾਹਮਨੇ ਨਿਆਉਂ ਚੁਕਾਓ ਆਪ ।
ਨਿਆਉਂ ਕਰੋ ਆਪ ਚਲੋ ਉਸਕੇ ਦਵਾਰੇ ।
ਜੋ ਸੀਲਾ ਕੇ ਸਾਥ ਤੈਂਨੇ ਜ਼ੁਲਮ ਗੁਜ਼ਾਰੇ ।
ਵੁਹ ਮਹਿਤਾ ਕੁਛ ਆਜ ਨਹੀਂ ਸੁਨਤਾ ਮੇਰੇ ।
ਵੁਹ ਬੈਠਾ ਹੈ ਆਪ ਚਲੋ ਆਜ ਸਵੇਰੇ ।

ਰਾਜਾ ਰਸਾਲੂ :—

ਹੁਕਮ ਤੁਮਾਰਾ ਸਿਰ ਧਰਾ, ਨਹੀਂ ਕਰੂੰ ਤਕਰਾਰ ।

---

*ਅੱਕਲ ।

Sri Satguru Jagjit Singh Ji Elibrary NamdhariElibrary@gmail.com

ਸਾਥ ਤੁਮਾਰੇ ਮੈਂ ਚਲੂੰ ਉਸ ਮਹਿਤੇ ਕੇ ਦਵਾਰ।
ਮਹਿਤੇ ਕੇ ਪਾਸ ਚਲੋ ਮਿਲਕੇ ਸਾਰੇ।
ਉਨ ਦੋਸ ਦੀਆ ਝੂਠ, ਪੜਾ ਜ਼ੁਲਮ ਗੁਜ਼ਾਰੇ।
ਮੈਂ ਕਰਕੇ ਮਨ ਸਾਫ ਗਿਆ ਉਸਕੇ ਮੰਦਰ।
ਤੁਮ ਲੀਜੇ ਪਤੀਆ ਮੁਝੇ ਆਗ ਕੇ ਅੰਦਰ।

ਹਰਭਜ ਸ਼ਾਹ :—

ਰਾਜਾ ਕੋ ਮੈਂ ਲੇ ਆਇਆ ਮਹਿਤਾ ਤੇਰੇ ਬਾਰ।
ਦਿਲ ਕੇ ਗੁਦੜ ਮਿਟਾ ਲੇ, ਜੋ ਹੈਗਾ ਤਕਰਾਰ।
ਜੋ ਹੈਗਾ ਤਕਰਾਰ ਗੁਦੜ ਮੇਟ ਲੇ ਸਾਰਾ।
ਜਿਸ ਬਾਤ ਪੇ ਤੈਂ ਮਹਿਤਾ ਯਹਾਂ ਜ਼ੁਲਮ ਗੁਜ਼ਾਰਾ।
ਜੋ ਸੀਲਾ ਕਾ ਖੋਟ ਜਚਾ ਮਨ ਮੇਂ ਤੇਰੇ।
ਤੋ ਲੇਨਾ ਪਤੀਆ ਆਜ ਆਗੇ ਮੇਰੇ।

ਮਹਿਤਾ :—

ਛਾਤੀ ਦੇਖੋ ਚੀਰਕੇ ਪੜੀ ਜਿਗਰ ਮੇਂ ਰਾਦ।
ਘਰ ਦਰ ਮੇਰਾ ਕਰ ਦੀਆ ਰੀਸਲ ਨੇ ਬਰਬਾਦ।
ਬਰਬਾਦ ਕੀਆ ਹਮਕੋ ਦਗਾ ਕਰਕੇ ਭਾਰੀ।
ਔਰ ਖੋਈ ਸਬ ਲਾਜ ਆਜ ਬਾਤ ਹਮਾਰੀ।
ਇਨ ਕਰ ਦੀਏ ਬਰਬਾਦ ਦੋਸ ਹਮਕੋ ਦੀਨਾ।
ਅਬ ਜ਼ਿੰਦਗੀ ਬਰਬਾਦ, ਬੁਰਾ ਲਗਤਾ ਜੀਨਾ।

ਰਾਜਾ ਰਸਾਲੂ :—

ਸਤ ਬਚਨ ਤੁਮ ਸੇ ਕਹੂੰ ਕਰ ਮਹਿਤਾ ਇਤਬਾਰ।
ਸੀਲਾ ਕਾ ਸਤ ਨ ਡਿਗਾ, ਸਾਖੀ ਹੈ ਕਰਤਾਰ।
ਸਾਖੀ ਕਰਤਾਰ ਸਤ ਸੀਲਾ ਸਾਚਾ।
ਉਜਲ ਪਰਵਾਰ ਬੜਾ ਕੁਲ ਕਾ ਆਛਾ।
ਕੁਝ ਪਾਪ ਕੀ ਨਹੀਂ ਕਾਜ ਮਹਿਲ ਦੇਖਾ ਤੇਰਾ।
ਇਸ ਬਾਤ ਕਾ ਇਤਬਾਰ ਕਰੋ ਮਹਿਤਾ ਮੇਰਾ।

ਮਹਿਤਾ :—

ਤੂ ਅਪਨੀ ਸੀ ਕਰ ਚੁਕਾ, ਬਨ ਆਈ ਸਬ ਕਾਰ।
ਅਬ ਹਮ ਸੇਤੀ ਮਤ ਕਰੇ ਝੂਠੇ ਰੀਸਲੂ ਰਾਰ।
ਕਿਉਂ ਝੂਠੇ ਤਕਰਾਰ ਕਰੇ ਹਮ ਸੇ ਰਾਜਾ?
ਸਬ ਜਾਨੇ ਸੰਸਾਰ ਜੈਸਾ ਕਰੋ ਕਾਜਾ।

Sri Satguru Jagjit Singh Ji Elibrary NamdhariElibrary@gmail.com

ਤੈਂ ਖੋਟ ਕੀਆ ਯਾਰ ਪ੍ਰੌਣ ਮੇਰਾ ਪਾਲਾ।
ਜਾ ਰੱਬ ਕੇ ਦਰਬਾਰ ਤੇਰਾ ਮੂੰਹ ਹੋ ਕਾਲਾ।

ਰਾਜਾ ਰਸਾਲੂ :—

ਮਹਿਤਾ ਮੈਂ ਤੇਰੇ ਗਿਆ ਕਰ ਲੇਨਾ ਇਤਬਾਰ।
ਸੀਲਾ ਦਈ ਕੇ ਮਹਿਲ ਮੇਂ ਨਹੀਂ ਦੂਸਰੀ ਕਾਰ।
ਕਾਰ ਨਹੀਂ ਪਾਪ ਕੀ ਸੁਨ ਮੇਰੇ ਭਾਈ।
ਵੁਹ ਸੀਲਾ ਹੈ ਬਹਿਨ, ਮੇਰੀ ਮਾਂ ਕੀ ਜਾਈ।
ਹੈ ਝੂਠਾ ਯਿਹ ਖੋਟ ਜਚਾ ਮਨ ਮੇਂ ਤੇਰੇ।
ਤੈਂ ਲੇਨਾ ਪਤੀਯਾ ਲੋ ਅਭੀ ਆਗੇ ਮੇਰੇ।

ਮਹਿਤਾ :—

ਜੇਸੀ ਕਰਨੀ ਤੈਂ ਕਰੀ ਜਾਨੇ ਸਭ ਸੰਸਾਰ।
ਨਹੀਂ ਜਗਤ ਕੇ ਬੀਚ ਮੇਂ ਕਾਮੀ ਕਾ ਇਤਬਾਰ।
ਇਤਬਾਰ ਨਹੀਂ ਕਾਮੀ ਕਾ ਜਗ ਮੇਂ ਭਾਰੀ।
ਤੂ ਖਾਤਾ ਹੈ ਝੂਠ ਕਸਮ ਸੌ ਸੌ ਬਾਰੀ।
ਮੈਂ ਜਾਨੋ ਹੂੰ ਤੁਝ ਕੋ, ਕਿਉਂ ਬਾਤ ਬਨਾਵੇ ?
ਜੈਸਾ ਕੀਆ ਕਾਮ ਤੇਰੇ ਆਗੇ ਆਵੇ ?

ਰਾਜਾ ਰਸਾਲੂ :—

ਚੌਪੜ ਮੇਂ ਤੂ ਚਤੁਰ ਹੈ, ਚਲੋ ਚਾਲ ਅਮੋਲ।
ਮਹਿਤਾ ਪਾਸਾ ਫੈਂਕ ਕੇ, ਲੇਨਾ ਸਤ ਕੋ ਤੋਲ।
ਸੱਤ ਕੋ ਲੋ ਤੋਲ, ਕਹੋ ਮੁਖ ਸੇ ਬਾਨੀ।
ਤੁਮ ਲੇਨਾ ਪਹਿਚਾਨ, ਆਪ ਹੋਗੇ ਗਿਆਨੀ।
ਜੋ ਸੀਲਾ ਕਾ ਸਤ ਬੁਰਾ ਦੇਖੋ ਹਾਰਾ।
ਮੇਰੇ, ਮਾਰੋ ਤਲਵਾਰ ਸੀਸ ਕਰ ਦੋ ਨਿਆਰਾ।

ਹਰਭਜ ਸ਼ਾਹ :—

ਅਪਨੇ ਮੁਖ ਸੇ ਤੁਮ ਬਦਉ, ਮਹਿਤਾ ਗਿਨਕੇ ਦਾਓ।
ਆ ਪੰਚੋਂ ਕੇ ਬੀਚ ਮੈਂ ਰਬ ਆਪ ਕਰੇਂਗੇ ਨਿਆਓਂ।
ਆਪ ਕਰੇਂ ਨਿਆਉਂ, ਵੁਹੀ ਸਿਰਜਨ ਹਾਰਾ।
ਤੁਮ ਫੈਂਕੋ ਹੋ ਹਾਥ ਬਹੁਤ ਪੌਂ ਬਾਰਾ।
ਸੀਲਾ ਕੇ ਸੱਤ ਕੇ ਯੇਹ ਕਸਮ ਹਮ ਨੇ ਖਾਈ।
ਤੂ ਹਾਰ ਜੀਤ ਕਰਕੇ ਅਬ ਦੇਖ ਲੋ ਭਾਈ।

ਮਹਿਤਾ :—

ਸੀਲਾ ਕੇ ਹੈਂ ਪਾਂਚ ਦੋ, ਸਤਰਹ ਤੇਰਾ ਦਾਉ ।
ਪੌਂ ਬਾਰਾਂ ਹੈਗੀ ਮੇਰੀ, ਪਾਸਾ ਲੀਆ ਉਠਾਉ ।
ਪਾਸਾ ਨਚਕਾਰੀ ਆਗੇ ਆਵੇ ।
ਅਬ ਝੂਠੀ ਕਿਉਂ ਬਾਤੋਂ ਕੋ ਫਿਰ ਚਲਾਵੇ ?
ਪਾਸਾ ਦੀਏ ਫੈਂਕ, ਬਚਨ ਹਮ ਨੇ ਮਾਨੇ ।
ਕੁਦਰਤ ਕੇ ਖੇਲ ਪੜੇ ਤੀਨੋਂ ਕਾਨੇ ।

ਹਰਭਜ ਸ਼ਾਹ :—

ਸੀਲਾ, ਸੱਤ ਕੋ ਯਾਦ ਕਰ ਲੇ, ਲੇ ਪਾਸਾ ਹਾਥ ।
ਜੋ ਤੇਰਾ ਸੱਤ ਸੱਚ ਰਹਾ, ਤੋ ਪੜੇਂ ਪਾਂਚ ਦੋ ਸਾਤ ।
ਸਾਤ ਪੜੇਂ ਆਨ ਰਹੇ ਲਾਜ ਤੁਮਾਰੀ ।
ਹੈ ਪਾਸੇ ਕੇ ਹਾਥ ਆਜ ਬਾਤ ਹਮਾਰੀ ।
ਪਾਸਾ ਲੇ ਹਾਥ ਨਿਰੰਕਾਰ ਮਨਾਵੇ ।
ਜੋ ਸਚਾ ਹੈ ਸੀਲ ਤੇਰੇ ਆਗੇ ਆਵੇ ।

ਸੀਲਾ ਦਈ ਕੀ ਦੁਆ :—

ਮੇਰੀ ਸਹਾਇ ਕੀਜੋ, ਤ੍ਰਿਲੋਕੀ ਕੇ ਨਾਥ ।
ਪਾਸਾ ਸਤ ਕੇ ਦਾਓ ਸੇ, ਪੜੋ ਪਾਂਚ ਦੋ ਸਾਤ ।
ਸਾਤ ਪੜੇਂ ਆਨ ਆਜ, ਸਤ ਪਰ ਮੇਰੇ ।
ਅਬ ਹਾਰ ਜੀਤ ਹਾਥ, ਦੀਏ ਰੱਬ ਨੇ ਤੇਰੇ ।
ਇਸ ਸੰਕਟ ਕੇ ਬੀਚ, ਮੇਰੀ ਜਾਨ ਬਚਾਓ ।
ਤੁਮ ਪਾਸਾ ਕੇ ਹਾਥ, ਮੇਰਾ ਨਿਆਓਂ ਚੁਕਾਓ ।

ਰਾਜਾ ਰਸਾਲੂ :—

ਸੀਲਾ ਕਾ ਸਤ ਅਮਰ ਹੈ, ਪੜੇਂ ਪਾਂਚ ਦੋ ਸਾਤ ।
ਗੁਰੂ ਗੋਰਖ ਕਾ ਨਾਮ ਲੇ, ਲੂੰ ਪਾਸਾ ਮੈਂ ਹਾਥ ।
ਪਾਸਾ ਲੂੰ ਹਾਥ ਪੜੇ ਆਨ ਅਠਾਰਾਂ ।
ਯੇਹ ਧਰਤੀ ਅਸਮਾਨ ਖੜਾ ਸੱਤ ਸੇ ਸਾਰਾ ।
ਕਿਆ ਮਹਿਤਾ ਸਾਹੂਕਾਰ, ਤੁਝੇ ਆਇਆ ਸਪਨਾ ।
ਤੂ ਪਾਸਾ ਲੇ ਫੈਂਕ ਦਾਓ ਕਰਕੇ ਅਪਨਾ ।

ਮਹਿਤਾ :—

ਪੌਂ ਬਾਰਾਂ ਹੈਗੇ ਮੇਰੇ, ਜੋ ਮੇਰਾ ਦਾਓ ।
ਪਾਸਾ ਕੇ ਕੁਛ ਪੱਤ ਨਹੀਂ, ਮੈਂ ਦੇਖਾ ਉਸ ਕਾ ਨਿਆਓ ।
ਪਾਸਾ ਕਾ ਨਿਆਓਂ ਨਹੀਂ, ਛਲ ਹੈ ਭਾਰੀ ।

ਯਹਾਂ ਬੜੇ ਬੜੇ ਪੀਰ ਬੈਠੇ ਓਸ ਪੈ ਕਾਰੀ।
ਇਸ ਬਾਤ ਕੇ ਇਤਬਾਰ ਨਹੀਂ, ਮੁਝਕੋ ਆਇਆ।
ਯੇਹ ਰਾਜਾ ਛਲ ਬਾਜ਼, ਰਚੀ ਛਲ ਕੀ ਮਾਇਆ।

ਹਰਭਜ ਸ਼ਾਹ :—

ਝੂਠੀ ਬਾਤੇਂ ਮਤ ਕਹੋ ਦਿਲ ਸੇ ਕਰੋ ਬਿਚਾਰ।
ਕਿਸੀ ਤਰਹ ਮਹਿਤਾ ਤੁਝੇ ਆਵੇ ਭੀ ਇਤਬਾਰ?
ਆਵੇ ਇਤਬਾਰ ਤੁਝੇ ਕੈਸੇ ਭਾਈ?
ਅਬ ਪਾਸਾ ਕਾ ਹਾਲ ਕਹੋ ਸੱਚ ਬਤਾਇ।
ਤੂ ਲੀਜੇ ਪਤੀਆ, ਮਤੀ ਦੇਰ ਲਗਾਇ।
ਜਿਸ ਬਾਤ ਸੇ ਇਤਬਾਰ ਤੁਝੇ ਮਹਿਤਾ ਆਵੇ।

ਮਹਿਤਾ :—

ਤੇਲ ਕੜਾਹੀ ਡਾਲ ਦੋ, ਬੇਗ ਕਰੋ ਤਿਆਰ।
ਉਸ ਮੇਂ ਸੀਲਾ ਨਹਾ ਲੇ ਜਬ ਆਵੇ ਇਤਬਾਰ।
ਆਵੇ ਇਤਬਾਰ ਜ਼ਰਾ ਮੇਰੇ ਮਨ ਕੋ।
ਪਹੁੰਚੀ ਨਹੀਂ ਆਂਚ ਜ਼ਰਾ ਉਸ ਕੇ ਤਨ ਕੋ।
ਜੋ ਕਰਨਾ ਯੇਹ ਕਾਮ ਮਤੀ ਦੇਰ ਲਗਾਓ।
ਅਬ ਝੂਠੀ ਕਿਉਂ ਬਾਤੋਂ ਕੋ ਪੈਰ ਚਲਾਓ?

ਸੀਲਾ ਦਈ :—

ਮਹਿਤਾ ਕਾ ਕਹਿਨਾ ਕਰੋ, ਮਤ ਲਗਾਓ ਦੇਰ।
ਧਰੋ ਕੜਾਹੀ ਤੇਲ ਕੀ ਔਰ ਕਾਮ ਕਰ ਫੇਰ।
ਫੇਰ ਕਰੋ ਕਾਮ, ਬੇਗ ਤੇਲ ਮੰਗਾਓ।
ਕੜਾਹੀ ਮੇਂ ਡਾਲ ਕਰ ਫਿਰ ਆਂਚ ਲਗਾਓ।
ਜਬ ਹੋ ਜਾਵੇ ਤੇਲ ਗਰਮ, ਕਹ ਦੋ ਹਮ ਸੇ।
ਲੇ ਸੀਲਾ ਆਪ ਨਹਾਏ, ਮਲੇ ਅਪਨੇ ਤੱਨ ਸੇ।

ਮਹਿਤਾ :—

ਤੇਲ ਕੜਾਹੀ ਡਾਲਕੇ ਦੇ ਦੋ ਜਲਦੀ ਆਂਚ।
ਧਕ ਧਕ ਭੱਠੀ ਕਰੇ ਜੈਸੇ ਪੱਕੇ ਕਾਂਚ।
ਜੈਸੇ ਪੱਕੇ ਕਾਂਚ ਐਸੀ, ਭੱਠੀ ਬਾਲੀ।
ਫਿਰ ਦੂਰ ਦੂਰ ਪਹੁੰਚੀ ਉਸ ਆਂਚ ਕੀ ਲਾਲੀ।
ਸਭ ਪਾਪ ਮਿਟੇ ਅਪਨੇ ਯਿਹ ਦਿਲ ਮੇਂ ਠਾਨੋ।
ਤੁਮ ਕਰ ਦੋ ਤਿਆਰ ਕਹਾ ਮੇਰਾ ਮਾਨੋ।
ਜਬ ਲਾਲ ਹੋਵੇ ਤੇਲ ਦੇਖ ਉਸ ਕੋ ਜਾਕੇ।

ਫਿਰ ਸੀਲਾ ਸੇ ਹੁਕਮ ਕਰੋ ਨਹਾਏ ਆਕੇ।

ਚੋਬਦਾਰ :—

ਮਹਿਤਾ ਆਖੋਂ ਖੋਲ੍ਹਕੇ ਦੇਖੋ ਉਸਕੇ ਹਾਲ।
ਅਗਨ ਜਲੇ ਲੋਹਾ ਤਪ, ਤੇਲ ਹੂਆ ਹੈ ਲਾਲ।
ਤੇਲ ਹੂਆ ਲਾਲ ਦੇਖ ਮਹਿਤਾ ਪਿਆਰਾ।
ਤੁਮ ਦਿਲ ਕੋ ਭਰਪੂਰ ਕਰੋ ਮਤਲਬ ਸਾਰਾ।
ਤਮ ਰਖੀਓ ਭਗਵਾਨ ਯਾਦ, ਈਸ ਮਨਾਓ।
ਜੋ ਸੱਚਾ ਹੈ ਸੀਲ, ਮਤੀ ਦੇਰ ਲਗਾਓ।

ਸੀਲਾ ਦਦੀ ਕੀ ਦੁਆ :—

ਮੇਰੀ ਸਹਾਈ ਕੀਜੀਏ ਅਬ ਤ੍ਰਿਲੋਕੀ ਕੇ ਨਾਥ!
ਖੰਭ ਚੀਰ ਪ੍ਰਹਿਲਾਦ ਕੋ ਆਪ ਲਗਾਇਆ ਸਾਥ!
ਤੈਂ ਰੱਖੀ ਹੈ ਲਾਜ ਕਰੇ ਗਜ ਕੀ ਸਹਾਈ!
ਔਰ ਦਰੋਪਤੀ ਕੀ ਚੀਰ ਸਭਾ ਬੀਚ ਭਰਾਈ!
ਨਰਸੀ ਕੀ ਕਾਜ ਕਰੇ ਬੇਗ ਸਵਾਰੀ!
ਇਸ ਜਲਤੀ ਅਗਨ ਬੀਚ ਲਾਜ ਰਖੀਓ ਹਮਾਰੀ!
ਤੁਲਸੀ ਕੀ ਮਾਲਾ ਫਿਰ ਹਾਥ ਉਠਾਈ!
ਸੀਲਾ ਲੇ ਨਹਾਏ, ਨਹੀਂ ਸੁਰਖੀ ਆਈ।

ਹਰਭਜ ਸ਼ਾਹ :—

ਕਰਮ ਲਿਖ ਕਰਤਾਰ ਨੇ, ਕਰਮ ਸਕੇ ਹੈ ਬਾਂਚ।
ਮਹਿਤਾ ਅਬ ਤੂੰ ਦੇਖ ਲੇ, ਨਹੀਂ ਸਾਚ ਕੋ ਆਂਚ।
ਨਹੀਂ ਸਾਚ ਕੋ ਆਂਚ, ਰੇ ਮਹਿਤਾ ਜਾਨੇ ਸਭ ਸੰਸਾਰ।
ਸੱਤ ਕੀ ਸੀਲਾ ਆਪ ਬਨੇ ਹੈ, ਉਸਕਾ ਸਿਰਜਨਹਾਰਾ।
ਝੂਠਾ ਦੋਸ ਲਗਾਇਕੇ ਤੈਂਨੇ ਕਿਉਂ ਸੀਲਾ ਕੋ ਮਾਰਾ?
ਜੋ ਲਖਮੀ ਚੰਦ ਅਬ ਸੁਨਤੇ ਵੁਹ ਖੋਵੇ ਝੇੜਾ ਥਾਰਾ।

ਮਹਿਤਾ :—

ਮੰਤਰ ਕੋ ਯੇਹ ਜੋਰ ਹੈ, ਤੇਲ ਹੂਆ ਹੈ ਮੰਦ।
ਯੇਹ ਗੋਰਖ ਕਾ ਚੇਲਕਾ, ਕੀਆ ਕੜਾਹਾ ਠੰਢ।
ਠੰਢਾ ਕੀਆ ਮੰਤਰ ਸੇ ਤੇਜ ਅਗਨ ਕੋ।
ਇਸ ਵਾਸਤੇ ਨਹੀਂ ਆਂਚ ਲਗੀ ਇਸ ਕੇ ਤਨ ਕੋ।
ਯੇਹ ਜਾਦੂ ਸੇ ਰਾਜਾ ਸਭ ਕਾਮ ਬਨਾਵੇ।
ਇਸ ਵਾਸਤੇ ਇਤਬਾਰ ਨ੍ਹੀਂ ਮੁਝ ਕੋ ਆਵੇ।

Sri Satguru Jagjit Singh Ji Elibrary NamdhariElibrary@gmail.com

ਹਰਭਜ ਸ਼ਾਹ :—

ਸੂਏ ਕਸੁੰਭਾ ਪਹਿਰ ਲੇ, ਬਹੁਰ ਕਰੋ ਸ਼ਿੰਗਾਰ।
ਸੱਤ ਤੇਰੇ ਕਾ ਆ ਗਿਆ, ਹਮ ਸਭ ਕੋ ਇਤਬਾਰ।
ਸਭ ਕੋ ਇਤਬਾਰ ਤੇਰੇ ਸੱਤ ਕਾ ਆਇਆ।
ਜੋ ਹੋਨੀ ਥੀ ਹੋ ਗਈ, ਰਹੀ ਰੱਬ ਕੀ ਮਾਇਆ।
ਤੁਮ, ਸੀਲਾ ਸ਼ਿੰਗਾਰ ਕਰੋ ਅਭੱਰਨ ਸਾਰੇ।
ਇਸ ਝਗੜੇ ਕੋ ਦੂਰ ਕਰੋ ਗਰਦਨ ਮਾਰੋ।

ਸੀਲਾ ਦਈ :—

ਯੇਹ ਢੰਗ ਮੇਰਾ ਕਰ ਦੀਆ, ਕਿਆ ਮੇਰੀ ਤਕਸੀਰ ?
ਤੂ ਜਨਨੀ ਮਾਤਾ ਮੇਰੀ, ਯੇਹ ਮਹਿਤਾ ਮੇਰਾ ਬੀਰ।
ਮਹਿਤਾ ਹੈ ਬੀਰ ਮੇਰਾ ਆਜ ਧਰਮ ਕਾ।
ਜੋ ਲਿਖਾ ਤਕਦੀਰ ਮਿਟੇ ਨਹੀਂ ਕਰਮ ਕਾ।
ਅਬ ਦੇਖ ਲੀਆ ਮੁਝ ਕੋ ਡਾਲ ਤੇਲ ਕੇ ਅੰਦਰ।
ਮੱਤ ਦੇਰ ਕਰੇ ਬਾਬਲ, ਚਲ ਅਪਨੇ ਮੰਦਰ।

## ਬਿਆਨ ਦੂਸਰੇ ਭਾਟ ਕਾ

ਸੀਲਾ ਦਈ :—

ਬਾਬਲ, ਰੱਥ ਜੁਤਵਾਇ ਦੇ, ਅਬ ਮਤ ਕੀਜੇ ਦੇਰ।
ਮੈਂ ਭੋਜਨ ਯਹਾਂ ਨ ਕਰੂੰ, ਹੋਗੀ ਬੜੀ ਅਬੇਰ।
ਹੋਗੀ ਬੜੀ ਅਬੇਰ, ਕਰੋ ਚਲਨੇ ਕੀ ਤਿਆਰੀ।
ਨਾ ਠੈਹਿਰੂੰ ਪਲ ਇਕ, ਕਹੀ ਮੈਂ ਮਨ ਕੀ ਸਾਰੀ।
ਮੇਰੀ ਮਾਤਾ ਪਾਸ ਮੁਝੇ, ਬਾਬਲ, ਲੇ ਜਾਉ।
ਬਾਰ ਬਾਰ ਮੈਂ ਕਹੂੰ, ਜ਼ਰਾ ਮਤ ਦੇਰ ਲਗਾਉ।

ਮਹਿਤਾ :—

ਚੀਰ ਉਤਾਰੂੰ ਜ਼ੱਰ ਕੀ, ਗਲ ਜਾਮਾ ਚੋਤਾਰ।
ਕੌਨ ਸਮੇਂ ਬਿਛਰਨ ? ਕਿਆ ਹਮਰੇ ਪ੍ਰਾਨ ਅਧਾਰ ?

ਰਾਗਨੀ :—

ਪ੍ਰਾਨ ਲੀਏ ਜਾਤ ਹੈ ਸੀਲਾ। ਪ੍ਰਭੂ ! ਤੈਂ ਕਿਆ ਰਚੀ ਲੀਲਾ ?
ਛੂਟਾ ਮੇਰਾ ਅਨ ਜਲ ਪੀਨਾ। ਬਿਨਾ ਸੀਲਾ ਨਹੀਂ ਜੀਨਾ।
ਨਹੀਂ ਜਾਨੂੰ ਥਾ ਯਹ ਹੋਗੀ। ਬਨੂੰ ਚਲਕੇ ਅਬੀ ਜੋਗੀ।

ਹਰਭਜ ਸ਼ਾਹ :—

ਰੁਦਨ ਕਰੋ ਮਹਿਤਾ, ਮਤੀ, ਮਤ ਨਾ ਖੋਈਏ ਜਾਨ।

ਐ ਬੀਰਨ ਮਹਿਤਾ ਮੇਰੇ, ਕਹਾ ਹਮਾਰਾ ਮਾਨ।
ਕਹਾ ਹਮਾਰਾ ਮਾਨ, ਬੀਰਨ ਮੈਂ ਸਮਝਾਊਂ ਤੁਝਕੋ ਭਾਈ।
ਦੂਜੀ ਬਹਿਨ ਔਰ ਸੀਲਾ ਕੀ, ਵਹੁ ਤੁਝ ਕੇ ਦੂੰ ਪਰਨਾਈ।
ਸੀਲਾ ਪੈ ਕੁਛ ਜ਼ੋਰ ਨ ਮੇਰਾ, ਬਾਤ ਸੁਨੋ ਹਮਰੀ ਸਾਰੀ।
ਰੱਥ ਜੁਤਵਾਏ ਚਲੂੰ ਅਗਰੋਹੇ, ਰਾਮ, ਰਾਮ ਸਭ ਲੇ ਮਹਾਰੀ।

ਰਾਜਾ ਰਸਾਲੂ :—

ਧੰਨ ਸੀਲਾ ਤੇਰੀ ਮਾਤ ਕੋ, ਧੰਨ ਪਿਤਾ ਮਾਤ ਕੰਵਾਰ।
ਧੰਨ ਤੇਰਾ ਪਰਵਾਰ ਸਭ, ਧੰਨ ਮਹਿਤਾ ਭਰਤਾਰ।
ਧੰਨ ਮਹਿਤਾ ਭਰਤਾਰ, ਹਮਾਰੀ ਮਾਫ ਕਰੋ ਤਕਸੀਰ।
ਤੇਰਾ ਸੱਤ ਰਹਾ ਹੈ ਸੀਲਾ, ਜੂ ਗੰਗਾ ਕਾ ਨੀਰ।
ਖੂਬ ਜਿਮਾਉ ਬਿਪਰ ਨੌਤ ਕੇ ਸੁੰਦਰ ਚਾਵਲ ਖੀਰ।
ਅਬ ਤੂ ਮੇਰੀ ਬਹਿਨ ਧਰਮ ਕੀ, ਮੈਂ ਤੇਰਾ ਹੂੰ ਬੀਰ।

ਸੀਲਾ ਦਈ :—

ਧੰਨ ਰੀਸਲ ਗੜ੍ਹ ਨਗਰ ਕੋ ਧੰਨ ਰੀਸਲ ਤੇਰਾ ਨਾਮ।
ਬਰ ਰਾਜਾ! ਤੁਝ ਦੇ ਚਲੀ, ਸੁਫਲ ਤੁਮ੍ਹਾਰਾ ਧਾਮ।
ਸੁਫਲ ਤੁਮ੍ਹਾਰਾ ਧਾਮ, ਨਗਰ ਮੇਂ ਸੁਖੀ ਬਸੋ ਨਰਨਾਰੀ।
ਕੀਆ ਲੱਜਾ ਥੀ ਹਾਥ ਤੁਮ੍ਹਾਰੀ, ਰੱਖੀ ਗਿਰਵਰਧਾਰੀ।
ਇਤਨਾ ਹੀ ਸੰਜੋਗ ਲਿਖਾ, ਨਾ ਕੁਛ ਬਾਤ ਬਿਚਾਰੀ।
ਹਾਥ ਜੋੜ ਆਧੀਨ ਖੜੀ ਹੂੰ, ਰਾਮ ਰਾਮ, ਲੇ *ਮਹਾਰੀ।

ਰਾਜਾ ਰਸਾਲੂ :—

ਹਾਥ ਜੋੜ ਬਿਨਤੀ ਕਰੂੰ, ਸੁਨੀਏ ਸੀਲ ਕੰਵਾਰ।
ਤੂ ਸੀਲਾ ਸੱਤ ਰੂਪ ਹੈ, ਸੱਤ ਰਾਖਾ ਕਰਤਾਰ।
ਸੱਤ ਰਾਖਾ ਕਰਤਾਰ ਤੇਰ ਤੂ ਧੰਨ ਸੀਲਾ ਜਗ ਮੇਂ ਆਈ।
ਧੰਨ ਤੋ ਮਾਤ ਪਿਤੇ ਤੇਰੇ ਕੋ, ਰੂਪ ਸ਼ਕਲ ਗੁਨ ਅਧਿਕਾਈ।
ਤੂ ਸੀਲਾ ਹੈ ਬਹਿਨ ਧਰਮ ਕੀ,ਮੈਂ ਮੁਖ ਬਚਨ ਕਹਾ ਭਾਈ।
ਤੁਮ ਖੁਸ਼ ਰਹੋ ਜਾਉ ਬਾਬਲ ਕੇ, ਸੀਲ ਸ਼ਕਲ ਸੋਭਾ ਪਾਈ।

ਸੀਲਾ ਦਈ :—

ਰੀਸਲ, ਤੂ ਜੁਗ ਜੁਗ ਜੀਉ ਬਸੈ ਨਗਰ ਗੁਲਜ਼ਾਰ।
ਅਬ ਤੇਰੇ ਸੁਤ ਹੋਇਗਾ, ਸੁੰਦਰ ਰਾਜ ਕੰਵਾਰ।

---

* ਹਮਾਰੀ।

Sri Satguru Jagjit Singh Ji Elibrary NamdhariElibrary@gmail.com

ਰਾਗਨੀ :—

ਪੁਤ੍ਰ ਹੋਗਾ ਤੇਰੇ ਰਾਜਾ। ਬਜੇਂ ਛੱਤੀਸ ਠਾਨ ਬਾਜਾ।
ਨਗਰ ਆਨੰਦ ਹੋ ਭਾਰੀ। ਸਭੀ ਗਾਵੇਂ ਜੋ ਨਰ ਨਾਰੀ।
ਨਾਮ ਰੰਧੀਰ ਤੇ ਰਖੀਏ। ਬਚਨ ਹਿਰਦੇ ਮੇਂ ਤੋ ਲਿਖੀਏ।
ਯੇਹੀ ਅਸੀਸ ਹੈ ਹਮਾਰੀ। ਕਰੋਂ ਚਲਨੇ ਕੀ ਹਮ ਤਿਆਰੀ।

ਹਰਭਜ ਸ਼ਾਹ :—

ਰਾਮ ਰਾਮ ਰਾਮ ਲੀਜੋ ਮੇਰੇ, ਐ ਨਿਰਪ ਚਤਰ ਸੁਜਾਨ।
ਸੱਤ ਸੀਲ ਕਾ ਆਨਕੇ ਰੱਖਾ ਸਿਰੀ ਭਗਵਾਨ।

ਰਾਗਨੀ :—

ਸੀਲ ਸੱਤ ਰਾਮ ਨੇ ਰਖ ਲੀਆ। ਹੂਆ ਮਨ ਕਾ ਮੇਰੇ ਚਾਯਾ।
ਉਨਹੋ ਸੇ ਡੋਰ ਥੀ ਹਮਾਰੀ। ਬਾਤ ਸੁਨ ਰਾਓ ਜੀ ਮਹਾਰੀ।
ਵੁਹੀ ਤ੍ਰਿਲੋਕ ਕਾ ਸਵਾਮੀ। ਬਨੀ ਰਹੇ ਤੇਰੀ ਰਾਜਧਾਨੀ।
ਜਬ ਤਿਆਰੀ ਸਾਹ ਨੇ ਕਰੀ, ਸਭ ਕੋ ਸੀਸ ਨਿਵਾਏ।
ਲਜਾ ਰਾਖੀ ਰਾਮ ਨੇ, ਲੇਨਾ ਰੱਥ ਜੁਤਵਾਏ।
ਲੇਨਾ ਰਥ ਜੁਤਵਾਏ ਸਾਹ ਨੇ ਸੀਲਾ ਬੇਗ ਬਿਠਾਈ।
ਹਾਥ ਜੋੜ ਕਹੇ 'ਰਾਮ, ਰਾਮ' ਫਿਰ ਗਨਪਤ ਦਿਓ ਮਨਾਏ।
ਅਗਰੋਹੇ ਕੇ ਹੋ ਲੀਏ ਰਾਸਤਾ, ਲੰਬਾ ਕੂਚ ਕਰਾਏ।
ਫਿਰ ਮਹਿਤਾ ਕਰੇ ਰੁਦਨ ਚਲਾ ਜੋਗੀ ਸੇ ਅਰਜ ਲਗਾਏ।

ਮੁਕਤਾਲ :—

ਮਹਿਤਾ :—

ਬਿਧਿ ਕੀ ਹੈ ਗਤ ਨਿਆਰੀ। ਸੋਚ ਮੁਝਕੋ ਹੂਈ ਭਾਰੀ।
ਕਰਮ ਰੇਖ ਬਲਵਾਨ। ਨਹੀਂ ਟਰਤੀ ਹੈ ਟਾਰੀ।
ਹਾਥ ਜੋੜ ਆਗੇ ਖੜਾ, ਮੁਖ ਸੇ ਕਹੂੰ ਆਦੇਸ।
ਕਿਰਪਾ ਕਰੋ ਗੁਰਦੇਓ ਜੀ, ਦੋ ਜੋਗੀ ਕਾ ਭੇਸ।
ਦੋ ਜੋਗੀ ਕਾ ਭੇਸ, ਨਾਥ ਜੀ ਕਾਨੰ ਮੁੰਦਰਾ ਪਾਓ।
ਮੈਂ ਜੋਗੀ ਹੋਨੇ ਆਇਆ ਹੂੰ, ਜ਼ਰਾ ਦੇਰ ਮੱਤ ਲਾਓ।
ਤੱਨ ਕੇ ਬਸਤਰ ਉਤਾਰ ਲੇ, ਮੇਰੇ ਅੰਗ ਬਿਭੂਤ ਰਮਾਓ।
ਜੋਗ ਭੇਖ ਦੀਜੋ ਮਹਾਰਾਜ, ਹਮਰੇ ਪ੍ਰਾਨ ਬਚਾਓ।

ਮੁਕਤਾਲ—

ਆਪ ਗੁਰ ਕਿਰਪਾ ਕੀਜੋ। ਅਰਜ ਮੇਰੀ ਸੁਨ ਲੀਜੋ।
ਚੀਰੋ ਮੇਰੇ ਕਾਨ। ਜੋਗ ਕਾ ਰਸਤਾ ਦੀਜੋ।

ਜੋਗੀ :—

ਜਾ ਲੰਡੀ ਕੇ ਭਾਗ ਜਾ, ਤੂੰ ਕਿਆ ਜਾਨੇ ਜੋਗ ?
ਜੋ ਧਾਰੇ ਹੈ ਜੋਗ ਕੋ, ਤਿਆਗ ਸਕਲ ਮਨ ਭੋਗ।
ਤਿਆਗ ਸਕਲ ਮਨ ਭੋਗ, ਕਠਨ ਹੈ ਜਗ ਮੇਂ ਜੋਗ ਦਹੇਲਾ।
ਪਾਂਚੋ ਮਾਰ ਪਚੀਸ ਤਿਆਗ ਦੇ, ਜਬ ਜੋਗੀ ਕਾ ਚੇਲਾ।
ਸਭ ਪਰਵਾਰ ਤਿਆਗ ਕੰਵਰ, ਤੋ ਜਗ ਮੇਂ ਰਹੇ ਅਕੇਲਾ।
ਬੜਾ ਬਿਕਟ ਖੰਡੇ ਕੀ ਧਾਰਾ, ਯੇਹ ਮਤ ਜਾਨ ਸੁਹੇਲਾ।

ਮੁਕਤਾਲ :—

ਬੱਚਾ ! ਘਰ ਕੋ ਜਾਓ । ਕਾਹੇ ਕੋ ਮੂੰਡ ਮੁੰਡਾਓ।
ਬੜਾ ਕਠਨ ਹੈ ਪੰਥ । ਨਹੀਂ ਸੁਖ ਇਸ ਮੇਂ ਪਾਓ।

ਮਹਿਤਾ :—

ਪਿਤਾ, ਮਾਤ, ਕੁਲ ਨਾਰ, ਸਭ ਮੈਨੇ ਕਰੇ ਨਿਰਾਸ।
ਅਬ ਇੱਛਾ ਨਾ ਭੋਗ ਕੀ, ਜੋਗ ਕਰਨ ਕੀ ਆਸ।
ਜੋਗ ਕਰਨ ਕੀ ਆਸ, ਨਾਥ, ਮੈਂ ਮਨ ਮੇਂ ਯੇਹੀ ਬਿਚਾਰਾ।
ਜੋਗ ਭੇਖ ਲੇਨੇ ਕੋ ਆਇਆ, ਤਿਆਗ ਸਕਲ ਨਰ ਨਾਰੀ।
ਸੀਲਾ ਸੀਲ ਸਕਲ ਗੁਨ ਸਾਗਰ, ਸੋ ਥੀ ਜਾਨ ਹਮਾਰੀ।
ਉਸ ਨਗਰ ਮੇਂ ਜਾਓਂ ਨਾਥ ਜੀ, ਬਨਕੇ ਆਜ ਭਿਖਾਰੀ।

ਜੋਗੀ :—

ਪਾਂਚੋਂ ਇੰਦਰੀ ਬਸ ਕਰੋ, ਮਨ ਮਦਨ ਲੋ ਮਾਰ।
ਤਨ ਤ੍ਰਿਸਨਾ ਜੋਗ ਕੀ, ਮਿਟੇ ਜਬ ਜਾ ਜੋਗ ਅਪਾਰ।
ਜਬ ਜਾ ਜੋਗ ਅਪਾਰ, ਗਿਆਨ ਸੇ ਪਾਂਚੋ ਦੂਰ ਹਟਾਉ।
ਕਾਮ ਕਰੋਧ ਕੋ ਬਸ ਕਰ ਰਖੋ, ਦੁਬਧਾ ਪਿਆਰ ਘਟਾਉ।
ਕਠਨ ਧਾਰ ਖੰਡੇ ਕੀ, ਬੱਚਾ, ਜੋਗ ਜਿਸਕੋ ਬਤਾਉ।
ਅਰੇ ਸ਼ਾਹ ਕੇ, ਜਾ ਘਰ ਅਪਨੇ, ਕਿਸਕਾ ਜੋਗ ਕਮਾਉ ?

ਮਹਿਤਾ :—

ਜੋਗ ਭੀਖ ਲੇਨੇ ਆਇਆ, ਤਜ ਕਰ ਸਭੀ ਕਲੇਸ।
ਜਬੀ ਸਤ ਸੀਲ ਸੰਤੋਖ ਕੋ ਲਗੇ ਨਾ ਮਾਇਆ ਲੇਸ।
ਲਗੀ ਨਾ ਮਾਇਆ ਲੇਸ, ਤੁਮ੍ਹੇਂ ਕਹਿਤਾ ਸਮਝਾਕੇ।
ਜੋਗ ਭੇਖ ਮੈਂ ਕਰੂੰ ਨਾਥ ਜੀ, ਮਨ ਚਿੱਤ ਲਾਕੇ।
ਮਨ ਚਿਤ, ਬੁਧ, ਹੰਕਾਰ ਆਇਆ ਹੂੰ ਦੂਰ ਹਟਾਕੇ।
ਚੀਰੋ ਮੇਰੇ ਕਾਨ, ਜੋਗ ਕਾ ਮੰਤਰ ਸੁਨਾਕੇ।

Sri Satguru Jagjit Singh Ji Elibrary NamdhariElibrary@gmail.com

ਜੋਗੀ :—

ਮਹਾਂ ਬਿਕਟ ਯੇਹ ਜੋਗ ਹੈ, ਖੰਡੇ ਕੀ ਸੀ ਧਾਰ।
ਚੂਕ ਗਿਆ ਸੋ ਰਹ ਗਿਆ, ਬਿਨ ਚੂਕੀ ਵੁਹ ਪਾਰ।
ਬਿਨ ਚੂਕੀ ਵੁਹ ਪਾਰ ਰੇ ਬੱਚਾ, ਜਾਨੇ ਕਠਨ ਫਕੀਰੀ।
ਭੂਖਨ ਬਾਸਨ ਸਭੀ ਤਿਆਗੋਗੇ, ਛੂੜ ਜਾ ਸਕਲ ਅਮੀਰੀ।
ਮਨ ਆਨੰਦ ਨਹੀਂ ਰਹੇਨੇ ਕਾ, ਸਦਾ ਰਹੇ ਦਿਲਗੀਰੀ।
ਕਠਨ ਜੋਗ ਸਾਧਨੇ ਕਾ ਨਾਹੀਂ ਜਾਓ ਘਰੋਂ ਧਰ ਧੀਰੀ।

ਮਹਿਤਾ :—

ਅਬ ਧੀਰਜ ਮਨ ਮੇਂ ਧਰੂੰ ਤੇਰੇ ਚਰਨ ਕਾ ਧਿਆਨ।
ਦੇਰ ਨ ਕੀਜੇ ਨਾਥ ਜੀ, ਚੀਰੋ ਮੇਰੇ ਕਾਨ।
ਚੀਰੋ ਮੇਰੇ ਕਾਨ, ਆਜ ਤੁਮ ਦਰਸਨ ਪਾਓ।
ਲੇਨੇ ਆਇਆ ਜੋਗ, ਮੁਝੇ ਤੁਮ ਕਿਆ ਭਰਮਾਓ।
ਹਾਥ ਜੋੜ ਕਰ ਕਹੂੰ, ਜ਼ਰਾ ਮਤ ਦੇਰ ਲਗਾਓ।
ਗਿਆਨ ਤੱਥ ਕੀ ਫੂਕ ਕਾਨ ਮੇਰੇ ਮੇਂ ਪਾਓ।

ਜੋਗੀ :—

ਮੈਂ ਤੁਝਕੋ ਸਮਝਾਉਤਾ, ਕਰੋ ਗਿਆਨ ਕੀ ਰੀਤ।
ਜਾ ਘਰ ਅਪਨੇ ਬੈਠ ਰਹੋ, ਛੋੜ ਜੋਗ ਸੇ ਪ੍ਰੀਤ।
ਛੋੜ ਜੋਗ ਸੇ ਪ੍ਰੀਤ, ਜਾਨ ਲੇ ਅਲਖ ਪੁਰਖ ਅਬਿਨਾਸੀ।
ਬ੍ਰਹਮਾ ਵੁਹੀ ਬਿਸਨ ਵੁਹੀ ਹੈ, ਵੁਹੀ ਰੂਪ ਕੈਲਾਸ਼ੀ।
ਘਰ ਕੋ ਜਾਓ ਜੋਗ ਨ ਲੇਨਾ, ਸੁਨ ਮਹਿਤਾ ਵਿਸਵਾਸੀ।
ਛਿਨ ਮੇਂ ਮਹਿਲੋਂ ਪ੍ਰਾਨ ਤਜੇ ਤੇਰੀ ਸੀਲ ਕੁਮਾਰੀ ਦਾਸੀ।

ਮਹਿਤਾ :—

ਦਾਸੀ ਕਾ ਦਾਵਾ ਤਜਾ, ਹੋ ਗਏ ਨਿਪਟ ਨਿਰਾਸ।
ਜਬ ਸੀਲਾ ਮੇ ਹਮ ਤਜੇ, ਆਏ ਤੁਮ੍ਹਾਰੇ ਪਾਸ।
ਆਏ ਤੁਮ੍ਹਾਰੇ ਪਾਸ ਨਾਥ ਜੀ, ਜੋਗ ਭੀਖ ਲੇਨਾ ਯਹਾਂ ਸੇਂ।
ਹਮ ਕੋ ਤਿਆਗ ਗਏ ਬਾਬਲ ਕੇ ਸੀਲ ਕੁਮਾਰ ਹਮਰੀ ਦਾਸੀ।
ਯਾਮ ਤੂ ਭੀਖ ਜੋਗ ਕਾ ਦੇ ਦੇ, ਨਹੀਂ ਪ੍ਰਾਨ ਤਜੂੰ ਬਨ ਮੈਂ।
ਜਬ ਸੇ ਬਿਛੜੀ ਪ੍ਰਾਨ ਪਿਆਰੀ, ਭਾਹਿ ਲਗੀ ਮੇਰੇ ਤਨ ਮੇਂ।

ਜੋਗੀ :—

ਕਰਦ ਉਠਾਈ ਨਾਥ ਨੇ ਕਰ ਗੋਰਖ ਕਾ ਧਿਆਨ।
ਆ ਬੱਚਾ, ਯਹਾਂ ਬੈਠ ਜਾ, ਚੀਰੂੰ ਤੇਰੇ ਕਾਨ।

ਚੀਰੂੰ ਤੇਰੇ ਕਾਨ, ਜਭੀ ਕਾਨੋਂ ਮੇਂ ਫੂਕ ਲਗਾਈ।
ਕਾਨ ਚੀਰ ਕੇ ਮੁੰਦਰਾ ਗੇਰ, ਅੰਗ ਬਿਭੂਤ ਰਮਾਈ।
ਗੁਰ ਕਾ ਬਚਨ ਮਾਨ ਲੇ ਬੱਚਾ, ਤੁਝੇ ਯੇਹ ਹੀ ਸਮਝਾਈ।
ਅਲਖ ਜਗਾ ਕੇ ਭਿਛਾ ਲਾਓ, ਜੋਗ ਸਫਲ ਹੋ ਜਾਏ।
ਜੋਗ ਭੀਖ ਲੇ ਕਰ ਚਲੇ ਅੰਗ ਬਿਭੂਤ ਰਮਾਏ।
ਅਗਰੋਹੇ ਕੇ ਬਾਗ ਮੇਂ ਦੋਨੋ ਅਲਖ ਜਗਾਏ।
ਦੋਨੋ ਅਲਖ ਜਗਾਇ, ਬਾਗ ਮੇਂ ਬਿਸਤਰ ਲਾਇਆ।
ਬੈਠਾ ਰਹਾ ਜਿਹ ਇਕਾਂਤ ਸਵਾਲ ਕਿਸੀ ਸੇ ਨਹੀਂ ਪਾਇਆ।
ਅਲਖ ਪੁਰਖ ਕਾ ਧਿਆਨ ਹਿਰਦੇ ਬੀਚ ਲਗਾਇਆ।

ਮਹਿਤਾ :—

ਤੂ ਹੈ ਪੂਰਨ ਬ੍ਰਹਮ ਤੇਰੀ ਪਾਈ ਨਹੀਂ ਮਾਇਆ।

ਮਾਲਨ :—

ਭਜਨ ਕੀਜੇ ਆਨ ਕੇ ਮੈਂ ਲਾਈ ਮਹਾਰਾਜ।
ਪਹਿਲੇ ਭੋਜਨ ਕੀਜੀਏ ਫਿਰ ਕਰੋ ਕੁਛ ਕਾਜ।
ਫਿਰ ਕਰੋ ਕਾਜ ਕੁਛ ਮੇਰੇ ਸੁਨ ਪ੍ਰੀਤਮ ਪ੍ਰਾਨ ਪਿਆਰੇ।
ਦੋ ਰੋਟੀ ਔਰ ਸਾਗ ਸ਼ਾਮ ਕੇ ਖਾਤਰ ਲਾਏ ਤੁਮ੍ਹਾਰੇ।
ਛੋੜੋ ਚਰਸ, ਥਾਮ ਦੋ ਕੂਆਂ, ਕਾਰਜ ਹੋ ਜਾ ਬਾਰੇ।
ਭੋਜਨ ਕਰੋ ਦੇਰ ਮਤ ਕੀਜੋ, ਮਾਨੋ ਬਚਨ ਹਮਾਰੇ।

ਮਾਲੀ :—

ਖੂਬ ਕੀਆ ਯਿਹ ਕਾਮ, ਤੈਂ ਭੋਜਨ ਕੀਆ ਤਿਆਰ।
ਲਾ ਮਾਲਨ, ਭੋਜਨ ਕਰੂੰ, ਛੋੜ ਦੀਆ ਸਬ ਕਾਰ।
ਛੋੜ ਦੀਆ ਸਭ ਕਾਰ ਪਿਆਰੀ, ਭੋਜਨ ਹਮ ਕੋ ਲਾਓ।
ਇਕ ਦਰਵੇਸ਼ ਬਾਗ ਮੇਂ ਉਤਰਾ, ਜਾ ਕਰ ਦਰਸ਼ਨ ਪਾਓ।
ਇਕ ਰੋਟੀ ਹਮ ਕੋ ਦੇ, ਮਾਲਨ ਇਕ ਉਸ ਪੇ ਲੇ ਜਾਓ।
ਸਿਧ ਪੁਰਸ਼ ਕੋ ਭੋਜਨ ਦੇਕੇ ਪਾਸ ਹਮਾਰੇ ਆਓ।

ਮਾਲਨ :—

ਹਾਥ ਜੋੜ ਕਰ ਬਿਨਤੀ ਕਰੂੰ ਜੋਗੀ ਜੀ ਮਹਾਰਾਜ।
ਭੋਜਨ ਕੀਜੀਓ, ਨਾਥ ਜੀ, ਲਾਈ ਤੁਮ੍ਹਾਰੇ ਕਾਜ।
ਲਾਈ ਤੁਮ੍ਹਰੇ ਕਾਜ ਨਾਥ ਜੀ, ਚਰਨੋਂ ਸੀਸ ਨਿਵਾਊਂ।
ਭੋਜਨ ਕਰੋ ਬੈਠ ਮਹਾਰਾਜ, ਜਲ ਝਾਰੀ ਭਰ ਲਾਊਂ।
ਮੇਰੇ ਕੰਤ ਨੇ ਹੁਕਮ ਦੀਆ ਹੈ, ਤੁਮ੍ਹਾਰੀ ਟਹਿਲ ਬਜਾਊਂ।
ਆਪ ਕਹੋ ਸੋ ਹੀ ਕਰੂੰ, ਨਾਥ ਜੀ, ਹੁਕਮ ਆਪਕਾ ਚਾਹੂੰ।

Sri Satguru Jagjit Singh Ji Elibrary NamdhariElibrary@gmail.com

ਮਹਿਤਾ :—

ਖ਼ੂਬ ਕੀਆ ਭੋਜਨ ਲਾਏ, ਮਨ ਮੇਂ ਆਪ ਬਿਚਾਰ।
ਸੁਨ ਮਾਲਨ ਕਰਤਾਰ ਕੀ ਮਾਇਆ ਅਪਰੰਪਾਰ।
ਮਾਇਆ ਅਪਰੰਪਾਰ ਜਗਤ ਮੇਂ, ਨਹੀਂ ਕਿਸੀ ਕੋ ਪਾਈ।
ਸਬ ਸੇ ਪ੍ਰੀਤ ਬਨੀ ਥੀ ਹਮਰੀ, ਜਬ ਸੀਲਾ ਪਰਨਾਈ।
ਮੁਨਸ਼ੀ ਔਰ ਦੀਵਾਨ ਰਹੇਂ ਥੇ ਮੇਰੇ ਬਲ ਕੇ ਮਾਹੀਂ।
ਹਰਿ ਗਤ ਅਪਰੰਪਾਰ, ਮਾਲਿਨੀ, ਬਾਸੀ ਭੋਜਨ ਲਾਈ।

ਮਾਲਨ :—

ਕਿਸ ਪੇ ਭੇਜਾ ਤੈਂ ਪੀਆ ? ਕੈਸਾ ਵੁਹ ਦਰਵੇਸ਼ ?
ਮਹਿਤਾ ਬੈਠਾ ਬਾਗ ਮੇਂ, ਕਰ ਜੋਗੀ ਕਾ ਭੇਸ।
ਕਰ ਜੋਗੀ ਕਾ ਭੇਸ ਕੰਵਰ ਨੇ ਤਨ ਮੇਂ ਖ਼ਾਕ ਰਮਾਈ।
ਸਿਰ ਪਰ ਧਾਏ ਜਟਾ, ਕਾਨ ਮੇਂ ਮੁੰਦਰਾ ਪਾਈ।
ਹੋ ਗਿਆ ਮਹਿਲ ਅੰਧੇਰ, ਕੰਵਰ ਜੋਗੀ ਬਨ ਆਇਆ।
ਤਨ ਮਨ ਕੀ ਨਾ ਹੋਸ਼ ਬਾਗ ਮੇਂ ਬਿਸਤਰ ਲਾਇਆ।

ਮਾਲੀ :—

ਤੂ ਤਿਰੀਆ ਕਮਜ਼ਾਤ ਹੈਂ, ਨੇਕ ਧਰੇ ਨਾ ਧੀਰ।
ਵੁਹ ਤੋ ਮਹਿਤਾ ਸ਼ਾਹ ਥਾ, ਕੈਸੇ ਬਨਾ ਫਕੀਰ।
ਕੈਸੇ ਬਨਾ ਫਕੀਰ ? ਬਾਵਰੀ ਤੂ ਤਿਰੀਆ ਮਤ ਹੀਨੀ।
ਸਤ ਕਰੋੜੀ ਹੈ ਵੁਹ ਮਹਿਤਾ, ਯੇਹ ਹੈ ਬਾਤ ਨਾ-ਹੋਨੀ।
ਐਸੀ ਕੁਟਲ ਕਠੋਰ ਨਾਰ, ਤੈਂ ਝੂਠ ਬਾਤ ਕਹਿ ਦੀਨੀ।
ਐਸੇ ਮਹਿਤਾ ਕੋ ਕਹੇ ਜੋਗੀ, ਅਕਲ ਤੇਰੀ ਕਿਨ ਛੀਨੀ ?

ਮਾਲਨ :—

ਅਕਲ ਹਮਾਰੀ ਨਾ ਗਈ, ਝੂਠ ਬਾਤ ਮਤ ਜਾਨ।
ਮਹਿਤਾ ਜੋਗੀ ਹੋ ਗਿਆ, ਕਹਾ ਹਮਾਰਾ ਮਾਨ।
ਕਹਾ ਹਮਾਰਾ ਮਾਨ, ਪੀਆ ਮੈਂ ਸੀਲ ਕੰਵਰ ਪੇ ਜਾਊਂ।
ਮਹਿਤਾ ਜੋਗੀ ਹੋਨੇ ਕੀ ਜਾਕਰ ਖਬਰ ਸੁਨਾਊਂ।
ਬਿਨਾ ਕਹੇ ਮੈਂ ਨਾ ਹਟਨੇ ਕੀ, ਪੀਆ ਤੁਝੇ ਸਮਝਾਊਂ।
ਸਾਰਾ ਹਾਲ ਸੁਣਾ ਸੀਲਾ ਕੋ ਪੀਛੇ ਭੋਜਨ ਖਾਊਂ।
ਸੋਚੇ ਹੀ ਮਾਲਨ ਬੜੀ ਹੋ ਮਨ ਮੇਂ ਦਿਲਗੀਰ।
ਹੇ ਭਾਵੀ ਤੂ ਕਿਆ ਕਰੀ ? ਬਹੇ ਨੈਨ ਸੇ ਨੀਰ।
ਬਹੇ ਨੈਨ ਸੇ ਨੀਰ, ਰੁਦਨ ਕਰ ਉਮਗ ਰਹੀ ਹੈ ਚਲਤੀ।

ਨਿਕਸ ਬਾਗ ਸੇ ਚਲੀ ਮਹਿਲ ਕੋ ਸੀਲ ਕੰਵਰ ਪੇ ਆਤੀ।
ਟਪ ਟਪ ਆਂਸੂ ਪੜੇ ਨੈਨ ਸੇ, ਨਾ ਮੁਖ ਬਰਨੀ ਜਾਤੀ।

ਮਾਲਨ :—

ਪੀਆ ਤੁਮ੍ਹਾਰੇ ਪੜੇ ਬਾਗ਼ ਮੇਂ, ਕਿਤੂੰ ਨਹੀਂ ਦਰਸ਼ਨ ਪਾਤੀ?

ਸੀਲਾ ਦਈ :—

ਹੇ ਮਾਲਨ ! ਸੱਚੀ ਕਹੋ, ਕਿਉਂ ਮਨ ਕੀਆ ਉਦਾਸ ?
ਕਿਉਂ ਨੈਨੋਂ ਜਲ ਜਾ ਰਹਾ ? ਕਹੋ ਹਮਾਰੇ ਪਾਸ।
ਕਹੋ ਹਮਾਰੇ ਪਾਸ, ਰੁਦਨ ਕਰਤੀ ਕਿਉਂ ਆਈ ?
ਕਿਆ ਕੁਛ ਹੂਆ ਬਿਗਾਰ ? ਮੁਝੇ ਦੇ ਸਾਚ ਬਤਾਏ।
ਕਿਆ ? ਕਿਨ ਬਿਪਤਾ ਕਹਾ ? ਤੇਰੇ ਕੋ ਦੀਨੀ ਗਾਰੀ।
ਸੋ ਮੁਝ ਸੇ ਤੈਂ ਕਹੋ, ਮਤੀ ਕਰ ਸੋਚ ਬਿਚਾਰੀ।

ਮਾਲਨ :—

ਸੀਲ ਕੰਵਰ, ਮੈਂ ਕਿਹਾ ਕਹੂੰ, ਧਰੇ ਨਹੀਂ ਮਨ ਧੀਰ।
ਵੁਹ ਤੋ ਮਹਿਤਾ ਸਾਹ ਕਾ ਬਨਾ ਬੈਠਾ ਫ਼ਕੀਰ।
ਬੈਠਾ ਬਨਾ ਫ਼ਕੀਰ ਦੇਖ ਕੇ ਉਸ ਕੋ ਆਈ।
ਕਿਆ ਮੁਖ ਸੇਤੀ ਕਹੂੰ, ਦੇਖ ਤਨ ਹੂਆ ਸੌਦਾਈ।
ਤੁਮ੍ਹਰੇ ਪਤੀ ਲੀਆ ਜੋਗ ਕੌਨ ਗਤ ਹੁਈ ਤੁਮ੍ਹਾਰੀ।
ਯੇਹ ਮੁਝ ਕੋ ਅਫ਼ਸੋਸ ਬੜਾ, ਸੁਨ, ਸੀਲ ਕੰਵਾਰੀ।
ਬਾਲੀ ਉਮਰ ਨਾਦਾਨ ਪ੍ਰਭੂ ਨੇ ਕਿਆ ਗਤ ਕੀਨੀ ?
ਇਸ ਉਮਰ ਕੇ ਬੀਚ ਤੁਝੇ ਬਿਪਤਾ ਯੇਹ ਦੀਨੀ।

ਸੀਲਾ ਦਈ :—

ਐ ਮਾਲਨ, ਤੈਂ ਆ ਅਭੀ ਬੁਰੀ ਸੁਨਾਈ ਆਨ।
ਤਨ ਮੇਂ ਬਾਕੀ ਨਾ ਰਹੀ, ਨਿਕਸੇ ਜਾਤ ਹੈਂ ਪ੍ਰਾਨ।

ਰਾਗਨੀ :—

ਪ੍ਰਾਨ ਜਾਤੇ ਅਭੀ ਮੇਰੇ, ਬਚਨ, ਮਾਲਨ, ਜੋ ਸੁਨ ਤੇਰੇ।
ਬਿਧੀ, ਤੈਂ ਕੌਨ ਗਤ ਕੀਨੀ ? ਬਿਪਤ ਐਸੀ ਮੁਝੇ ਦੀਨੀ।
ਨਹੀਂ ਜਾਨੂੰ ਥੀ ਯੇਹ ਹੋਗੀ, ਆਇਆ ਪ੍ਰੀਤਮ ਜੋ ਬਨ ਜੋਗੀ।
ਸਹੇਲੀ ਦੀਏ ਲਗੇਂ ਤਾਅਨਾ, ਤਿਆਗ ਅਨਜਲ ਦੀਆ ਖਾਨਾ।
ਸੋਚ ਮੁਝ ਕੋ ਹੂਈ ਭਾਰੀ, ਬਿਪਤ ਐਸੀ ਮੁਝੇ ਡਾਰੀ।

ਸੀਲਾ ਦਈ ਕੀ ਮਾਤਾ :—

ਸੀਲ ਕੰਵਰ ਬੇਟੀ, ਸੁਨੋ, ਕਿਉਂ ਮਨ ਮੇਂ ਦਿਲਗੀਰ ?
ਕਿਉਂ ਭੋਜਨ ਕਰਤੀ ਨਹੀਂ ? ਬਹੇ ਨੈਨ ਸੇ ਨੀਰ।

ਬਹੇ ਨੈਨ ਸੇ ਨੀਰ, ਥਾਲ ਕਿਉਂ ਪਰੇ ਰੀ ਬਗਾਇਆ ?
ਸਚ ਬਤਾਓ ਭੇਦ, ਨਹੀਂ ਕਿਉਂ ਭੋਜਨ ਖਾਇਆ ?
ਕਿਉਂ ਤੇਰਾ ਬਦਨ ਮਲੀਨ ਫ਼ਿਰੀ ਮੁਖ ਪੇ ਜ਼ਰਦੀ ਆਈ ?
ਕਿਆ ? ਕਿਨ ਨੇ ਦੀਨੀ ਗਾਲ ? ਮੁਝੇ ਦੇ ਸਚ ਬਤਾਈ।
ਦੂੰ ਮੈਂ ਖਾਲ ਉਤਾਰ, ਜੀਭ ਦੂੰਗੀ ਕਟਵਾਏ।
ਨਾ ਰਖੂੰ ਪਲ ਇਕ ਤੁਰਤ ਇਸ ਕੋ ਮਰਵਾਏ।

ਸੀਲਾ ਦਈ :—

ਐ ਮਾਤਾ, ਤੁਮ ਸੇ ਕਹੂੰ, ਲਗੀ ਬਦਨ ਮੇਂ ਆਗ।
ਸ਼ਾਹ ਕਾ ਜੋਗੀ ਹੋ ਗਿਆ ਆਇਆ ਤੁਮ੍ਹਾਰੇ ਬਾਗ।
ਆਇਆ ਤੁਮ੍ਹਾਰੇ ਬਾਗ, ਤੁਮਹੇਂ ਮੈਂ ਪੀੜ ਸੁਨਾਈ।
ਕਾਨੋਂ ਮੁੰਦਰਾ ਪਾਏ, ਅੰਗ ਬਿਭੂਤ ਰਮਾਈ।
ਜਬ ਸੇ ਛੋੜੇ ਪਤੀ ਫਿਰ ਦਰਸਨ ਨਹੀਂ ਪਾਇਆ।
ਮੇਰੇ ਕਾਰਨ ਕੰਤ ਆਪ ਜੋਗੀ ਬਨ ਆਇਆ।
ਯੂੰ ਦੀਨਾ ਭੋਜਨ ਤਿਆਗ ਸੁਨੋ ਤੁਮ ਮਾਤ ਹਮਾਰੀ।
ਉਸ ਕਾ ਅਧਤ ਬਿਯੋਗ ਨੀਰ ਨੈਨੋਂ ਸੇ ਜਾਰੀ।

ਸੀਲ ਦਈ ਕੀ ਮਾਤਾ :—

ਸੀਲ ਕੰਵਰ ਬੇਟੀ ਸੁਨੋ, ਕਰੋ ਸੋਚ ਕੋ ਦੂਰ।
ਮਹਿਤਾ ਕੋ ਅਬ ਮਹਿਲ ਮੇਂ ਲਾਊ ਆਜ ਜ਼ਰੂਰ।
ਲਾਊ ਆਜ ਜ਼ਰੂਰ, ਸੋਚ ਤਜ ਸੀਲ ਕੰਵਾਰੀ।
ਮਨ ਮੇਂ ਰਾਖੋ ਧੀਰ ਮੇਰੇ ਪਰਾਨੋਂ ਕੀ ਪਿਆਰੀ।
ਉਨ ਬਾਗੋਂ ਮੇਂ ਜਾਇ ਆਜ ਮਹਿਤਾ ਕੋ ਲਾਓ।
ਯੇਹ ਸਾਰਾ ਰਨਵਾਸ ਉਸੀ ਕੀ ਥਲ ਬਜਾਓ।

ਸੀਲਾ ਦਈ :—

ਮਾਤਾ ਬਿਰਖਮ ਤੁਮ ਬਨੋ ਮੈਂ ਸਮਝਾਊਂ ਤੋਹਿ।
ਜੋ ਤੂ ਲਾਵੇ ਮਹਿਲ ਮੇਂ ਜਗਤ ਹੰਸਾਈ ਹੋਇ।
ਜਗਤ ਹੰਸਾਈ ਹੋਇ, ਸਮਝ ਤੁਝ ਕੋ ਨਹੀਂ ਆਵੇ।
ਕਲ ਕਹੇ, ਐ ਬੀਰ, ਆਜ ਮਹਿਲੋਂ ਮੇਂ ਲਾਵੇ।
ਜੋ ਹੋਨੀ ਸੋ ਹੋਈ, ਸੋਚ ਕਿਆ ਕੀਜੇ ਮਾਈ ?
ਚੁਪਕੇ ਹੋ ਕੇ ਬੈਠ ਕਰੋ, ਮਤ ਜਗਤ ਹਸਾਈ।

ਸੀਲਾ ਦਈ ਕੀ ਮਾਤਾ :—

ਪਚਰੰਗ ਉੜੇ ਚੁਨੜੀ, ਕਰ ਸੋਲਹ ਸ਼ਿੰਗਾਰ।
ਸੀਲ ਕੰਵਰ ਬੇਟੀ, ਜਾਓ ਦੇਖਣ ਬਾਗ਼ ਬਹਾਰ।

Sri Satguru Jagjit Singh Ji Elibrary NamdhariElibrary@gmail.com

ਦੇਖਣ ਬਾਗ ਬਹਾਰ ਸਾਥ ਲਓ ਸਭੀ, ਰੀ ਸਹੇਲੀ।
ਗਾਓ ਮੰਗਲਾਚਾਰ, ਮਤੀ ਨ ਜਾਓ ਅਕੇਲੀ।
ਉਨ ਬਾਗੋਂ ਮੇਂ ਜਾਇ, ਖਬਰ ਪ੍ਰੀਤਮ ਕੀ ਲਾਓ।
ਜੋ ਦੇਖੋ ਕੁਛ ਬਾਤ ਆਨਕੇ ਮੁਝੇ ਰੀ ਸੁਨਾਓ।
ਮਾਤਾ ਕੇ ਮਾਨੇ ਬਚਨ ਹੋ ਮਨ ਮੇਂ ਆਨੰਦ।
ਸਬ ਸਖੀਓਂ ਮੇਂ ਸਜ ਰਹੀ, ਜਿਉਂ ਤਾਰੋਂ ਮੇਂ ਚੰਦ।
ਜਿਉਂ ਤਾਰੋਂ ਮੇਂ ਚੰਦ ਚਲਨ ਕੀ ਜਬ ਜਾਨ ਕਰੀ ਤਿਆਰੀ।
ਸਭੀ ਸਹੇਲੀ ਸੰਗ ਬੀਚ ਮੇਂ ਹੋ ਲੀ ਸੀਲ਼ ਕੰਵਾਰੀ।
ਆਈ ਬਾਗ ਕੇ ਬੀਚ, ਦੇਖ ਮਨ ਮੇਂ ਮਹਿਤਾ ਸੋਚਾ ਭਾਰੀ।

ਮਹਿਤਾ :—

ਕਰਮ ਰੇਖ ਨ ਮਿਟੇ, ਭੰਵਰ ਤੋ ਗਿਆ ਛੋੜ ਦੇ ਸਾਰੀ।

ਮੁਕਤਾਲ :—

ਬਿਧੀ ਕੀ ਹੈਗੀ ਗਤ ਨਿਆਰੀ।
ਕਰਮ ਰੇਖ ਬਲਵਾਨ,ਨਹੀਂ ਟਰਤੀ ਟਾਰੀ।

ਪਹਿਲੀ ਸਖੀ :—

ਹਮ ਤੇਰੇ ਸਨਮੁਖ ਖੜੀ ਸਭੀ, ਸਖੀ, ਮਹਾਰਾਜ।
ਕਿਉਂ ਮੁਖ ਸੇ ਨਹੀਂ ਬੋਲਤੇ, ਕਰੋ ਕੌਨ ਕੀ ਲਾਜ ?
ਕਰੋ ਕੌਨ ਕੀ ਲਾਜ, ਬਚਨ ਮੁਖ ਬੋਲ ਸੁਨਾਓ।
ਉਠੋ ਹਮਾਰੇ ਸੰਗ ਕੰਵਰ ਮਹਿਲੋਂ ਮੇਂ ਆਓ।
ਹਾਥ ਜੋੜਕੇ ਕਹੂੰ, ਨੈਨ ਕੇ ਪਲ਼ਕ ਉਠਾਓ।
ਦ੍ਰਿਗ ਖੋਲੋ ਮਹਾਰਾਜ, ਦੇਹੀ ਕੀ ਪੀੜ ਬੁਝਾਓ।

ਦੂਜੀ ਸਖੀ :—

ਬੋਲ ਮਹਿਤਾ ਸ਼ਾਹ ਕੇ, ਸੁੰਦਰ ਬਚਨ ਅਨੂਪ।
ਸਭ ਬਾਲਾ ਬਿਆਕੁਲ ਹੂਈ ਦੇਖ ਤੁਮ੍ਹਾਰਾ ਰੂਪ।
ਦੇਖ ਤੁਮ੍ਹਾਰਾ ਰੂਪ ਸ਼ਾਹ ਕੇ, ਆਜ ਆਨ ਬਿਰਹੋ ਨੇ ਘੇਰੀ।
ਹਮ ਦਾਸੀ ਖੜੀ ਪਾਸ ਤੁਮ੍ਹਾਰੇ, ਸਕਲ ਚਰਨਨ ਚੇਰੀ।
ਕਿਸ ਕਾਰਨ ਮਹਾਰਾਜ ਬਤਾ ਦੇ, ਬਦਨ ਤੇਰਾ ਜੋ ਕੁਮਲਾਇਆ ?
ਹਾਥ ਜੋੜ ਕਹੂੰ ਬਾਰ ੨, ਨਾ ਮੁਖ ਸੇ ਕੁਛ ਫੁਰਮਾਇਆ।

ਪਹਿਲੀ ਸਾਖੀ :—

ਅ ਸੀਲਾ ਤੁਮ ਹੀ ਕਹੋ, ਪ੍ਰੀਤਮ ਕੋ ਸਮਝਾਇ।
ਹਮ ਸੇਤੀ ਬੋਲੇ ਨਹੀਂ, ਆਪ ਗਿਆ ਸ਼ਰਮਾਇ।
ਆਪ ਗਿਆ ਸ਼ਰਮਾਇ, ਤੁਮ ਹੀ ਕਹੋ ਪ੍ਰਾਨ ਪਿਆਰੀ !

ਬੋਲੇਗਾ ਤੁਮ ਸੰਗ, ਕਹੇਗਾ ਮਨ ਕੀ ਸਾਰੀ।
ਪੂਛੋ ਮਨ ਕੀ ਬਾਤ, ਜੋਗ ਤਪ ਕਿਉਂ ਧਾਰੀ?
ਮੁਖ ਸੇ ਬੋਲਾ ਨਹੀਂ, ਹੂਆ ਦੁਖ ਬਹੁਤ ਅਪਾਰੀ।

ਸੀਲਾ ਦਈ :—

ਸੁਨੀਓ ਮੇਰੀ ਬੇਨਤੀ, ਪ੍ਰੀਤਮ ਪ੍ਰਾਨ ਅਧਾਰ!
ਅਰਜ਼ ਕਰੂੰ ਦਾਸੀ ਖੜੀ, ਗਲ ਵਿਚ ਪੱਲੂ ਡਾਰ।
ਗਲ ਵਿਚ ਪੱਲੂ ਡਾਰ, ਕੰਤ ਸੁਨ ਅਰਜ਼ ਹਮਾਰੀ।
ਮੁਖ ਬੋਲੋ ਮਹਾਰਾਜ! ਖ਼ਤਾ ਤੁਮ ਬਖਸ਼ੋ ਸਾਰੀ।
ਕਿਉਂ ਹੂਆ ਬਦਨ ਮਲੀਨ ਫਿਰੇ, ਮੁਖ ਪਰ ਜ਼ਰਦੀ ਆਈ?
ਹੱਥ ਜੋੜ ਕਰ ਕਹੂੰ ਬੋਲ ਮੁਖ, ਸਿਰ ਕੇ ਸਾਈਂ।
ਪ੍ਰੀਤਮ ਹਮਰੇ ਚਲ ਬਸੇ, ਸੂਨੀ ਰਹ ਗਈ ਖੋੜ।
ਬਾਲੇਪਨ ਕੇ ਬੀਚ ਮੇਂ, ਗਏ ਮੁਹੱਬਤ ਤੋੜ।
ਗਏ ਮੁਹੱਬਤ ਤੋੜ, ਪੀਆ ਮੇਰੇ ਹੋ ਗਏ ਜੰਗਲ ਕੇ ਬਾਸੀ।
ਬਾਲੇਪਨ ਕੇ ਬੀਚ ਸਹੇਲੀ, ਕਿਆ ਕਰਤਾ ਨੇ ਮੈਂ ਤਰਾਸੀ?
ਮੇਰੇ ਕਾਰਨ ਜੋਗ ਭੇਸ ਲੀਆ, ਕਾਨ ਬੀਚ ਮੁੰਦਰਾ ਡਾਲੀ।
ਕਹਾਂ ਚਲੇ ਹੋ ਛੋੜ ਆਜ, ਸੀਲ ਕੰਵਰ ਸੀ ਤਜ ਨਾਰੀ?
ਕਿਸ ਨੇ ਲੀਆ ਤਾਰ ਪਤੀ, ਯੇ ਕਾਨ ਤੁਮ੍ਹਾਰੇ ਕਾ ਮੋਤੀ?
ਕਹਾਂ ਗਿਆ ਚੀਰਾ ਗੁਲਬਾਗਾ, ਸਕਲ ਬਸਨ ਰੇਸ਼ਮ ਧੋਤੀ?
ਬਿਲਾਕੁਲ ਭਈ ਯੇਹ ਨਾਰ ਕਹੇ, ਖੜੀ ਸੀਲਕੰਵਰ ਤੁਮ੍ਹਾਰੀ ਦਾਸੀ।
ਇਕ ਬਾਰ ਮੁਖ ਸੇ ਬੋਲ ਪੀਆ, ਪ੍ਰਾਨ ਤਜੂੰਗੀ ਮੈਂ ਯਹਾਂ ਸੇ।
ਐ ਪ੍ਰਭੂ ਦੀਨਾ ਨਾਥ! ਤੂ ਸੁਨੀਏ ਮੇਰੀ ਪੁਕਾਰ।
ਕੰਤ ਵਿਯੋਗਨ ਮੈਂ ਖੜੀ, ਕਹਾਂ ਗਏ ਭਰਤਾਰ?

ਰਾਗਨੀ :—

ਗਏ ਭਰਤਾਰ ਬਨ ਜੋਗੀ। ਪੀਆ ਬਿਨ ਕੌਨ ਗਤ ਹੋਗੀ?
ਪ੍ਰਭੂ, ਮੈਂ ਕਿਆ ਖ਼ਤਾ ਕੀਨੀ? ਬਿਪਤ ਐਸੀ ਮੁਝੇ ਦੀਨੀ?
ਮੇਰੀ ਪਤ ਰਖੀਏ ਸੁਆਮੀ। ਭਗਤ ਵਛਲ ਗਰੁੜ ਗਾਮੀ!
ਸਖੀ, ਬਾਬਲ ਪੇ ਤੁਮ ਜਾਓ। ਦੇਰ ਪਲ ਕੀ ਮਤੀ ਲਾਓ।
ਕਹੋ ਮਾਤਾ ਪੇ ਤੁਮ ਜਾ, ਰੀ। ਚਿਤਾ ਕੀ ਸਭ ਕਰੋ ਤਯਾਰੀ।
ਚੰਦਨ ਬੇਗ ਮੰਗਾਇ ਲੋ, ਮਤ ਮਨ ਕਰੋ ਉਦਾਸ।
ਸਤੀ ਹੂੰ, ਕੋਸਲ ਰਚੂੰ, ਚਲੂੰ ਪੀਆ ਕੇ ਪਾਸ।
ਚਲੂੰ ਪੀਆ ਕੇ ਪਾਸ, ਸਖੀ, ਮੈਂ ਤੁਮ ਕੋ ਅਰਜ਼ ਸੁਨਾਊਂ।

Sri Satguru Jagjit Singh Ji Elibrary NamdhariElibrary@gmail.com

ਸਭ ਸਾਮਗਰੀ ਲਾਓ ਮਹਿਲ ਪੇ, ਰਾਮ ਨਾਮ ਗੁਨ ਗਾਊਂ ।
ਅਬ ਜੀਨੇ ਕਾ ਨਾ ਫਲ ਮੇਰਾ, ਤੁਮ ਕੋ ਯੇਹ ਸਮਝਾਊਂ ।
ਅਟਲ ਸੁਹਾਗ ਮਿਲੇਗਾ ਮੁਝ ਕੋ, ਪੀਆ ਮਿਲਨ ਕੋ ਜਾਊਂ ।

---

ਸੁਨ ਸੀਲਾ ਕੀ ਬਾਤ ਕੋ, ਬਾਂਦੀ ਹੁਈ ਉਦਾਸ ।
ਚਲੀ ਰੁਦਨ ਕਰ ਮਹਿਲ ਕੋ, ਆਈ ਹਰਭਜਸ਼ਾਹ ਕੇ ਪਾਸ ।
ਆਈ ਹਰਭਜਸ਼ਾਹ ਕੇ ਪਾਸ, ਰੁਦਨ ਕੇ ਨੈਨੋਂ ਮੇਂ ਜਲ ਛਾਇਆ ।

ਬਾਂਦੀ :—

ਵੁਹ ਮਹਿਤਾ ਜੋਗੀ ਹੋ ਕੇ ਬਾਗ਼ ਤੇਰੇ ਮੇਂ ਆਇਆ ।
ਨਾ ਤਨ ਮੇਂ ਪ੍ਰਾਨ ਭੰਵਰ ਬੈਕੁੰਠ ਲੋਕ ਕੋ ਧਾਇਆ ।
ਉਸ ਕੇ ਸੰਗ ਪ੍ਰਾਨ ਤਜੇ, ਸੀਲਾਂ ਘੀ ਚੰਦਨ ਮੰਗਵਾਇਆ ।

---

ਸੁਨ ਬਾਂਦੀ ਕੀ ਬਾਤ ਕ ਹੋ ਮਨ ਮੇਂ ਦਿਲਗੀਰ ।
ਜਾਨ ਮੇਂ ਬਾਕੀ ਨਾ ਰਹੀ, ਬਹੇ ਨੈਨ ਸੇ ਨੀਰ ।

ਹਰਭਜ ਸ਼ਾਹ :—

ਬਿਧੀ ਤੈਂ ਯੇਹ ਕਿਆ ਬਾਤ ਬਿਚਾਰੀ ।
ਐ ਭਗਵਾਨ, ਆਨ ਸੁਖ ਮੇਂ ਦੀਆ ਮੁਝੇ ਦੁਖ ਭਾਰੀ ।
ਆਨ ਬਾਗ ਮੇਂ ਦੇਖ ਸੀਲ ਕੋ ਕੂਕ ਸ਼ਾਹ ਨੇ ਮਾਰੀ ।
ਕਰਮ ਰੇਖ ਬਲਵਾਨ ਕਿਸੀ ਸੇ ਨ ਟਰਤੀ ਹੈ ਟਾਰੀ ।

---

ਸੀਲ ਕੰਵਰ ਬੇਟੀ, ਸੁਨੋਂ, ਕੀਆ ਚਿਤ ਕਿਊਂ ਤੰਗ ?
ਚਲੋ ਮਹਿਲ ਕੇ ਬੀਚ ਮੇਂ, ਛੋੜ ਪੀਆ ਕਾ ਸੰਗ ।
ਛੋੜ ਪੀਆ ਕਾ ਸੰਗ, ਲਾਡਲੀ, ਆਪ ਚਲੋਂ ਮਹਿਲੋਂ ਮਾਹੀਂ ।
ਪੁੰਨ ਦਾਨ ਕਰ ਸੀਲ ਬਧਾਉ, ਯੇਹ ਹੀ ਬਾਤ ਮੈਂ ਸਮਝਾਈ ।
ਇਸ ਮਹਿਤੇ ਕੇ ਆਪ ਨਾਮ ਕਾ ਸਦਾ ਬ੍ਰਤ ਲਗਵਾਓ ਯਹਾਂ ਸੇ ।
ਉਸ ਮਹਿਤੇ ਕੇ ਰਾਖੋ ਸੀਲ, ਉਸਕੇ ਊਪਰ ਤਪ ਕਰਨੇ ਜਾਉ ਕਾਂਸ਼ੀ ।

ਸੀਲਾ ਦਈ :—

ਉਸ ਬ੍ਰਹਮਾ ਨੇ ਜੋ ਰਚੀ, ਵੁਹੀ ਭੋਗਨੇ ਭੋਗ ।
ਜਗ ਮੇਂ ਅਪਨਾ ਹੈ ਨਹੀਂ, ਨਦੀ ਨਾਮ ਸੰਜੋਗ ।
ਨਦੀ ਨਾਮ ਸੰਜੋਗ ਪਿਤਾ ਜੀ, ਦੀਆ ਦੁਖ ਸੋ ਹੀ ਸਹਨਾ ।
ਮਾਤ ਪਿਤਾ ਨੇ ਜਨਮ ਦੀਆ ਹੈ, ਫਿਰ ਕਿਸਮਤ ਕਾ ਲਹਨਾ ।
ਜਿਸ ਬਿਧ ਰਾਖੇ ਰਾਮ, ਪਿਤਾ ਜੀ, ਉਸ ਤਰਹ ਸੇ ਰਹਿਨਾ ।

Sri Satguru Jagjit Singh Ji Elibrary NamdhariElibrary@gmail.com

ਮਤ ਬਰਜੋ, ਬਾਬਲ, ਮੁਝੇ, ਕਿਉਂ ਲੇਤਾ ਸਰ ਪਾਪ ?
ਜੌਨ ਹਟਾਵੇਗਾ ਮੁਝੇ ਦੂੰਗੀ ਉਸੇ ਸਰਾਪ।
ਦੂੰਗੀ ਉਸੇ ਸਰਾਪ, ਸਤੀ ਸੇ ਜੌਨ ਹਟਾਵੇ।
ਕਿਤਨੇ ਹੀ ਜੁਗ ਹੂਏ ਮੁਝੇ ਵੁਹੀ ਬਰ ਪਾਵੇ।
ਅਬ ਕੰਗਨਾ ਬਧਵਾਇ ਬੈਠ ਕੇ ਸੀਸ ਗੁੰਦਾਊਂ।
ਕਰ ਸੋਹਲ ਸ਼ਿੰਗਾਰ ਪੀਆ ਮਿਲਨੇ ਕੋ ਜਾਊਂ।
ਕਿਉਂ ਕਰਤੇ ਹੋ ਦੇਰ ? ਚਿਤਾ ਕੀ ਕਰੋ ਤਿਆਰੀ।
ਪੀਆ ਮਿਲਨ ਕਾ ਚਾਉ ਮੇਰੇ ਮਨ ਮੇਂ ਹੈ ਭਾਰੀ।
ਤੁਮ ਚੰਦਨ ਮੰਗਵਾਇ ਸਭੀ ਸਾਮਿਗਰੀ ਲਾਓ।
ਹਾਥ ਜੋੜ ਕੇ ਕਹੂੰ ਮੁਝੇ ਪੀਆ ਪਾਸ ਪਹੁੰਚਾਉ।

ਹਰਭਜ ਸ਼ਾਹ :—

ਸੀਲ ਕੰਵਰ ਬੇਟੀ ਸੁਨੋ, ਮਤ ਨਾ ਕਰੋ ਬਿਯੋਗ।
ਯਹਾਂ ਅਪਨਾ ਕੋਈ ਹੈ ਨਹੀਂ, ਨਦੀ ਨਾਮ ਸੰਜੋਗ।
ਨਦੀ ਨਾਮ ਸੰਜੋਗ ਲਾਡਲੀ, ਮਤ ਮਨ ਕੋ ਭੜਕਾਵੇ।
ਰਾਮ ਨਾਮ ਹਿਰਦੇ ਮੇਂ ਰਾਖੋ, ਮਤ ਨਾ ਭਰਮ ਗੰਵਾਵੇ।
ਜਲ ਕਰ ਛਾਹੀ ਬਦਨ ਕੀ ਹੋ ਜਾ, ਹਾਥ ਨਹੀਂ ਕੁਛ ਆਵੇ।
ਕਰਨੀ ਕਰੇ ਮਿਲੇ ਬਾਲਮ ਪੈ, ਬਿਨ ਕਰਨੀ ਨਹੀਂ ਪਾਵੇ।

ਸੀਲਾ ਦਈ :—

ਐ ਮੇਰੇ ਗਿਆਨੀ ਪਿਤਾ, ਖੂਬ ਦੀਆ ਉਪਦੇਸ।
ਜਿਨ ਕਾ ਸੱਚਾ ਸੀਲ ਹੈ, ਲਗੇ ਨਾ ਮਾਇਆ ਲੇਸ।
ਲਗੇ ਨਾ ਮਾਇਆ ਲੇਸ, ਸੀਲ ਜਿਨ ਕਾ ਹੈ ਪੂਰਾ।
ਪੀਆ ਮਿਲਨ ਕੋ ਜਾਏ, ਕੋਈ ਜਗ ਮੇਂ ਸੂਰਾ।
ਪੀਆ ਬਿਨਾ ਨਹੀਂ ਜੀਵਾਂ, ਜੀਵਨ ਪੀ ਬਿਨ ਨਹੀਂ ਹੋਇ।
ਜਾਊਂ ਪੀਆ ਕੇ ਪਾਸ, ਮੁਝੇ ਬਰਜੋ ਨਾ ਕੋਇ।
ਦੀਜੋ ਚਿਤਾ ਬਨਾਇ, ਕਰੋ ਮਤ ਪਲ ਕੀ ਦੇਰੀ।
ਪੀਆ ਮਿਲਨ ਕਾ ਚਾਉ, ਮੰਜ਼ਲ ਖੋਟੀ ਹੋ ਮੇਰੀ।

ਹਰਭਜ ਸ਼ਾਹ :—

ਹਿਰਦੇ ਗਿਆਨ ਆਪਨੇ ਕਰੋ, ਮਾਇਆ ਮਤੀ ਬਿਸਾਰ।
ਯੇਹ ਹੀ ਸਤੀ ਕਾ ਰੂਪ ਹੈ, ਸੁਨੀਏ ਸੀਲ ਕੰਵਾਰ।
ਸੁਨੀਏ ਸੀਲ ਕੰਵਾਰ, ਬੇਟੀ, ਸਮਝ ਸੋਚ ਲੇ ਮਨ ਮੇਂ।
ਪੁੰਨ ਦਾਨ ਕਰ ਸੀਲ ਵਧਾਉ, ਬਾਬਲ ਕੇ ਅੰਗਨ ਮੇਂ।

ਐਸਾ ਦੁਖ ਹੂਆ ਹੈ ਤੁਝ ਕੋ ਆ ਕਰਕੇ ਬਾਲੇਪਨ ਮੇਂ।
ਹੋਨ ਸਤੀ ਛੋੜੋ ਅਬ ਬੇਟੀ, ਤੇਰੀ ਲੀ ਸਰਨ ਮੈਂ।

ਸੀਲਾ ਦਈ :—

ਬਾਬਲ ਦੇਰੀ ਮਤ ਕਰੋ, ਕਹੂੰ ਤੁਮੇਂ ਕਰ ਜੋੜ।
ਅਬ ਮੇਰੀ ਲਗ ਗਈ ਪੀਆ ਮਿਲਨ ਸੇ ਡੋਰ।
ਪੀਆ ਮਿਲਨ ਸੇ ਡੋਰ, ਮੁਝੇ ਅਬ ਕਿਆ ਸਮਝਾਵੇ।
ਕਿਉਂ ਲੇ ਹੈ ਸਰ ਪਾਪ ? ਹਾਥ ਤੇਰੇ ਕਿਆ ਆਵੇ ?
ਪੀ ਕੇ ਸੰਗ ਥੀਂ ਪ੍ਰਾਨ, ਕਹੋ ਅਬ ਕੌਨ ਬਚਾਵੇ ?
ਸਤੀ ਹੋਨ ਸੇ ਮੁਝੇ ਕੋਈ ਮਤ ਆਜ ਹਟਾਵੇ।

ਹਰਭਜ ਸ਼ਾਹ :—

ਤੇਂ ਮ੍ਹਾਰੀ ਮਾਨੀ ਨਹੀਂ, ਬਹੁਤ ਰਹੇ ਸਮਝਾਇ।
ਐ ਬੇਟੀ ! ਤੇਰੀ ਖੁਸ਼ੀ, ਪੀਆ ਮਿਲਨ ਕੋ ਜਾਇ।
ਪੀਆ ਮਿਲਨ ਕੋ ਜਾਇ, ਅਭੀ ਚੰਦਨ ਕੀ ਚਿਤਾ ਬਨਾਊਂ।
ਸਬ ਸਾਮਿਗਰੀ ਧਰੀ ਚਿਤਾ ਮੇਂ, ਤੇਰਾ ਹੁਕਮ ਬਜਾਊਂ।
ਉਡ਼ ਗਿਆ ਹੰਸ ਰਹੀ ਹੈ ਕਾਯਾਂ, ਕਿਸਕੋ ਗਿਆਨ ਸੁਨਾਊਂ ?
ਤੂ ਤੋ ਸੁਰਗ ਸਿਧਾਰੀ ਬੇਟੀ, ਰਾਮ ਨਾਮ ਤੋ ਲਾਊਂ।

ਰਾਜਾ ਰਸਾਲੂ :—

ਐ ਸੂਏ, ਤੂ ਚਤਰ ਹੈਂ, ਜਾਨੇਂ ਚਾਰੋਂ ਬੇਦ।
ਅਬ ਮਹਿਤਾ ਕਹ ਦੋ ਕਹਾਂ, ਯੇਹ ਹੀ ਬਤਾ ਦੇ ਭੇਦ।
ਯੇਹ ਹੀ ਬਤਾ ਦੇ ਭੇਦ, ਕਹਾਂ ਹੈ ਮਹਿਤਾ ਪ੍ਰਾਨ ਪਿਆਰਾ ?
ਉਸੀ ਜਗਾ ਹਮ ਪ੍ਰਾਨ ਤਜੇਂਗੇ, ਯੇਹ ਹੈ ਨੇਮ ਹਮਾਰਾ।
ਕੌਨ ਮਕਾਨ ਗਿਆ ਹੈ ਮਹਿਤਾ ? ਹਮੇਂ ਬਤਾ ਦੇ ਸਾਰਾ।
ਯੇਹੀ ਬਾਤ ਬਤਲਾ ਦੋ, ਸੂਹੇ ਤੇਰੇ ਹਾਥ ਗੁਜ਼ਾਰਾ।

ਤੋਤਾ :—

ਐ ਰਾਜਾ ਰੀਸਲ ਸੁਨੋ, ਧਰੋ ਇਧਰ ਕੋ ਧਿਆਨ।
ਉਸ ਅਗਰੋਹੇ ਨਗਰ ਮੇਂ ਤਜ ਦੀਏ ਜਾਏ ਪ੍ਰਾਨ।
ਤਜ ਦੀਏ ਜਾਏ ਪ੍ਰਾਨ, ਰਾਉ ਜੀ, ਸੁਨ ਲੇ ਬਾਤ ਹਮਾਰੀ।
ਬਾਗ ਬੀਚ ਮੇਂ ਉਸ ਮਹਿਤੇ ਕੀ ਜਲ ਗਈ ਸੀਲਾ ਪਿਆਰੀ।
ਬਾਗ ਬੀਚ ਮੇਂ ਉਨ ਦੋਨੋ ਕੀ ਚਿਤਾ ਬਨੀ ਹੈ ਭਾਰੀ।
ਸ਼ਾਹ ਹਰਭਜ ਮਹਿਲੋਂ ਸੇ ਆਇਆ, ਲੇ ਸਾਮਿਗਰੀ ਸਾਰੀ।

ਰਾਜਾ ਰਸਾਲੂ :—

ਅਬ ਹਮਰਾ ਨਾ ਜੀਉਨਾ, ਹੋਤ ਧਰਮ ਕੀ ਹਾਨ।

ਇਕ ਦਿਨਾ, ਇਕ ਤਿਥੀ ਕੇ, ਥੇ ਉਸਕੇ ਹਮਰੇ ਪ੍ਰਾਨ ।
ਥੇ ਉਸਕੇ ਹਮਰੇ ਪ੍ਰਾਨ, ਪਿਆਰੀ, ਅਬਟਲਕੇ ਕਹਾਂ ਜਾਨਾ ।
ਹੋਨਹਾਰ ਤੋ ਹੋ ਗਈ ਸੂਹੇ, ਅਤ੍ਰ ਕਿਆ ਜਾਨ ਛਪਾਨਾ ।
ਅਬ ਮਹਿਤਾ ਕੇ ਮਰੇ ਪਿਛਾੜੀ ਮੇਰਾ ਨਹੀਂ ਠਿਕਾਨਾ ।
ਮ੍ਹਾਰੀ ਉਸ ਕੀ ਇਕ ਬਾਤ ਥੀ ਤੈਂ ਨ ਭੇਦ ਪਛਾਨਾ ।
ਅਗਨੀ ਮਤੀ ਲਗਾਈਓ ਇਸੀ ਚਿਤਾ ਮੇਂ ਆਜ ।
ਆਇਆ ਗੜ੍ਹ ਰੀਸਲ ਸੇ ਮੈਂ ਜਲਨੇ ਕੀ ਕਾਜ ।
ਮੈਂ ਜਲਨੇ ਕੀ ਕਾਜ ਨੇਮ ਮਹਿਤਾ ਸੰਗ ਮੇਰਾ ।
ਕਿਆ ਰਹਾ ਜਗ ਕੇ ਬੀਚ ਧਰਮ ਜੋ ਅਪਨਾ ਹਾਰਾ ?
ਏਹ ਮਨ ਉਠੇ ਤਰੰਗ ਭਸਮ ਤਨ ਕੋ ਕਰ ਡਾਲੂੰ ।
ਨਾ ਜੀਊਂ ਪਲ ਇਕ, ਉਸ ਕੇ ਸੰਗ ਸਿਧਾਰੂੰ ।

ਹਰਭਜ ਸ਼ਾਹ :—

ਅ ਰਾਜਾ, ਮਤ ਨਾ ਜਲੇ, ਕਰੋ ਪਰਜਾ ਕੀ ਪਾਲ ।
ਕੌਨ ਚੀਜ਼ ਕਾ ਦੁਖ ਤੁਮ੍ਹੇ ? ਸੁਨੀਏ, ਰਾਓ ਰਿਸਾਲ ।
ਸੁਨੀਏ, ਰਾਓ ਰਿਸਾਲ, ਤੇਰੇ ਬਿਨ ਸਬ ਰਈਅਤ ਦੁਖ ਪਾਵੇ ।
ਇਸ ਮਹਿਤੇ ਕੇ ਸੰਗ, ਰਾਓ ਜੀ, ਕਿਉਂ ਤੂੰ ਪ੍ਰਾਨ ਗੇਵਾਵੇ ।
ਐਸਾ ਬਲੀ ਨਹੀਂ ਕੋਈ, ਰਾਜਾ, ਤੇਰੇ ਸਾਮ੍ਹਨੇ ਆਵੇ ।
ਕੌਨ ਬਾਤ ਪੇ ਜਲੇ, ਰਸਾਲੂ, ਕਿਉਂ ਨਾ ਭੇਦ ਬਤਾਵੇ ?

ਰਾਜਾ ਰਸਾਲੂ :—

ਸ਼ਾਹਹਰਭਜ, ਤੁਮ ਸੇ ਕਹੂੰ, ਮਨ ਮੇਂ ਕਰੋ ਬਿਚਾਰ ।
ਮੇਰਾ ਉਸਕਾ ਕੌਲ ਥਾ, ਇਕ ਤਿੱਥੀ ਇਕ ਵਾਰ ।
ਇਕ ਤਿੱਥੀ, ਇਕ ਵਾਰ, ਬੀਚ ਮੇਂ ਮੇਰਾ ਉਸਕਾ ਮਰਨਾ ।
ਮੇਰਾ ਉਸਕਾ ਯੇਹੀ ਧਰਮ ਥਾ, ਅਬ ਪੀਛੇ ਕਿਆ ਕਰਨਾ ?
ਲਾਖ ਕਹੋ ਮੈਂ ਨਾ ਹਟਨੇ ਕਾ, ਉਸੀ ਚਿਤਾ ਮੇਂ ਜਲਨਾ ।
ਕੋਈ ਘੜੀ ਮੇਂ ਆਜ ਜਲੇ, ਹਮ ਅਬ ਮਹਿਤਾ ਸੇ ਮਿਲਨਾ ।

ਤੋਤਾ :—

ਅਜੀ ਨਾਥ, ਸੁਨ ਲੀਜੀਏ, ਕਰੋ ਇਕ ਤਦਬੀਰ ।
ਨਾਥ ਤੁਮ੍ਹਾਰੇ ਬਾਰ ਮੇਂ ਤਜ ਦੂੰ ਆਜ ਸਰੀਰ ।
ਤਜ ਦੂੰ ਆਜ ਸਰੀਰ ਨਾਥ ਜੀ, ਅਬ ਜੀਵਨ ਕਿਆ ਮੇਰਾ ?
ਰਾਓ ਰਸਾਲੂ ਗਿਆ ਮਰਨ ਕੋ, ਤੇਰਾ ਚਰਨ ਕਾ ਚੇਰਾ ।
ਅਗਰੋਹੇ ਮੇਂ ਜਲਨ ਗਿਆ ਹੈ, ਉਸੇ ਕਾਲ ਨੇ ਘੇਰਾ ।
ਚਲੋ ਹਮਾਰੇ ਸੰਗ, ਨਾਥ ਜੀ, ਕਰੋ ਇਧਰ ਕੋ ਫੇਰਾ ।

Sri Satguru Jagjit Singh Ji Elibrary NamdhariElibrary@gmail.com

ਗੁਰੂ ਗੋਰਖਨਾਥ :—

ਅਰੇ ਬਚਾ, ਮਤ ਨਾ ਜਲੇ, ਧਰੋ ਇਧਰ ਕੋ ਧਿਆਨ।
ਚਲੋ ਸੰਗ, ਹਮ ਭੀ ਚਲੇਂ, ਭਲੇ ਕਰੇਂ ਭਗਵਾਨ।
ਭਲੇ ਕਰੇਂ ਭਗਵਾਨ ਰੇ ਬਚਾ, ਮਨ ਮੇਂ ਰਾਖੋ ਧੀਰਾ।
ਨਹੀਂ ਮਰੇਗਾ ਰਾਓ ਰਸਾਲੂ, ਮਤ ਨਾ ਤਜੇ ਸਰੀਰਾ।
ਇਕ ਨਾਮ ਸੇ ਧਿਆਨ ਲਗਾਉ, ਸਦਾ ਭਜੇ ਰਘਬੀਰਾ।
ਹੋਨਹਾਰ ਹਟੀ ਨਾ, ਸੋਹੀ ਕਹ ਗਏ ਦਾਸ ਕਬੀਰਾ।

ਤੋਤਾ :—

ਵੁਹ ਤੋ ਬੈਠਾ ਚਿਤਾ ਮੇਂ, ਮੇਰਾ ਬਦਨ ਗਿਆ ਸੂਖ।
ਫਿਰ ਜਾ ਕੇ ਕਿਆ ਕਰੋਗੇ ? ਦੇ ਹੋਲੀ ਸੇ ਫੂਕ।
ਦੇ ਹੋਲੀ ਸੇ ਫੂਕ ਖਬਰ ਲੇ, ਕਿਉਂ ਮੁਝ ਕੋ ਤਰਸਾਵੇ ?
ਚਲੋ ਹਮਾਰੇ ਸੰਗ, ਨਾਥ ਜੀ, ਹਮਰੇ ਪ੍ਰਾਨ ਬਚਾਵੇ।
ਜੀਵਨ ਕਾ ਫਲ ਜਬ ਹੈ ਮੇਰਾ, ਜੋ ਰਾਜਾ ਮਿਲ ਜਾਵੇ।
ਆਜ ਮਰੂੰਗਾ ਤੇਰੇ ਬਾਰ ਮੇਂ, ਜੋ ਨਾ ਉਸੇ ਜਿਆਵੇ।

ਗੁਰੂ ਗੋਰਖਨਾਥ :—

ਚਲ, ਬੱਚਾ, ਅਬ ਚਲਤ ਹੈ ਲੇਨੀ ਨਾਦ ਉਠਾਇ।
ਅਗਰੋਹੇ ਕੋ ਚਲ ਪੜੇ ਛਿਨ ਮੇਂ ਪਹੁੰਚੇ ਆਇ।
ਛਿਨ ਮੇਂ ਪਹੁੰਚੇ ਆਇ, ਬਾਗ਼ ਮੇਂ ਆਸਨ ਆਨ ਲਗਾਏ।
ਨਾਦ ਬਜਾਕੇ, ਅਲਖ ਜਗਾਕੇ, ਜਬ ਨੌ ਨਾਥ ਬੁਲਾਏ।
ਜਹਾਂ ਬਾਗ਼ ਮੇਂ ਚਿਤਾ ਬਨੀ ਥੀ ਉਸੀ ਚਿਤਾ ਪੇ ਆਏ।
ਅੰਮ੍ਰਿਤ ਬੂੰਦ ਗੇਰ ਜੋਗੀ ਨੇ, ਸਿੱਧੋਂ ਕੇ ਬਰ ਪਾਏ।

ਪਾਰਬਤੀ :—

ਐ ਪ੍ਰੀਤਮ, ਇਸ ਨਗਰ ਮੇਂ ਕਿਆ ਹੂਈ ਹਾਹਾਕਾਰ ?
ਰੁਦਨ ਕਰੇ ਨਗਰੀ ਸਭੀ, ਕਰ ਰਹੀ ਬਹੁਤ ਪੁਕਾਰ।
ਕਰ ਰਹੀ ਬਹੁਤ ਪੁਕਾਰ, ਨਾਥਜੀ, ਕਹੋ ਸਚਕੀ ਬਾਨੀ ?
ਕਿਸ ਪੇ ਬਿਪਤ ਪੜੀ ਹੈ ਭਾਰੀ ? ਯੇਹ ਹਮਨੇ ਨਾ ਜਾਨੀ।
ਇਸ ਕਾ ਭੇਦ ਬਤਾਓ ਹਮਕੋ, ਆਪ ਨਾਥ ਗੁਰਗਿਆਨੀ।
ਇਨ ਕਾ ਦੂਖ ਮਿਟੇਗਾ, ਸੁਆਮੀ, ਜਭੀ ਪੀਊਂਗਾ ਪਾਨੀ।

ਮਹਾਦੇਵ :—

ਕੋਈ ਹੰਸੇ, ਕੋਈ ਰੋਵੇ, ਜਗ ਮੇਂ ਦੂਖ ਆ ਪਾਸ।
ਗਿਆਨ ਦ੍ਰਿਸ਼ਟੀ ਕਰ ਦੇਖ ਲੇ ਜਬ ਜਗ ਹੋਤ ਬਿਨਾਸ।
ਜਬ ਜਗ ਹੋਤ ਬਿਨਾਸ, ਜਾਨੀਓ ਦੂਖ ਸੁਖ ਕਾ ਹੈ ਮੇਲਾ।

Sri Satguru Jagjit Singh Ji Elibrary NamdhariElibrary@gmail.com

ਇਸ ਮਾਇਆ ਸੇ ਕੋਈ ਬਚੇ ਹੈ ਪੱਕੇ ਗੁਰ ਕਾ ਚੇਲਾ !
ਜਿਨ ਮਾਇਆ, ਮੋਹੇ,ਲੋਭ,ਸਬ,ਤਿਆਗਾ, ਚੌਰਾਸੀ ਨ ਖੇਲਾ ।
ਚਲੀ ਚਲੋ ਆਗੇ ਕੋ, ਭੋਲੀ, ਮਤ ਨ ਕਰੋ ਝਮੇਲਾ ।

ਪਾਰਬਤੀ :—

ਇਕ ਨਹੀਂ ਮਾਨੂੰ, ਪੀਆ, ਲੂੰ, ਇਨ ਕਾ ਦੁਖ ਦੇਖ।
ਜਬ ਯਹਾਂ ਸੇ ਆਗੇ ਚਲੂੰ ਯੇਹ ਹੀ ਮੁਝੇ ਹੈ ਟੇਕ ।
ਯੇਹ ਹੀ ਮੁਝੇ ਹੈ ਟੇਕ, ਨਾਥਜੀ, ਨਹੀਂ ਅਗਾੜੀ ਜਾਨਾ ।
ਮਨ ਮੇਂ ਸਮਝ ਕਰੇ ਹੈ ਜੋ ਕੋਈ, ਉਸ ਕਾ ਕਿਆ ਸਮਝਾਨਾ ।
ਬਿਨ ਪੂਛੇ ਮੈਂ ਨਹੀਂ ਚਲੂੰਗੀ, ਆਗੇ ਨਹੀਂ ਠਿਕਾਨਾ ।
ਇਨ ਕਾ ਦੁਖ ਪੂਛ ਲੂੰ ਪਹਿਲੇ, ਪੀਛ ਭੋਜਨ ਖਾਨਾ ।

ਮਹਾਦੇਵ :—

ਇਸ ਮਾਇਆ ਸੰਸਾਰ ਮੇਂ ਦੁਖ ਹੈਂ ਆਠੋ ਜਾਮ ।
ਚਲ ਭੋਲੀ, ਆਗੇ ਚਲੇਂ, ਤੁਝਕੋ ਕਿਆ ਹੈ ਕਾਮ ?
ਤੁਝਕੋ ਕਿਆ ਹੈ ਕਾਮ ? ਪਿਆਰੀ, ਸਮਝ ਸੋਚ ਅਪਨੇਮਨਮੇਂ ।
ਕਿਤਨੇ ਰਾਜ਼ੀ ਹੈਂ ਮਸਤ ਖਵਾਰੀ ? ਕਿਤਨੇਰਾਜ਼ੀਹੈਂ ਧਨ ਮੇਂ ?
ਜਿਸਨੇ ਉਸ ਕੀ ਟੇਕ ਲੀ ਹੈ ਅਬ ਆ ਕੇ ਬਾਲੇਪਨ ਮੇਂ ।
ਉਹਨੀਂ ਅਮਰਪੁਰ ਬਾਸ ਹੂਆਹੈ, ਸਮਝ ਦੇਖ ਅਪਨੇਤਨਮੇਂ ।

ਪਾਰਬਤੀ :—

ਮੈਂ ਤੋ ਅਬ ਮਾਨੂੰ ਨਹੀਂ, ਕਿਆ ਸਮਝਾਓ ? ਨਾਥ !
ਉਨ ਕਾ ਦੁਖ ਨਿਵਾਰ ਦੋ ਜਭੀ ਚਲੂੰਗੀ ਸਾਥ ।
ਜਭੀ ਚਲੂੰਗੀ ਸਾਥ, ਨਾਥਜੀ, ਯੇਹ ਮੇਰੇ ਮਨ ਆਈ ।
ਚਲੂੰ ਆਜ ਬਾਗ ਮੇਂ ਜੋਗੀ ਪੂਛੂਗੀ ਸਮਝਾਇ ।
ਕਿਆ ਦੁਖ ਹੂਆ ? ਬਤਾਓ ਹਮ ਕੋ ਕਿਉਂ ਰੌਲ ਮਚਾਇ ?
ਕਿਸ ਕੀ ਚਿਤਾ ਜਲੇ ਬਾਗ਼ ਮੇਂ ਯੇਹ ਦੋ ਭੇਦ ਬਤਾਇ ?

ਗੁਰੂ ਗੋਰਖ ਨਾਥ :—

ਰਾਓ ਰਸਾਲੂ ਜਲ ਗਏ ਉਸ ਮਹਿਤਾ ਕੀ ਕਾਜ ।
ਇਨ ਕੋ ਆਪ ਜਿਵਾਇ ਦੋ, ਕਿਰਪਾ ਕਰੋ, ਮਹਾਰਾਜ !
ਕਿਰਪਾ ਕਰੋ, ਮਹਾਰਾਜ, ਇਨਹੀਂ ਕੋ ਹਟਕੇ ਆਪ ਜਿਵਾਓ ।
ਤੁਮ ਹੋ ਪੂਰਨ ਬ੍ਰਹਮ ਸਕਤ, ਜੋ ਇਨ ਕੇ ਪ੍ਰਾਨ ਬਚਾਓ !
ਕਿਰਪਾ ਕਰੋ, ਦੁਖ ਹਰੋ ਹਮਾਰਾ, ਜ਼ਰਾ ਦੇਰ ਮਤ ਲਾਓ ।
ਇਨਕਾ ਪ੍ਰਾਨ ਬਚਾਕੇ, ਸਕਤੀ, ਜਬ ਆਗੇ ਕੋ ਜਾਓ ।
ਕਿਰਪਾ ਹੂਈ ਹੈ ਸਕਤ ਕੀ, ਹੂਆ ਕੁਦਰਤ ਕਾ ਖਿਆਲ ।

ਅਪਨੀ ਉਂਗਲੀ ਚੀਰ ਕੇ ਅੰਮ੍ਰਿਤ ਲੀਆ ਨਿਕਾਲ।
ਅੰਮ੍ਰਿਤ ਲੀਆ ਨਿਕਾਲ ਸਕਤੀਨੇ ਜਭੀ ਚਿਤਾ ਪੇ ਡਾਰਾ।
ਤੀਨੋ ਹੁਏ ਚਿਤਾ ਮੇਂ ਬੈਠੇ ਮੁਖ ਸੇ ਰਾਮ ਉਚਾਰਾ।
ਨਹੀਂ ਅੰਤ ਉਸ ਕੀ ਲੀਲਾ ਕਾ, ਕਿਆ ਜਾਨੇ ਸੰਸਾਰਾ।
ਇਕ ਨਾਮ ਹੈ ਸਾਰਾ ਜਗਤ ਮੇਂ, ਵੁਹੀ ਸਭੀ ਕੋ ਪਿਆਰਾ।

ਰਾਜਾ ਰਸਾਲੂ :—

ਅਬ ਕਿਰਪਾ ਗੁਰ ਕੀ ਹੁਈ ਸਰੇ ਹਮਾਰੇ ਕਾਜ।
ਸਬ ਜਗ ਪਾਲਨਹਾਰ ਹੋ, ਬੜੇ ਗਰੀਬ ਨਿਵਾਜ।
ਬੜੇ ਗਰੀਬ ਨਿਵਾਜ, ਜਗਤ ਕੀ ਲੀਲਾ ਫਿਰ ਰਚਾਓ।
ਹਟ ਕੇ ਜਨਮ ਹੂਆ ਹੈ ਇਨਕਾ ਦੂਜਾ ਬਿਆਹ ਕਰਵਾਓ।
ਔਰ ਸਬ ਪੀਛੇ ਕਰੀਓ, ਪੰਡਿਤ ਬੇਗ ਬੁਲਾਓ।
ਬੇਦੀ ਰਚੋ ਬਿਆਹ ਕੀ ਤਿਆਰੀ, ਵਾਜੇ ਸਭੀ ਵਜਾਓ।
ਪੰਡਿਤ ਬੇਗ ਬੁਲਾਇ ਕੇ ਸਾਹਾ ਲੀਆ ਰਚਾਈ।
ਮਹਿਤਾ ਸੀਲ ਕੰਵਾਰ ਕੇ ਫੇਰੇ ਦੀਏ ਦਿਵਾਇ।
ਫੇਰੇ ਦੀਏ ਦਿਵਾਇ, ਵਹਾਂ ਸਬ ਆ ਗਏ ਗੋਤੀ ਨਾਤੀ।
ਸਬ ਪਰਵਾਰ ਆਇਆ ਬਾਗ ਮੇਂ, ਪੜਦਾ ਖੀਂਚੇ ਬਾਨਾਤੀ।
ਮੰਗਲਾਚਾਰ ਹੂਆ ਬਾਗ ਮੇਂ, ਗੋਰਖ ਚੜ੍ਹੇ ਬਰਾਤੀ।
ਨਰ ਨਾਰੀ ਰਨਵਾਸ ਖੁਸ਼ੀ ਹੋਂ, ਸਬ ਪਰਜਾ ਗੁਨ ਗਾਤੀ।
ਜਬ ਉਨ੍ਹੋਂ ਸਾਹਾ ਸਜਾਇਕੇ ਦੀਏ ਸੁਤਾ ਕੋ ਬਿਆਹੇ।
ਘਰ ਘਰ ਮੇਂ ਆਨੰਦ ਹੋ, ਮਹਿਲੋਂ ਮੇਂ ਉਛਾਏ।
ਮਹਿਲੋਂ ਮੇਂ ਉਛਾਏ, ਦਾਤ ਹਟ ਕੇ ਦੇ ਭਾਗੀ।
ਮਿਲੀ ਸੀਲ ਕੰਵਾਰ ਸਖੀ ਸਬ ਨਿਆਰੀ ਨਿਆਰੀ।

ਸੀਲਾ ਦਈ :—

ਲੀਜੇ ਮੁਝ ਕੋ, ਮਾਤ, ਅਭੀ ਰੀ ਬੇਗ ਬੁਲਾਇ।
ਅਭੀ, ਮਾਤਾ ਮਿਲੂੰ ਸਾਸ ਅਪਨੀ ਕੋ ਜਾਇ।

ਸੀਲਾ ਦਈ ਕੀ ਮਾਤਾ :—

ਕੁਸ਼ਲ ਖੇਮ ਸੇ ਤੁਮ ਜਾਓ, ਮੇਰੀ ਸੀਲ ਕੰਵਾਰ।
ਹੇ ਸੀਲਾ, ਮੇਰੀ ਲਾਡਲੀ, ਤਨ ਮਨ ਡਾਰੂੰ ਵਾਰ।
ਤਨ ਮਨ ਡਾਰੂੰ ਵਾਰ ਮੇਰੀ ਪ੍ਰਾਨੋਂ ਕੀ ਪਿਆਰੀ।
ਲੂੰਗੀ ਬੇਗ ਬੁਲਾਇ, ਨਹੀਂ ਕੀਜੋ ਮਨ ਭਾਰੀ।
ਜਾਓ ਸਾਸ ਕੇ ਪਾਸ, ਖ਼ੁਸ਼ੀ ਸੇ ਮੰਗਲ ਗਾਓ।
ਲੂੰਗੀ ਬੇਗ ਬੁਲਾਏ, ਮਤੀ ਦਿਲ ਮੇਂ ਘਬਰਾਓ।

ਕੀਆ ਮਜਿਲ ਧਰ ਮਜਿਲ, ਫਿਰ ਕੂਚ ਕੀਆ ਮਕਾਨ ।
ਚੰਦ ਰੋਜ ਕੇ ਬੀਚ ਮੇਂ ਆਏ ਰੀਸਲਗੜ੍ਹ ਦਰਮਿਆਨ ।
ਆਏਰੀਸਲਗੜ੍ਹ ਦਰਮਿਆਨ, ਆਏਹੈਂਸਜਕਰਸਬ ਨਰਨਾਰੀ।
ਡੇਉੜ੍ਹੀਦਾਰ ਅਰਜ਼ ਕਰਤੇ ਹੈਂ ਹਾਥ ਜੋੜ ਇੰਤਜ਼ਾਰੀ ।
ਆਗੇ ਘੋੜਾ ਹੈ ਮਹਿਤੇ ਕਾ, ਪੀਛੇ ਸੀਲ ਕੰਵਾਰੀ ।
ਘਰ ਘਰ ਮੇਂ ਆਨੰਦ ਹੋਇਓ ਹੈ ਸੁਨ ਕਰ ਬਾਤਾਂ ਸਾਰੀ।

ਸੀਲਾ ਦਈ:—

ਚਰਨ ਤੁਮ੍ਹਾਰੇ ਮੈਂ ਲਗੂੰ, ਐ ਸਾਸੁਰ, ਮੈਂ ਆਨ ।
ਜੋੜੀ ਆਨ ਮਿਲਾ ਦੀ ਹਟਕੇ ਸਿਰੀ ਭਗਵਾਨ ।
ਹਟਕੇ ਸਿਰੀ ਭਗਵਾਨ, ਸਾਸਜੀ, ਹਮੇਂ ਸੁਹਾਗ ਦੀਆ ਹੈ।
ਦੀਨ-ਦਿਆਲ,ਰਘੂ-ਕੁਲ,ਨਾਇਕ,ਜਿਸ ਕਾਸਰਨਲੀਆ ਹੈ।
ਰਚਨਹਾਰ ਰਚਤਾਵੇ ਸੁਾਮੀ, ਜਿਸ ਕਾ ਖ਼ਿਆਲ ਭਇਆ ਹੈ।
ਅਮਰ ਨਾਮ ਉਨਕਾ ਹੈ, ਜਗ ਮੇਂ ਦੂਜਾ ਕੌਨ ਹੂਆ ਹੈ।

ਸੀਲਾ ਦਈ ਕੀ ਸਾਸ:—

ਸੁਖੀ ਸਦਾ ਰਹੀਓ, ਬਹੂ, ਰਹੀਓ ਤੇਰਾ ਸੁਹਾਗ ।
ਦੂਧ, ਪੁਤ੍ਰ, ਧਨ, ਸਬ ਫਲੋਂ ਹੋਈਓ ਬੂੜ੍ਹ ਸੁਹਾਗ ।
ਹੋਈਓ ਬੂੜ੍ਹ ਸੁਹਾਗ, ਯੇਹ ਹੈ ਅਸੀਸ ਹਮਾਰੀ ।
ਸਦਾ ਕਰੋ ਆਨੰਦ, ਸੁਖੀ ਸਬ ਆ ਗਈ ਕਾਰੀ ।
ਤੁਮ ਪੇ ਕਰੇ ਸਹਾਈ, ਆਪ ਆਵਨ ਗਿਰਵਰਧਾਰੀ ।
ਮਨ ਮੇਂ ਹੂਆ ਆਨੰਦ, ਮੇਲੀ ਜੋ ਜੋੜੀ ਥਾਰੀ ।
ਸੰਮਤ, ਸ਼ੁਭ ਘੜੀ, ਸਦਾ ਸ਼ੁਭ ਕਾਰ ਤੁਮ੍ਹਾਰਾ ।
ਸਕਲ ਤੁਮਹਾਰੇ ਦੇਸ, ਕੁਸ਼ਲ ਪਰਵਾਰ ਤੁਮਹਾਰਾ ।
ਗਾਉ ਮੰਗਲਾਚਾਰ, ਸੋ ਜਾਓ ਮਹਿਲ ਅਟਾਰੀ ।
ਹਟ ਕਰ ਰਖੀ ਲਾਜ, ਆਨ ਕਰਤਾ ਨੇ ਥਾਰੀ।
ਕਿਰਪਾ ਹੂਈ ਜਗਤੰਮਬਾ ਕੀ, ਧਰਾ ਧਿਆਨ ਜਗਦੀਸ ।
ਸਾਂਗ ਸੰਪੂਰਨ ਤੁਮ ਨੇ ਕੀਆ, ਪਾਰਬਤੀ ਕੇ ਈਸ ।
ਪਾਰਬਤੀ ਕੇ ਈਸ ਜਗਤ ਮੇਂ ਹਮਰੀ ਕਰੀ ਸਹਾਈ।
ਸਾਂਗ ਸੰਪੂਰਨ ਕਰਕੇ, ਮਾਤਾ, ਪੀਛੇ ਭੇਟ ਬਨਾਏ ।
ਸੁਰ,ਮੁਨੀ,ਜਨ,ਸਨਕਾਦਿਕ ਨੇ ਤੇਰੀ ਮਾਇਆਕਹੀਂਨਾਪਾਈ।
ਕਹਿਤੇ, ਬੰਸੀ ਲਾਲ, ਮਾਤ, ਤੂ ਚਾਰ ਜੁਗੋਂ ਮੇਂ ਧਿਆਈ।

———

Sri Satguru Jagjit Singh Ji Elibrary NamdhariElibrary@gmail.com

# ਰਾਜ ਕੁਮਾਰੀ ਅਧਿਕ ਅਨੂਪ ਦਈ

ਅਨੂਪ ਦਈ ਰਾਜਾ ਸਰਕਟ (ਜਾਂ ਸਿਰਕਪ) ਦੀ ਬੇਟੀ ਸੀ। ਰਾਜਾ ਸਰਕਟ ਕਨੌਜ ਦਾ ਰਾਜਾ ਸੀ। ਰਾਣੀ ਕੋਕਿਲਾਂ ਵਾਲੀ ਕਹਾਣੀ ਵਿਚ ਰਾਜਾ ਸਿਰਕਪ ਕੋਟ ਭਿਠੋਰ ਦਾ ਰਾਜਾ ਦਸਿਆ ਹੈ। ਕਿਥੇ ਅਟਕ ਦਾ ਕੰਢਾ ਤੇ ਕਿਥੇ ਕਨੌਜ। ਮੇਰਠ ਦੇ ਕੋਲ ਸਰਸਨਾ—ਜਿਹੜਾ ਮਸ਼ਹੂਰ ਬੇਗਮ ਦੀ ਸਮੇਰੂ ਦੀ ਰਾਜਧਾਨੀ ਸੀ—ਵੀ ਇਲਾਕੇ ਦੇ ਲੋਕ ਆਖਦੇ ਨੇ ਕਿ ਸਿਰਕਪ ਦਾ ਵਸਾਇਆ ਸੀ। ਗਲ ਕੀ ਰਿਸਾਲੂ ਦੀਆਂ ਵਾਰਾਂ ਜਿਨ੍ਹਾਂ ਨੂੰ ਜਟਕੇ ਇਲਾਕੇ ਵਿਚ ਮਹਲ ਆਖਦੇ ਨੇ--ਜਮਨਾਂ ਪਾਰ ਦੇ ਇਲਾਕੇ ਵਿਚ ਵੀ ਮਸ਼ਹੂਰ ਹਨ ਤੇ ਜਿਹੜੀਆਂ ਵਾਰਾਂ ਲਿਖੀਆਂ ਨੇ, ਉਨ੍ਹਾਂ ਦੀ ਬੋਲੀ ਵੀ ਪੂਰਬੀ ਪੰਜਾਬ ਜਾਂ ਪੱਛਮੀ ਯੂ. ਪੀ. ਦੀ ਹੈ, ਅੰਬਾਲਾ—ਮੇਰਠ ਦੇ ਇਲਾਕੇ ਦੀ।

**ਮਹਲ ਰਾਣੀ ਅਧਿਕ ਅਨੂਪ ਦਈ ਬੇਟੀ ਰਾਜਾ ਸਿਰਕੱਪ ਕੀ**

ਹਾਥ ਜੋੜ ਮਾਤਾ ਕਹੇ, ਸੁਨ ਪੂਰਨ ਮੇਰੀ ਬਾਤ।
ਐਸਾ ਬਚਨ ਬੋਲੀਓ ਜੁ ਪੈਦਾ ਹੋਵੇ ਪੂਤ।
ਪੂਰਨ ਮਾਤਾ ਸੇ ਕਹੇ, ਸੁਨ ਮਾਤਾ ਮੇਰੀ ਬਾਂਤ।
ਪੈਦਾ ਰਸਾਲੂ ਹੋਇਗਾ ਔਰ ਛਲੀਆ ਉਸਕਾ ਨਾਮ।
ਤੀਨ ਸੈ ਸਾਠ ਰਾਣੀ ਛਲੇਗਾ, ਔਰ ਕਿਸੀਕੇ ਨਾ ਰਹੇਗਾ ਸੰਗ।
ਮਾਤਾ ਖੁਸ਼ੀਆਂ ਕਰ ਰਹੀ ਔਰ ਘਰ ਘਰ ਹੋ ਰਹੇ ਰੰਗ।
ਇਤਨੀ ਸੁਨ ਕੇ ਚਲ ਪੜੀ ਔਰ ਮਹਿਲ ਲਏ ਸੁਰੰਗ।
ਰਸਾਲੂ ਪੈਦਾ ਹੋ ਗਿਆ ਔਰ ਘਰ ਘਰ ਹੋ ਗਏ ਰੰਗ।
ਇਕ ਮਹੀਨਾ ਦੋ ਮਹੀਨੇ, ਛੇਵੇਂ ਰਖੇ ਪੈਰ।
ਦਸ ਮਹੀਨੇ ਕਾ ਹੋਇਆ ਵੁਹ ਮਹਿਲੋਂ ਮੇਂ ਖੈਰ।
ਚਾਰ ਬਰਸ ਕੇ ਹੋ ਗਏ ਔਰ ਮਹਿਤਾ ਲੀਆ ਬੁਲਾਇ।
ਰੰਗ ਮਹਿਲ ਪੇ ਖੇਲਤੇ ਮਹਿਤਾ ਰਾਜਾ ਦੋ।
ਇਤਨੀ ਮਹਿਤਾ ਕਹੇ, ਸੁਣ ਰਾਜਾ! ਮੇਰੀ ਬਾਤ।



Sri Satguru Jagjit Singh Ji Elibrary NamdhariElibrary@gmail.com

ਐਸੀ ਬਾਤਾਂ ਕਰੋ ਜਿਸ ਮੇਂ ਰਹੇ ਦੋ ਬਾਤ।
ਰਾਜਾ ਮਹਿਤੇ ਸੇ ਕਹੇ, ਸੁਨ ਮਹਿਤਾ ਮੇਰੀ ਬਾਤ।
ਰੰਗ ਮਹਲ ਮੇਂ ਸੋ ਰਹਾ ਔਰ ਸੁਪਨਾ ਆ ਗਿਆ ਰਾਤ।
ਰਾਤ ਕੇ ਸੁਪਨੇ ਕੀ ਕਿਆ ਕਹੂੰ ? ਸੁਨ ਮਹਿਤੇ ਮੇਰੀ ਬਾਤ।
ਰਾਨੀ ਸ਼ਹਿਰ ਕਨੌਜ ਮੇਂ, ਅਧਿਕ ਅਨੂਪਦਈ ਨਾਰ।
ਹੰਸੇਭਰਦਏਫੂਲੋਂ ਕੀ ਡਾਲੜੀ ਰੋਏ ਭਰਦਏਮੋਤੀਓਂਕੇਥਾਲ।
ਉਸਰਾਨੀਕੋ ਮਿਲਾਇ ਦਏ ਇਸ ਵਰਗਾਨਹੀਂ ਅਹਿਸਾਨ।
ਇਤਨੀ ਸੁਨ ਮਹਿਤਾ ਕਹੇ, "ਸੁਣ ਰਾਜਾ ਮੇਰੀ ਬਾਤ।
ਤੋਤੇ ਅਪਨੇ ਕੋ ਬੁਲਾਇਓ, *ਪਰਿਆਲ ਦੇਗਾ ਸਾਰ"।
ਬੋਲੇ ਰਾਜਾ ਸੁਨਕੇ, "ਸੁਨ ਤੋਤੇ ਮੇਰੀ ਬਾਤ।
ਮਿਸਰੀ ਕੂਜਾ ਖਿਲਾਊਂ, ਠੰਢਾ ਪਾਣੀ ਦੂੰ ਪਿਲਾ।
ਖਬਰਾਂ ਲਾ ਦੇ ਅਧਿਕ ਅਨੂਪ ਕੀ, ਤੋਤਾ, ਹੈਂ ਰਾਉ"।
ਇਤਨੀ ਸੁਣ ਤੋਤਾ ਕਹੇ, "ਤੂ ਸੁਨ ਰਾਜਾ ਮੇਰੀ ਬਾਤ।
ਰਸਤਾ ਹੈਗਾ ਦੂਰ ਕਾ, ਮੇਰੇ ਸੇ ਜਾਇਆ ਨਾ ਜਾਏ।"
ਇਤਨੀ ਸੁਨ ਰਾਜਾ ਕਹੇ, "ਸੁਨ ਤੋਤੇ ਮੇਰੀ ਬਾਤ।
ਖਬਰਾਂ ਲਾਦੇ ਅਧਿਕ ਅਨੂਪਕੀ, ਨਹੀਂ ਖਾਕੇ ਮਰੂੰ ਕਟਾਰ"।
ਇਤਨੀ ਸੁਣ ਤੋਤਾ ਕਹੇ, "ਸੁਣ ਰਾਜਾ ਮੇਰੀ ਬਾਤ।
ਪੈਰ ਘੜਾ ਦੇ ਸੋਨੇਕੇ ਪੈਜਣੀ, ਗਲ ਹੀਰੇਕੀ ਕੰਠੀਦੇ ਡਾਲ।
ਪਰ ਬਾਜੂ ਸੋਨੇ ਮੜ੍ਹਾ ਦੇ, ਸਿਰ ਧਰ ਰਖ ਦੇ ਲਾਲ।
ਖਬਰਾਂ ਲਾ ਦੂੰ ਅਧਿਕ ਅਨੂਪ ਕੀ ਤਬ ਤੋਤਾ ਮੇਰਾ ਨਾਮ"।
ਇਤਨੀ ਸੁਣ ਰਾਜਾ ਕਹੇ, 'ਸੁਣ ਤੋਤੇ ਸਰਨਾਮ।
ਮਾਇਆ ਕਰਮ ਕੋਈ ਮਾਰਦੇ ਔਰ ਜਾ ਲਾਖੋਂ ਕੀ ਜਾਨ"।
"ਰਾਜਾ ਮਾਇਆ ਕਾ ਲੋਭੀ ਬਨ ਗਿਆ, ਔਰ ਇਸ਼ਕ ਕੀ ਖਕਰ ਕੁਛਨਾ।
"ਜੇ ਰਾਣੀ ਤੁਝੇ ਦੇਖਨੀ, ਦੇ ਸੰਗਾਰ ਲਗਾਇ।"
'ਤੈਨੂੰ ਸੋਨੇਦਾ ਪਿੰਜਰਾ ਘੜਾਇਦੂੰ,†ਸੀਮੂੰ ਦਿਓਂ††ਲਖਾਇ'
ਰਾਜਾ ਤੋਤਾ ਚਲ ਪੜੇ, ਚਲੇ ਜੰਗਲ ਕੀ ਜਾਨ।
ਦਿਨ ਸੇ ਰਾਤ ਹੋ ਗਈ ਔਰ ਕਹੀਂ ਸੋਨੇਕਾ ਕਰੋ ਬਿਸਰਾਉ।
"ਹੇ ਰਾਜਾ, ਤੂ ਪੀਛੇ ਉਲਟ ਜਾ, ਮੈਂ ਖਬਰ ਦੂੰ ਲਾਏ।"
ਰਾਜਾ ਘਰ ਕੋ ਚਲ ਪੜਾ, ਔਰ ਤੋਤਾ ਕਰੇ ਸਲਾਮ।
ਕਰ ਸਲਾਮ ਤੋਤਾ ਉੜਗਿਆ, ਔਰ ਪਹੁੰਚਾ ਸ਼ਹਿਰ ਕਨੌਜ।

---

*ਖੰਭਾ ਵਾਲਾ। †ਸੀਮੂੰ ਹਦ। ††ਲਖਾਇ–ਲੰਘਾਇ।

Sri Satguru Jagjit Singh Ji Elibrary NamdhariElibrary@gmail.com

ਉਸ ਰਾਣੀ ਕੇ ਬਾਗ ਮੇਂ, ਡੇਰਾ ਦੀਆ ਲਗਾਇ।
ਤੋਤਾ ਬੋਲੀ ਬੋਲਦਾ ਔਰ ਤੋਤੇ ਲੀਏ ਬੁਲਾਇ।
"ਇਸ ਰਾਣੀ ਕੇ ਬਾਗ ਮੇਂ ਮੇਵਾ ਲਉ ਖਾਇ।
ਪਕਾ ਪਕਾ ਖਾ ਲਿਓ, ਔਰ ਕੱਚਾ ਦਿਓ ਗੇਰ।
ਦੇਖ ਮਾਲੀ ਰੋ ਰਹਾ, ਤੋਤੇ ਉਡਦੇ ਨਾਹੀਂ!
ਰੋਂਦਾ ਮਾਲੀ ਆਉਂਦਾ ਇਸ ਰਾਣੀ ਕੇ ਪਾਸ।
"ਲਾਖੋਂ ਤੋਤੇ ਆ ਪੜੇ ਰਾਣੀ ਤੇਰੇ ਬਾਗ।
ਮੇਵਾ ਥਾ ਸਭ ਖਾ ਲੀਆ, ਔਰ ਕਚਾ ਕਰ ਦੀਆ ਨਾਸ"।
ਇਤਨੀ ਸੁਣ ਰਾਣੀ ਘਬਰਾਈ, ਫਾਂਧੀਗਰ ਲੀਏ ਬੁਲਾਇ।
"ਉਨ ਤੋਤੋਂ ਕੋ ਪਕੜ ਲਾਉ ਹਮਾਰੇ ਪਾਸ"।
ਇਤਨੀ ਸੁਣ ਫੰਧੀਗਰ, ਆਏ ਰਾਣੀ ਕੇ ਪਾਸ।
'ਅਪਨੀ ਜਾਲੀ ਲੇਕਰ ਦਿਉ ਬਾਗ ਮੇਂ ਓੜ।
ਸਭ ਤੋਤੋਂ ਕੋ ਮਾਰ ਦੋ ਲਾਉ ਮੇਰੇ ਪਾਸ"।
ਇਤਨੀ ਸੁਣ *ਸਾਂਵਾਂ ਕਹੇ, "ਸੁਣੋ ਤੋਤੇ! ਮੇਰੀ ਬਾਤ।
ਅਬ ਭਾਈ ਤੁਮ ਉੜ ਜਾਉ, ਨਹੀਂ ਤੁਮ੍ਹਾਰਾ ਕਾਮ।"
ਸਾਰੇ ਤੋਤੇ ਉੜ ਗਏ ਔਰ ਕੱਲਾ ਰਹਿ ਗਿਆ ਆਪ।
ਉਨ ਫਾਂਧੀ ਕੋ ਦੇਖਕੇ ਬੜ੍ਹ ਗਿਆ ਕਿਲੇ ਕੀ ਗੋਹ।
ਫਾਂਧੀਗਰ ਦੇਖ, ਆ ਕਰ ਕਹੇ ਇਸ ਰਾਣੀ ਕੇ ਪਾਸ।
"ਤੋਤੇ ਯੇ ਸਭ ਉੜ ਗਏ, ਕੋਈ ਨਾ ਆਇਆ ਹਾਥ।"
ਇਤਨੀ ਸੁਨ ਰਾਣੀ ਕਹੇ, "ਸੁਣ ਮਾਲੀ ਮੇਰੀ ਬਾਤ।
"ਤੋਤੇ ਸੇ ਥੇ, ਵੁਹ ਕਹਾਂ ਗਏ, ਤੂ ਆਇਆ ਹਮਾਰੇ ਪਾਸ"?
"ਚਲੋ ਬਾਗ ਮੇਂ ਦੇਖ ਲੋਂ, ਚਲੋ ਹਮਾਰੇ ਸਾਥ।"
ਇਤਨੀ ਸੁਣ ਰਾਣੀ ਚਲੀ, ਆਈ ਨੌਲਖੇ ਬਾਗ।
ਬਾਗ ਸਾਰਾ ਦੇਖਤੀ, ਤੋਤਾ ਨਾ ਪਾਇਆ ਇਕ।
ਮਾਲੀ ਸੇ ਰਾਣੀ ਖਿਝੀ, "ਤੋਂ ਕਿਉਂ ਬੋਲੇਂ ਹੈਂ ਝੂਠ"?
ਇਤਨੀ ਸੁਣ ਮਾਲੀ ਕਹੇ, "ਸੁਣ ਰਾਣੀ ਮੇਰੀ ਬਾਤ।
ਇਸ ਬਾਗ ਕੇ ਬੀਚ ਮੇਂ ਤੋਤੇ ਦੇਖੇ ਆਜ।
"ਤੋਤੇ ਥੇ ਵੁਹ ਕਹਾਂ ਗਏ ? ਸੁਣੋ ਮਾਲੀ ਮੇਰੀ ਬਾਤ।
ਯਾਂ ਤੋ ਤੋਤੇ ਬਤਾਇ ਦੋ, ਨਹੀਂ ਫਾਂਸੀ ਦੂੰ ਲਗਾਇ"।
ਇਤਨੀ ਸੁਣ ਤੋਤਾ ਕਹੇ, "ਸੁਣ ਰਾਣੀ ਮੇਰੀ ਬਾਤ।

*ਤੋਤੇ ਦਾ ਨਾਂ ।

Sri Satguru Jagjit Singh Ji Elibrary NamdhariElibrary@gmail.com

ਇਸ ਮਾਲੀ ਸੇ ਕਿਆ ਕਹੇ ? ਤੂ ਸੁਣੋ ਹਮਾਰੀ ਬਾਤ ।''
ਇਤਨੀ ਸੁਣ ਰਾਣੀ ਕਹੇ, "ਸੁਣ ਬਾਂਦੀ ਹਰਦੇਈ ।
ਇਸ ਤੋਤੇ ਕੋ ਮਾਰਕੇ ਤੂ ਲਾਉ ਹਮਾਰੇ ਪਾਸ'' ।
ਬਾਂਦੀ ਚਲੀ ਦੌੜ ਕੇ, ਆਈ ਤੋਤੇ ਕੇ ਪਾਸ ।
ਤੋਤਾ ਮਾਰ ਉਡਾਰੀ ਉੜਗਿਆ, ਨਾ ਗਿਆ ਰਾਣੀਕੇ ਪਾਸ ।
ਲੌਂਡੀਆਂ ਬਾਂਦੀਆਂ ਫਿਰ ਰਹੀਂ, ਤੋਤਾ ਨਾ ਆਇਆ ਹਾਥ ।
ਰਾਣੀ ਘਬਰਾਇ ਕੇ ਸੋ ਰਹੀ, ਇਸ ਪਲੰਘ ਕੇ ਸਾਥ ।
ਤੋਤਾ ਦਿਲ ਮੇਂ ਸੋਚਤਾ, "ਅਬ ਕੈਸੇ ਕਹੂੰ ਆਜ ?
ਇਸ ਰਾਣੀ ਕੀ ਗਾਤ ਮੈਂ ਚੋਂਚ ਦਿਉਂ ਲਗਾਇ'' ।
ਉੜ ਕਰ ਤੋਤਾ ਆ ਗਿਆ ਇਸ ਰਾਣੀ ਕੇ ਪਾਸ ।
ਅਪਨੇ ਦਿਲ ਮੇਂ ਸੋਚਿਆ ਚੋਂਚ ਦਿਓਂ ਲਗਾ ।
ਗਾੜ੍ਹੀ ਚੋਂਚ ਮਾਰਤਾ ਇਸ ਰਾਣੀ ਕੇ ਗਾਤ ।
ਮੁਖ ਪਰ ਚੋਂਚ ਲਗਾਇ ਦੀ ਇਸ ਰਾਣੀ ਕੀ ਗਾਤ ।
ਰਾਣੀ ਉਠੀ ਤਾਉਲੀ ਤੋਤਾ ਲਿਆ ਦਬਾਇ ।
ਰਾਣੀਕੇ ਮੁਖਪਰ*ਸੁਰਖੀ ਖਿੜਰਹੀ, ਔਰ ਬਾਂਦੀਕਰੇ ਜਵਾਬ ।
"ਰਾਣੀ ਤੋਤੇਕੋ ਕਿਆ ਦੇਖਤੀ ? ਤੇਰੇਮੂੰਹਕਾ ਹੂਆਬੇਹਾਲ'' ।
"ਮੂੰਹ ਕੋ ਮੇਰੇ ਕਿਆ ਕਹੇ ? ਮੈਂ ਤੋਤਾ ਲੀਆ ਦਬਾਇ ।
ਪਕੜਾ ਥਾ ਪਰ ਮਰ ਗਿਆ ਮੁਝ ਰਾਣੀ ਕੇ ਹਾਥ'' ।
ਕੋਈ ਬਾਂਦੀ ਕਿਆ ਕਹੇ, ਸੁਣ "ਰਾਣੀ ਮੇਰੀ ਬਾਤ ।
ਤੋਤੇ ਕੋ ਤੁਮ ਰਾਖ ਦੋ ਔਰ ਮੁਖੜਾ ਲੇਉ ਸੰਭਾਲ'' ।
ਇਤਨੀ ਸੁਣ ਰਾਣੀਨੇ ਧਰਦੀਆ,ਇਸ ਪਲੰਘ ਦਰਮਿਆਨ ।
ਰਾਣੀ ਸੁਰਖੀ ਪੂੰਝਤੀ ਅਪਨੇ ਮੁਖ ਕੀ ਆਪ ।
ਰਾਣੀ ਗ਼ੈਰ †ਖਿਆਲ ਹੋਗਈ ਔਰ ਤੋਤਾ ਹੂਆ ਉਦਾਸ ।
ਮਾਰ ਉਡਾਰੀ ਜਾ ਰਹਾ ਇਸ ਕਿਲੇ ਕੀ ††ਗੋਹ ।
ਰਾਣੀ ਦਿਲ ਮੇਂ ਸੋਚਤੀ ਤੋਤਾ ਨਹੀਂ ਕੋਈ ਔਰ ।
"ਛਾਤੀ ਦੂੰ ਬੈਠਨਾ, ਮੂੰਹ ਮਾਂਗੇ ਸੁ ਖਾਇ ।
ਅਬ ਕੇ ਪਾਸ ਆਇਜਾ ਮੂੰਹ ਮਾਂਗੇ ਸੁ ਖਾਏ'' ।
ਇਤਨੀ ਸੁਣ ਤੋਤਾ ਕਹੇ, "ਸੁਣ ਰਾਣੀ ਮੇਰੀ ਬਾਤ ।
ਤੇਰੇ ਦਿਲ ਮੇਂ ਪਾਪ ਹੈ, ਕਬੀ ਨਾ ਆਊਂ ਤੇਰੇ ਪਾਸ ।

---

*ਲਹੂ ਵਗ ਗਿਆ, ਇਸ ਹਾਲ ਨੂੰ ਕਵੀ ਨੇ ਸੋਹਣੀ ਤਰ੍ਹਾਂ ਦਸਿਆ ।
†ਸੋਚਾਂ ਵਿਚ ਭੁਲ ਗਈ । ††ਖੁਡ ।

Sri Satguru Jagjit Singh Ji Elibrary NamdhariElibrary@gmail.com

ਰਾਣੀ ਜਿਸ ਰਾਜਾ ਕਾ ਮੈਂ ਤੋਤਾ ਹੂੰ, ਉਸ ਵਰਗਾ ਨਾ ਕੋਇ।
ਜੈਸੀ ਬਾਤਾਂ ਤੂ ਕਰੇ, ਉਸ ਮੇਂ *ਬਹੁਤੀ ਹੋਇ।
ਰਾਣੀ ਯੂੰ ਕਹੇ, "ਸੁਣ ਤੋਤਾ ਮੇਰੀ ਬਾਤ।
ਉਸ ਰਾਜਾ ਕੋ ਮਿਲਾਇਦੇ, ਲਾ ਤੂ ਹਮਾਰੇ ਪਾਸ"।
"ਯੂੰ ਰਾਣੀ ਮੈਂ ਨਾ ਲਾਊਂ, ਸੁਣ ਤੂ ਹਮਾਰੀ ਬਾਤ।
ਲਿਖਕੇ ਚਿਠੀ ਦੇ ਦੇ ਅਪਨੀ, †ਪੈਰੀਂ ਆਪ"।
ਲਿਖ ਦੇ ਕੇ ਚਿਠੀ ਰਾਣੀ ਕਹੇ, "ਸੁਣ ਤੋਤੇ ਮੇਰੀ ਬਾਤ।
ਜਲਦੀ ਰਾਜਾ ਕੋ ਭੇਜ ਦੇ ਇਨ ‡ਪੈਰੋਂ ਕੇ ਸਾਥ"।
ਇਤਨੀ ਸੁਣ ਤੋਤਾ ਕਹੇ, "ਸੁਣ ਰਾਣੀ ਮੇਰੀ ਬਾਤ।
ਗਲ ਮੇਂ ਚਿਠੀ ਪਾਇਦੇ, ਜਾਊਂ ਰਾਜਾ ਕੇ ਪਾਸ"।
ਲੇਕਰ ਚਿਠੀ ਚਲ ਪੜਾ, ਉਸ ਰਾਜਾ ਕੇ ਪਾਸ।
ਰਾਜਾ ਦੇਖ ਕੇ ਯੂੰ ਕਹੇ, "ਸੁਣ ਤੋਤਾ ਅਰਦਾਸ।
ਕੈਸੇ ਫੇਰੇ §ਲੇ ਆਇਆ ? ਹਮ ਕੋ ਦਏ ਬਤਾਇ।
ਉਨ ਫੇਰੋਂ ਕੋ ਦੇਖ ਲੂੰ, ਤੋਤੇ ਤੇਰੇ ਪਾਸ।
ਲੇਕਰ ਚਿਠੀ ਹਸ ਪੜਾ ਯਹਿ ਰਾਜਾ ਨਿਰਾਸ।
ਆਠ ਦਿਨ ਕੇ ਫੇਰੇ, ਨਵੇਂ ਦਿਨ ਕੀ ਨਾ ਆਸ।
ਚੌਦਾਂ ਸੈ ਕੋਸ ਹੈ, ਸਾਤ ਸਮੁੰਦਰ ਪਰ।
ਜਾਨੇ ਵਾਲਾ ਕੋਈ ਹੈ ਨਹੀਂ, ਕਿਆ ਕਰੇ ਅਬ ਬਾਤ ?

ਨੋਟ—ਕਵੀ ਨੇ ਕਨੌਜ ਨੂੰ ਸਲਕੋਟੋਂ ੧੪੦੦ ਕੋਸ ਤੇ ਸਤਾਂ ਸਮੁੰਦਰਾਂ ਤੋਂ ਪਾਰ ਦਸਿਆ ਹੈ। ਜੋ ਭੁਲ ਹੈ। ਹਾਂ, ਪੰਜਾਂ ਦਰਿਆਵਾਂ ਤੋਂ ਪਾਰ ਹੈ। ਚਾਹੋ ਸਤ ਵੀ ਬਨਾ ਲਵੋ।

ਇਤਨੀ ਸੁਨ ਤੋਤਾ ਕਹੇ, "ਸੁਣ ਰਾਜਾ ਅਰਦਾਸ।
ਘੋੜੇ ਫੀਲ ਬਹੁਤ ਹੈਂ, ਔਰ ਖੜੇ ਤੁਮਾਰੇ ਪਾਸ।"
ਇਤਨੀ ਸੁਣ ਰਾਜਾ ਕਹੇ, "ਸੁਣ ਤੋਤਾ, ਮੇਰੀ ਬਾਤ।
ਹਾਥ ਪਰ ਮੇਰੇ ਬੈਠ ਜਾ, ਔਰ ਚਲੋ ਹਮਾਰੇ ਸਾਥ।
ਹਾਥੀ, ()ਕਰਹੋਂ ਕੇ ਬੀਚ ਮੇਂ, ਕਰੋ ਚਲਕੇ ਦੋ ਬਾਤ।
ਦੇਖ ਕਰਹੇ ਹੰਸ ਪੜੇ, ਰਾਜਾ ਸੋਂ ਕਰੇ ਜਵਾਬ।
"ਕਿਉਂ ਆਉਨਾ ਹੋ ਗਿਆ ? ਸੁਣੋ ਰਾਜਾ ਅਰਦਾਸ।

---

*ਵਧਾਨ ਵਧੇਗਾ। †"ਹਥੀ" ਚਾਹੀਦਾ ਏ। ‡ਮੁੜਦੀ ਪੈਰੀਂ, ਛੇਤੀ।
§ਕੀਕਨ ਵਿਆਹ ਦਾ ਬੰਦੋਬਸਤ ਕਰ ਆਇਆ। ()ਊਠਾਂ।

Sri Satguru Jagjit Singh Ji Elibrary NamdhariElibrary@gmail.com

ਜੋ ਕਹਿਨਾ ਫੁਰਮਾਇ ਦੋ, ਚਲੇਂ ਤੁਮਾਰੇ ਸਾਥ" ।
"ਫੇਰੇ ਅਧਿਕ ਅਨੂਪ ਕੇ ਦਿਉ ਤੁਰਤ ਦਵਾਇ" ।
ਸਾਢੇ ਚੌਦਾਂ ਸੈ ਕੋਸ ਹੈ ਔਰ ਅਠ ਦਿਨ ਕੀ ਰਾਹਿ ।
ਇਤਨੀ ਸੁਣ ਕਰਹੇ ਕਹੈਂ, "ਸੁਣ ਰਾਜਾ ਮੇਰੀ ਬਾਤ ।
ਹਮ ਸੇ ਜਾਇਆ ਨਾ ਜਾਇ, ਉਸ ਰਾਣੀ ਕੇ ਪਾਸ" ।
ਇਤਨੀ ਸੁਣ ਰਾਜਾ ਕਹੇ, "ਸੁਣੋ ਕਰਹੇ ਮੇਰੀ ਬਾਤ ।
ਦਗਾ ਦੀਆ ਹੈ ੧ਅਧਰ ਮੇਂ, ਅਬ ਕੌਨ ਕਰੇ ਹੈ ਸਾਥ" ?
'ਐ ਤੋਤੇ, ਤੈਂ ਕਿਆ ਕਰੀ ? ਫੇਰੇ ੨ਲਾਯਾ ਆਪ ।
ਅਬ ਹਮ ਕਿਆ ਕਰੇਂ ? ਕੋਈ ਨਾ ਚਲਾ ਸਾਥ ।
ਹੀਰੇ ਕੀ ਕਣੀਂ ੩ਖਾ ਮਰੂੰ, ਔਰ ਨਹੀਂ ਜੀਨੇ ਕੀ ਆਸ ।
ਐਸੀ ਰਾਣੀ ਨਾ ਮਿਲੀ ਹੈ, ਚੰਦੀ ਮਾਹਤਾਬ" ।
ਹੇ ਕਰਹੇ ਤੂ ਨੇ ਕਿਆ ਕਰੀ, ਦੀਆ ਹਮੇਂ ਜਵਾਬ ।
ਐ ਤੋਤੇ ਤੁਮ ਉਡ ਜਾਉ, ਔਰ ਨਹੀਂ ਚਲੋ ਹਮਾਰੇ ਸਾਥ ।
ਸੂਤ ਕਟਾਰ ਰਾਜਾ ੪ਜੌਹਰ ਕਰੇ, ਉਸ ਤੋਤੇ ਕੇ ਪਾਸ ।
ਯਾ ਰਾਣੀ ਕੋ ਮਿਲਾਇਦੇ ਯਾ ਮਰੂੰ ਤੁਮਾਰੇ ਪਾਸ ।"
ਇਤਨੀ ਸੁਣ ਤੋਤਾ ਕਹੇ, "ਸੁਣ ਰਾਜਾ ਮੇਰੀ ਬਾਤ ।
ਉਸ ੫ਪਾਵਾਂ ਪੰਖੀ ਕਰਹੇ ਕੋ, ਤੁਮ ਨੇ ਦੀਆ ਦੁਹਾਗ ।
ਜੋ ਅਬ ਰਾਣੀ ਦੇਖਨੀ, ਚਲੋ ਅਬ ਕਰਹੇ ਕੇ ਪਾਸ ।
ਹਾਥ ਜੋੜ ਕਰੋ ਬੰਦਗੀ, ਕਰਹੇ ਸੇ ਕਰੋ ਜੁਆਬ" ।
"ਭੀੜ ਪੜੀ ਤੁਮਾਰੇ ਪਾਸ ਆਇਆ, ਮੇਰੇ ਕਾਰਿਜ ਕਰੋ ਸਿਧ ।
ਰਾਣੀ ਅਧਿਕ ਅਨੂਪ ਕੋ ਮੁਝਕੋ ਦਿਓ ਮਿਲਾਇ ।
ਫੇਰੇ ਅਧਿਕ ਅਨੂਪ ਕੇ, ਫੇਰੇ ਦਿਉ ਦਿਵਾਇ" ।
ਇਤਨੀ ਸੁਣ ਕਰਹਾ ਕਹੇ, "ਸੁਣ ਰਾਜਾ ਮੇਰੀ ਬਾਤ ।

---

੧. ਵਿਚਕਾਰ, ਅਧ ਵਿਚ ।

੨. ਵਿਆਹ ਦਾ ਤੂੰ ਈ ਬੰਦੋਬਸਤ ਕਰ ।

੩. ਪੁਰਾਣਾ ਖਿਆਲ ਹੈ ਕਿ ਹੀਰੇ ਦੀ ਕਣੀ ਖਾਧਿਆਂ ਮਰ ਜਾਈਦਾ ਹੈ । ਬਾਜੇ ਹੀਰਾ ਚਟਣਾ ਆਖਦੇ ਨੇ ।

੪. ਰਾਜਪੂਤਾਂ ਵਿਚ ਅਪਣੇ ਆਪ ਨੂੰ ਕਟਾਰ ਮਾਰਕੇ ਮਾਰ ਦੇਣਾ (ਖ਼ੁਦਕੁਸ਼ੀ) ਨੂੰ ਜੌਹਰ ਆਖਦੇ ਨੇ ।

੫. ਪੰਖੀ ਦੇ ਪੈਰਾਂ ਵਾਲਾ ਬੜਾ ਤੇਜ਼ ਦੌੜਨ ਵਾਲਾ ।

Sri Satguru Jagjit Singh Ji Elibrary NamdhariElibrary@gmail.com

ਮੈਂ ਕਰਹਾ ਤੈਂ ਦੀਆ ਛੋੜ, ਦੀਆ ਦੇਸ ਤਿਆਗ।
ਅਬ ਤੂ ਮੁਝਕੋ ਛੋੜ ਨਾ, ਅਪਨਾ ਦਿਲ ਕਰੋ ਖਿਆਲ।
ਮੇਰੇ ਸੇ ਫੇਰੇ ਨਾ ਦਿਵਾਇ, ਜਾ ਘਰ ਅਪਨੇ ਬੈਠ"।
ਇਤਨੀ ਸੁਣ ਰਾਜਾ ਰੋਇਆ, ਭਰ ਰੁਦਨ ਮਚਾਇਆ।
"ਯਾ ਤੋ ਰਾਣੀ ਮਿਲਾਇਦੇ ਨਹੀਂ, ਮਰੂੰ ਕਟਾਰੀ ਖਾਇ।"।
ਇਤਨੀ ਸੁਣ ਕਰਹਾ ਕਹੇ, "ਸੁਣ ਰਾਜਾ ਮੇਰੀ ਬਾਤ।
ਆਠ ਦਿਨ ਤੋ ਬਹੁਤ ਹੈਂ, ਔਰ ਦਿਨ ਕੇ ਦਿਨ ਜਾਨਾ ਆਪ।"
"ਐ ਕਰਹਾ ਹਮ ਸੇ ਕਰੇਂ ਮਖੌਲ, ਉਸ ਰਾਣੀ ਕੋਲੇ ਚਲ।"
ਇਤਨੀ ਸੁਣ ਕਰਹਾ ਕਹੇ, "ਸੁਣ ਰਾਜਾ ਮੇਰੀ ਬਾਤ।
ਜਲਦੀ ਕਪੜੇ ਪਾਇ ਲੋ, ਹੋ ਜਾ ਮੇਰੇ ਅਸਵਾਰ"
ਰਾਜਾ ਜਲਦੀ ਨ੍ਹਾ ਰਹਾ ਔਰ ਕਰ ਰਹਾ ਅਪਨੇ ਸ਼ਿੰਗਾਰ।
ਤੋਤਾ ਪਿੰਜਰਾ ਬਿਠਾ ਲਿਆ, ਔਰ ਕਰਹੇ ਕੇ ਪਾਸ।
ਸ਼ਹਿਰ ਇਕੱਠਾ ਹੋ ਗਿਆ, ਉਸ ਕਰਹੇ ਕੇ ਪਾਸ।
ਰਾਜਾ ਉਪਰ ਚੜ੍ਹ ਰਹਾ ਔਰ ਲੋਗ ਕਰੇਂ ਮਖੌਲ।
"ਰਾਜਾ ਝੱਲਾ ਹੋ ਗਿਆ ਇਸ ਕਰਹੇ ਕੇ ਸੰਗ"
ਸਿਆਲਕੋਟ ਸੇ ਚਲ ਪੜਾ ਆਇ ਸ਼ਹਿਰ ਕਨੌਜ।
ਡੇਰਾ ਲਗਾਇ ਬਾਗ ਮੇਂ, ਰਾਜਾ ਕਰ ਰਹੇ ਮੌਜ।
"ਐ ਤੋਤੇ ਅਬ ਕਰੀਏ ਕਿਆ ? ਰਾਣੀ ਦਿਉ ਮਿਲਾਇ।"
ਮਾਰ ਉਡਾਰੀ ਤੋਤਾ ਚਲ ਪੜਾ, ਆਇਆ ਰਾਣੀ ਕੇ ਪਾਸ।
"ਐ ਰਾਣੀ ਤੂ ਕਿਆ ਕਰੇ ? ਸੁਣ ਹਮਾਰੀ ਅਰਦਾਸ।
ਰਾਜਾ ਬੈਠੇ ਬਾਗ ਮੇਂ, ਔਰ ਕਰ ਰਹੇ ਤੁਮਾਰੀ ਆਸ।
ਉਸ ਰਾਜਾ ਕੋ ਦੇਖ ਲੇ, ਔਰ ਹੈਂਗੇ ਬਹੁਤ ਜੁਆਨ।
ਜੋ ਕਹਿਨਾ ਹੈ ਸੋ ਕਹਿ ਲੇ ਉਸ ਬਾਗ ਕੇ ਮਾਂਹ।"
ਇਤਨੀ ਸੁਣ ਰਾਣੀ ਕਹੇ, "ਸੁਣ ਤੋਤੇ ਮੇਰੀ ਬਾਤ।
ਉਸ ਰਾਜਾ ਕੋ ਭੇਜ ਦੇ, ਆਜ ਹਮਾਰੇ ਪਾਸ।"
ਇਤਨੀ ਸੁਣ ਤੋਤਾ ਚਲਾ, ਨੌ ਲਖੇ ਬਾਗ।
"ਐ ਰਾਜਾ ਤੁਮ ਚਲੋ, ਉਸ ਰਾਣੀ ਕੇ ਪਾਸ।"
ਬੋਲੇ ਰਾਜਾ ਯੂੰ ਕਹੇ, "ਸੁਣੋ ਤੋਤੇ ਮੇਰੀ ਬਾਤ।
ਹਮਰੇ ਸਾਥ ਤੁਮ ਚਲੋ, ਕੱਲੇ ਸੇ ਨਾ ਹੋਵੇ ਬਾਤ।"
ਤੋਤਾ ਰਾਜਾ ਚਲ ਪੜੇ, ਉਸ ਰਾਣੀ ਕੇ ਪਾਸ।
ਡਿਉੜੀ ਮੇਂ ਆ ਗਏ, ਬਾਂਦੀ ਕਰੇ ਜਵਾਬ।

Sri Satguru Jagjit Singh Ji Elibrary NamdhariElibrary@gmail.com

ਬਾਂਦੀ ਰਾਜਾ ਸੇ ਕਹੇ, "ਸੁਣ ਤੋਤੇ ਮੇਰੀ ਬਾਤ ।
ਗੁੜਸੇ ਮਿਠੀ ਕਿਆ ਚੀਜ਼ ਹੈ, ਔਰ ਫੂਲ ਬਿਨਾਕਿਆਖੁਸ਼ਬੂ?
ਆਦਰ ਬਿਨਾਂ,ਜਲ ਜਾਇ ਬੈਠਨਾ,ਮੇਰੀ ਤੀਨੋਂ ਬਾਤਾਂਦੇਬਤਾ"।
ਇਤਨੀ ਸੁਣ ਰਾਜਾ ਕਹੇ, "ਸੁਣ ਤੋਤੇ ਮੇਰੀ ਬਾਤ ।
ਬਾਂਦੀ ਦੋਹਿਰਾ ਕਹਿ ਰਹੀ, ਇਸ ਕਾ ਦੇ ਜਵਾਬ" ।
ਇਤਨੀ ਸੁਣ ਤੋਤਾ ਕਹੇ, "ਸੁਣ ਬਾਂਦੀ ਮੇਰੀ ਬਾਤ ।
ਗੁੜ ਸੇ ਮੀਠਾ ਤੇਰਾ *ਬੋਹਰਾ ਔਰ ਨੇਕੀ ਕੀ ਖੁਸ਼ਬੂ ।
ਮਤਬਲ ਫਾਂਸਾ ਦੁਸ਼ਮਨ ਕੇ ਬਾਰਮੇਂ ਆਦਰ ਮਿਲੇ ਚਾਹਿਨਾਂ "।
ਇਤਨੀ ਸੁਣ ਬਾਂਦੀ ਕਹੇ, "ਸੁਣ ਰਾਣੀ ਮੇਰੀ ਬਾਤ ।
ਤੋਤਾ ਨਹੀਂ ਕੋਈ ਔਰ ਹੈ, ਦੋਹਿਰਾ ਦੀਆ ਬਤਾਇ ।
ਇਸ ਰਾਜਾ ਕੋ ਪੂਛ ਲੇ, ਔਰ ਕਹਿ ਲੇ ਮਨ ਕੀ ਬਾਤ" ।
ਇਤਨੀ ਸੁਣ ਰਾਣੀ ਕਹੇ, "ਲਾਉ ਹਮਾਰੇ ਪਾਸ ।
ਬਾਤਾਂ ਉਸ ਸੇ ਕਰ ਲੂੰ ਔਰ ਕਹਿ ਲੂੰ ਮਨ ਕੀ ਬਾਤ ।
ਜੈਸੇ ਬਾਤਾਂ ਬਤਾਇ ਦੇ, ਫੇਰੇ ਲੂੰ ਅਪਨੇ ਆਪ ।"
ਇਤਨੀ ਸੁਣ ਰਾਜਾ ਚਲਾ ਔਰ ਆਇਆ ਰਾਣੀ ਕੇ ਪਾਸ ।
ਸੂਰਤ ਦੇਖੀ ਰਾਣੀ ਕੀ ਔਰ ਹੋਇਆ ਰਾਜਾ ਬੇਤਾਬ ।
ਰਾਣੀ ਨਹੀਂ ਕੋਈ †ਅੱਛਰਾਂ, ਰਾਣੀ ਹੈ ਅਨੂਪ ।
"ਚਿੱਠੀ, ਰਾਣੀ ! ਦੇਖ ਲੋ ਔਰ ਫੇਰੇ ਦੇਉ ਬਤਾਇ ।"
ਇਤਨੀ ਸੁਣ ਰਾਣੀ ਕਹੇ, "ਸੁਣ ਰਾਜਾ ਮੇਰੀ ਬਾਤ ।
ਦੋਹਰਾ ਹਮਰਾ ਬਤਲਾ ਦੇ ਔਰ ਫੇਰੇ ਲੇ ਲੋ ਆਜ ।"
ਇਤਨੀ ਸੁਣ ਰਾਜਾ ਕਹੇ, "ਸੁਣ ਰਾਣੀ ਮੇਰੀ ਬਾਤ ।
ਅਪਨਾ ਦੋਹਿਰਾ ਕਹਿ ਲੇ, ਔਰ ਕਹਿ ਲੇ ਮਨਕੀ ਬਾਤ ।"
ਰਾਣੀ ਕਹਿ ਰਹੀ ਦੋਹਿਰਾ, "ਸੁਨੀਓ ਚਤੁਰ ਸੁਜਾਨ !
††ਆਂਖਨ ਮੇਂ §ਫਾਂਕ ਜੰਮਿਆਂ, ਜਲ ਸੂਈ ਬਿਧ ।
ਨਾਚਤ ਹੈ ਕਾਮ ਕਾਮਨੀ, ਬੋਲਤ ਹੈ ਬਿਧ ।"
ਇਤਨੀ ਸੁਣ ਤੋਤਾ ਕਹੇ, "ਸੁਣ ਰਾਣੀ ਮੇਰੀ ਬਾਤ ।
ਐਸਾ ਦੋਹਿਰਾ ਕਿਹਾਕਹੇਮੇਰੇ ਪਰੋਂਮੇਂ ਲਗ ਰਹੇ ਤਿਨਸੌਸਾਠ।"

ਨੋਟ—ਆਂਖਨ ਮੇਂ ਫਾਂਕਨ ਵਾਲਾ ਦੋਹਿਰਾ ਇਕ ਬਾਦਸ਼ਾਹ ਨੇ ਇਕ ਕਵੀ (ਸ਼ੈਦ ਕਾਲੀਦਾਸ) ਤੋਂ ਪੁਛਿਆ ਸੀ । ਬਾਦਸ਼ਾਹ ਸ਼ਿਕਾਰ ਖੇਡਨ ਗਿਆ ਸੀ ਤਾਂ ਉਸ ਨੇ ਇਕ ਖੋਪਰੀ ਵਿਚ ਇਕ ਚਿੜੀ ਨੇ ਅੰਡੇ ਦਿਤੇ ਹੋਏ ਵੇਖੇ । ਘਰ ਆਕੇ ਦੋਹਿਰੇ ਦਾ

---

*ਬੋਲਣਾ । †ਅਖਛਰਾਂ । ††ਅੱਖਾਂ । §ਫੰਡਾ-ਤੀਲੇ, ਜਲ-ਪਾਨੀ, ਬਿਧ-ਵਿੰਨ੍ਹਿਆਂ ।

Sri Satguru Jagjit Singh Ji Elibrary NamdhariElibrary@gmail.com

ਅਰਥ ਪੁਛਿਆ ਜੋ ਕਵੀ ਨੇ ਗ਼ੈਬ ਦੇ ਇਲਮ ਕਰਕੇ ਦਸ ਦਿਤਾ ਸੀ।

ਰਾਣੀ ਤੋਤੇ ਸੇ ਕਹੇ "ਸੁਣ ਤੋਤਾ ਮੇਰੀ ਬਾਤ।
ਯਹਿ ਦੋਹਿਰਾ ਬਤਲਾ ਦੋ, ਫੇਰੇ ਲੇ ਲੇ ਆਜ।"
ਇਤਨੀ ਸੁਣ ਤੋਤਾ ਕਹੇ, "ਸੁਣ ਰਾਣੀ ਮੇਰੀ ਬਾਤ।
ਜੰਗਲ ਬੀਆਬਾਨ ਮੇਂ ਪੜਾ ਹੈ ਇਕ ਸੀਸ।
ਉਸ ਸੀਸ ਕੇ ਬੀਚ ਮੇਂ ਬਚੇ ਦੀਏ ਚਿੜੀ ਨੇ ਦੋ।
ਫਜਰ ਕਾ ਵਕਤ ਥਾ, ਜਲ ਸੂਈ ਪਰਬਿਧ।
ਨਾਚਤ ਥੀ ਕਾਮ ਕਾਮਨੀ, *ਬੋਰਤ ਥਾ ਸਿਧ।"
ਇਤਨੀ ਸੁਣ ਰਾਣੀ ਕਹੇ, "ਨਾਈ ਲੀਆ ਬੁਲਵਾਇ।
ਘਰਕਾ ਬਾਹਮਨ ਆਗਿਆ, ਆ ਗਿਆ ਉਸ ਰਾਣੀ ਕੇ ਪਾਸ।
ਫੇਰੇ ਰਾਣੀ ਕੇ ਹੋ ਰਹੇ ਮਹਿਲੋਂ ਕੇ ਦਰਮਿਆਨ।
ਮਾਂ ਔਰ ਬਾਪ ਯੂੰ ਕਹੇ "ਸੁਣ ਬੇਟੀ ਮੇਰੀ ਬਾਤ।
ਛਲੀਆ ਰਾਜਾ ਆ ਗਿਆ ਅਬ ਹਮਰੇ ਮਹਿਲ ਦਰਮਿਆਨ।
ਫੇਰੇ ਬੇਟੀ ਮਤ ਲੇ ਉਸ ਰਾਜਾ ਕੇ ਨਾਲ।"
ਇਤਨੀ ਸੁਣ ਬੇਟੀ ਕਹੇ "ਸੁਣ ਬਾਬਲ ਮੇਰੀ ਬਾਤ।
ਜੋ ਕਿਸਮਤ ਮੇਂ ਲਿਖੀ ਥੀ ਹੋ ਗਈ ਵੋਹ ਪਾਰ।"
ਰਾਜਾ ਰਾਣੀ ਯੂੰ ਕਹੇਂ "ਸੁਣ ਬੇਟੀ ਮੇਰੀ ਬਾਤ।
ਇਸ ਸੇ ਫੇਰੇ ਲੇ ਲੇ ਸੁਨਿਓ ਹਮਾਰੀ ਬਾਤ।"
ਰਾਜਾ ਰਾਣੀ ਖੁਸ਼ ਹੂਏ ਔਰ ਖੁਸ਼ੀ ਹੋਇਆ ਪਰਵਾਰ।
ਜੁਦੇ ਮਹਿਲ ਰਾਣੀ ਕੋ ਦੀਏ, ਰਾਜਾ ਰਾਣੀ ਦੋ।
ਤੋਤੇ ਕਾ ਪਿੰਜਰਾ ਧਰਾ, ਧਰਾ ਮਹਿਲ ਕੇ ਬੀਚ।
ਖੁਸ਼ੀਆਂ ਰਾਣੀ ਕਰ ਰਹੀ ਉਸ ਤੋਤੇ ਕੇ ਸਾਥ।
ਹੇ †ਤੋਤੇ ਬਤਾਇ ਦੇ ਗੁਰ ਅਪਨੇ ਕਾ ਨਾਮ।
ਕਿਸਕਾ ਹੈਗਾ ਬਾਲਕਾ ਤੇਰਾ ਕਿਆ ਹੈ ਨਾਮ।

---

*ਫੜਦਾ ਸੀ।

... ... ... ...ਇਥੇ ਕੁਝ ਤੁਕਾਂ ਰਹੀਆਂ ਜਾਪਦੀਆਂ ਹਨ।

†ਰਾਣੀ ਨੇ ਤੋਤੇ ਤੋਂ ਜੋ ਪੁਛਿਆ ਤਾਂ ਉਸਨੇ ਅਪਣੇ ਰਾਜਾ ਦਾ ਨਾਂ ਦਸਿਆ ਹੋਣਾ ਏ। ਪਰ ਕਵੀ ਨੇ ਤੋਤੇ ਨੂੰ ਰਸਾਲੂ ਬਣਾਇਆ, ਜੇ ਤੁਕ ਅੰਞ ਹੋਵੇ ਤਾਂ ਠੀਕ ਹੈ ਕਿਸਕਾ ਰਾਜਾ... ਬਾਲਕਾ, ਕਿਆ ਹੈ ਉਸ ਕਾ ਨਾਮ ?

ਤੇ ਉਤਰ ਹੁੰਦਾ :—

"ਗੁਰੂ ਗੋਰਖ ਨਾਥ ਕਾ ਬਾਲਕਾ, ਰਸਾਲੂ ਉਸ ਕਾ ਨਾਮ"।

ਗੁਰੂ ਗੋਰਖ ਨਾਥ ਦਾ ਬਾਲਕਾ, ਰਸਾਲੂ ਮੇਰਾ ਨਾਮ।
ਖੁਸ਼ੀਆਂ ਰਾਣੀ ਕਰ ਰਹੀ ਉਸ ਤੋਤੇ ਕੇ ਸਾਥ।
ਇਤਨੀ ਸੁਣ ਤੋਤਾ ਕਹੇ, ਸੁਣ ਰਾਣੀ ਮੇਰੀ ਬਾਤ।
ਰਾਜਾ ਹਮਰਾ ਯੂੰ ਕਹੇ, ਚਲੋ ਮਹਿਲ ਦਰਮਿਆਨ।
ਇਤਨੀ ਸੁਣ ਰਾਣੀ ਚਲੀ, ਆਈ ਮਹਿਲ ਕੇ ਬੀਚ।
ਰਾਜਾ ਰਾਣੀ ਸੇ ਕਹੇ, ਸੁਣ ਰਾਣੀ ਮੇਰੀ ਬਾਤ।
ਮਾਲ ਖਜ਼ਾਨਾ ਬਹੁਤ ਹੈ ਔਰ ਬਹੁਤ ਘਣਾ ਸਾ ਰਾਜ।
ਸਿਆਲਕੋਟ ਕਾ ਬਾਦਸ਼ਾਹ, ਰਾਜਾ ਰਸਾਲੂ ਹੈ ਨਾਮ।
ਚਲੋ ਹਮਾਰੇ ਮਹਿਲ ਮੇਂ, ਚਲੋ ਹਮਾਰੇ ਸਾਥ।
ਮਾਈ ਬਾਪ ਦੇਖਤ ਰਹੇ ਹਮਾਰੀ ਤੁਮਾਰੀ ਆਸ।
ਇਤਨੀ ਸੁਣ ਰਾਣੀ ਕਹੇ, "ਸੁਣੋ ਰਾਜਾ ਅਰਦਾਸ।
ਡੋਲਾ ਜਲਦੀ *ਪਾੜ ਲੋ ; ਮੈਂ ਚਲੂੰ ਤੁਮਾਰੇ ਸਾਥ।"
ਇਤਨੀ ਸੁਣ ਰਾਜਾ ਕਹੇ, "ਸੁਣੋ ਕਹਾਰੋ ਬਾਤ।
ਜਲਦੀ ਡੋਲਾ ਲਾਉ, ਇਸ ਰਾਣੀ ਕੇ ਪਾਸ।"
ਰਾਣੀ ਬੈਠੀ ਡੋਲੇ ਮੇਂ, ਚਲੇ ਕਹਾਰ ਆਪ।
ਮੰਜ਼ਲ ਮੰਜ਼ਲ ਆ ਗਏ, ਸਿਆਲਕੋਟ ਕੇ ਪਾਸ।
ਰਾਜਾ ਰਾਣੀ ਯੂੰ ਕਹੇ, ਸੁਣੋ ਕਹਾਰੋ ਬਾਤ।
ਡੋਲਾ ਜ਼ਰਾ ਥਾਮ ਦੋ, ਇਸ ਸ਼ਹਿਰ ਕੇ ਪਾਸ।
ਰਾਜਾ ਸ਼ਹਿਰ ਮੇਂ ਆ ਵੜੇ, ਦੇਖੇ ਖਲਕਤ।
ਮਾਤਾ ਔਰ ਬਾਪ ਯੂੰ ਕਹੇ, "ਸੁਣ ਬੇਟਾ ਰਸਾਲ।
ਘਣੇਂ ਦਿਨੋਂ ਮੇਂ ਫਿਰ ਆਏ, ਤੁਮ ਬੇਟਾ ਰਸਾਲ।"
ਜੁਦੇ ਮਹਿਲ ਦੇ ਦੀਏ, ਸਭ ਕਰਨੇ ਲਗੇ ਪਿਆਰ।

ਖ਼ਤਮ

ਇਸ ਮਹਲ ਦੀ ਕਵਿਤਾ, ਜਟਕੀ ਤੁਕ ਬੰਦੀ ਹੈ। ਨਾ ਤੇ ਮੁਹਾਵਰਾ ਈ ਠੀਕ ਤੇ ਨਾ ਈ ਤੋਲ ਪੂਰਾ। ਬੋਲੀ ਪੰਜਾਬ ਦੀ ਪੂਰਬੀ ਤੇ ਮੇਰਠ ਦੇ ਜਟਕੇ ਇਲਾਕੇ ਦੀ ਹੈ। ਕਈ ਥਾਂ ਕਵੀ ਰਾਜੇ ਦੀ ਜਗ੍ਹਾ ਤੋਤਾ ਈ ਆਖ ਜਾਂਦਾ ਹੈ। ਕਾਵਿਰਸ ਘਟ ਈ ਹੈ।

*ਤਿਆਰ ਕਰੋ।

————

Sri Satguru Jagjit Singh Ji Elibrary NamdhariElibrary@gmail.com

## ਭਾਸ਼ਾ ਵਿਭਾਗ ਦੀਆਂ ਕੁਝ ਨਵੀਆਂ ਪ੍ਰਕਾਸ਼ਨਾਂ

1. **The Sikhs.**
2. **History of the Punjab.**
3. **The Land of Five Rivers and Sindh.**
4. **The Sikhs and Afgans.**
5. **A Glossary of the Tribes and Castes of the Punjab and North West Frontier Province— Vol. I, II & III.**
6. **The Minor Phulkian Families.**
7. **History of the Sikhs—Vol. I & II.**
8. **A History of the Reigning Family of Lahore.**
9. **The Sikhs of the Punjab.**
10. **Religion & Short History of the Sikhs.**

Sri Satguru Jagjit Singh Ji Elibrary NamdhariElibrary@gmail.com